*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 13, ਅੰਕ-10, ਅਕਤੂਬਰ 2023 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਬਹੁ-ਸਭਿਆਚਾਰੀ ਮੁਲਕਾਂ ’ਚ ਪੰਜਾਬੀਅਤ ਦੀ ਜ਼ਰੂਰਤ



ਦੁਨੀਆ ਦੇ ਹਰੇਕ ਕੋਨੇ ’ਤੇ ਪੰਜਾਬੀਆਂ ਨੇ ਵੱਖੋ ਵੱਖਰੇ ਮੁਲਕਾਂ ਵਿਚ ਬਾਸ਼ਿੰਦੇ ਬਣਕੇ ਦਿਖਾ ਦਿੱਤਾ ਕਿ ਉਹ ਜਿਸ ਵੀ ਮੁਲਕ ਦਾ ਆਪਣੀ ਕਿਰਤ ਅਤੇ ਕਮਾਈ ਨਾਲ ਹਿੱਸਾ ਬਣਦੇ ਹਨ ਇਕ ਪਾਸੇ ਉਸ ਮੁਲਕ ਨੂੰ ਆਪਣੀ ਸ਼ਾਨਦਾਰ ਵਿਰਾਸਤ ਦਾ ਅਹਿਸਾਸ ਕਰਵਾਉਂਦੇ ਹਨ ਅਤੇ ਉਨ੍ਹਾਂ ਮੁਲਕਾਂ ਦੇ ਬਾਸ਼ਿੰਦਿਆਂ ਨੂੰ ਇੰਝ ਜਾਪਣ ਲੱਗਦਾ ਹੈ ਕਿ ਅਸੀਂ ਪੰਜਾਬੀਆਂ ਦੇ ਵਿਚਾਰਾਂ ਦੀ ਖੁੱਲ੍ਹਦਿਲੀ ਤੋਂ ਬੜਾ ਕੁਝ ਸਿੱਖਦੇ ਹਾਂ ਅਤੇ ਉਨ੍ਹਾ ਦੇ ਪਹਿਰਾਵੇ, ਕਿਰਤ ਕਰਨ ਦੀ ਸਮਰੱਥਾ ਅਤੇ ਸਮਾਜਿਕ ਭਾਈਚਾਰਤਾ ਵਿਚ ਯੋਗਦਾਨ ਪਾਉਣ ਦਾ ਮਾਨਵੀ ਗੁਣ ਬਹੁ-ਸਭਿਆਚਾਰੀ ਸਮਾਜ ਦੀ ਉਸਾਰੀ ਵਿਚ ਯੋਗਦਾਨ ਪਾ ਦਿੰਦਾ ਹੈ। ਇੰਝ ਦਾ ਹੀ ਦਹਾਕਿਆਂ ਤੋਂ ਕੈਨੇਡੀਅਨ ਸਮਾਜ ਵਿਚ ਵਾਪਰਿਆ ਕਿ ਲਗਾਤਾਰ ਪੰਜਾਬੀਆਂ ਦੀ ਖਿੱਚ ਕੈਨੇਡਾ ਦੀ ਧਰਤੀ ਵੱਲ ਹੋਈ। ਪੁਸ਼ਤ-ਦਰ-ਪੁਸ਼ਤ ਪੰਜਾਬੀਆਂ ਨੇ ਕੈਨੇਡਾ ਨੂੰ ਵੀ ਆਪਣਾ ਇਕ ਪੰਜਾਬ ਤੋਂ ਬਾਹਰ ਘਰ ਬਣਾ ਲਿਆ। ਹਰੇਕ ਕਿਸਮ ਦੀ ਜਮਹੂਰੀਅਤ ਜੋ ਇਨ੍ਹਾਂ ਸਮਾਜਾਂ ਵਿਚ ਦਿੱਤੀ ਜਾਂਦੀ ਹੈ ਉਸ ਨੇ ਪੰਜਾਬੀਆਂ ਅੰਦਰ ਖ਼ੁਦਮੁਖਤਿਆਰੀ ਅਤੇ ਵਿਸ਼ਵਾਸ ਇਥੋਂ ਤੱਕ ਆਪਣੇ ਅੰਦਰ ਬਣਾ ਲਿਆ ਕਿ ਉਹ ਹਰੇਕ ਸੱਤਾ ’ਤੇ ਪਹੁੰਚਣ ਵਾਲੀ ਪਾਰਟੀ ਤੋਂ ਲੈ ਕੇ ਵਿਰੋਧ ਵਾਲੀ ਹਰੇਕ ਵੰਨਗੀ ਵਿਚ ਖੁੱਲ੍ਹੇਆਮ ਹਿੱਸਾ ਲੈਣ ਲੱਗ ਪਏ। ਕੈਨੇਡੀਅਨ ਪਾਰਲੀਮੈਂਟ ਦੀਆਂ ਪੌੜੀਆਂ ਚੜ੍ਹ ਕੇ ਕਿੰਨੇ ਹੀ ਮੰਤਰੀਆਂ ਅਤੇ ਇਥੋਂ ਤੱਕ ਵੱਖਰੋ ਵੱਖਰੇ ਰਾਜਾਂ ਦੇ ਮੁੱਖ ਮੰਤਰੀ ਅਤੇ ਮੰਤਰੀ ਬਣ ਕੇ ਪੰਜਾਬੀਆਂ ਦਾ ਮਾਣ ਸਤਿਕਾਰ ਕੈਨੇਡੀਅਨ ਸਮਾਜ ਵਿਚ ਬਣਾਇਆ।

ਪ੍ਰੰਤੂ ਜਿਸ ਕਿਸਮ ਦੀ ਰਾਜਨੀਤੀ ਅਜੋਕੇ ਦੌਰ ਵਿਚ ਦੁਨੀਆ ਭਰ ਵਿਚ ਧਰਮਾਂ ਦੇ ਆਧਾਰ ’ਤੇ ਵੰਡੀਆਂ ਪਾਉਣ ਅਤੇ ਇਥੋਂ ਤੱਕ ਧਰਮਾਂ ਦੇ ਆਧਾਰ ਰਾਜ ਸਥਾਪਤ ਕਰਨ ਦਾ ਇਕ ਪਿਛਾਕੜੀ ਦੌਰ ਸ਼ੁਰੂ ਹੋਇਆ ਹੈ। ਦੁਨੀਆ ਦੇ ਕੋਨਿਆਂ ਵਿਚ ਧਰਮ ਅਤੇ ਰਾਜ ਇਕ ਹੁੰਦੇ ਜਾ ਰਹੇ ਹਨ ਅਤੇ ਕਈ ਧਰਮਾਂ ਨਾਲ ਵਿਤਕਰਾ ਕਰਕੇ ਜਾਂ ਉਨ੍ਹਾਂ ਪ੍ਰਤੀ ਦੋਮ ਦਰਜੇ ਦੀ ਸਮਝਦਾਰੀ ਬਣਾ ਕੇ ਸੱਜੇਪੱਖੀ ਨੇਤਾ ਸਮਾਜਾਂ ਨੂੰ ਵੰਡਣ ਦੇ ਰਾਹ ਪਏ ਹੋਏ ਹਨ। ਜਿਹੜਾ ਕਿ ਇਸ ਸਮੇਂ ਇਤਿਹਾਸ ਦਾ ਨਾਂਪੱਖੀ ਪਹਿਲੂ ਹੈ।

ਜਿਸ ਪੱਧਰ ’ਤੇ ਪੰਜਾਬੀ ਚੇਤੰਨ ਹਨ ਅਤੇ ਉਨ੍ਹਾਂ ਨੂੰ ਬਹੁ-ਸਭਿਆਚਾਰੀ ਸਮਾਜਾਂ ਵਿਚ ਰਹਿਣਾ ਆ ਗਿਆ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਖਿੱਤੇ ਪੰਜਾਬ ਦੀਆਂ ਤਰਾਸਦੀਆਂ ਨੂੰ ਬੜੇ ਨੇੜੇ ਤੋਂ ਦੇਖਿਆ ਅਤੇ ਹੰਢਾਇਆ ਹੈ। ਜਿਸ ਤਰ੍ਹਾਂ 1947 ਅਤੇ ਮੁੜ 1980 ਦਾ ਕਾਲਾ ਦੌਰ ਸੀ। ਜਿਹੜਾ ਪੰਜਾਬੀਆਂ ਦੇ ਪੱਲੇ ਤਰਾਸਦੀਆਂ ਹੀ ਪਾ ਗਿਆ ਜਿਹੜੀਆਂ ਅੱਜ ਤੱਕ ਵੀ ਰਸ ਰਹੀਆਂ ਹਨ ਅਤੇ ਪੰਜਾਬੀਆਂ ਨੂੰ ਵਾਰ-ਵਾਰ ਪੀੜਤ ਕਰ ਰਹੀਆਂ ਹਨ। ਪੰਜਾਬੀ ਕਦੇ ਵੀ ਨਹੀਂ ਚਾਹੁਣਗੇ ਕਿ ਮੁੜ ਉਨ੍ਹਾਂ ਦੇ ਇਰਦ-ਗਿਰਦ ਧਰਮ ਦੇ ਨਾਂ ’ਤੇ ਰਾਜਨੀਤੀ ਪ੍ਰਫੁੱਲਤ ਹੋਵੇ ਅਤੇ ਮੁੜ ਉਨ੍ਹਾਂ ਨੂੰ ਦੇਸ਼ਾਂ ਵਿਦੇਸ਼ਾਂ ਵਿਚ ਨਵੀਆਂ ਦਿੱਕਤਾਂ ਦੇ ਸਨਮੁੱਖ ਖੜ੍ਹਾ ਕਰ ਦੇਵੇ। ਇਸ ਕਰਕੇ ਅੱਜ ਮੁੜ ਪੰਜਾਬੀ ਪ੍ਰਵਚਨ ਨੂੰ ਪ੍ਰਫੁੱਲਤ ਕਰਨ ਦੀ ਜ਼ਰੂਰਤ ਹੈ ਜਿਸ ਵਿਚ ਉਨ੍ਹਾਂ ਦਾ ਸਭਿਆਚਾਰ, ਸਾਹਿਤ, ਕਲਾਵਾਂ, ਸੈਕੂਲਰ ਅਤੇ ਜਮਹੂਰੀ ਰਾਜਨੀਤੀ ਸ਼ਾਮਲ ਹਨ।

**ਸੰਪਾਦਕੀ ਮੰਡਲ**

CONGRATULATIONS
TEAM OVER 875 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
RE/MAX REAL ESTATE (CENTRAL)
EACH OFFICE INDEPENDENTLY OWNED AND OPERATED

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜ਼ਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty
BUY SELL INSTANTLY
We are Hiring New & Experienced Realtors.
We can also help you to get Realtor License.
We provide following Services:
• Residential • Commercial • Business • Land • Investment • Property Management Services
Book Your New Dream Home with our team in Savanna, City Scape, Red Stone, Corner Stone, Home Stead, Cochrane
403.681.8689
400, 3115-12th St NE Calgary AB T2E 7J2
Email: info@instarlt.com
Harcharan Parhar
REAL ESTATE BROKER
www.instarlt.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

**Hans**
Demolition & Excavating


* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4


13 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2023 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm
#1150, 4818 Westwindus Drive NE. Calgary
403-293-9360
Satvachan Lal
B.Sc.Pharm


urban Real Estate Services Ltd.
Hardeep Dhaliwal
REALTOR
DIRECT : 403-629-6257
403-827-6257

Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILITY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca


SECURELIFE INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work


ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work

Paul Sekhon: 403-829-5000
Bay 11 2316 27 Ave. NE, Calgary
Ph. : 403-701-4947

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)


10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



SAVANNA Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca

MLS MULTIPLE LISTING SERVICE® R REALTOR® REAL ESTATE BOARD
Taranjit "T. J." Mand
Real Estate Associate
Max Value Reality Ltd.

The Mortgage Centre Est. 1989
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed

Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕੈਨੇਡਾ-ਭਾਰਤ ਦਰਮਿਆਨ ਹਾਲੀਆ ਟਕਰਾਅ ਦੇ ਮਾਇਨੇ



ਬੂਟਾ ਸਿੰਘ
ਮਹਿਮੂਦਪੁਰ
94634-74342



ਪਿਛਲੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡਾ ਦੀ ਸੰਸਦ ਦੇ ਮੰਚ ਤੋਂ ਭਾਰਤ ਸਰਕਾਰ ਉੱਪਰ ਗੰਭੀਰ ਇਲਜ਼ਾਮ ਲਗਾਏ ਜਾਣ ਨਾਲ ਦੋਹਾਂ ਮੁਲਕਾਂ ਦਰਮਿਆਨ ਡੂੰਘਾ ਕੂਟਨੀਤਕ ਸੰਕਟ ਪੈਦਾ ਹੋ ਗਿਆ ਹੈ। ਵਪਾਰਕ ਗੱਲਬਾਤ ਬੰਦ ਕਰ ਦਿੱਤੀ ਗਈ ਹੈ। ਦੋਹਾਂ ਸਰਕਾਰਾਂ ਵੱਲੋਂ ਇਕ ਦੂਜੇ ਦੇ ਸਿਖ਼ਰਲੇ ਡਿਪਲੋਮੈਟਿਕ ਅਧਿਕਾਰੀਆਂ ਨੂੰ ਕੱਢੇ ਜਾਣ, ਵੀਜ਼ੇ ਦੇਣ ਦਾ ਅਮਲ ਰੋਕ ਦੇਣ ਅਤੇ ਟਰੈਵਲ ਕਰਨ ਵਾਲਿਆਂ ਨੂੰ ਚੇਤਾਵਨੀਆਂ ਦੇਣ ਨਾਲ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਅਤੇ ਇੱਧਰ ਭਾਰਤ ਦੇ ਲੋਕਾਂ, ਖ਼ਾਸ ਕਰਕੇ ਪੜ੍ਹਾਈ ਲਈ ਜਾਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ 'ਚ ਚਿੰਤਾ ਤੇ ਅਸੁਰੱਖਿਆ ਦਾ ਮਾਹੌਲ ਬਣ ਗਿਆ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਇਲਜ਼ਾਮ ਦਾ ਸਾਰਤੱਤ ਇਹ ਹੈ ਕਿ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਜਰ ਦੇ ਕਤਲ 'ਚ ਭਾਰਤੀ ਏਜੰਸੀਆਂ ਦਾ ਹੱਥ ਹੈ। ਯਾਨੀ ਉਨ੍ਹਾਂ ਦੇ ਨਾਗਰਿਕ ਦਾ ਕਤਲ ਭਾਰਤ ਸਰਕਾਰ ਨੇ ਕਰਵਾਇਆ ਹੈ। ਟਰੂਡੋ ਨੇ ਜਾਂਚ ਵਿਚ ਭਾਰਤ ਦੇ ਪੂਰਨ ਸਹਿਯੋਗ ਦੀ ਮੰਗ ਕਰਦੇ ਹੋਏ ਕਿਹਾ, "ਕੈਨੇਡਾ ਦੀ ਧਰਤੀ ਉੱਪਰ ਇਕ ਕੈਨੇਡੀਅਨ ਨਾਗਰਿਕ ਦੀ ਹੱਤਿਆ 'ਚ ਕਿਸੇ ਵੀ ਬਦੇਸ਼ੀ ਸਰਕਾਰ ਦਾ ਹੱਥ ਸਾਡੀ ਪ੍ਰਭੂਸੱਤਾ ਦੀ ਨਾ ਸਵੀਕਾਰਨਯੋਗ ਉਲੰਘਣਾ ਹੈ।" ਇਸ ਇਲਜ਼ਾਮ ਨੇ ਸੰਘ ਬਰਗੇਡ ਦਾ 'ਵਿਸ਼ਵ ਗੁਰੂ' ਬਣਨ ਦਾ ਸੁਪਨਾ ਇਕ ਵਾਰ ਤਾਂ ਭੰਗ ਕਰ ਦਿੱਤਾ ਹੈ ਜੋ ਮੁਲਕ ਦੇ ਅੰਦਰ ਘੱਟਗਿਣਤੀਆਂ ਅਤੇ ਪ੍ਰੈੱਸ ਤੇ ਪ੍ਰਗਟਾਵੇ ਦੀ ਆਜ਼ਾਦੀ ਪ੍ਰਤੀ ਬੇਕਿਰਕ ਰਵੱਈਏ ਅਤੇ ਹਜੂਮੀ ਹਿੰਸਾ ਤੇ ਹਿੰਦੂਤਵੀ ਦਹਿਸ਼ਤੀ ਗਰੋਹਾਂ ਦੀ ਰਾਜਕੀ ਪੁਸ਼ਤਪਨਾਹੀ ਕਰਨ ਕਰਕੇ ਪਹਿਲਾਂ ਹੀ ਬਥੇਰਾ ਬਦਨਾਮ ਹੈ। ਮੋਦੀ ਵਜ਼ਾਰਤ ਨੇ ਇਲਜ਼ਾਮਾਂ ਨੂੰ ਦੋ-ਟੁੱਕ ਖਾਰਜ ਕਰਕੇ ਤੇ ਕੈਨੇਡਾ ਦੇ ਸੀਨੀਅਰ ਡਿਪਲੋਮੈਟਿਕ ਅਧਿਕਾਰੀ ਨੂੰ ਭਾਰਤ ਛੱਡ ਜਾਣ ਦਾ ਹੁਕਮ ਸੁਣਾਕੇ ਸਖ਼ਤ ਤੇਵਰ ਦਿਖਾਏ ਹਨ। ਯੂ.ਐੱਨ. 'ਚ ਭਾਰਤ ਦੇ ਬਦੇਸ਼ ਮੰਤਰੀ ਐੱਸ.ਜੈਸ਼ੰਕਰ ਦੇ ਤਾਜ਼ਾ ਭਾਸ਼ਣ ਦੀ ਸੁਰ ਉਪਰੋਕਤ ਮਾਮਲੇ 'ਚ ਪੱਛਮੀ ਗੁੱਟ ਅੱਗੇ ਨਾ ਝੁਕਣ ਅਤੇ ਅਮਰੀਕਾ ਖ਼ਿਲਾਫ਼ ਮੋਰਚਾ ਖੋਲ੍ਹਣ ਦਾ ਸੰਕੇਤ ਦੇ ਰਹੀ ਹੈ। ਪਰ ਚੀਨ-ਰੂਸ ਧੁਰੇ ਦਾ ਮੁਕਾਬਲਾ ਕਰਨ ਲਈ ਭਗਵਾ ਹਕੂਮਤ ਦੀਆਂ ਦੇਸ਼-ਬਦੇਸ਼ ਵਿਚਲੀਆਂ ਕਾਰਵਾਈਆਂ ਨੂੰ ਨਜ਼ਰਅੰਦਾਜ਼ ਕਰਦੇ ਆ ਰਹੇ ਬਾਇਡਨ ਪ੍ਰਸ਼ਾਸਨ ਅਤੇ ਇੰਗਲੈਂਡ, ਆਸਟ੍ਰੇਲੀਆ ਦਾ ਟਰੂਡੋ ਸਰਕਾਰ ਨਾਲ ਖੜ੍ਹ ਜਾਣਾ ਮੋਦੀ ਸਰਕਾਰ ਲਈ ਵੱਡੀ ਪਛਾੜ ਹੈ ਅਤੇ ਅਮਰੀਕਾ ਨਾਲ ਅਤਿ-ਉਤਸ਼ਾਹੀ ਨੇੜਤਾ ਦੇ ਆਧਾਰ 'ਤੇ ਮਹਾਂ-ਸ਼ਕਤੀ ਬਣਨ ਦੀ ਕਥਿਤ ਮਜ਼ਬੂਤ ਨੀਤੀ ਦੀ ਪੋਲ ਵੀ ਬੁਰੀ ਤਰ੍ਹਾਂ ਖੁੱਲ੍ਹ ਗਈ ਹੈ।

ਟਰੂਡੋ ਨਾ ਸਿਰਫ਼ ਲਗਾਏ ਇਲਜ਼ਾਮਾਂ 'ਤੇ ਦ੍ਰਿੜ ਹੈ ਸਗੋਂ ਉਸਨੇ ਇਹ ਦਾਅਵਾ ਵੀ ਕੀਤਾ ਹੈ ਕਿ ਇਹ ਜਾਣਕਾਰੀ 'ਫਾਈਵ ਆਈਜ਼ ਭਾਈਵਾਲਾਂ' ਨਾਲ ਵੀ ਸਾਂਝੀ ਕੀਤੀ ਗਈ ਸੀ। ਉਸ ਦਾ ਕਹਿਣਾ ਹੈ ਕਿ ਭਾਰਤ ਵਿਚ ਜੀ-20 ਸੰਮੇਲਨ ਦੌਰਾਨ ਉਸ ਨੇ ਮੋਦੀ ਨਾਲ ਮੀਟਿੰਗ ਦੌਰਾਨ ਨਿੱਜੀ ਰੂਪ 'ਚ ਇਹ ਮਾਮਲਾ ਉਠਾਇਆ ਸੀ। ਪਰ ਉੱਧਰੋਂ ਕੋਈ ਹੁੰਗਾਰਾ ਨਹੀਂ ਮਿਲਿਆ। ਇਸ ਤੋਂ ਪਹਿਲਾਂ ਅਗਸਤ ਅਤੇ ਸਤੰਬਰ ਮਹੀਨਿਆਂ 'ਚ ਕੈਨੇਡਾ ਦੇ ਇੰਟੈਲੀਜੈਂਸ ਸਰਵਿਸ ਦੇ ਡਾਇਰੈਕਟਰ ਅਤੇ ਕੌਮੀ ਸੁਰੱਖਿਆ ਸਲਾਹਕਾਰ ਵੀ ਭਾਰਤ ਵਿਚ ਜਾ ਕੇ ਆਪਣੇ ਹਮਰੁਤਬਾ ਭਾਰਤੀ ਅਧਿਕਾਰੀਆਂ ਨਾਲ ਇਹ ਜਾਣਕਾਰੀ ਸਾਂਝੀ ਕਰ ਚੁੱਕੇ ਸਨ। ਇਹ ਖ਼ਬਰ ਅਮਰੀਕਨ ਮੀਡੀਆ ਨੇ ਹੀ ਦਿੱਤੀ ਕਿ ਬਾਇਡੇਨ ਨੇ ਜੀ-20 ਦੌਰਾਨ ਇਹ ਮਾਮਲਾ ਮੋਦੀ ਨਾਲ ਉਠਾ ਕੇ ਕੈਨੇਡਾ ਨੂੰ ਜਾਂਚ 'ਚ ਸਹਿਯੋਗ ਦੇਣ ਲਈ ਕਿਹਾ ਸੀ। ਸੀ.ਬੀ.ਸੀ. ਨਿਊਜ਼ ਨੇ ਇਕ ਵੱਖਰੀ ਰਿਪੋਰਟ ਵਿਚ ਖ਼ੁਲਾਸਾ ਕੀਤਾ ਹੈ ਕਿ ਕੈਨੇਡਾ ਦੀ ਸਰਕਾਰ ਨੇ ਇਸ ਕੇਸ ਦੀ ਇਕ ਮਹੀਨਾ ਲੰਮੀ ਜਾਂਚ ਵਿਚ ਮਨੁੱਖੀ ਤੇ ਸੰਚਾਰ-ਸਿਗਨਲ ਦੋਹਾਂ ਕਿਸਮਾਂ ਦੀ ਖ਼ੁਫ਼ੀਆ ਜਾਣਕਾਰੀ ਜੁਟਾਈ ਹੈ ਅਤੇ ਕੈਨੇਡਾ ਵਿਚਲੇ ਭਾਰਤੀ ਅਧਿਕਾਰੀਆਂ ਦੀ ਆਪਸੀ ਗੱਲਬਾਤ ਵੀ ਇਸ ਜਾਣਕਾਰੀ 'ਚ ਸ਼ਾਮਿਲ ਹੈ। ਸ਼ੱਕ ਇਹ ਕੀਤਾ ਜਾ ਰਿਹਾ ਹੈ ਕਿ ਖ਼ੁਫ਼ੀਆ ਜਾਣਕਾਰੀ ਮੁਹੱਈਆ ਕਰਾਉਣ ਵਾਲਾ 'ਅਗਿਆਤ ਸਹਿਯੋਗੀ' ਅਮਰੀਕਾ ਹੈ ਕਿਉਂਕਿ 'ਫਾਈਵ ਆਈਜ਼' ਗੱਠਜੋੜ ਦੇ ਮੈਂਬਰ ਹੋਰ ਮੁਲਕ ਅਜਿਹੀ ਜਾਣਕਾਰੀ ਇਕੱਠੀ ਕਰਨ ਦੇ ਸਮਰੱਥ ਨਹੀਂ ਹਨ। ਪਹਿਲਾਂ ਇਹ ਇਸ਼ਾਰਾ ਨਿਊਯਾਰਕ ਟਾਈਮਜ਼ ਨੇ ਕੀਤਾ ਸੀ। ਪਰ ਹੁਣ ਇੰਟਰਸੈਪਟ ਵੈੱਬਸਾਈਟ ਦੇ ਖ਼ੁਲਾਸੇ ਨੇ ਸਪਸ਼ਟ ਕਰ ਦਿੱਤਾ ਹੈ ਕਿ ਅਮਰੀਕਨ ਖ਼ੁਫ਼ੀਆ ਏਜੰਸੀ ਵੱਲੋਂ ਭਾਰਤੀ ਖ਼ੁਫ਼ੀਆ ਅਧਿਕਾਰੀਆਂ ਦੀ ਪੈੜ ਨੱਪੀ ਗਈ ਅਤੇ ਨਿੱਜਰ ਦੇ ਕਤਲ ਤੋਂ ਤੁਰੰਤ ਬਾਦ ਐੱਫ.ਬੀ.ਆਈ. ਦੇ ਏਜੰਟਾਂ ਨੇ ਕੈਲੀਫੋਰਨੀਆ ਵਿਚ ਪ੍ਰਿਤਪਾਲ ਸਿੰਘ ਤੇ ਦੋ ਹੋਰ ਸਿੱਖ ਕਾਰਕੁਨਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਚੁਕੰਨੇ ਵੀ ਕੀਤਾ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਇਹ ਖ਼ਾਲਸਤਾਨ ਪੱਖੀਆਂ ਪ੍ਰਤੀ ਅਮਰੀਕਨ ਹਕੂਮਤ ਦੀ ਨੀਤੀ ਦਾ ਸਬੂਤ ਵੀ ਹੈ।

'ਫਾਈਵ ਆਈਜ਼' ਮੁੱਖ ਤੌਰ 'ਤੇ ਪੰਜ ਮੁਲਕਾਂ ਦਰਮਿਆਨ ਆਪਸੀ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਦਾ ਮੰਚ ਹੈ ਅਤੇ ਅਮਰੀਕਾ, ਬਰਤਾਨੀਆ, ਕੈਨੇਡਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਇਸ ਗੱਠਜੋੜ ਦੇ ਮੈਂਬਰ ਹਨ। ਕੈਨੇਡਾ ਨਾਟੋ ਗੁੱਟ 'ਚ ਅਮਰੀਕਾ ਦਾ ਬਹੁਤ ਕਰੀਬੀ ਜੋਟੀਦਾਰ ਹੈ ਅਤੇ ਜੀ-7 'ਚ ਮਹੱਤਵਪੂਰਨ ਤਾਕਤ ਹੈ। ਅਮਰੀਕਾ, ਬਰਤਾਨੀਆ ਅਤੇ ਆਸਟ੍ਰੇਲੀਆ ਦੇ ਅਧਿਕਾਰਕ ਬਿਆਨ ਟਰੂਡੋ ਦੇ ਇਸ ਦਾਅਵੇ ਦੀ ਪੁਸ਼ਟੀ ਕਰਦੇ ਹਨ ਕਿ ਹਰਦੀਪ ਸਿੰਘ ਨਿੱਜਰ ਕਤਲ ਕਾਂਡ ਦੀ ਜਾਂਚ 'ਚੋਂ ਮਿਲੀ ਜਾਣਕਾਰੀ ਇਨ੍ਹਾਂ ਮੈਂਬਰ ਮੁਲਕਾਂ ਨਾਲ ਸਾਂਝੀ ਕੀਤੀ ਗਈ ਸੀ। ਉਨ੍ਹਾਂ ਨੇ ਇਸ ਕੇਸ ਵਿਚ ਭਾਰਤੀ ਏਜੰਸੀਆਂ ਦੀ ਕਥਿਤ ਭੂਮਿਕਾ ਉੱਪਰ ਅਤਿਅੰਤ ਚਿੰਤਾ ਜ਼ਾਹਿਰ ਕੀਤੀ ਹੈ ਅਤੇ ਭਾਰਤ ਨੂੰ ਜਾਂਚ ਵਿਚ ਕੈਨੇਡਾ ਦਾ ਸਹਿਯੋਗ ਕਰਨ ਦੀ ਸਲਾਹ ਦਿੱਤੀ ਹੈ। ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਅਤੇ ਬਦੇਸ਼ ਮੰਤਰੀ ਐਂਥਨੀ ਬਲਿੰਕਨ ਨੇ ਸਪਸ਼ਟ ਕਿਹਾ ਹੈ ਕਿ ਉਹ ਟਰੂਡੋ ਵੱਲੋਂ ਲਗਾਏ ਇਲਜ਼ਾਮਾਂ ਨੂੰ ਲੈ ਕੇ ਬੇਹੱਦ ਫ਼ਿਕਰਮੰਦ ਹਨ ਅਤੇ ਆਪਣੇ ਕੈਨੇਡੀਅਨ ਸਹਿਯੋਗੀਆਂ ਨਾਲ ਤਾਲਮੇਲ ਰੱਖਕੇ ਬਹੁਤ ਨੇੜਿਓਂ ਮਸ਼ਵਰਾ ਕਰ ਰਹੇ ਹਨ। ਉਹ ਚਾਹੁੰਦੇ ਹਨ ਕਿ ਇਹ ਜਾਂਚ ਅੱਗੇ ਵਧੇ ਤੇ ਮੁਕੰਮਲ ਹੋਵੇ ਅਤੇ ਭਾਰਤ ਸਰਕਾਰ ਇਸ ਜਾਂਚ ਵਿਚ ਸਹਿਯੋਗ ਕਰੇ। ਇਹ ਵੀ ਕਿ "ਅਸੀਂ ਪਰਾਕੌਮੀ ਜਬਰ ਵਰਗੇ ਮਾਮਲਿਆਂ ਪ੍ਰਤੀ ਅਤਿਅੰਤ ਚੌਕਸ ਹਾਂ ਅਤੇ ਅਜਿਹੇ ਮਾਮਲਿਆਂ ਨੂੰ ਬਹੁਤ, ਬਹੁਤ ਗੰਭੀਰਤਾ ਨਾਲ ਲੈਂਦੇ ਹਾਂ"। ਯੁੱਧਨੀਤਕ ਸੰਚਾਰ ਲਈ ਅਮਰੀਕਨ ਨੈਸ਼ਨਲ ਸਕਿਊਰਿਟੀ ਕੌਂਸਲ ਦੇ ਕੋਆਰਡੀਨੇਟਰ ਜੌਹਨ ਕਿਰਬੀ ਨੇ ਵੀ ਇਲਜ਼ਾਮਾਂ ਨੂੰ "ਬਹੁਤ ਗੰਭੀਰ" ਕਰਾਰ ਦਿੱਤਾ ਹੈ ਅਤੇ ਕੈਨੇਡਾ ਦੀ ਮੰਗ ਦੀ ਹਮਾਇਤ ਕੀਤੀ ਹੈ।

ਕੁਲ-ਮਿਲਾ ਕੇ ਤਸਵੀਰ ਇਹ ਬਣਦੀ ਹੈ ਕਿ ਜੀ-20 ਤੋਂ ਪਹਿਲਾਂ 'ਫਾਈਵ ਆਈਜ਼' ਕੋਲ ਸਾਰੀ ਜਾਣਕਾਰੀ ਸੀ ਅਤੇ ਇਹ ਮੁੱਦਾ ਮੋਦੀ ਨਾਲ ਜੀ-20 ਸਮੇਂ ਸਾਈਡ-ਲਾਈਨ ਗੱਲਬਾਤ 'ਚ ਉਠਾਇਆ ਗਿਆ। ਆਪਣੀ ਤਾਕਤ ਨੂੰ ਵਧਾ-ਚੜ੍ਹਾ ਕੇ ਦੇਖਣ ਦੇ ਆਦੀ ਮੋਦੀ ਵੱਲੋਂ ਟਰੂਡੋ ਦੇ ਇਲਜ਼ਾਮ ਹਕਾਰਤ ਨਾਲ ਠੁਕਰਾ ਦਿੱਤੇ ਗਏ ਅਤੇ ਬਾਇਡਨ ਤੇ ਹੋਰਾਂ ਦੀ ਗੱਲ ਨੂੰ ਵੀ ਮਹੱਤਵ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਜੀ-20 ਮੁਕੰਮਲ ਹੋਣ ਦਿੱਤਾ ਅਤੇ ਪਿੱਛੋਂ ਸਾਰੀ ਸਥਿਤੀ ਬਾਰੇ ਸੋਚ-ਵਿਚਾਰ ਕੇ ਮਾਮਲਾ ਜਨਤਕ ਕਰ ਦਿੱਤਾ ਗਿਆ। ਸੰਘ ਬਰਗੇਡ ਇਸ ਖ਼ੁਸ਼ਫ਼ਹਿਮੀ 'ਚ ਰਿਹਾ ਕਿ ਅਸੀਂ ਅਰਬਾਂ ਰੁਪਏ ਫੂਕ ਕੇ ਜੀ-20 ਦੀ ਮੇਜ਼ਬਾਨੀ ਦਾ ਪੂਰਾ ਰਾਜਨੀਤਕ ਲਾਹਾ ਖੱਟ ਲਿਆ ਹੈ ਅਤੇ ਟਰੂਡੋ ਨੂੰ ਲਾਜਵਾਬ ਕਰਕੇ ਤੋਰ ਦਿੱਤਾ ਹੈ। ਗੋਦੀ ਮੀਡੀਆ ਮੋਦੀ ਨੂੰ ਮਹਾਂ-ਨਾਇਕ ਅਤੇ ਟਰੂਡੋ ਨੂੰ ਖਲਨਾਇਕ ਬਣਾ ਕੇ ਪੇਸ਼ ਕਰਨ 'ਚ ਲੱਗਿਆ ਰਿਹਾ। ਜਿਓ-ਪਾਲਿਟਿਕਸ 'ਚ ਕੈਨੇਡਾ ਦੀ ਤਾਕਤ ਅਤੇ ਆਲਮੀ ਤਾਕਤਾਂ ਦੇ ਤਵਾਜ਼ਨ 'ਚ ਕੈਨੇਡਾ ਦੇ ਮਹੱਤਵ ਨੂੰ ਘਟਾ ਕੇ ਦੇਖਣਾ ਭਗਵਾ ਹਕੂਮਤ ਨੂੰ ਮਹਿੰਗਾ ਪਿਆ। ਅਮਰੀਕਾ ਤੇ ਉਸ ਦੇ 'ਫਾਈਵ ਆਈਜ਼' ਜੋਟੀਦਾਰ ਨਿੱਜਰ ਕਤਲ ਦੇ ਬਹਾਨੇ ਭਗਵਾ ਹਕੂਮਤ ਦੀ ਘੇਰਾਬੰਦੀ ਕਰਕੇ ਆਪਣੀ ਸੌੜੀ ਹਿਤ ਪੂਰਤੀ ਲਈ ਪੂਰੇ ਸਰਗਰਮ ਹਨ ਅਤੇ ਨਾਲ ਹੀ ਇਸ ਹਕੂਮਤ ਨੂੰ ਇਹ ਅਹਿਸਾਸ ਵੀ ਕਰਾਉਣਾ ਚਾਹੁੰਦੇ ਹਨ ਕਿ ਆਪਣੇ ਨਾਟੋ ਜੋਟੀਦਾਰ ਕੈਨੇਡਾ ਨਾਲ ਪਾਕਿਸਤਾਨ ਵਾਲਾ ਵਰਤਾਅ ਕਰਨ ਦੀ ਇਜਾਜ਼ਤ ਉਹ ਨਹੀਂ ਦੇਣਗੇ।

ਕੈਨੇਡਾ 'ਚ ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਸ਼ੱਕੀ ਭੂਮਿਕਾ ਬਾਰੇ ਵਿਵਾਦ ਨਵੀਂ ਗੱਲ ਨਹੀਂ ਹੈ। ਖ਼ਾਲਸਤਾਨ ਲਹਿਰ ਦੇ ਸਮੇਂ ਇੰਗਲੈਂਡ ਤੇ ਕੈਨੇਡਾ 'ਚ ਖ਼ੁਫ਼ੀਆ ਏਜੰਸੀਆਂ ਖ਼ਾਸ ਤੌਰ 'ਤੇ ਬਹੁਤ ਸਰਗਰਮ ਸਨ। ਜੂਨ 1985 'ਚ ਹੋਏ ਏਅਰ ਇੰਡੀਆ ਬੰਬ ਕਾਂਡ ਬਾਬਤ ਵੀ ਸਵਾਲ ਉੱਠੇ ਸਨ ਕਿ ਏਨੀ ਵੱਡੀ ਕਾਰਵਾਈ ਨੂੰ ਅੰਜਾਮ ਦੇਣਾ ਕਥਿਤ ਖ਼ਾਲਸਤਾਨੀ ਗਰੁੱਪ ਦੇ ਵੱਸ ਦੀ ਗੱਲ ਨਹੀਂ ਹੈ। ਪਰ ਡੂੰਘਾਈ 'ਚ ਜਾਂਚ ਨਾ ਹੋਣ ਕਾਰਨ ਇਹ ਸਪਸ਼ਟ ਨਹੀਂ ਸੀ ਹੋ ਸਕਿਆ ਕਿ ਮਨੁੱਖਤਾ ਵਿਰੁੱਧ ਉਸ ਘਿਣਾਉਣੇ ਜੁਰਮ 'ਚ ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਭੂਮਿਕਾ ਕੀ ਸੀ। ਬੇਹੱਦ ਮਹਿੰਗਾ ਮੁਕੱਦਮਾ ਵੀ ਜੁਰਮ ਦੀ ਠੋਸ ਜਵਾਬਦੇਹੀ ਤੈਅ ਕਰਨ 'ਚ ਅਸਫ਼ਲ ਰਿਹਾ।

2014 'ਚ ਆਰ.ਐੱਸ.ਐੱਸ.-ਭਾਜਪਾ ਦੇ ਸੱਤਾ 'ਚ ਆਉਣ ਨਾਲ ਭਾਰਤ ਦੀ ਬਦੇਸ਼ ਨੀਤੀ ਹਿੰਦੂਤਵ ਪ੍ਰੋਜੈਕਟ ਅਨੁਸਾਰ ਅਤੇ ਸੰਘ ਦੀਆਂ ਆਲਮੀ ਲੀਡਰਸ਼ਿਪ ਦੀਆਂ ਲਾਲਸਾਵਾਂ ਅਨੁਸਾਰ ਹੋਰ ਵੀ ਜ਼ਿਆਦਾ ਸੁਰੱਖਿਆ-ਕੇਂਦਰਤ ਅਤੇ ਹਮਲਾਵਰ ਹੋ ਗਈ। ਬਦੇਸ਼ ਨੀਤੀ ਉੱਪਰ ਖ਼ੁਫ਼ੀਆ ਅਪਰੇਸ਼ਨਾਂ ਦੇ ਮਾਹਰ ਅਜੀਤ ਡੋਵਾਲ ਦੇ ਮੱਤ ਦੀ ਛਾਪ ਸਾਫ਼ ਨਜ਼ਰ ਆਉਣ ਲੱਗੀ ਅਤੇ ਦੂਜੇ ਮੁਲਕਾਂ 'ਚ ਹਿੰਦੂਤਵੀ ਅਨਸਰਾਂ ਦੀ ਹੋਰ ਵਧੇਰੇ ਘੁਸਪੈਠ, ਛੁਪੇ ਹੋਇਆਂ ਨੂੰ ਚੁਣ-ਚੁਣ ਕੇ ਮਾਰਨ ਦੇ ਐਲਾਨ ਤੇ 'ਸਰਜੀਕਲ ਹਮਲੇ' ਬਦੇਸ਼ ਨੀਤੀ ਦੀ ਵਿਸ਼ੇਸ਼ ਖ਼ਾਸੀਅਤ ਬਣ ਗਏ। ਬਦੇਸ਼ਾਂ 'ਚ ਭਾਰਤੀ ਰਾਜ ਵਿਰੋਧੀ ਅੰਦੋਲਨਾਂ ਦੇ ਹਮਾਇਤੀਆਂ ਦੀ ਖ਼ੁਫ਼ੀਆ ਨਿਗਰਾਨੀ ਬਹੁਤ ਜ਼ਿਆਦਾ ਵਧ ਗਈ। ਇਸ ਕਾਰਨ, 2020 'ਚ ਭਾਰਤੀ ਏਜੰਸੀ ਰਾਅ ਦੇ ਇਕ ਏਜੰਟ ਨੂੰ ਜਰਮਨੀ 'ਚ ਖ਼ਾਲਸਤਾਨੀਆਂ ਅਤੇ ਕਸ਼ਮੀਰੀਆਂ ਦੀ ਜਾਸੂਸੀ ਕਰਨ ਦੇ ਦੋਸ਼ 'ਚ ਮੁਕੱਦਮਾ ਦਾ ਸਾਹਮਣਾ ਵੀ ਕਰਨਾ ਪਿਆ। ਕੈਨੇਡਾ 'ਚ ਏਅਰ ਇੰਡੀਆ ਕਾਂਡ ਵਾਲੇ ਰਿਪੁਦਮਨ ਸਿੰਘ ਮਲਿਕ ਦਾ ਕਤਲ ਹੋਇਆ ਜੋ ਅਜੇ ਵੀ ਭੇਤ ਬਣਿਆ ਹੋਇਆ ਹੈ। 20 ਸਤੰਬਰ ਨੂੰ 'ਅਣਪਛਾਤੇ ਕਾਤਲਾਂ' ਨੇ ਵਿਨੀਪੈੱਗ ਵਿਚ ਕਥਿਤ ਖ਼ਾਲਸਤਾਨੀ-ਗੈਂਗਸਟਰ ਸੁਖਦੂਲ ਸਿੰਘ ਉਰਫ਼ ਸੁੱਖਾ ਦੀ ਹੱਤਿਆ ਕਰ ਦਿੱਤੀ। ਉਹ ਵੀ ਐੱਨ.ਆਈ.ਏ. ਦੀ 'ਖ਼ਾਲਸਤਾਨੀ ਦਹਿਸ਼ਤਪਸੰਦਾਂ' ਦੀ ਸੂਚੀ ਵਿਚ ਸ਼ਾਮਿਲ ਸੀ। ਆਪਣੇ ਕਤਲ ਤੋਂ ਕੁਝ ਦਿਨ ਪਹਿਲਾਂ ਹਰਦੀਪ ਸਿੰਘ ਨਿੱਜਰ ਨੇ ਪਾਕਿਸਤਾਨ 'ਚ ਖ਼ਾਲਸਤਾਨੀਆਂ ਦੇ ਕਤਲਾਂ ਦੇ ਪ੍ਰਸੰਗ 'ਚ ਸੀਨੀਅਰ ਕੈਨੇਡੀਅਨ ਪੱਤਰਕਾਰ ਗੁਰਪ੍ਰੀਤ ਸਿੰਘ ਨਾਲ ਇੰਟਰਵਿਊ ਦੌਰਾਨ ਕੈਨੇਡਾ ਵਿਚ ਭਾਰਤੀ ਏਜੰਸੀਆਂ ਦੀ ਡੂੰਘੀ ਘੁਸਪੈਠ ਦੀ ਗੱਲ ਕੀਤੀ ਸੀ ਅਤੇ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਹ ਕਿਸੇ ਨੂੰ ਵੀ ਕਤਲ ਕਰਵਾ ਸਕਦੇ ਹਨ ਅਤੇ ਉਸ ਨੇ ਕੈਨੇਡਾ ਦੀਆਂ ਏਜੰਸੀਆਂ ਤੋਂ ਸੁਰੱਖਿਆ ਯਕੀਨੀਂ ਬਣਾਏ ਜਾਣ ਦੀ ਮੰਗ ਕੀਤੀ ਸੀ। ਉਸ ਦਾ ਖ਼ਦਸ਼ਾ ਸੱਚ ਸਾਬਤ ਹੋਇਆ।

ਭਾਰਤੀ ਹੁਕਮਰਾਨਾਂ ਨੂੰ ਹਮੇਸ਼ਾ ਸ਼ਿਕਾਇਤ ਰਹੀ ਹੈ ਕਿ ਹੋਰ ਮੁਲਕਾਂ, ਖ਼ਾਸ ਕਰਕੇ ਕੈਨੇਡਾ ਵੱਲੋਂ ਖ਼ਾਲਸਤਾਨ ਦੇ ਹਮਾਇਤੀਆਂ ਨੂੰ ਰਾਜਨੀਤਕ ਪਨਾਹ ਕਿਉਂ ਦਿੱਤੀ ਜਾਂਦੀ ਹੈ। 'ਮੋਸਟ ਵਾਂਟਿਡ ਦਹਿਸ਼ਤਗਰਦਾਂ' ਨੂੰ ਭਾਰਤ ਸਰਕਾਰ ਦੇ ਹਵਾਲੇ ਕਿਉਂ ਨਹੀਂ ਕੀਤਾ ਜਾ ਰਿਹਾ। ਹੁਣ ਵੀ ਭਾਰਤ ਦੇ ਬਦੇਸ਼ ਮੰਤਰਾਲੇ ਦੀ ਦਲੀਲ ਇਹੀ ਹੈ ਕਿ ਟਰੂਡੋ ਵੱਲੋਂ ਅਜਿਹੇ ਬੇਬੁਨਿਆਦ ਇਲਜ਼ਾਮ "ਉਨ੍ਹਾਂ ਖ਼ਾਲਸਤਾਨੀ ਦਹਿਸ਼ਤਗਰਦਾਂ ਅਤੇ ਕੱਟੜਪੰਥੀਆਂ ਤੋਂ ਧਿਆਨ ਹਟਾਉਣ ਲਈ ਲਗਾਏ ਜਾ ਰਹੇ ਹਨ ਜਿਨ੍ਹਾਂ ਨੂੰ ਕੈਨੇਡਾ ਵਿਚ ਪਨਾਹ ਦਿੱਤੀ ਹੋਈ ਹੈ ਅਤੇ ਉਹ ਭਾਰਤ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਲਈ ਖ਼ਤਰਾ ਹਨ। ਭਾਰਤ ਸਰਕਾਰ ਅਨੁਸਾਰ ਇਸ ਸੰਬੰਧੀ ਕੈਨੇਡਾ ਸਰਕਾਰ ਵੱਲੋਂ ਕੋਈ ਕਦਮ ਨਾ ਚੁੱਕਣਾ ਲੰਮੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਸੰਬੰਧ 'ਚ ਟਰੂਡੋ ਦਾ ਕਹਿਣਾ ਇਹ ਹੈ ਕਿ ਕੈਨੇਡਾ ਲੋਕਤੰਤਰੀ, ਬਹੁਲਵਾਦੀ ਮੁੱਲਾਂ 'ਚ ਯਕੀਨ ਰੱਖਣ ਵਾਲਾ ਮੁਲਕ ਹੈ ਜੋ ਹਰ ਤਰ੍ਹਾਂ ਦੇ ਵਿਚਾਰਾਂ ਨੂੰ ਜਗ੍ਹਾ ਦਿੰਦਾ ਹੈ। ਉਨ੍ਹਾਂ ਦਾ ਮੁਲਕ ਸਦਾ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਦੀ ਆਜ਼ਾਦੀ ਦੀ ਰੱਖਿਆ ਕਰੇਗਾ ਅਤੇ ਨਫ਼ਰਤ ਦਾ ਸਦਾ ਵਿਰੋਧ ਕਰੇਗਾ। ਉਹ ਆਪਣੀ ਧਰਤੀ ਉੱਪਰ ਹਿੰਸਕ ਸਰਗਰਮੀਆਂ ਨੂੰ ਬਰਦਾਸ਼ਤ ਨਹੀਂ ਕਰਨਗੇ। ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਖ਼ਾਲਸਤਾਨ ਲਈ "ਰਿਫਰੈਂਡਮ-2020" ਦਾ ਸੂਤਰਧਾਰ ਗੁਰਪਤਵੰਤ ਸਿੰਘ ਪੰਨੂ ਅਮਰੀਕਾ 'ਚ ਬੈਠਾ ਹੈ ਪਰ ਮੋਦੀ ਹਕੂਮਤ ਨੇ ਉਸ ਵਿਰੁੱਧ ਕਾਰਵਾਈ ਨੂੰ ਕੈਨੇਡਾ 'ਚ ਖ਼ਾਲਸਤਾਨੀ ਸਰਗਰਮੀਆਂ ਦੀ ਤਰ੍ਹਾਂ ਕਦੇ ਮੁੱਦਾ ਨਹੀਂ ਬਣਾਇਆ।

ਆਰ.ਐੱਸ.ਐੱਸ.-ਭਾਜਪਾ ਹਕੂਮਤ ਨੂੰ ਪਤਾ ਹੈ ਕਿ ਪ੍ਰਵਾਸੀ ਸਿੱਖ ਭਾਈਚਾਰੇ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਖ਼ਾਲਸਤਾਨ ਦੀ ਮੰਗ ਦਾ ਹਮਾਇਤੀ ਹੈ ਅਤੇ ਉਨ੍ਹਾਂ ਵਿੱਚੋਂ ਵੀ ਭੜਕਾਊ ਕਾਰਵਾਈਆਂ ਕਰਨ ਵਾਲੇ ਬਹੁਤ ਥੋੜ੍ਹੇ ਹਨ। ਇਸ ਦੇ ਬਾਵਜੂਦ ਉਹ ਰਾਜਨੀਤਕ ਲਾਹਾ ਲੈਣ ਲਈ ਖ਼ਾਲਸਤਾਨ ਦੇ ਹਊਏ ਦੇ ਬਹਾਨੇ ਬਦੇਸ਼ਾਂ ਦੀ ਧਰਤੀ 'ਤੇ ਭਾਰਤੀ ਰਾਜ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਉੱਪਰ ਮਨਮਰਜ਼ੀ ਦੀਆਂ ਰੋਕਾਂ ਲਗਵਾਉਣਾ ਚਾਹੁੰਦੇ ਹਨ। ਉਹ ਬਦੇਸ਼ਾਂ 'ਚ ਆਪਣੇ ਹਿੰਦੂਤਵੀ ਪ੍ਰੋਜੈਕਟ ਦੇ ਬੇਰੋਕ-ਟੋਕ ਵਧਾਰੇ-ਪਸਾਰੇ ਦਾ ਰਾਹ ਪੱਧਰਾ ਕਰਨ ਅਤੇ ਭਾਰਤ ਵਿਚ ਖ਼ਾਲਸਤਾਨ ਦੇ ਹਊਏ ਨੂੰ ਹਿੰਦੂ ਫਿਰਕੇ ਦੀਆਂ ਵੋਟਾਂ ਬਟੋਰਨ ਲਈ ਵਰਤਣ ਦੀ ਕੋਸ਼ਿਸ਼ 'ਚ ਹਨ। ਇਹ ਸਪਸ਼ਟ ਹੈ ਕਿ ਭਗਵਾ ਹਕੂਮਤ ਨੂੰ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਹੋਰ ਮੁਲਕਾਂ 'ਚ ਪ੍ਰਵਾਸੀ ਭਾਰਤੀਆਂ ਵੱਲੋਂ ਹਿੰਦੂਤਵ ਪ੍ਰੋਜੈਕਟ ਦਾ ਕੀਤਾ ਜਾ ਰਿਹਾ ਤਿੱਖਾ ਵਿਰੋਧ ਬਹੁਤ ਚੁਭਦਾ ਹੈ। 1980ਵਿਆਂ 'ਚ ਭਾਰਤੀ ਸਟੇਟ ਹੱਥੋਂ ਝੱਲੇ ਜਬਰ ਤੇ ਜ਼ਲਾਲਤ ਕਰਕੇ ਸਿੱਖ ਭਾਈਚਾਰੇ ਦਾ ਭਾਵਨਾਤਮਕ ਵਿਰੋਧ ਜ਼ਿਆਦਾ ਤਿੱਖਾ ਹੈ।

ਨਿਰਸੰਦੇਹ, ਹੋਰ ਮੁਲਕਾਂ ਦੇ ਹਕੂਮਤ ਵਿਰੋਧੀਆਂ ਨੂੰ ਰਾਜਨੀਤਕ ਪਨਾਹ ਦੇਣ ਪਿੱਛੇ ਸਾਰੇ ਹੀ ਮੁਲਕਾਂ ਦੀ ਹੁਕਮਰਾਨ ਜਮਾਤ ਦੇ ਭੂਗੋਲਿਕ-ਰਾਜਨੀਤਕ ਹਿਤ ਤੇ ਹੋਰ ਗਿਣਤੀਆਂ-ਮਿਣਤੀਆਂ ਕੰਮ ਕਰਦੀਆਂ ਹਨ। ਇਸ ਸੰਬੰਧ 'ਚ ਭਾਰਤ ਹੋਵੇ ਜਾਂ ਕੈਨੇਡਾ, ਕੋਈ ਵੀ ਬੇਦਾਗ਼ ਨਹੀਂ ਹੈ। ਭਾਰਤ ਨੇ ਦਲਾਈਲਾਮਾ ਤੇ ਉਸ ਦੇ ਪੈਰੋਕਾਰਾਂ ਨੂੰ ਸ਼ਾਹੀ ਮਹਿਮਾਨ ਬਣਾਇਆ ਹੋਇਆ ਹੈ ਅਤੇ ਨਵੀਂ ਦਿੱਲੀ 'ਚ ਤਿੱਬਤ ਦੀ ਆਜ਼ਾਦੀ ਲਈ ਮੁਜ਼ਾਹਰਿਆਂ 'ਚ ਭਾਜਪਾ ਦੇ ਐੱਮ.ਪੀ. ਤੱਕ ਸ਼ਾਮਿਲ ਹੁੰਦੇ ਹਨ। ਪਰ ਭਾਰਤ ਤੋਂ ਵੱਖਰੇ ਹੋਣ ਦੀ ਪੁਰਅਮਨ ਮੰਗ ਵੀ ਭਾਰਤੀ ਹੁਕਮਰਾਨਾਂ ਵੱਲੋਂ 'ਏਕਤਾ ਤੇ ਅਖੰਡਤਾ ਲਈ ਖ਼ਤਰਾ' ਕਰਾਰ ਦੇ ਕੇ ਬੇਕਿਰਕੀ ਨਾਲ ਕੁਚਲ ਦਿੱਤੀ ਜਾਂਦੀ ਹੈ। ਟਰੂਡੋ ਗੁੱਟ ਦੀਆਂ ਵੀ ਆਪਣੀਆਂ ਰਾਜਨੀਤਕ ਗਿਣਤੀਆਂ-ਮਿਣਤੀਆਂ ਹਨ। ਫਿਰ ਵੀ, ਕੈਨੇਡਾ 'ਚ ਐਨੀ ਕੁ ਆਜ਼ਾਦੀ ਤਾਂ ਹੈ ਕਿ ਉੱਥੇ ਇਕ ਹੱਦ ਤੱਕ ਮਨੁੱਖੀ ਹੱਕਾਂ ਨੂੰ ਵਿਹਾਰਕ ਤੌਰ 'ਤੇ ਮਾਨਤਾ ਦਿੱਤੀ ਗਈ ਹੈ ਅਤੇ ਵੱਖਵਾਦੀ ਰੁਝਾਨ ਨੂੰ ਵੀ ਕੈਨੇਡਾ ਦੇ ਕਾਨੂੰਨਾਂ ਦੇ ਦਾਇਰੇ ਵਿਚ ਆਪਣੀ ਰਾਜਨੀਤਕ ਮੰਗ ਦੇ ਹੱਕ 'ਚ ਰਾਇਸ਼ੁਮਾਰੀ ਵਰਗੀਆਂ ਰਾਜਨੀਤਕ ਸਰਗਰਮੀਆਂ ਕਰਨ ਦੀ ਜਮਹੂਰੀ ਖੁੱਲ੍ਹ ਹੈ। ਜਦਕਿ ਭਾਰਤ ਵਿਚ ਇਹ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਜਿੱਥੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਵਕਾਲਤ ਕਰਨ ਵਾਲਿਆਂ ਨੂੰ ਤਾਂ ਰਾਜਕੀ ਅਤੇ ਰਾਜਸੀ ਪੁਸ਼ਤਪਨਾਹੀ ਹੇਠ ਹਰ ਕਾਨੂੰਨੀ, ਗ਼ੈਰਕਾਨੂੰਨੀ ਤਰੀਕੇ ਨਾਲ ਕੰਮ ਕਰਨ ਦੀ ਬੇਰੋਕ-ਟੋਕ ਆਜ਼ਾਦੀ ਹੈ ਪਰ ਹੋਰ ਲੋਕਾਂ ਨੂੰ ਮਹਿਜ਼ ਹੁਕਮਰਾਨ ਧਿਰ ਤੋਂ ਵੱਖਰੇ ਵਿਚਾਰਾਂ ਕਾਰਨ ਹੀ ਦਹਿਸ਼ਤਵਾਦ ਅਤੇ ਰਾਜਧ੍ਰੋਹ ਦੇ ਕਾਨੂੰਨਾਂ ਤਹਿਤ ਜੇਲ੍ਹਾਂ 'ਚ ਸੜਨਾ ਪੈਂਦਾ ਹੈ। ਮਨੁੱਖੀ ਤੇ ਜਮਹੂਰੀ ਹੱਕਾਂ ਦਾ ਘਾਣ ਦੁਨੀਆ ਦਹਾਕਿਆਂ ਤੋਂ ਦੇਖ ਰਹੀ ਹੈ।

ਭਗਵਾ ਹਕੂਮਤ ਦੀ ਟਰੂਡੋ ਸਰਕਾਰ ਨਾਲ ਨਾਰਾਜ਼ਗੀ ਸਮਝ ਆਉਂਦੀ ਹੈ ਕਿ ਉਨ੍ਹਾਂ ਦੀ ਇੱਛਾ ਅਨੁਸਾਰ ਕੈਨੇਡਾ 'ਚ ਖ਼ਾਲਸਤਾਨੀ ਸਰਗਰਮੀਆਂ ਉੱਪਰ ਕਰੇੜਾ ਕਿਉਂ ਨਹੀਂ ਕੱਸਿਆ ਜਾ ਰਿਹਾ ਅਤੇ ਸਰਗਰਮ ਖ਼ਾਲਸਤਾਨ ਹਮਾਇਤੀਆਂ ਨੂੰ ਭਾਰਤ ਦੇ ਹਵਾਲੇ ਕਿਉਂ ਨਹੀਂ ਕੀਤਾ ਜਾ ਰਿਹਾ। ਇਸ ਮਾਮਲੇ 'ਚ ਸੰਘ ਬਰਗੇਡ ਕੁਝ ਵਧੇਰੇ ਹੀ ਹਮਲਾਵਰ ਹੈ ਅਤੇ ਹਿੰਦੂਤਵ ਦੇ ਹਮਾਇਤੀ ਤਾਂ ਇਜ਼ਰਾਇਲ ਦੀ ਤਰਜ਼ 'ਤੇ ਬਦੇਸ਼ਾਂ 'ਚ ਬੈਠੇ ਵੱਖਵਾਦੀਆਂ ਦੇ ਸਫ਼ਾਏ ਉੱਪਰ ਜ਼ੋਰ ਦਿੰਦੇ ਅਕਸਰ ਦੇਖੇ ਜਾ ਸਕਦੇ ਹਨ। ਕੁਝ ਮਹੀਨੇ ਪਹਿਲਾਂ ਇੰਗਲੈਂਡ 'ਚ ਅਵਤਾਰ ਸਿੰਘ ਖੰਡਾ ਦੀ ਸ਼ੱਕੀ ਮੌਤ ਅਤੇ ਪਾਕਿਸਤਾਨ ਤੇ ਕੈਨੇਡਾ ਵਿਚ ਖ਼ਾਲਸਤਾਨ ਹਮਾਇਤੀਆਂ ਦੇ ਉੱਪਰੋ ਥਲੀ ਕਤਲ ਹੋਏ ਤਾਂ ਪ੍ਰਵਾਸੀ ਭਾਰਤੀਆਂ ਦੇ ਇਕ ਹਿੱਸੇ ਨੇ ਖੁੱਲ੍ਹੇਆਮ ਸ਼ੱਕ ਜ਼ਾਹਿਰ ਕੀਤਾ ਕਿ ਇਨ੍ਹਾਂ ਕਤਲਾਂ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਹੈ। ਇਸ ਵਿਚ ਇਹ ਚਿੰਤਾ ਵੀ ਸ਼ਾਮਿਲ ਸੀ ਕਿ ਅੱਜ ਖ਼ਾਲਸਤਾਨੀ ਹਮਾਇਤੀ ਮਾਰੇ ਗਏ ਹਨ, ਭਲਕ ਨੂੰ ਭਾਰਤੀ ਰਾਜ ਦੇ ਹੋਰ ਆਲੋਚਕਾਂ ਦੇ ਕਤਲ ਵੀ ਕਰਵਾਏ ਜਾ ਸਕਦੇ ਹਨ।

ਜਿੱਥੋਂ ਤੱਕ ਭਾਰਤ ਸਰਕਾਰ ਦਾ ਸਵਾਲ ਹੈ, ਉਨ੍ਹਾਂ ਦੀ ਇਸ ਦਲੀਲ ਵਿਚ ਵਜ਼ਨ ਨਹੀਂ ਹੈ ਕਿ ਇਹ ਇਲਜ਼ਾਮ ਕੈਨੇਡਾ ਵਿਚ ਭਾਰਤ ਵਿਰੋਧੀ ਖ਼ਾਲਸਤਾਨੀ ਸਰਗਰਮੀਆਂ ਖ਼ਿਲਾਫ਼ ਕੈਨੇਡਾ ਵੱਲੋਂ ਕੋਈ ਕਾਰਵਾਈ ਨਾ ਕਰਨ ਤੋਂ ਧਿਆਨ ਹਟਾਉਣ ਲਈ ਲਗਾਏ ਗਏ ਹਨ। ਸਵਾਲ ਇਹ ਹੈ ਕਿ ਜੇ ਭਾਰਤੀ ਏਜੰਸੀਆਂ ਦੀ ਇਸ ਕਤਲ 'ਚ ਕੋਈ ਭੂਮਿਕਾ ਨਹੀਂ ਹੈ ਤਾਂ ਉਨ੍ਹਾਂ ਨੂੰ ਜਾਂਚ ਵਿਚ ਸਹਿਯੋਗ ਦੇਣ 'ਚ ਕੀ ਸਮੱਸਿਆ ਹੈ। ਟਰੂਡੋ ਕਹਿ ਰਿਹਾ ਹੈ ਕਿ ਕੈਨੇਡਾ ਸਰਕਾਰ ਭਾਰਤ ਨਾਲ ਤਣਾਅ ਵਧਾਉਣਾ ਨਹੀਂ ਚਾਹੁੰਦੀ ਅਤੇ ਉਹ ਭਾਰਤ ਨਾਲ ਮਿਲਕੇ ਕੰਮ ਕਰਨਾ ਚਾਹੁੰਦੇ ਹਨ। ਪਰ ਉਹ ਚਾਹੁੰਦੇ ਹਨ ਕਿ ਭਾਰਤ ਸਰਕਾਰ ਨਿੱਜਰ ਦੇ ਕਤਲ ਨੂੰ ਗੰਭੀਰਤਾ ਨਾਲ ਲਵੇ। ਸਭ ਨੂੰ ਪਤਾ ਹੈ ਕਿ ਜੇ ਕਿਸੇ ਹਕੂਮਤ ਦਾ ਐਸੇ ਵਿਅਕਤੀਆਂ ਨੂੰ ਮਰਵਾਉਣ 'ਚ ਹਿਤ ਜਾਂ ਦਿਲਚਸਪੀ ਨਾ ਹੋਵੇ ਤਾਂ ਉਹ ਜ਼ਰੂਰ ਹੀ ਜਾਂਚ ਕਰਾਏਗੀ ਕਿ ਇਸ ਪਿੱਛੇ ਕਿਸ ਦੇਸੀ ਜਾਂ ਬਦੇਸ਼ੀ ਤਾਕਤ ਦਾ ਹੱਥ ਹੈ। ਟਰੂਡੋ ਸਰਕਾਰ ਉੱਪਰ ਨਿੱਜਰ ਦੇ ਕਤਲ ਦੀ ਜਾਂਚ ਲਈ ਕਈ ਤਰ੍ਹਾਂ ਦੇ ਦਬਾਅ ਸਨ ਅਤੇ ਉਨ੍ਹਾਂ ਵੱਲੋਂ ਖ਼ੁਫ਼ੀਆ ਜਾਂਚ ਦੌਰਾਨ ਹਾਸਲ ਹੋਈ 'ਭਰੋਸੇਯੋਗ' ਜਾਣਕਾਰੀ

ਦੇ ਆਧਾਰ ’ਤੇ ਇਹ ਮੁੱਦਾ ਮੋਦੀ ਸਰਕਾਰ ਕੋਲ ਉਠਾਇਆ ਗਿਆ। ਇਸ ਘਟਨਾਕ੍ਰਮ ਨੂੰ ਸਿਰਫ਼ ਤੇ ਸਿਰਫ਼ ਕੈਨੇਡਾ ਵਿਚ ਸਿੱਖ ਵੋਟਰਾਂ ਨੂੰ ਭਰਮਾਉਣ ਦੀ ਵੋਟ ਸਿਆਸਤ ਅਤੇ ਮੋਦੀ ਵਜ਼ਾਰਤ ਵੱਲੋਂ 2018 ਦੀ ਫੇਰੀ ਸਮੇਂ ਤੇ ਹੁਣ ਜੀ-20 ਦੌਰਾਨ ਟਰੂਡੋ ਨੂੰ ਬਣਦਾ ਮਾਣ-ਸਨਮਾਨ ਨਾ ਜਾਣ ਵਿਰੁੱਧ ਉਸ ਦੀ ਨਾਰਾਜ਼ਗੀ ਤੱਕ ਸੀਮਤ ਕਰਕੇ ਨਹੀਂ ਦੇਖਿਆ ਜਾ ਸਕਦਾ। ਕੈਨੇਡਾ ਦੇ ਹੁਕਮਰਾਨਾਂ ਨੇ ਇਸ ਕਤਲ ਨੂੰ ਆਪਣੀ ਪ੍ਰਭੂਸੱਤਾ ਲਈ ਚੁਣੌਤੀ ਦੇ ਤੌਰ ’ਤੇ ਲਿਆ ਹੈ ਕਿ ਉਹ ਆਪਣੀ ਸਰਜ਼ਮੀਨ ਉੱਪਰ ਕਿਸੇ ਬਾਹਰਲੀ ਤਾਕਤ ਨੂੰ ਅਜਿਹੀਆਂ ਕਾਰਵਾਈਆਂ ਦੀ ਇਜਾਜ਼ਤ ਨਹੀਂ ਦੇਣਗੇ। ਤੱਥ ਦੇ ਤੌਰ ’ਤੇ ਵੀ ਕੈਨੇਡਾ ’ਚ ਸਿੱਖ ਵਸੋਂ ਮਹਿਜ਼ 2% ਹੈ ਅਤੇ ਹਿੰਦੂ ਵਸੋਂ ਸਿੱਖਾਂ ਤੋਂ ਥੋੜ੍ਹੀ ਵੱਧ ਹੀ ਹੈ।

ਅਮਰੀਕਾ, ਇੰਗਲੈਂਡ ਅਤੇ ਆਸਟ੍ਰੇਲੀਆ ਦੇ ਹੁਕਮਰਾਨਾਂ ਵੱਲੋਂ ਕੈਨੇਡਾ ਦੀ ਉਪਰੋਕਤ ਜਾਂਚ ਸੰਬੰਧੀ “ਪਰਾਕੌਮੀ ਜਬਰ ਨੂੰ ਬਹੁਤ ਗੰਭੀਰਤਾ ਨਾਲ ਲੈਣ” ਦੀ ਚਿੰਤਾ ਪਾਖੰਡ ਤੋਂ ਸਿਵਾਏ ਕੁਝ ਨਹੀਂ। ਅਮਰੀਕਾ ਤੇ ਉਸ ਦੇ ਜੋਟੀਦਾਰ ਤਾਂ ਖ਼ੁਦ ਉਸ ਦਹਿਸ਼ਤਵਾਦੀ ਮੁਹਿੰਮ ਦੇ ਮੋਹਰੀ ਹਨ ਜਿਸ ਨੂੰ ਹੁਣ ਉਹ ‘ਪਰਾਕੌਮੀ ਜਬਰ’ ਦੱਸ ਰਹੇ ਹਨ। ਉਨ੍ਹਾਂ ਦੀ ਕੂਟਨੀਤੀ ਵਿਚ ਨਿਆਂ, ਇਮਾਨਦਾਰੀ, ਹਮਦਰਦੀ, ਗੰਭੀਰਤਾ ਤੇ ਹੋਰ ਮਨੁੱਖੀ ਮੁੱਲਾਂ ਲਈ ਕੋਈ ਜਗ੍ਹਾ ਨਹੀਂ ਹੈ। ਪੱਤਰਕਾਰ ਜਮਾਲ ਖ਼ਸ਼ੋਗੀ ਨੂੰ ਕਤਲ ਕਰਾਉਣ ਵਾਲਾ ਸਾਊਦੀ ਸ਼ਹਿਜ਼ਾਦਾ ਅਮਰੀਕਾ ਦਾ ਬਹੁਤ ਕਰੀਬੀ ਸਹਿਯੋਗੀ ਹੈ। ਉਸ ਕਤਲ ਪ੍ਰਤੀ ਅਮਰੀਕਾ ਤੇ ਉਸ ਦੇ ਜੋਟੀਦਾਰਾਂ ਦੀ ਗੰਭੀਰਤਾ ਦੀ ਗਵਾਹ ਪੂਰੀ ਦੁਨੀਆ ਹੈ। ਭਾਰਤ ਦੇ ਅੰਦਰ ਘੱਟਗਿਣਤੀਆਂ ਨਾਲ ਸਲੂਕ, ਪ੍ਰੈੱਸ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲਿਆਂ ਅਤੇ ਗੁਆਂਢੀ ਮੁਲਕਾਂ ’ਚ ਮੋਦੀ ਹਕੂਮਤ ਦੇ ‘ਸਰਜੀਕਲ ਹਮਲਿਆਂ’ ਦੀ ਅਮਰੀਕਾ ਤੇ ਪੱਛਮੀ ਮੁਲਕਾਂ ਨੇ ਕਦੇ ਪ੍ਰਵਾਹ ਨਹੀਂ ਕੀਤੀ। ਭਾਰਤ ਵਿਚ ਧਾਰਮਿਕ ਘੱਟਗਿਣਤੀਆਂ ਦੀ ਚਿੰਤਾਜਨਕ ਹਾਲਤ ਬਾਰੇ ਅਮਰੀਕਾ ਦੇ ਧਾਰਮਿਕ ਸੁਤੰਤਰਤਾ ਕਮਿਸ਼ਨ ਦੀ ਰਿਪੋਰਟ, ਕਸ਼ਮੀਰ ਅਤੇ ਮਨੀਪੁਰ ਦੇ ਹਾਲਾਤ ਵਰਗੇ ਕਿਸੇ ਵੀ ਬੇਹੱਦ ਚਿੰਤਾਜਨਕ ਮਾਮਲੇ ਨੂੰ ਵੀ ਬਾਇਡਨ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਲਿਆ। ਕਿਉਂਕਿ ਚੀਨ-ਰੂਸ ਧੁਰੇ ਦਾ ਮੁਕਾਬਲਾ ਕਰਨ ਵਾਸਤੇ ਮੋਦੀ ਸਰਕਾਰ ਦਾ ਸਹਿਯੋਗ ਲੈਣ ਲਈ ਅਜਿਹੇ ਸਭ ਕਾਸੇ ਪ੍ਰਤੀ ਅੱਖਾਂ ਮੀਟਣਾ ਹੀ ਉਨ੍ਹਾਂ ਦੇ ਹਿਤਾਂ ਨੂੰ ਰਾਸ ਆਉਂਦਾ ਸੀ।

ਲੱਗਦਾ ਹੈ ਕਿ ਪੱਛਮੀ ਧੁਰਾ ਹੁਣ ਇਸ ਨਿਰਣੇ ’ਤੇ ਪਹੁੰਚ ਗਿਆ ਹੈ ਕਿ ਭਾਰਤ ਨੂੰ ਚੀਨ-ਰੂਸ ਧੁਰੇ ਤੋਂ ਦੂਰ ਰੱਖ ਕੇ ਆਪਣੇ ਹਿਤ ’ਚ ਭੁਗਤਾਉਣ ਲਈ ਹਿੰਦੂਤਵੀ ਹਕੂਮਤ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ’ਚ ਕਟੌਤੀ ਕਰਨ ਦਾ ਵਕਤ ਆ ਗਿਆ ਹੈ। ਭਗਵਾ ਹਕੂਮਤ ਦੀਆਂ ਘਰੇਲੂ ਤੇ ਬਦੇਸ਼ ਨੀਤੀਆਂ ਦੀ ਆਲੋਚਨਾ ਕੀਤੀ ਜਾਣ ਲੱਗੀ ਹੈ। ਇਹ ਸਪਸ਼ਟ ਹੈ ਕਿ ਉਨ੍ਹਾਂ ਨੇ ਟਰੂਡੋ ਸਰਕਾਰ ਨਾਲ ਖੜ੍ਹ ਕੇ ਭਗਵਾ ਹਕੂਮਤ ਦੀ ਘੇਰਾਬੰਦੀ ਕਰਨ ਅਤੇ ‘ਵਿਸ਼ਵ ਗੁਰੂ’ ਬਣਨ ਦੀਆਂ ਇਸ ਦੀਆਂ ਲਾਲਸਾਵਾਂ ਦੀ ਲਗਾਮ ਕੱਸਣ ਦਾ ਮਨ ਬਣਾ ਲਿਆ ਹੈ। ਪਾਕਿਸਤਾਨ ’ਚ ਅਮਰੀਕਨ ਰਾਜਦੂਤ ਡੌਨਲਡ ਬਲੋਮ ਦਾ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦਾ ਦੌਰਾ ਕਰਨਾ ਤੇ ਪਾਕਿਸਤਾਨ ਦੀ ਭਾਸ਼ਾ ’ਚ ਗੱਲ ਕਰਨਾ ਅਤੇ ਇਸ ਦੌਰੇ ਬਾਰੇ ਭਾਰਤ ਵਿਚ ਅਮਰੀਕਨ ਰਾਜਦੂਤ ਐਰਿਕ ਗਾਰਸੇਟੀ ਨੂੰ ਸਵਾਲ ਪੁੱਛੇ ਜਾਣ ’ਤੇ ਉਸ ਵੱਲੋਂ ਕਸ਼ਮੀਰ ਦੇ ਇਸ ਹਿੱਸੇ ਨੂੰ ‘ਆਜ਼ਾਦ ਜੰਮੂ-ਕਸ਼ਮੀਰ’ ਅਤੇ ਦੋਧਿਰੀ ਝਗੜਾ ਕਹਿਣਾ ਇਕ ਸੰਦੇਸ਼ ਹੈ ਕਿ ਅਮਰੀਕਾ ਨੇ ਹੁਣ ਭਾਰਤ ਉੱਪਰ ਦਬਾਅ ਵਧਾਉਣ ਦੀ ਨੀਤੀ ਅਪਣਾ ਲਈ ਹੈ। ਭਾਰਤ ਬਾਰੇ ਅਮਰੀਕਾ ਤੇ ਬਰਤਾਨੀਆ ਦੀਆਂ ਅਖ਼ਬਾਰਾਂ ਦੀ ਭਾਸ਼ਾ ਵੀ ਤਲਖ਼ ਹੋ ਗਈ ਹੈ। ਪਿਛਲੇ ਸਮੇਂ ’ਚ ਇੰਗਲੈਂਡ ਤੇ ਆਸਟ੍ਰੇਲੀਆ ਵਿਚ ਹਿੰਦੂਤਵ ਗਰੁੱਪਾਂ ਦੀਆਂ ਭੜਕਾਊ ਕਾਰਵਾਈਆਂ ਬਾਰੇ ਸੰਬੰਧਤ ਸਰਕਾਰਾਂ ਦਾ ਵਤੀਰਾ ਵੀ ਕੁਝ ਬਦਲਿਆ ਹੋਇਆ ਨਜ਼ਰ ਆ ਰਿਹਾ ਹੈ। ਉਹ ਆਪਣੇ ਮੁਲਕਾਂ ’ਚ ਅਜਿਹੇ ‘ਸਰਜੀਕਲ ਓਪਰੇਸ਼ਨਾਂ’, ਹਿੰਦੂਤਵ ਦੇ ਹਮਲਾਵਰ ਵਧਾਰੇ-ਪਸਾਰੇ ਅਤੇ ਸੰਘ ਬਰਗੇਡ ਦੀਆਂ ‘ਵਿਸ਼ਵ-ਗੁਰੂ’ ਬਣਨ ਦੀਆਂ ਬੇਲਗਾਮ ਲਾਲਸਾਵਾਂ ਨੂੰ ਇਕ ਹੱਦ ਤੋਂ ਅੱਗੇ ਵਧਣ ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ। ਇਸ ਮਕਸਦ ਨਾਲ ਕੰਮ ਕਰਦੇ ਹੋਏ ਉਹ ਮੌਜੂਦਾ ਟਕਰਾਅ ਨੂੰ ਇਕ ਦਾਇਰੇ ’ਚ ਰੱਖਣ ਦੀ ਕੋਸ਼ਿਸ਼ ’ਚ ਵੀ ਹਨ। ਅਜਿਹਾ ਕਰਦੇ ਹੋਏ ਉਹ ਆਪਣੀ ਮੰਡੀ ਦੇ ਰੂਪ ’ਚ ਭਾਰਤ ਦੇ ਮਹੱਤਵ ਬਾਰੇ ਪੂਰੇ ਸੁਚੇਤ ਵੀ ਹਨ ਜਿਵੇਂ ਹੁਣੇ ਜਹੇ ਯੂ.ਐੱਨ. ’ਚ ਬੋਲਦਿਆਂ ਜੋਏ ਬਾਇਡਨ ਨੇ ਤਾਰੀਫ਼ ਵੀ ਕੀਤੀ ਕਿ ਭਾਰਤ “ਨਵਾਂ ਆਰਥਕ ਮਾਰਗ ਸਥਾਪਤ ਕਰਨ ’ਚ ਮੱਦਦ ਕਰ ਰਿਹਾ ਹੈ”। ਕੈਨੇਡਾ ਅਤੇ ਭਾਰਤ ਦੇ ਦੁਵੱਲੇ ਆਰਥਕ ਤੇ ਵਪਾਰਕ ਹਿਤ ਵੀ ਟਕਰਾਅ ਨੂੰ ਘਟਾਉਣ ’ਚ ਹੀ ਹਨ। ਦੋਵੇਂ ਸਰਕਾਰਾਂ ਟਕਰਾਅ ਨੂੰ ਇਕ ਹੱਦ ਤੋਂ ਅੱਗੇ ਵਧਾਉਣਾ ਨਹੀਂ ਚਾਹੁੰਣਗੀਆਂ।

ਕੈਨੇਡਾ ਦੀ ਜਾਂਚ ਅੰਤ ’ਚ ਕਿਸ ਨਤੀਜੇ ’ਤੇ ਪਹੁੰਚੇਗੀ ਅਤੇ ਇਸ ਦੇ ਭਾਰਤ-ਕੈਨੇਡਾ ਤੇ ਪੱਛਮ-ਭਾਰਤ ਸੰਬੰਧਾਂ ਉੱਪਰ ਕੀ ਅਸਰ ਪੈਣਗੇ, ਉਪਰੋਕਤ ਕਤਲਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ ਜਾਂ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਜਾਵੇਗਾ, ਇਸ ਬਾਰੇ ਅਜੇ ਨਿਸ਼ਚਿਤ ਤੌਰ ’ਤੇ ਕੁਝ ਨਹੀਂ ਕਿਹਾ ਜਾ ਸਕਦਾ। ਸਵਾਲ ਤਾਂ ਇਹ ਵੀ ਹੈ ਕਿ ਭਗਵਾ ਹਕੂਮਤ ਇੱਕੋ ਸਮੇਂ ਚੀਨ-ਰੂਸ ਧੁਰੇ ਅਤੇ ਪੂਰੇ ਪੱਛਮੀ ਧੁਰੇ ਨਾਲ ਟਕਰਾਅ ’ਚ ਜਾਣ ਦੇ ਸਟੈਂਡ ਉੱਪਰ ਖੜ੍ਹ ਸਕੇਗੀ ਜਿਸ ਦੇ ਸੰਕੇਤ ਦਿੱਤੇ ਜਾ ਰਹੇ ਹਨ? ਇਸ ਵਿਚ ਏਨਾ ਦਮ ਹੈ?

ਕੁਝ ਵੀ ਹੋਵੇ, ਆਮ ਲੋਕਾਂ ਦੇ ਹਿਤ ਮੰਗ ਕਰਦੇ ਹਨ ਕਿ ਬਦੇਸ਼ਾਂ ’ਚ ਕਥਿਤ ਵੱਖਵਾਦੀਆਂ ਦੇ ਕਤਲਾਂ ਦੀ ਜਵਾਬਦੇਹੀ ਲਾਜ਼ਮੀ ਤੈਅ ਹੋਵੇ, ਬਦੇਸ਼ਾਂ ’ਚ ਹਿੰਦੂਤਵ ਸਮੇਤ ਹਰ ਤਰ੍ਹਾਂ ਦੀ ਨਫ਼ਰਤ ਦੀ ਸਿਆਸਤ ਵਿਰੁੱਧ ਢੁੱਕਵੀਂ ਕਾਰਵਾਈ ਹੋਵੇ, ਦੋਹਾਂ ਸਰਕਾਰਾਂ ਵੱਲੋਂ ਲਾਈਆਂ ਵੀਜ਼ਾ ਰੋਕਾਂ ਖ਼ਤਮ ਕੀਤੀਆਂ ਜਾਣ ਅਤੇ ਖ਼ਾਹ-ਮਖ਼ਾਹ ਭੈਅ ਤੇ ਅਸੁਰੱਖਿਆ ਦਾ ਮਾਹੌਲ ਬਣਾਉਣਾ ਬੰਦ ਕੀਤਾ ਜਾਵੇ। (27 ਸਤੰਬਰ 2023)

# ਜੀ-20 ਸੰਮੇਲਨ : ਗਰੀਬ ਮੁਲਕ ਦੀ ਅਮੀਰ ਐਯਾਸ਼ੀ




ਨਰਾਇਣ ਦੱਤ
84275-11770





*ਜੀ-20 ਰਾਹੀਂ ਦੁਨੀਆ ਦਾ ਵੱਡਾ ਲੀਡਰ ਬਣਨ ਦੇ ਚੱਕਰ ਵਿਚ ਆਪਣੇ ਮੁਲਕ ਦੀ ਗਰੀਬੀ ਨੂੰ ਪੜਦਿਆਂ ਨਾਲ ਢਕਣ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਜਿਸ ਕਿਸਮ ਨਾਲ ਅੰਕੜੇ ਉਭਰਕੇ ਸਾਹਮਣੇ ਆਏ ਕਿ ਅਮੀਰ ਮੁਲਕਾਂ ਨੇ ਨੇਤਾਵਾਂ ਨੂੰ ਜਾਪਿਆ ਕਿ ਇਹ ਜੋ ਦ੍ਰਿਸ਼ ਚਾਰੇ ਪਾਸੇ ਹਵਾ ਵਿਚ ਬਣਾਏ ਗਏ ਹਨ ਇਨ੍ਹਾਂ ਪਿਛੇ ਹਕੀਕਤ ਕੁਝ ਹੋਰ ਹੈ। ਤੱਥਾਂ ਸਮੇਤ ਦੇਸ਼ ਦੀ ਸਥਿਤੀ ਦਾ ਵਿਸ਼ਲੇਸ਼ਣ ਇਸ ਲਿਖਤ ਵਿਚ ਹੈ। - ਸੰਪਾਦਕ*

ਜੀ-20 ਸੰਮੇਲਨ ਖਤਮ ਹੋ ਗਿਆ ਹੈ। ਮੋਦੀ ਨੇ ਇਸ ਸੰਮੇਲਨ ਦੀ ਸਫਲਤਾ ਦਾ ਸਿਹਰਾ ਆਪਣੇ ਸਿਰ ਬੰਨਦਿਆਂ ਫੁੱਲਾਂ ਦੀ ਬਰਸਾਤ ਕਰਵਾ ਲਈ ਹੈ। ਇਸ ਸੰਮੇਲਨ ਦੇ ਦੋ ਮਹੱਤਵ ਹਨ, ਇੱਕ ਲੁਟੇਰੇ ਹਿੱਤਾਂ ਦੇ ਵਧਾਰੇ ਦਾ, ਦੂਜਾ ਵਿਸ਼ਾਲ ਲੋਕਾਈ ਦਾ। ਇਸ ਜੀ-20 ਸੰਮੇਲਨ ਦੌਰਾਨ ਮੋਦੀ ਸਰਕਾਰ ਨੇ ਸਾਮਰਾਜੀ ਲੁਟੇਰਿਆਂ ਦਾ ਚਹੇਤਾ ਬਨਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਤਾਂ ਜੋ 2024 ਦੀਆਂ ਪਾਰਲੀਮੈਂਟਰੀ ਚੋਣਾਂ ਜਿੱਤਣ ਲਈ ਲਾਹਾ ਲਿਆ ਜਾ ਸਕੇ। ਇਸ ਸੰਮੇਲਨ ਵਿੱਚ ਸਾਮਰਾਜੀਆਂ ਨੂੰ ਰਾਸ ਬੈਠਦੀਆਂ ਅਤੇ ਹਿੱਤਾਂ ਨੂੰ ਅੱਗੇ ਵਧਾਉਣ ਵਾਲੀਆਂ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਨੂੰ ਹੀ ਵਧੇਰੇ ਵਿਚਾਰ ਅਧੀਨ ਲਿਆਂਦਾ ਗਿਆ ਹੈ।

ਇਸ ਸਮਝੌਤੇ ਨੇ ਭਾਰਤੀ ਖੇਤੀ ਨੂੰ ਵੀ ਖਤਰੇ ਮੂੰਹ ਧੱਕ ਦਿੱਤਾ ਹੈ। ਪੋਲਟਰੀ ਉਤਪਾਦ, ਸੇਬ, ਬਦਾਮ, ਛੋਲੇ, ਦਾਲਾਂ ਉੱਪਰ ਦਰਾਮਦ ਡਿਊਟੀ 5% ਤੋਂ 20% ਤੱਕ ਘਟਾ ਦਿੱਤੀ ਜਾਂ ਖਤਮ ਕਰਕੇ ਭਾਰਤੀ ਬਜ਼ਾਰ ਨੂੰ ਅਮਰੀਕੀ ਸਾਮਰਜੀਆਂ ਲਈ ਖੋਲ੍ਹ ਦਿੱਤਾ ਹੈ। ਇਸ ਨਾਲ ਪਹਿਲਾਂ ਹੀ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਖੇਤੀ ਖੇਤਰ ਅਮਰੀਕਾ, ਅਸਟਰੇਲੀਆ ਵਰਗੇ ਸਾਮਰਾਜੀ ਮੁਲਕਾਂ ਦੇ ਕਬਜੇ ਵਿੱਚ ਜਾਣ ਲਈ ਰਾਹ ਪੱਧਰਾ ਹੋ ਜਾਵੇਗਾ। ਕਿਉਂਕਿ ਉਨ੍ਹਾਂ ਮੁਲਕਾਂ ਵਿੱਚ ਵਧੇਰੇ ਉੱਚ ਤਕਨੀਕ ਦੀ ਵਰਤੋਂ ਖੀਤੀ ਜਾਂਦੀ ਹੈ। ਜਿਸ ਨਾਲ ਲਾਗਤ ਘੱਟ ਲਗਦੀ ਹੈ। ਇਨ੍ਹਾਂ ਮੁਲਕਾਂ ਵਿੱਚ ਸਾਡੇ ਨਾਲੋਂ ਕਈ ਗੁਣਾਂ ਵੱਧ ਖੇਤਰਫਲ ਹੋਣ ਦੇ ਬਾਵਜੂਦ ਵੀ ਸਿਰਫ 5% ਵਸੋਂ ਖੇਤੀ ਖੇਤਰ ਵਿੱਚ ਕੰਮ ਕਰਦੀ ਹੈ। ਸਾਡੇ ਮੁਲਕ ਵਿੱਚ ਅੱਜ ਵੀ ਖੇਤੀ ਉੱਪਰ 60% ਤੋਂ ਵਧੇਰੇ ਵਸੋਂ ਨਿਰਭਰ ਹੈ। ਸਾਮਰਾਜੀ ਮੁਲਕਾਂ ਅੰਦਰ ਸਾਡੇ ਮੁਲਕਾਂ ਵਾਂਗ 80% ਛੋਟੀ ਕਿਸਾਨੀ ਨਹੀਂ ਹੈ, ਸਗੋਂ ਉਨ੍ਹਾਂ ਮੁਲਕਾਂ ਵਿੱਚ ਹਜਾਰਾਂ ਏਕੜਾਂ ਦੇ ਵੱਡੇ ਫਾਰਮ ਹਨ। ਅਮਰੀਕਾ ਦਾ ਬਿੱਲ ਗੇਟਸ ਇਕੱਲਾ 2,70,000 ਏਕੜ ਦਾ ਮਾਲਕ ਹੈ। ਸਾਮਰਾਜੀ ਮੁਲਕ ਆਪਣੇ ਇਨ੍ਹਾਂ ਧਨੀ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ ਅਦਾ ਕਰਦੇ ਹਨ। ਅਮਰੀਕਾ ਆਪਣੇ ਕਿਸਾਨ ਨੂੰ 60586 ਡਾਲਰ (42 ਲੱਖ ਰੁ.) ਪ੍ਰਤੀ ਸਾਲ ਸਬਸਿਡੀ ਦਿੰਦਾ ਹੈ। ਸਾਡੇ ਮੁਲਕ ਦੇ ਕਿਸਾਨ ਨੂੰ ਇਹੀ ਸਬਸਿਡੀ ਮਹਿਜ 227 ਡਾਲਰ (15674 ਰੁ.) ਮਿਲਦੀ ਹੈ। ਇਸ ਤਰ੍ਹਾਂ ਅਮਰੀਕਾ ਵਿੱਚ ਸਾਡੇ ਮੁਲਕ ਦੇ ਕਿਸਾਨ ਦੇ ਮੁਕਾਬਲੇ 267% ਵੱਧ ਸਬਸਿਡੀ ਮਿਲਦੀ ਹੈ। ਫਿਰ ਵੀ ਸਾਡੇ ਵਰਗੇ ਤੀਸਰੀ ਦੁਨੀਆਂ ਦੇ ਮੁਲਕਾਂ ਦੇ ਕਿਸਾਨਾਂ ਉੱਪਰ ਸਬਸਿਡੀਆਂ ਦਾ ਬੋਝ ਘੱਟ ਕਰਨ ਦੇ ਨਾਂ ਹੇਠ ਘੱਟ ਕਰਨ/ਖਤਮ ਕਰਨ ਲਈ ਲਗਾਤਾਰ ਦਬਾਅ ਬਣਾਉਂਦੇ ਹਨ। ਇਹੀ ਨਹੀਂ ਸਾਡੇ ਮੁਲਕ ਦੇ ਹਾਕਮਾਂ ਨੇ ਅਮਰੀਕੀ ਰਾਸ਼ਟਰਪਤੀ ਜੋਇ ਬਾਇਡਨ ਦੀ ਜੀ-20 ਵਿੱਚ ਸ਼ਮੂਲੀਅਤ ਤੋਂ ਪਹਿਲਾਂ ‘ਸ਼ਿਕਾਰੀ-ਕਾਤਲ’ ਏਅਰਕ੍ਰਾਫਟ ਸਿਸਟਮ ਹਥਿਆਰਾਂ, ਮੋਬਾਈਲ ਜ਼ਮੀਨੀ ਕੰਟਰੋਲ ਪ੍ਰਣਾਲੀਆਂ ਅਤੇ ਸੰਬੰਧਿਤ ਉਪਕਰਣਾਂ ਨਾਲ ਸੰਪੂਰਨ 31 ਰਿਮੋਟਲੀ-ਪਾਇਲਟ ਖ੍ਰੀਦਣ ਦਾ ਸਮਝੌਤਾ ਕਰਨ ਲਈ ਬਕਾਇਦਾ ਲਿਖਤੀ ਪੱਤਰ ਲਿਖਿਆ ਸੀ। ਪਿਛਲੇ 6 ਮਹੀਨਿਆਂ ਤੋਂ ਸਾਮਰਾਜੀ ਮੁਲਕਾਂ ਦੇ ਵਫਦ ਵਿਸ਼ਵ ਵਪਾਰ ਸੰਸਥਾ ਦੇ ਹਿੱਤਾਂ ਅਨੁਸਾਰ ਕਰਨ ਸਮਝੌਤਾ ਵਾਰਤਾ ਸਿਰੇ ਚਾੜ੍ਹਨ ਲਈ ਵੱਖੋ-ਵੱਖ ਰਾਜਾਂ ਦਾ ਦੌਰਾ ਕਰ ਰਹੇ ਸਨ। ਰਾਜ ਅਤੇ ਕੇਂਦਰੀ ਸਰਕਾਰਾਂ ਦੇ ਨੁਮਾਇੰਦੇ ਇਨ੍ਹਾਂ ਵਫਦਾਂ ਦੀ ਆਪਣੇ ਸਾਮਰਾਜੀ ਆਕਾਵਾਂ ਦੇ ਨੁਮਾਇੰਦਿਆਂ ਆਉ ਭਗਤ ਕਰਨ ਵਿੱਚ ਮਸ਼ਰੂਫ ਵੀ ਰਹੇ ਅਤੇ ਤਲੇ ਚਟਦੇ ਰਹੇ।

ਦਿਲਚਸਪ ਅਤੇ ਅਹਿਮ ਅਹਿਮ ਪਹਿਲੂ ਇਹ ਰਿਹਾ ਕਿ ਵਿਦੇਸ਼ਾਂ ਤੋਂ ਪੁੱਜੇ ਮਹਿਮਾਨਾਂ ਕੋਲੋਂ ਮੁਲਕ ਦੀ ਅਸਲੀਅਤ ਛੁਪਾਉਣ ਲਈ ਦਿੱਲੀ ਦੀਆਂ 16 ਬਸਤੀਆਂ ਦੇ 1.25 ਲੱਖ ਲੋਕਾਂ ਨੂੰ ਜਾਂ ਤਾਂ ਉਜਾੜ ਦਿੱਤਾ ਗਿਆ ਜਾਂ ਫਿਰ ਹਰੀਆਂ ਚਾਦਰਾਂ ਜਾਂ ਕੰਧਾਂ ਕੱਢਕੇ ਢਕ ਦਿੱਤਾ ਗਿਆ। ਅਜਿਹਾ ਹੀ ਮੋਦੀ ਨੇ ਫਰਵਰੀ 2020 ਵਿੱਚ ਸਾਮਰਾਜੀ ਧਾੜਵੀ ਅਮਰੀਕਾ ਦੇ ਨੁਮਾਇੰਦੇ ਡੋਨਾਲਡ ਟਰੰਪ ਦੀ ਅਹਿਮਦਾਬਾਦ ਆਮਦ ਮੌਕੇ ਹਜ਼ਾਰਾਂ ਝੁੱਗੀਆਂ ਝੌਂਪੜੀਆਂ ਦੇ ਸਾਹਮਣੇ ਕਈ ਕਿਲੋਮੀਟਰ ਲੰਬੀ 9 ਫੁੱਟੀ ਕੰਧ ਕੱਢ ਕੇ ਢਕ ਦਿੱਤਾ ਸੀ। ਝੁੱਗੀਆਂ ਭਾਰਤ ਦੀ ਇੱਕ ਵੱਡੀ ਸਮੱਸਿਆ ਹੈ। ਇਨ੍ਹਾਂ ਵਿੱਚ ਰਹਿਣ ਵਾਲੇ ਲੋਕ ਅਕਸਰ ਗ਼ਰੀਬੀ, ਬੀਮਾਰੀਆਂ ਅਤੇ ਹੋਰ ਸਮੱਸਿਆਵਾਂ ਨਾਲ ਜੂਝਦੇ ਹਨ। ਪਰ ਜੀ-20 ਕਾਨਫਰੰਸ ਲਈ ਭਾਰਤ ਸਰਕਾਰ ਨੇ ਇਨ੍ਹਾਂ ਝੁੱਗੀਆਂ ਨੂੰ ਸਜਾਵਟੀ ਤੱਤ ਵਿੱਚ ਬਦਲ ਦਿੱਤਾ ਸੀ।

ਝੁੱਗੀਆਂ ਦੇ ਅੱਗੇ ਹਰੇ ਰੰਗ ਦੇ ਪਰਦੇ ਅਤੇ ਫਲੈਕਸ ਲਗਾਏ ਗਏ ਹਨ। ਇਨ੍ਹਾਂ ਪਰਦਿਆਂ ’ਤੇ ਲਿਖਿਆ ਹੋਇਆ ਹੈ, “ਦਿੱਲੀ, ਇੱਕ ਸਾਫ਼ ਸੁਥਰਾ ਅਤੇ ਸੁੰਦਰ ਸ਼ਹਿਰ।” ਇਹ ਦੁਨੀਆਂ ਨੂੰ ਇਹ ਦੱਸਣ ਦਾ ਸੰਦੇਸ਼ ਹੈ ਕਿ ਭਾਰਤ ਵਿੱਚ ਗ਼ਰੀਬੀ ਅਤੇ ਅਸਮਾਨਤਾ ਨਹੀਂ ਹੈ। ਝੁੱਗੀ-ਝੌਂਪੜੀ ਵਾਲਿਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢ ਕੇ ਭਾਰਤ ਸਰਕਾਰ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਗਰੀਬੀ ਕੋਈ ਸਮੱਸਿਆ ਨਹੀਂ ਹੈ। ਪਰ ਇਹ ਇੱਕ ਸਮੱਸਿਆ ਹੈ ਅਤੇ ਇਹ ਇੱਕ ਅਜਿਹੀ ਸਮੱਸਿਆ ਹੈ, ਜਿਸ ਨੂੰ 76 ਸਾਲ ਦੇ ਅਖੌਤੀ ਆਜ਼ਾਦੀ ਦੇ ਸਮੇਂ ਬਦਲ-ਬਦਲ ਕੇ ਰਾਜ ਕਰਨ ਵਾਲੀਆਂ ਹਕੂਮਤਾਂ ਹੱਲ ਕਰਨ ਵਿੱਚ ਨਾਕਾਮ ਰਹੀਆਂ ਹਨ। ਇਹ ਭਾਰਤ ਦੇ ਉਸ ਅਕਸ ਨੂੰ ਵੀ ਉਜਾਗਰ ਕਰਦਾ ਹੈ ਜੋ ਦੁਨੀਆਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਭਾਰਤੀ ਹਾਕਮਾਂ ਵੱਲੋਂ ਸਾਡੇ ਮੁਲਕ ਨੂੰ ਅਕਸਰ ਇੱਕ ਵਿਕਾਸਸ਼ੀਲ ਦੇਸ਼ ਵਜੋਂ ਤੇਜ਼ੀ ਨਾਲ ਵਧ ਰਹੇ ਅਰਥਚਾਰੇ ਵਜੋਂ ਦਰਸਾਇਆ ਜਾਂਦਾ ਹੈ, ਪਰ ਭਾਰਤ ਦੀ ਅਸਲ ਤਸਵੀਰ ਇਸ ਤੋਂ ਕਿਤੇ ਵੱਖਰੀ ਹੈ। ਭਾਰਤ ਵਿੱਚ ਅਜੇ ਵੀ ਬਹੁਤ ਗ਼ਰੀਬੀ ਅਤੇ ਅਸਮਾਨਤਾ ਹੈ। ਭਾਰਤ ਵਿੱਚ ਰੋਜ਼ਾਨਾ ਲਗਭਗ 3000 ਬੱਚੇ ਭੁੱਖ ਕਾਰਨ ਮਰਦੇ ਹਨ। 20 ਕਰੋੜ ਤੋਂ ਵੱਧ ਭਾਰਤੀ ਹਰ ਰੋਜ਼ ਖਾਲੀ ਪੇਟ ਸੌਂਦੇ ਹਨ। FAO 2019 ਦੀ ਰਿਪੋਰਟ ਦੱਸਦੀ ਹੈ ਕਿ ਲਗਭਗ 14.5% ਭਾਰਤੀ ਆਬਾਦੀ ਘੱਟ ਖ਼ੁਰਾਕ ਦੀ ਸ਼੍ਰੇਣੀ ਦੇ ਹੇਠਾਂ ਆਉਂਦੀ ਹੈ। ਭਾਰਤ ਵਿੱਚ, ਲਗਭਗ 19 ਕਰੋੜ 40 ਲੱਖ ਲੋਕ ਕੁਪੋਸ਼ਣ ਦੀਆਂ ਜ਼ੰਜੀਰਾਂ ਝੱਲਦੇ ਹਨ। ਹਾਲਾਂਕਿ ਮੁਲਕ ਦੀ ਆਬਾਦੀ ਨੂੰ ਭੋਜਨ ਦੇਣ ਲਈ ਕਾਫ਼ੀ ਭੋਜਨ ਹੈ, ਫਿਰ ਵੀ ਦੇਸ਼ ਦੁਨੀਆਂ ਦੀ ਭੁੱਖਮਰੀ ਦੀ 25% ਆਬਾਦੀ ਦੇ ਘਰ ਦੇ ਨਾਲ ਬਹੁਤ ਜ਼ਿਆਦਾ ਭੁੱਖਮਰੀ ਅਤੇ ਕੁਪੋਸ਼ਣ ਦੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਜ਼ੀਰੋ ਭੁੱਖ ਦੀ ਚੁਣੌਤੀ ਇਸ ਸਾਮਰਾਜੀ ਪੂੰਜੀਵਾਦੀ ਪ੍ਰਣਾਲੀ ਵਿੱਚ ਅਪ੍ਰਾਪਤ ਟੀਚਾ ਜਾਪਦਾ ਹੈ। ਇਹੀ ਨਹੀਂ ਮੁਲਕ ਦੀ 80 ਕਰੋੜ ਅਬਾਦੀ ਦੋ ਡੰਗ ਦੀ ਰੋਟੀ ਤੋਂ ਮੁਥਾਜ ਹੈ। ਉੱਪਰਲੇ 1% ਅਮੀਰ ਵਪਾਰਕ ਘਰਾਣਿਆਂ ਨੇ ਮੁਲਕ ਦੀ ਮੁਲਕ ਦੀ 53% ਤੋਂ ਵਧੇਰੇ ਜਾਇਦਾਦ ਉੱਪਰ ਕਬਜ਼ਾ ਜਮਾਇਆ ਹੋਇਆ ਹੈ। ਜਦ ਕਿ ਹੇਠਲੀ 99% ਵਸੋਂ ਕੋਲ ਜਾਇਦਾਦ ਦਾ ਸਿਰਫ 47% ਹੈ। ਮੁਲਕ ਦੇ 36% ਲੋਕ ਅਜਿਹੇ ਹਨ ਜੋ 50 ਰੁ. ਰੋਜ਼ਾਨਾ ’ਤੇ ਗੁਜ਼ਾਰਾ ਕਰ ਰਹੇ ਹਨ। ਪਰ ਵਿਦੇਸ਼ੀ ਮਹਿਮਾਨਾਂ ਨੂੰ ਸੋਨੇ-ਚਾਂਦੀ ਦੇ ਬਰਤਨਾਂ ਵਿੱਚ ਖਾਣਾ ਪਰੋਸਿਆ ਗਿਆ ਹੈ। ਜੀ-20 ਮੁਲਕਾਂ ਦੇ ਸੰਮੇਲਨ ਦੀ ਅਸਲੀਅਤ ਇਹ ਹੈ ਕਿ ਇਸ ਸੰਮੇਲਨ ਉੱਪਰ 4250 ਕਰੋੜ ਰੁਪਏ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਈ ਦਾ ਪੈਸਾ ਆਪਣੇ ਸਾਮਰਾਜੀ ਆਕਾਵਾਂ ਨੂੰ ਖੁਸ਼ ਕਰਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਆਪਣੀ ਭੱਲ ਬਣਾਕੇ ਇਸ ਦਾ ਸਿਆਸੀ ਲਾਹਾ ਲੈਣ ਲਈ ਪਾਣੀ ਵਾਂਗ ਵਹਾ ਦਿੱਤਾ ਹੈ।

ਇਸ ਸੰਮੇਲਨ ਦੌਰਾਨ ਜੀ-20 ਦੇ ਨੁਮਾਇੰਦੇ ਸਾਡੇ ਮੁਲਕ ਸੰਸਾਰ ਦੀ ਵਿਸ਼ਾਲ ਲੋਕਾਈ ਨੂੰ ਦਰਪੇਸ਼ ਬੁਨਿਆਦੀ ਮਸਲੇ ਖਾਸ ਕਰ ਵਾਤਾਵਰਨ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਗੰਭੀਰਤਾ ਨਾਲ ਸੰਬੋਧਿਤ ਹੀ ਨਹੀਂ ਹੋਏ। ਪੈਰਿਸ ਸਮਝੌਤਾ ਜਲਵਾਯੂ ਪਰਿਵਰਤਨ ’ਤੇ ਕਾਨੂੰਨੀ ਤੌਰ ’ਤੇ ਬਾਈਡਿੰਗ ਅੰਤਰਰਾਸ਼ਟਰੀ ਸੰਧੀ ਹੈ। ਇਸਨੂੰ 12 ਦਸੰਬਰ 2015 ਨੂੰ ਪੈਰਿਸ, ਫਰਾਂਸ ਵਿੱਚ ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਕਾਨਫਰੰਸ (COPBA) ਵਿੱਚ 196 ਪਾਰਟੀਆਂ ਦੁਆਰਾ ਅਪਣਾਇਆ ਗਿਆ ਸੀ। ਇਹ 4 ਨਵੰਬਰ 2016 ਨੂੰ ਲਾਗੂ ਹੋਇਆ ਸੀ। ਇਸ ਦਾ ਮੁੱਖ ਟੀਚਾ ਪੂਰਵ-ਉਦਯੋਗਿਕ ਪੱਧਰਾਂ ਤੋਂ 2 ਡਿਗਰੀ ਸੈਲਸੀਅਸ ਤੋਂ ਹੇਠਾਂ ਤੱਕ ਗਲੋਬਲ ਔਸਤ ਤਾਪਮਾਨ ਦੇ ਵਾਧੇ ਨੂੰ ਰੱਖਣ ਅਤੇ ‘ਪੂਰਵ-ਉਦਯੋਗਿਕ ਪੱਧਰਾਂ ਤੋਂ ਤਾਪਮਾਨ ਦੇ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਲਈ’ ਕੋਸ਼ਿਸ਼ਾਂ ਨੂੰ ਅੱਗੇ ਵਧਾਉਣਾ ਸੀ। 15-16 ਨਵੰਬਰ 2022 ਵਿੱਚ ਜਦੋਂ ਜੀ-20 ਮੁਲਕਾਂ ਦੀ ਕਾਨਫਰੰਸ ਇੰਡੋਨੇਸ਼ੀਆ (ਬਾਲੀ) ਵਿਖੇ ਹੋਈ ਤਾਂ ਇਸੇ ਸਮਝੌਤੇ ਨੂੰ ਲਾਗੂ ਕਰਨ ਲਈ ਵਚਨਬੱਧਤਾ ਦੁਹਰਾਈ ਗਈ। ਹੁਣ ਜੀ-20 ਮੁਲਕਾਂ ਦੀ ਕਾਨਫਰੰਸ ਸਾਡੇ ਮੁਲਕ ਬਵੱਚ 9-10 ਸਤੰਬਰ ਨੂੰ ਦਿੱਲੀ ਵਿਖੇ ਹੋਈ ਤਾਂ ਉਹੀ ਪੁਰਾਣੀ ਰਟ ਦੁਹਾਈ ਨਾਲ ਇਹ ਕਾਨਫਰੰਸ ਸਮਾਪਤ ਹੋ ਗਈ, ਜਦ ਕਿ ਅਜਿਹਾ ਵਾਤਾਵਰਨ ਦਾ ਪੱਧਰ 1.5 ਸੈਲਸੀਅਸ ਤੱਕ ਕਰਨ ਲਈ ਵੱਡੇ ਯਤਨਾਂ ਦੀ ਲੋੜ ਲਈ ਕੋਈ ਕਾਰਜਵਿਉਂਤ ਨਹੀਂ ਬਣਾਈ ਗਈ। ਇਸ ਵਡੇਰੇ ਮਕਸਦ ਲਈ ਕੋਈ ਫੰਡ ਰਾਖਵਾਂ ਨਹੀ ਰੱਖਿਆ ਗਿਆ। ਮੌਸਮ ਵਿਗਿਆਨੀਆਂ ਦਾ ਅਨੁਮਾਨ ਹੈ ਕਿ 2030 ਅਤੇ 2050 ਦੇ ਵਿਚਕਾਰ, ਜਲਵਾਯੂ ਤਬਦੀਲੀ ਕਾਰਨ ਕੁਪੋਸ਼ਣ, ਮਲੇਰੀਆ, ਦਸਤ ਅਤੇ ਗਰਮੀ ਦੇ ਤਣਾਅ ਤੋਂ ਪ੍ਰਤੀ ਸਾਲ ਲਗਭਗ 250 000 ਵਾਧੂ ਮੌਤਾਂ ਹੋਣ ਦੀ ਸੰਭਾਵਨਾ ਹੈ

ਇਸ ਲਈ ਇਹ ਜੀ-20 ਸੰਮੇਲਨ ਵਿਸ਼ਾਲ ਲੋਕਾਈ ਦੀਆਂ ਲੋੜਾਂ ਨੂੰ ਨਾਂ ਸੰਬੋਧਿਤ ਸੀ ਨਾਂ ਹੀ ਕੋਈ ਸਾਰਥਿਕ ਸਿੱਟੇ ਕੱਢਣ ਵਿੱਚ ਸਫਲ ਹੋਇਆ ਹੈ ਨਾਂ ਹੀ ਅਜਿਹੀ ਕੋਈ ਉਮੀਦ ਕਰਨੀ ਚਾਹੀਦੀ ਹੈ। ਮੁਲਕ ਅੰਦਰ ਭੁੱਖਮਰੀ, ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਕਿਸਾਨਾਂ-ਮਜ਼ਦੂਰਾਂ ਸਿਰ ਚੜਿਆ ਕਰਜਾ, ਕੁਪੋਸ਼ਣ, ਰਿਸ਼ਵਤਖੋਰੀ, ਔਰਤਾਂ, ਦਲਿਤਾਂ ਅਤੇ ਘੱਟ ਗਿਣਤੀਆਂ ਖਾਸ ਕਰ ਮੁਸਲਮਾਨਾਂ ਉੱਤੇ ਵਧ ਰਿਹਾ ਸੰਸਥਾਗਤ ਜਬਰ, ਜਾਬਰ ਫਾਸ਼ੀ ਹੱਲਾ, ਬੁੱਧੀਜੀਵੀਆਂ, ਕਲਮਕਾਰਾਂ, ਸਮਾਜਿਕ ਕਾਰਕੁਨਾਂ ਖਿਲਾਫ ਦੇਸ਼ ਧ੍ਰੋਹ ਕਾਲੇ ਕਾਨੂੰਨ ਦੀ ਬੇਦਰੇਗ ਵਰਤੋਂ ਆਦਿ ਅਜਿਹੇ ਮਾਮਲੇ ਹਨ, ਜਿਨ੍ਹਾਂ ਖਿਲਾਫ ਵਿਸ਼ਾਲ ਲੋਕਾਈ ਨੂੰ ਚੇਤੰਨ ਜਥੇਬੰਦਕ ਸੰਘਰਸ਼ਾਂ ਦੇ ਅਖਾੜਿਆਂ ਨੂੰ ਮਜਬੂਤ ਕਰਦਿਆਂ ਨਵਾਂ ਸਮਾਜ ਸਿਰਜਣ ਦੀ ਜੱਦਜਹਿਦ ਨੂੰ ਅੱਗੇ ਵਧਾਉਣਾ ਚਾਹੀਦਾ ਹੈ।

# ਅੱਤਵਾਦ ਦਾ ਖ਼ੌਫ ਅਤੇ ਸੱਜੇ-ਪੱਖੀ ਰਾਜਨੀਤੀ ਦਾ ਰਿਸ਼ਤਾ

*ਮੱਥਿਆਂ 'ਤੇ ਪਈਆਂ ਤਿਉੜੀਆਂ ਦਾ ਅਹਿਸਾਸ ਤਾਂ ਉਸ ਸਮੇਂ ਹੀ ਹੋ ਗਿਆ ਸੀ ਜਦੋਂ ਜੀ-20 ਦੇ ਜਸ਼ਨਾਂ ਵਿਚ ਰੁਝਿਆ ਭਾਰਤ ਦਾ ਪ੍ਰਧਾਨ ਮੰਤਰੀ ਤਣਾਅਗ੍ਰਸਤ ਵੀ ਜਾਪ ਰਿਹਾ ਸੀ। ਅਕਸਰ ਇਹ ਹੁੰਦਾ ਹੈ ਜਦੋਂ ਤੁਸੀਂ ਦੇਸ਼ ਭਰ ਦੇ ਮੀਡੀਏ ਰਾਹੀਂ ਇਹ ਪ੍ਰਚਾਰ ਰਹੇ ਹੋ ਕਿ ਅਸੀਂ ਦੁਨੀਆ ਦੇ ਵੱਡੇ ਨੇਤਾਵਾਂ ਵਿਚ ਸ਼ਾਮਲ ਹੀ ਨਹੀਂ ਹੋਏ ਬਲਕਿ ਅਸੀਂ ਦੁਨੀਆ ਨੂੰ ਦਿਸ਼ਾ ਦਿਖਾਉਣੀ ਹੈ ਅਤੇ ਦੁਨੀਆ ਸਾਡੇ ਵੱਲ ਵੇਖ ਰਹੀ ਹੈ। ਇੰਝ ਦੇ ਪ੍ਰਚਾਰ ਪ੍ਰਸਾਰ ਦਾ ਰੰਗ ਉਸ ਸਮੇਂ ਫਿੱਕਾ ਹੀ ਨਹੀਂ ਪਿਆ ਬਲਕਿ ਇਸ ਹੱਦ ਤੱਕ ਕਿਰਕਰਾ ਹੋ ਗਿਆ ਜਦੋਂ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਦੁਨੀਆ ਭਰ ਵਿਚ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਾਡੇ ਦੇਸ਼ ਦੇ ਨਾਗਰਿਕ ਸਾਡੇ ਹਨ ਇਨ੍ਹਾਂ ਉਪਰ ਕਿਸੇ ਕਿਸਮ ਦਾ ਜ਼ੁਰਮ ਜਾਂ ਹੱਤਿਆ ਬਾਹਰੋਂ ਨਹੀਂ ਕੀਤੀ ਜਾ ਸਕਦੀ। ਇਹ ਇਲਜ਼ਾਮ ਖੁੱਲ੍ਹੇਆਮ ਕੈਨੇਡੀਅਨ ਪਾਰਲੀਮੈਂਟ ਵਿਚ ਬੋਲ ਕੇ ਲਗਾ ਦਿੱਤੇ। ਬਸ ਫਿਰ ਕੀ ਸੀ ਦੋਵਾਂ ਦੇਸ਼ਾਂ ਦਾ ਪਾਰਾ ਇਸ ਹੱਦ ਤੱਕ ਵਧ ਗਿਆ ਕਿ ਤਣਾਅ ਦੁਸ਼ਮਣੀਆਂ ਵਿਚ ਤਬਦੀਲ ਹੋ ਗਿਆ। ਦੇਖਣਾ ਹੋਵੇਗਾ ਕਿ ਇਹ ਅੱਤਵਾਦ ਤੋਂ ਲੈ ਕੇ ਸੱਜੇ-ਪੱਖੀ ਰਾਜਨੀਤੀ ਦੇ ਆਪਸੀ ਸੁਮੇਲ ਨੂੰ ਕਿਥੋਂ ਤੱਕ ਪ੍ਰਭਾਵਤ ਕਰਦੇ ਹਨ ਅਤੇ ਦੋਵਾਂ ਦੇਸ਼ਾਂ ਦੇ ਹੁਕਮਰਾਨਾਂ ਅਤੇ ਉਨ੍ਹਾਂ ਦੀ ਰਾਜਨੀਤੀ ਨੂੰ ਇਹ ਨਵੀਂ ਚਾਲ ਕਿੰਝ ਪ੍ਰਭਾਵਤ ਕਰੇਗੀ। - ਸੰਪਾਦਕ*





ਡਾ. ਕੁਲਦੀਪ ਸਿੰਘ
98151-15429

ਦੁਨੀਆ ਭਰ ਵਿਚ ਵੱਖ ਵੱਖ ਕਿਸਮ ਦੀਆਂ ਲੜਾਈਆਂ, ਝਗੜੇ ਅਤੇ ਅਜ਼ਾਦੀਆਂ ਦੇ ਸਵਾਲ 'ਤੇ ਵੱਖੋ-ਵੱਖਰੇ ਸੰਘਰਸ਼ ਦਹਾਕਿਆਂ ਤੋਂ ਚੱਲ ਰਹੇ ਹਨ। ਇਨ੍ਹਾਂ ਸੰਘਰਸ਼ਾਂ ਵਿਚ ਕਈ ਕਿਸਮ ਦੇ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਪਹਿਲੂ ਸਮੋਏ ਹੋਏ ਹਨ। ਕਈ ਖਿੱਤਿਆਂ ਦੀਆਂ ਕੌਮਾਂ, ਨਸਲਾਂ ਅਤੇ ਆਰਥਿਕ ਅਸਮਾਨਤਾਵਾਂ ਦੇ ਅਸੰਤੁਲਨ ਸੰਘਰਸ਼ਾਂ ਅਤੇ ਲੜਾਈਆਂ ਨੂੰ ਕਈ ਪੱਖਾਂ ਤੋਂ ਜਨਮ ਦੇ ਰਹੇ ਹਨ। ਪ੍ਰੰਤੂ ਜਿਸ ਕਿਸਮ ਨਾਲ ਦੁਨੀਆ ਦੇ ਹੁਕਮਰਾਨਾ ਨੇ ਵੱਖ-ਵੱਖ ਖਿੱਤਿਆਂ ਵਿਚ ਲੋਕਾਂ ਦੇ ਮਸਲਿਆਂ ਅਤੇ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਹੱਲ ਕਰਨ ਦੀ ਥਾਂ ਉਨ੍ਹਾਂ ਉਪਰ ਇਕ ਟੈਗ ਲਗਾ ਦਿੱਤਾ ਕਿ ਇਹ ਅੱਤਵਾਦ ਰਾਹੀਂ ਦੇਸ਼ ਵਿਚ ਅਸ਼ਾਂਤੀ ਫੈਲਾਉਣਾ ਚਾਹੁੰਦੇ ਹਨ। ਇਕ ਕਿਸਮ ਨਾਲ ਅੱਤਵਾਦ ਦਾ ਹਊਆ ਖੜ੍ਹਾ ਕਰਕੇ ਰਾਜਨੀਤੀ ਕੀਤੀ ਜਾ ਰਹੀ ਹੈ। ਇਸ ਦਾ ਵਰਤਾਰਾ ਸਭ ਤੋਂ ਪਹਿਲਾਂ ਇਰਾਕ ਅਤੇ ਇਰਾਨ ਦੀਆਂ ਜੰਗਾਂ ਦੇ ਰੂਪ ਵਿਚ ਸਾਹਮਣੇ ਆਇਆ ਅਤੇ ਮੁੜ ਅਫਗਾਨਿਸਤਾਨ ਦੁਨੀਆ ਦਾ ਸਭ ਤੋਂ ਵੱਡਾ ਤਰਾਸਦਿਕ ਅੱਤਵਾਦ ਦਾ ਤਜਰਬਾ ਬਣਾ ਕੇ ਵੱਡੇ ਅਤੇ ਛੋਟੇ ਸਾਮਰਾਜੀ ਮੁਲਕਾਂ ਨੇ ਆਪਣੀ ਰਾਜਨੀਤੀ ਖੇਡੀ। ਜਿਸ ਕਿਸਮ ਨਾਲ ਪਿਛਲੇ ਸਮੇਂ 'ਚ ਦੁਨੀਆ ਭਰ ਦੀਆਂ ਸੱਜੇ-ਪੱਖੀ ਪਾਰਟੀਆਂ ਨੇ ਹਾਲਾਂਕਿ ਆਪਣੀ ਰਾਜਨੀਤੀ ਨੂੰ ਧਾਰਮਿਕ ਲੀਹਾਂ 'ਤੇ ਰੰਗਤ ਕੀਤਾ ਅਤੇ ਸੱਤਾ ਤੱਕ ਪਹੁੰਚੇ ਅਤੇ ਦੂਸਰੀਆਂ ਘੱਟ ਗਿਣਤੀਆਂ, ਭਾਈਚਾਰਿਆਂ ਅਤੇ ਨਸਲਾਂ ਨੂੰ ਇਹ ਕਹਿ ਕੇ ਬਦਨਾਮ ਹੀ ਨਹੀਂ ਕੀਤਾ ਬਲਕਿ ਅੱਤਵਾਦ ਦੇ ਟੈਗ ਵੀ ਨਾਲ ਜੁੜ ਦਿੱਤੇ। ਇਹ ਰਾਜਨੀਤੀ ਦੁਨੀਆ ਭਰ ਦੇ ਹਰੇਕ ਮੁਲਕ ਵਿਚ ਖੇਡੀ ਜਾ ਰਹੀ ਹੈ ਕਿ ਬਹੁ-ਗਿਣਤੀ ਨੂੰ ਆਪਣੇ ਪੱਖ ਵਿਚ ਕਰਕੇ ਅਤੇ ਘੱਟ ਗਿਣਤੀ ਪ੍ਰਤੀ ਵੱਖਰਾ ਨਜ਼ਰੀਆ ਤਿਆਰ ਕਰਕੇ ਸੱਤਾ ਹਾਸਲ ਕੀਤੀ ਜਾਵੇ ਅਤੇ ਸੱਤਾ ਉਪਰ ਰਿਹਾ ਜਾਵੇ। ਇਸ ਦੇ ਅਜੋਕੇ ਹੁਕਮਰਾਨਾ ਨੂੰ ਦੋ ਫਾਇਦੇ ਹੁੰਦੇ ਹਨ। ਇਕ ਤਾਂ ਲੋਕ ਆਪਸੀ ਵਿਚ ਧਰਮਾਂ, ਮਜ਼੍ਹਬਾਂ ਅਤੇ ਜਾਤਾਂ ਇਥੋਂ ਤੱਕ ਸਭਿਆਚਾਰਾਂ ਦੇ ਆਧਾਰ 'ਤੇ ਵੰਡੇ ਜਾਂਦੇ ਹਨ ਅਤੇ ਦੂਸਰਾ ਲੋਕਾਂ ਦੀ ਰੋਜ਼ਮਰਾ ਦੀ ਜੋ ਸਥਿਤੀ ਆਰਥਿਕ ਸੰਕਟ ਅਤੇ ਦਿੱਕਤਾਂ ਉਨ੍ਹਾਂ ਦੇ ਜੀਵਨ ਵਿਚ ਬਣ ਰਹੀਆਂ ਹਨ ਉਨ੍ਹਾਂ ਉਪਰ ਉਹ ਸੰਘਰਸ਼ ਨਾ ਲੜਨ।

ਭਾਰਤ ਅਤੇ ਕੈਨੇਡਾ ਵਿਚਲਾ ਟਕਰਾਅ ਦੋਵਾਂ ਮੁਲਕਾਂ ਦੇ ਹੁਕਮਰਾਨਾ ਨੂੰ ਰਾਸ ਆਉਂਦਾ ਹੈ। ਇਕ ਪਾਸੇ ਅਜੋਕੇ ਭਾਰਤ ਦੇ ਹੁਕਮਰਾਨ ਅੱਤਵਾਦ ਦੇ ਨਾਂ 'ਤੇ ਆਪਣੇ ਮੁਲਕ ਵਿਚ ਲੋਕਾਂ ਉਪਰ ਦਹਿਸ਼ਤ ਦਾ ਮਾਹੌਲ ਖੜ੍ਹਾ ਕਰ ਰਹੇ ਹਨ ਅਤੇ ਦੂਸਰੇ ਪਾਸੇ ਆਪਣੇ ਨਾਲ ਜੁੜੀ ਬਹੁਗਿਣਤੀ ਨੂੰ ਘੱਟ ਗਿਣਤੀ ਨਾਲ ਪਾੜੇ ਦੇ ਰੂਪ ਵਿਚ ਪੇਸ਼ ਕਰ ਰਹੇ ਹਨ। ਜਿਸ ਨਾਲ ਅਜੋਕੀ ਭਾਰਤ ਦੀ ਜੋ ਰਾਜਨੀਤਕ ਸਥਿਤੀ ਹੈ ਉਹ ਵਿਚ ਇਥੋਂ ਦੇ ਹੁਕਮਰਾਨਾ ਨੂੰ ਇਹ ਗੱਲ ਰਾਸ ਆਉਂਦੀ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਅੱਤਵਾਦ, ਵੱਖਵਾਦ ਅਤੇ ਦੇਸ਼ ਦੀ ਅਸਥਿਰਤਾ ਦੇ ਸਵਾਲ ਨੂੰ ਕੇਂਦਰੀ ਨੁਕਤਾ ਬਣਾਇਆ ਜਾਵੇ ਤਾਂ ਕਿ ਵੱਖੋ ਵੱਖਰੇ ਟਕਰਾਅ ਉਤਪੰਨ ਕਰਕੇ ਸੱਤਾ 'ਤੇ ਮੁੜ ਪਹੁੰਚਿਆ ਜਾ ਸਕੇ। ਦੇਸ਼ ਦੀ ਹਕੀਕਤ ਇਹ ਹੈ ਕਿ ਜਿਸ ਕਿਸਮ ਨਾਲ ਆਰਥਿਕ ਮੰਦਵਾੜੇ ਅਤੇ ਸੰਕਟਾਂ ਵਿਚੋਂ ਭਾਰਤ ਗੁਜ਼ਰ ਰਿਹਾ ਹੈ ਇਹ ਇਕ ਬਦਲਵੀਂ ਰਾਜਨੀਤੀ ਦੀ ਤਲਾਸ਼ ਵਿਚ ਵੀ ਹੈ। ਪ੍ਰੰਤੂ ਜੇ ਇਹ ਧਰਮਾਂ ਦੀ ਰਾਜਨੀਤੀ ਵਾਲੀ ਖੇਡ ਵੱਖ ਵੱਖ ਖਿੱਤਿਆਂ ਵਿਚ ਪ੍ਰਫੁੱਲਤ ਕਰ ਦਿੱਤੀ ਜਾਵੇ ਤਾਂ ਇਸ ਨਾਲ ਸਮਾਜਿਕ ਵੰਡੀਆਂ ਉਤਪੰਨ ਹੋਣਗੀਆਂ ਅਤੇ ਸੱਤਾ ਉਪਰ ਕਾਬਜ਼ ਹੋਣਾ ਆਸਾਨ ਹੋ ਜਾਵੇਗਾ। ਇਹ ਸੱਚਾਈ ਹੈ ਕਿ ਵੱਖੋ ਵੱਖਰੇ ਮੁਲਕਾਂ ਕੋਲ ਇਸ ਪੱਧਰ ਦੀ ਜਾਣਕਾਰੀ ਇਕ ਦੂਸਰੇ ਦੇਸ਼ ਦੀਆਂ ਘਟਨਾਵਾਂ ਅਤੇ ਉਨ੍ਹਾਂ ਵਿਚ ਚੱਲ ਰਹੇ ਵੱਖੋ ਵੱਖਰੇ ਵਿਚਾਰ ਅਤੇ ਵਿਚਾਰਧਾਰਾਵਾਂ ਨੂੰ ਕੰਟਰੋਲ ਕਰਨਾ ਅਤੇ ਉਨ੍ਹਾਂ ਨੂੰ ਕਾਇਦੇ ਕਾਨੂੰਨਾਂ ਅਨੁਸਾਰ ਜਾਬਤੇ ਵਿਚ ਰੱਖਣਾ। ਪ੍ਰੰਤੂ ਜਿਸ ਕਿਸਮ ਦਾ ਅੱਤਵਾਦ ਦਾ ਹਊਆ ਖੜ੍ਹਾ ਕਰਕੇ ਇਕ ਪਾਸੇ ਭਾਰਤ ਰਾਜਨੀਤੀ ਖੇਡ ਰਿਹਾ ਹੈ, ਉਥੇ ਦੂਸਰੇ ਪਾਸੇ ਜੋ ਆਰਥਿਕ ਦਿੱਕਤਾਂ ਕੈਨੇਡਾ ਵਿਚ ਬਣੀਆਂ ਹੋਈਆਂ ਹਨ ਉਨ੍ਹਾਂ ਦੀਆਂ ਸਮੱਸਿਆਵਾਂ ਅਜੋਕੀ ਸਰਕਾਰ ਦੇ ਵਸ ਤੋਂ ਬਾਹਰ ਦੀਆਂ ਹਨ। ਉਹ ਵੀ ਚਾਹੁੰਦੇ ਹਨ ਕਿ ਕਿਸੇ ਨਾ ਕਿਸੇ ਰੂਪ ਵਿਚ ਆਪਣੀ ਵੋਟ ਬੈਂਕ ਪੱਕੀ ਕੀਤੀ ਜਾਵੇ। ਕਿਉਂਕਿ ਇਸ ਸਮੇਂ ਟਰੂਡੋ ਦੀ ਸਰਕਾਰ ਪੂਰੀ ਤਰ੍ਹਾਂ ਐਨਡੀਪੀ ਉਪਰ ਨਿਰਭਰ ਹੈ। ਜਿਸ ਦਾ ਵੱਡਾ ਆਧਾਰ ਸਿੱਖਾਂ ਵਿਚ ਹੈ ਅਤੇ ਜਿਹੜੀ ਪਾਰਟੀ ਸਿੱਖਾਂ ਦੇ ਮਨੁੱਖੀ ਹੱਕਾਂ ਪ੍ਰਤੀ ਕਈ ਪੱਧਰਾਂ 'ਤੇ ਆਵਾਜ਼ ਵੀ ਉਠਾਉਂਦੀ ਹੈ ਉਨ੍ਹਾਂ ਦੀ ਵੋਟ ਬੈਂਕ ਨੂੰ ਪੱਕੇ ਕਰਨਾ ਅਤੇ ਆਪਣੀ ਆਉਣ ਵਾਲੀ ਇਲੈਕਸ਼ਨ ਵਿਚ ਇਸ ਵੱਡੇ ਹਿੱਸੇ ਨੂੰ ਆਪਣੇ ਨਾਲ ਜੁੜਨਾ ਇਹ ਕੈਨੇਡੀਅਨ ਮੌਜੂਦਾ ਸਰਕਾਰ ਦਾ ਏਜੰਡਾ ਵੀ ਹੈ।

ਅਜੋਕੇ ਦੌਰ ਦੀ ਇਕ ਵੱਡੀ ਤਰਾਸਦੀ ਇਹ ਵੀ ਹੈ ਕਿ ਸੋਸ਼ਲ ਮੀਡੀਆ ਅਤੇ ਵੱਖੋ-ਵੱਖਰੇ ਹੋਰ ਢੰਗ ਤਰੀਕੇ ਜੋ ਅਜੋਕੇ ਅੱਤਵਾਦ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਿਚ ਯੋਗਦਾਨ ਪਾਉਂਦੇ ਹਨ ਇਸ ਦੇ ਨਾਲ ਹੀ ਸਰਕਾਰਾਂ ਵੀ ਇਨ੍ਹਾਂ ਨੂੰ ਵੱਖੋ ਵੱਖਰੇ ਮਾਧਿਅਮਾਂ ਰਾਹੀਂ ਹੱਲਾਸ਼ੇਰੀ ਦਿੰਦੀਆਂ ਹਨ। ਜਿਸ ਨਾਲ ਆਧੁਨਿਕ ਸਮਾਜਾਂ ਵਿਚ ਵੱਖਰੋ ਵੱਖਰੇ ਪੱਧਰ 'ਤੇ ਝੂਠੀ ਜਾਣਕਾਰੀ ਬੜੀ ਤੇਜ਼ੀ ਨਾਲ ਫੈਲ ਜਾਂਦੀ ਹੈ। ਹਕੀਕਤ ਉਸ ਦੇ ਉਲਟ ਹੁੰਦੀ ਹੈ ਜਿਸ ਕਿਸਮ ਨਾਲ ਖਾਲਿਸਤਾਨ ਦਾ ਹਊਆ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਉਸ ਦੀ ਜ਼ਮੀਨੀ ਹਕੀਕਤ ਨਾਮਾਤਰ ਹੀ ਹੈ। ਵੱਡੀ ਪੱਧਰ 'ਤੇ ਪੰਜਾਬੀ ਸਮਾਜ ਦੇ ਲੋਕ ਚਾਹੇ ਕੈਨੇਡਾ ਵਿਚ ਰਹਿੰਦੇ ਹੋਣ ਅਤੇ ਚਾਹੇ ਪੰਜਾਬ 'ਚ ਰਹਿੰਦੇ ਹੋਣ। ਉਨ੍ਹਾਂ ਵਿਚ ਇਸ ਵਿਚਾਰ ਦੀਆਂ ਕੋਈ ਬਹੁਤੀਆਂ ਡੂੰਘੀਆਂ ਜੜ੍ਹਾਂ ਨਹੀਂ ਹਨ। ਨਾ ਹੀ ਪੰਜਾਬੀ ਸਮਾਜ ਇਸ ਨੂੰ ਪ੍ਰਵਾਨਤ ਕਰ ਰਿਹਾ ਹੈ ਕਿਉਂਕਿ ਪੰਜਾਬੀਆਂ ਅੰਦਰ ਜਿਸ ਕਿਸਮ ਦੀ ਸੈਕੂਲਰ ਸੋਚ ਹੈ ਅਤੇ ਖੁੱਲ੍ਹੇਆਮ ਜਮਹੂਰੀਅਤ ਵਾਲੀਆਂ ਕਦਰਾਂ ਕੀਮਤਾਂ ਦੇ ਆਧਾਰ 'ਤੇ ਲੜਨ ਅਤੇ ਸੋਚਣ ਦੀ ਪ੍ਰਵਿਰਤੀ ਹੈ ਉਹ ਇਸ ਪ੍ਰਵਚਨ ਨੂੰ ਆਪਣੇ ਜਨਸਮੂਹ ਅੰਦਰ ਨੇੜੇ ਨਹੀਂ ਢੁਕਣ ਦਿੰਦੇ। ਜਿਸ ਦੀ ਸਪਸ਼ਟ ਉਦਾਹਰਣ ਇਤਿਹਾਸਕ ਤੌਰ 'ਤੇ ਲੜਿਆ ਗਿਆ ਕਿਸਾਨ ਅੰਦੋਲਨ ਹੈ ਕਿ ਕਈ ਕਿਸਮ ਦੀਆਂ ਵਿਭਿੰਨਤਾਵਾਂ ਅਤੇ ਵਿਚਾਰਧਾਰਾਵਾਂ ਨੇ ਆਪਣੇ ਕੇਂਦਰੀ ਸਰੋਕਾਰਾਂ ਤੋਂ ਸੰਘਰਸ਼ ਨੂੰ ਹਿੱਲਣ ਨਹੀਂ ਦਿੱਤਾ। ਹਾਲਾਂਕਿ ਦੇਸ਼ ਦੇ ਮੀਡੀਏ ਨੇ ਅੱਤਵਾਦ, ਨਕਸਲਵਾਦ, ਖਾਲਿਸਤਾਨ ਆਦਿ ਵਰਗੇ ਟੈਗ ਲਗਾ ਕੇ ਸਮੁੱਚੇ ਦੇਸ਼ ਅਤੇ ਦੁਨੀਆ ਭਰ ਵਿਚ ਇੰਝ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਦੇਸ਼ ਨੂੰ ਅਤੇ ਸਮਾਜ ਨੂੰ ਵੰਡਣ ਵਾਲੀ ਲਹਿਰ ਹੈ। ਪ੍ਰੰਤੂ ਸਮੁੱਚੇ ਪੰਜਾਬੀ ਚਾਹੇ ਉਹ ਕਿਸੇ ਵੀ ਕੋਨੇ 'ਤੇ ਵਸ ਰਹੇ ਸਨ ਉਨ੍ਹਾਂ ਨੇ ਕਿਸ ਪ੍ਰਵਚਨ ਵੱਲ ਨਾ ਹੀ ਧਿਆਨ ਦਿੱਤਾ ਅਤੇ ਨਾ ਹੀ ਉਸ ਦਾ ਹਿੱਸਾ ਬਣੇ। ਇਹ ਪ੍ਰਵਚਨ ਮੁੜ ਫੇਰ ਸ਼ੁਰੂ ਕੀਤਾ ਜਾ ਰਿਹਾ ਹੈ ਕਿ ਦੇਸ਼ ਨੂੰ ਵੰਡਣ ਵਾਲੀਆਂ ਤਾਕਤਾਂ ਵਿਦੇਸ਼ਾਂ ਦੀ ਧਰਤੀ ਤੋਂ ਇਹ ਕਾਰਜ ਕਰ ਰਹੀਆਂ ਹਨ। ਸਿੱਧੀ ਜਿਸ ਕਿਸਮ ਦੀ ਦਖ਼ਲ-ਅੰਦਾਜ਼ੀ ਦਾ ਇਲਜ਼ਾਮ ਕੈਨੇਡੀਅਨ ਸਰਕਾਰ ਨੇ ਲਗਾਇਆ ਹੈ ਜਿਸ ਤੋਂ ਇਹ ਦਰਸਾਉਂਦਾ ਹੈ ਕਿ ਕਿਸਮ ਨਾਲ ਅਜੋਕੇ ਹੁਕਮਰਾਨ ਰਾਜਨੀਤੀ ਦੀ ਖੇਡ ਖੇਡ ਰਹੇ ਹਨ ਅਤੇ ਮੁਕਾਬਲੇ 'ਤੇ ਦੂਸਰੇ ਮੁਲਕਾਂ ਨੂੰ ਵੀ ਇਸ ਪ੍ਰਕਿਰਿਆ ਵਿਚ ਸ਼ਾਮਲ ਕਰ ਰਹੇ ਹਨ।

ਦੋਵਾਂ ਮੁਲਕਾਂ ਦੀ ਆਪਸੀ ਟਕਰਾਅ ਦਾ ਅਸਰ ਪੰਜਾਬੀਆਂ ਉਪਰ ਵੱਧ ਪੈਣ ਦੀ ਸੰਭਾਵਨਾ ਹੈ। ਕਿਉਂਕਿ ਜਿਸ ਕਿਸਮ ਨਾਲ ਪੰਜਾਬੀਆਂ ਨੂੰ ਇਕ ਪਾਸੇ ਪੰਜਾਬ ਵਿਚ ਜੋ 1980 ਦੇ ਦਹਾਕੇ ਵਿਚ ਹੰਢਾਇਆ ਅਤੇ ਕਈ ਕਿਸਮ ਦੀਆਂ ਜ਼ਿਆਦਤੀਆਂ ਇਥੋਂ ਤੱਕ ਮਨੁੱਖੀ ਹੱਕਾਂ ਦਾ ਜੋ ਘਾਣ ਹੋਇਆ ਉਸ ਸਬੰਧੀ ਦਰਜਨਾਂ ਹੀ ਮੁੱਲਵਾਨ ਕਿਤਾਬਾਂ, ਦਸਤਾਵੇਜ਼ ਅਤੇ ਲਿਖਤਾਂ ਇਤਿਹਾਸ ਦਾ ਪੰਨਾ ਬਣ ਚੁੱਕੀਆਂ ਹਨ। ਇਸ ਦੌਰ ਦੀਆਂ ਤਰਾਸਦੀਆਂ ਨੇ ਜਿਥੇ ਇਸ ਪੀੜਾ ਨੂੰ ਮਹਿਸੂਸ ਕੀਤਾ ਉਥੇ ਪੰਜਾਬੀਆਂ ਨੇ ਅਹਿਸਾਸ ਵੀ ਕੀਤਾ ਕਿ ਧਰਮਾਂ 'ਤੇ ਆਧਾਰਤ ਰਾਜਨੀਤੀ ਸਾਨੂੰ ਨਵੇਂ ਸੰਕਟਾਂ ਵਿਚ ਸੁੱਟ ਸਕਦੀ ਹੈ। ਜੇ ਧਰਮ ਦੇ ਉਪਰ ਆਧਾਰਤ ਰਾਜਨੀਤੀ ਮੁੜ ਪੰਜਾਬੀਆਂ ਅੰਦਰ ਆਪਣਾ ਆਧਾਰ ਪ੍ਰਫੁੱਲਤ ਕਰ ਗਈ ਅਤੇ ਪੰਜਾਬੀਆਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਗਈ ਤਾਂ ਇਹ ਸਮੁੱਚੇ ਪੰਜਾਬੀਆਂ ਲਈ ਮੁੜ ਸੰਕਟਮਈ ਸਥਿਤੀ ਵਿਚ ਸੁੱਟ ਦੇਵੇਗੀ। ਹਾਲਾਕਿ ਹਕੀਕਤ ਇਹ ਹੈ ਕਿ ਵੱਡੀ ਗਿਣਤੀ ਵਿਚ ਪੰਜਾਬੀ ਇਸ ਕਿਸਮ ਦੀ ਰਾਜਨੀਤੀ ਅਤੇ ਸੋਚ ਤੋਂ ਕੋਹਾਂ ਦੂਰ ਹਨ। ਇਹ ਹਕੀਕਤ ਜ਼ਰੂਰ ਹੈ ਕਿ ਉਹ ਆਪਣੇ ਧਾਰਮਿਕ ਅਕੀਦੇ ਨਾਲ ਬੜੇ ਨੇੜੇ ਤੋਂ ਜੁੜੇ ਹਨ ਕਿਉਂਕਿ ਉਨ੍ਹਾਂ ਅੰਦਰ ਆਪਣੇ ਧਰਮ ਦੇ ਅਹਿਮ ਮੁੱਲ ਜਿਹੜੇ ਆਪਸੀ ਭਾਈਚਾਰਕ ਸਾਂਝ ਤੋਂ ਲੈ ਕੇ ਆਪਣੇ ਧਾਰਮਿਕ ਗ੍ਰੰਥਾਂ ਦੁਆਰਾ ਦਿੱਤੇ ਉਦੇਸ਼ਾਂ ਵਾਲੀ ਸੂਝ ਅਤੇ ਸੋਝੀ ਵੱਖ ਵੱਖ ਸਥਾਪਤ ਧਾਰਮਿਕ ਸਥਾਨਾਂ ਤੋਂ ਹਾਸਲ ਹੁੰਦੀ ਹੈ ਅਤੇ ਇਥੋਂ ਤੱਕ ਆਪਣੇ ਧਾਰਮਿਕ ਅਸਥਾਨਾਂ ਨੂੰ ਪ੍ਰਫੁੱਲਤ ਵੀ ਕਰਦੇ ਹਨ। ਪ੍ਰੰਤੂ ਕਈ ਵਾਰੀ ਇਨ੍ਹਾਂ ਸਥਾਨਾਂ ਦੀ ਵਰਤੋਂ ਰਾਜਨੀਤੀ ਲਈ ਕੀਤੀ ਜਾਂਦੀ ਹੈ ਜਿਹੜੀ ਮੁੜ ਧਰਮ ਦੇ ਉਪਰ ਆਧਾਰਤ ਰਾਜਨੀਤੀ ਨੂੰ ਪ੍ਰਫੁੱਲਤ ਕਰਨ ਵਿਚ ਯੋਗਦਾਨ ਪਾਉਂਦੀ ਹੈ। ਵੱਖੋ ਵੱਖਰੇ ਪੱਧਰ 'ਤੇ ਇਹ ਨਤੀਜੇ ਕੱਢ ਲਏ ਜਾਂਦੇ ਹਨ ਕਿ ਇਹ ਧਾਰਮਿਕ ਅਸਥਾਨ ਵੱਖਰੇ ਰਾਜ ਦੇ ਕੇਂਦਰ ਬਣ ਰਹੇ ਹਨ ਜੋ ਹਕੀਕਤ ਵਿਚ ਨਹੀਂ ਹੁੰਦਾ। ਇਥੋਂ ਤੱਕ ਕੈਨੇਡੀਅਨ ਸਮਾਜ ਵਿਚ ਵੱਡੀ ਪੱਧਰ 'ਤੇ ਹਿੱਸੇ ਜਾਣਦੇ ਹਨ ਕਿ ਕਿਸੇ ਵੀ ਕਿਸਮ ਨਾਲ ਉਸ ਖੁੱਲ੍ਹੇ ਸਮਾਜ ਵਿਚ ਧਾਰਮਿਕ ਸੰਕੀਰਨਤਾ ਨੂੰ ਵੱਡਾ ਸਥਾਨ ਨਹੀਂ ਮਿਲਦਾ। ਪ੍ਰੰਤੂ ਜਿਸ ਕਿਸਮ ਨਾਲ ਅਜੋਕਾ ਸੋਸ਼ਲ ਮੀਡੀਆ ਛੋਟੀਆਂ ਇਕੱਤਰਤਾਵਾਂ ਨੂੰ ਵੀ ਵੱਡੀਆਂ ਬਣਾ ਕੇ ਪੇਸ਼ ਕਰ ਦਿੰਦਾ ਹੈ, ਇਥੋਂ ਤੱਕ ਇਕ ਦੋ ਆਵਾਜ਼ਾਂ ਜਿਹੜੀਆਂ ਕਦੇ ਵੱਖੋ ਵੱਖਰੇ ਪੱਧਰ 'ਤੇ ਸਰਕਾਰਾਂ ਦੀਆਂ ਏਜੰਸੀਆਂ ਤੋਂ ਲੈ ਕੇ ਉਨ੍ਹਾਂ ਦੀ ਰਹਿਨੁਮਾਈ ਹੇਠ ਸਥਾਪਤ ਕੀਤੀਆਂ ਜਾਂਦੀਆਂ ਹਨ ਉਹ ਦੁਨੀਆ ਭਰ ਵਿਚ ਇਕ ਖਾਲਿਸਤਾਨ ਦਾ ਹਊਆ ਖੜ੍ਹਾ ਕਰਨ ਵਿਚ ਕਾਮਯਾਬ ਹੋ ਜਾਂਦੀਆਂ ਹਨ ਪ੍ਰੰਤੂ ਜ਼ਮੀਨੀ ਹਕੀਕਤ ਅਜਿਹੀ ਨਹੀਂ ਹੁੰਦੀ। ਅੱਜ ਵੀ ਅਜਿਹਾ ਹੀ ਵਾਪਰ ਰਿਹਾ ਹੈ ਚਾਹੇ ਉਹ ਪੰਜਾਬ ਦੀ ਧਰਤੀ ਹੋਵੇ ਅਤੇ ਚਾਹੇ ਕੈਨੇਡਾ ਦੀ ਧਰਤੀ ਹੋਵੇ। ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਦਾ ਹਾਰ-ਸ਼ਿੰਗਾਰ ਕਈ ਰੂਪਾਂ ਵਿਚ ਅੱਤਵਾਦ ਬਣਿਆ ਹੋਇਆ ਹੈ ਜਿਹੜਾ ਅਜੋਕੇ ਸੱਜੇ-ਪੱਖੀ ਹੁਕਮਰਾਨਾ ਨੂੰ ਸੂਤ ਬੈਠਦਾ ਹੈ।

ਪੰਜਾਬੀ ਸਮਾਜ ਉਪਰ ਹਮੇਸ਼ਾ ਹੀ ਇਕ ਇਤਿਹਾਸਕ ਜ਼ਿੰਮੇਵਾਰੀ ਰਹੀ ਹੈ ਕਿ ਉਸ ਨੇ ਜਿਸ ਵੀ ਸਭਿਆਚਾਰ ਵਿਚ ਆਪਣੇ ਆਪ ਨੂੰ ਜੋੜਿਆ ਜਾਂ ਸ਼ਾਮਲ ਕੀਤਾ ਉਸ ਦੇ ਨਾਲ ਹੀ ਆਪਣੀਆਂ ਵਿਲੱਖਣਤਾਵਾਂ ਵੀ ਬਰਕਰਾਰ ਰੱਖੀਆਂ ਹਨ। ਅੱਜ ਭਲਾ ਕਈ ਕਿਸਮ ਦੀਆਂ ਆਵਾਜ਼ਾਂ ਮੁੜ ਭਾਰਤ ਅਤੇ ਕੈਨੇਡਾ ਵਿਚ ਉਠ ਰਹੀਆਂ ਹਨ ਪ੍ਰੰਤੂ ਹਕੀਕਤ ਵਿਚ ਪੰਜਾਬੀ ਸਮਾਜ ਅਤੇ ਉਸ ਦਾ ਭਾਈਚਾਰਾ ਵੱਡੇ ਪੱਧਰ 'ਤੇ ਦੁਨੀਆ ਭਰ ਦੇ ਗਿਆਨ ਵਿਗਿਆਨ ਅਤੇ ਰਾਜਨੀਤੀ ਤੋਂ ਇੰਨਾ ਵਾਕਿਫ ਹੈ ਕਿ ਉਸ ਨੂੰ ਗਲਤ ਅਤੇ ਠੀਕ ਦਾ ਪਤਾ ਹੈ। ਉਹ ਕਿਸੇ ਵੀ ਕਿਸਮ ਦੀ ਹੁਕਮਰਾਨਾ ਦੀ ਚਾਲ ਅਤੇ ਢਾਲ ਬਣਨ ਵੱਲ ਨੂੰ ਨਹੀਂ ਵਧੇਗਾ। ਜਿਸ ਕਿਸਮ ਨਾਲ ਪੰਜਾਬੀਆਂ ਨੇ ਕੈਨੇਡਾ ਨੂੰ ਆਪਣੀ ਦੂਸਰੀ ਭੂਮੀ ਬਣਾਇਆ ਹੈ ਅਤੇ ਆਪਣੇ ਰਿਜ਼ਕ 'ਤੇ ਕਾਰ-ਵਿਹਾਰ ਵਧਾਏ ਹਨ ਅਤੇ ਲਗਾਤਾਰ ਪੰਜਾਬੀ ਸਭਿਆਚਾਰ, ਸਾਹਿਤ, ਕਲਾਵਾਂ, ਨਾਟਕ ਅਤੇ ਰਾਜਨੀਤੀ ਨੂੰ ਵੱਖ ਵੱਖ ਸਭਾਵਾਂ ਤੋਂ ਲੈ ਕੇ ਸੁਸਾਇਟੀਆਂ ਤੱਕ ਪ੍ਰਫੁੱਲਤ ਕੀਤਾ ਹੈ। ਲਗਾਤਾਰ ਪੰਜਾਬੀ ਪਰਿਵਾਰਾਂ ਵਿਚ ਇਕ ਖੁੱਲ੍ਹਦਿਲੀ ਅਤੇ ਦੂਰਦ੍ਰਿਸ਼ਟੀ ਦਾ ਮਾਹੌਲ ਹੈ ਉਹ ਕਿਸੇ ਵੀ ਕਿਸਮ ਨਾਲ ਧਾਰਮਿਕ ਸੰਕੀਰਨਾਤਾਵਾਂ ਵਿਚ ਨਹੀਂ ਬੱਝੇਗੀ। ਜਿਸ ਕਿਸਮ ਦਾ ਜਮਹੂਰੀ ਸਮਾਜ, ਸੋਚ ਅਤੇ ਸਮਝਦਾਰੀ ਅਜੋਕੇ ਸਮੇਂ ਵਿਚ ਚਾਹੀਦੀ ਹੈ ਕਿ ਆਰਥਿਕ ਦਿੱਕਤਾਂ ਚਾਹੇ ਭਾਰਤ ਦੇ ਪੰਜਾਬ ਵਿਚ ਹੋਣ ਅਤੇ ਚਾਹੇ ਕੈਨੇਡਾ ਵਿਚ ਵੱਖ ਵੱਖ ਥਾਵਾਂ 'ਤੇ ਬਣੇ ਪੰਜਾਬਾਂ ਵਿਚ ਹੋਣ। ਉਨ੍ਹਾਂ ਨੂੰ ਕੇਂਦਰ ਵਿਚ ਰੱਖ ਕੇ ਆਪਣੀ ਸੋਚ ਅਤੇ ਸੋਝੀ ਹੋਰ ਤਿੱਖੀ ਕਰਨ ਦੀ ਜ਼ਰੂਰਤ ਹੈ ਤਾਂ ਕਿ ਅਜੋਕੇ ਦੋਵਾਂ ਮੁਲਕਾਂ ਦੇ ਹੁਕਮਰਾਨਾ ਦੀਆਂ ਚਾਲਾਂ ਨੂੰ ਭਾਂਜ ਦਿੱਤੀ ਜਾ ਸਕੇ। ਇਹ ਕਾਰਜ ਹੀ ਪੰਜਾਬੀਆਂ ਨੂੰ ਸਹੀ ਸਮਝ ਅਤੇ ਸਹੀ ਸਥਿਤੀ ਵਿਚ ਕਾਰਜਸ਼ੀਲ ਕਰੇਗਾ।

# ਤਿੰਨ ਪ੍ਰਮੁੱਖ ਅਮਰੀਕੀ ਆਟੋ ਕੰਪਨੀਆਂ ਦੇ ਵਰਕਰਾਂ ਵੱਲੋਂ ਦੇਸ਼ਵਿਆਪੀ ਹੜਤਾਲ



ਡਾ: ਹਰਦੀਪ ਸਿੰਘ
ਅਟਵਾਲ, ਟੋਰਾਂਟੋ

*ਯੂ. ਐਸ.ਏ. ਦੀਆਂ ਤਿੰਨ ਵੱਡੀਆਂ ਅਸੈਂਬਲੀ ਪਾਰਟਸ ਆਟੋ ਕੰਪਨੀਆਂ ਜਨਰਲ ਮੋਟਰਸ, ਫੋਰਡ, ਸਟੇਲੈਂਟਿਸ ਦੇ ਓਹਾਈਓ, ਮਿਸ਼ੀਗਨ ਅਤੇ ਮਸੂਰੀ ਦੇ 13000 ਵਰਕਰਾਂ ਦੀ ਹੜਤਾਲ ਚੱਲ ਰਹੀ ਹੈ ਅਤੇ ਹੁਣ ਇਸ ਵਿੱਚ ਯੂ.ਏ.ਡਬਲਿਊ ਯੂਨੀਅਨ ਆਟੋ ਵਰਕਸ ਦੇ ਪਾਰਟਸ ਡਿਸਟਰੀਬੀਊਸ਼ਨ ਦੇ 38 ਸੈਂਟਰਾਂ ਦੇ 5000 ਵਰਕਰ ਵੀ ਸ਼ਾਮਲ ਹੋ ਗਏ ਹਨ। ਇਸ ਨਾਲ ਇਨ੍ਹਾਂ ਹੜਤਾਲੀ ਵਰਕਰਾਂ ਦੀ ਗਿਣਤੀ 18000 ਹੋ ਗਈ ਹੈ। – ਸੰਪਾਦਕ*

ਅੱਜ ਦਾ ਸੰਸਾਰ ਪੂੰਜੀਵਾਦ ਲਗਾਤਾਰ ਆਰਥਿਕ ਮੰਦਵਾੜੇ ਦੀ ਗ਼ਹਰਾਈ ਵਿੱਚ ਧਸਦਾ ਜਾ ਰਿਹਾ ਹੈ। ਅੰਤਾਂ ਦੀ ਮੰਹਿਗਾਈ, ਬੇਰੋਜ਼ਗਾਰੀ, ਕੰਮ ਛਾਂਟੀਆਂ, ਵਪਾਰਿਕ ਘਾਟੇ, ਕੰਪਨੀਆਂ ਦਾ ਦਿਵਾਲੀਆ, ਬੈਂਕਾਂ ਵੱਲੋਂ ਘਰਾਂ ਦੀ ਮਾਰਟਗੇਜ਼ ਦੀਆਂ ਵਿਆਜਦਰਾਂ ਵਿੱਚ ਵਾਧਾ ਆਦਿ ਅਨੇਕਾਂ ਮੁਸੀਬਤਾਂ ਘੁੰਮ-ਘੁੰਮਾ ਕੇ ਵਰਕਰ ਅਤੇ ਮੱਧ ਵਰਗ ਦੇ ਪਰਿਵਾਰਾਂ ਤੇ ਅਸਰ ਅੰਦਾਜ਼ ਹੋ ਰਹੀਆਂ ਹਨ। ਜਿਥੇ ਪੂੰਜੀਵਾਦ ਆਪਣੇ ਘਾਟੇ ਦੀ ਪੂਰਤੀ ਲਈ ਵਰਕਰਾਂ ਦੀ ਆਮਦਨ ਕਟੌਤੀ, ਟੈਕਸਾਂ ਰਾਹੀਂ ਆਰਥਿਕ ਪੂਰਤੀ ਕਰਨ ਦੇ ਰਾਹ ਹੈ, ਉਥੇ ਮਜ਼ਦੂਰ ਜਮਾਤ ਵੀ ਆਪਣੀ ਹੋਂਦ ਦੀ ਰਾਖੀ ਲਈ ਸੰਘਰਸ਼ ਦੇ ਰਾਹ ਪੈਣ ਲਈ ਮਜ਼ਬੂਰ ਹੁੰਦੀ ਜਾ ਰਹੀ ਹੈ। ਇਸ ਦੀ ਤਾਜ਼ਾ ਉਦਾਹਰਣ ਅਮਰੀਕਾ ਦੇ ਤਿੰਨ ਵੱਡੀਆਂ ਅਸੈਂਬਲੀ ਪਾਰਟਸ ਆਟੋ ਕੰਪਨੀਆਂ ਜਨਰਲ ਮੋਟਰਸ, ਫੋਰਡ, ਸਟੇਲੈਂਟਿਸ ਦੇ ਓਹਾਈਓ, ਮਿਸ਼ੀਗਨ ਅਤੇ ਮਸੂਰੀ ਦੇ ਯੂ.ਏ.ਡਬਲਿਊ ਯੂਨੀਅਨ ਦੀ 15 ਸਤੰਬਰ ਤੋਂ 13000 ਵਰਕਰਾਂ ਦੀ ਹੜਤਾਲ ਚੱਲ ਰਹੀ ਹੈ ਅਤੇ ਇੱਕ ਹਫਤੇ ਬਾਅਦ ਹੁਣ, ਇਸ ਵਿੱਚ ਯੂ.ਏ.ਡਬਲਿਊ ਯੂਨੀਅਨ ਦੇ ਆਟੋਵਰਕਸ ਦੇ ਪਾਰਟਸ ਡਿਸਟਰੀਬੀਊਸ਼ਨ ਦੇ ਹੋਰ 5000 ਵਰਕਰ ਵੀ ਸ਼ਾਮਲ ਹੋ ਗਏ, ਜੋ ਕਿ ਦੇਸ਼ ਭਰ ਦੇ 38 ਸੈਂਟਰਾਂ ਵਿੱਚ ਕੰਮ ਕਰਦੇ ਹਨ। ਇਸ ਨਾਲ ਇਸ ਹੜਤਾਲੀ ਵਰਕਰਾਂ ਦੀ ਗਿਣਤੀ 18000 ਹੋ ਗਈ ਹੈ। ਵਰਨਣਯੋਗ ਹੈ ਕਿ ਇਨ੍ਹਾਂ ਤਿੰਨ ਕੰਪਨੀਆਂ ਵਿੱਚ ਯੂ.ਏ.ਡਬਲਿਊ ਯੂਨੀਅਨ ਦੇ 146,000 ਵਰਕਰ ਮੈਂਬਰ ਹਨ। ਇਸ ਹੜਤਾਲ ਦਾ ਅਸਰ ਕੈਨੇਡਾ ਵਿੱਚ ਇਸ ਕੰਪਨੀਆਂ ਲਈ ਪਾਰਟਸ ਬਨਾਉਣ ਅਤੇ ਡਿਸਟਰੀਬੀਊਸ਼ਨ ਵਾਲੀਆਂ ਕੰਪਨੀਆਂ ਤੇ ਵੀ ਪੈ ਰਿਹਾ ਹੈ ਜਿਸ ਕਾਰਨ ਵਰਕਰਾਂ ਦਾ ਲੇਅ ਆਫ ਛਾਂਟੀਆਂ ਸ਼ੁਰੂ ਹੋ ਗਈਆਂ ਹਨ। ਕੈਨੇਡਾ ਦੀ ਫੋਰਡ ਕੰਪਨੀ ਵੀ ਵੱਖਰੇ ਤੌਰ 'ਤੇ ਕੈਨੇਡੀਅਨ ਵਰਕਰਾਂ ਨਾਲ ਗੱਲਬਾਤ ਦੀ ਸ਼ੁਰੂਆਤ ਕਰ ਚੁੱਕੀ ਹੈ।

ਅਸੈਂਬਲੀ ਪਾਰਟਸ ਤੋਂ ਇਲਾਵਾ ਆਟੋ ਵਰਕਸ ਵੰਡ ਪ੍ਰਣਾਲੀ ਦੇ ਇਨ੍ਹਾਂ ਪਾਰਟਸ ਡਿਸਟਰੀਬੀਊਸ਼ਨ ਵਰਕਰਾਂ ਦਾ ਇਸ ਹੜਤਾਲ ਵਿੱਚ ਸ਼ਾਮਲ ਹੋਣਾ ਇਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਇਹ ਵਿਭਾਗ ਆਫਟਰ ਸੇਲਸ ਪਾਰਟ ਅਤੇ ਅਸੈਸਰੀਸ ਦੇ ਡੀਲਰਸ਼ਿਪ ਵਾਲੇ ਵੱਡੇ ਖਾਸ ਮੁਨਾਫੇ ਵਾਲੇ ਸੈਕਟਰ ਨੂੰ ਫੀਡ ਕਰਦਾ ਹੈ, ਇਸ ਨਾਲ ਇਸ ਵੱਡੇ ਬਿਜਨਿਸ ਸੈਕਟਰ ਤੇ ਅਸਰ ਪੈਣ ਵਾਲਾ ਹੈ। ਇਸ ਹੜਤਾਲੀ ਡਿਸਟਰੀਬਿਊਸ਼ਨ ਸੈਕਟਰ ਦੇ ਬਹੁਤੀਆਂ ਇਕਾਈਆਂ ਵਿੱਚ 50 ਤੋਂ 150 ਵਰਕਰ ਕੰਮ ਕਰਦੇ ਹਨ। 'ਜਨਰਲ ਮੋਟਰ' ਕੰਪਨੀ ਮੁਤਾਬਿਕ ਬਰਟਨ, ਮਿਸ਼ੀਗਨ ਦੇ ਡੈਵਸਿਨ ਰੋਡ ਪ੍ਰੋਸੈਸਿੰਗ ਸੈਂਟਰ ਵਿੱਚ 1200 ਤੋਂ ਜ਼ਿਆਦਾ ਵਰਕਰ ਕੰਮ ਕਰਦੇ ਹਨ ਅਤੇ ਇਸ ਵਿੱਚ ਇੱਕ ਮਹੀਨੇ ਵਿੱਚ 99 ਲੱਖ ਪੀਸਾਂ ਦਾ ਕਾਰੋਬਾਰ ਦੇਸ਼ ਵਿਦੇਸ਼ ਦੇ ਗ੍ਰਾਹਕਾਂ ਨਾਲ ਕੀਤਾ ਜਾਂਦਾ ਹੈ। 'ਜਨਰਲ ਮੋਟਰ' ਕੰਪਨੀ ਵੱਲੋਂ 16.85 ਕਰੋੜ ਡਾਲਰਾਂ ਦਾ ਨਿਵੇਸ਼, ਇਸ 10 ਲੱਖ ਵਰਗ ਫੁੱਟ ਵਿੱਚ ਫੈਲੀ ਇੰਡਸਟਰੀ ਵਿੱਚ ਹੈ। ਇਨ੍ਹਾਂ ਸੈਂਟਰਾਂ ਦੇ ਵਿੱਚ ਕੰਮ ਕਰਦੇ ਵਰਕਰਾਂ ਦਾ ਦੱਸਣਾ ਹੈ ਕਿ ਉਨ੍ਹਾਂ ਦੀ ਦਿਹਾੜੀ ਦੀ ਵਾਧੇ ਦੀ ਦਰ ਕਈ ਸਾਲਾਂ ਤੋਂ 25 ਡਾਲਰ ਪ੍ਰਤੀ ਘੰਟੇ ਤੱਕ ਰੋਕੀ ਗਈ ਹੈ ਜੋ ਕਿ ਅੱਜ ਦੇ ਮੰਦਵਾੜੇ ਦੇ ਦੌਰ ਵਿੱਚ ਵਰਕਰਾਂ ਲਈ ਕਾਫੀ ਨਹੀਂ ਹੈ। ਇਸ ਮੰਦਵਾੜੇ ਵਿੱਚ ਛਾਂਟੀ ਨਾਲ ਵਰਕਰਾਂ ਦੀ ਘਟਾਈ ਗਿਣਤੀ ਕਰਕੇ ਬਾਕੀ ਬਚੇ ਵਰਕਰਾਂ ਤੋਂ ਹਫਤੇ ਦੇ ਸਤੋ ਦਿਨ ਕੰਮ ਲਿਆ ਜਾ ਰਿਹਾ ਹੈ।

15 ਸਤੰਬਰ ਤੋਂ ਸ਼ੁਰੂ ਹੋਈ ਵਰਕਰਾਂ ਦੀ ਹੜਤਾਲ ਦੀ ਤਿਆਰੀ ਵਿੱਚ ਇਨ੍ਹਾਂ ਵੱਡੀਆਂ 3 ਕਾਰ ਕੰਪਨੀਆਂ ਨੇ ਕੰਟੀਜੈਂਸੀ ਪਲੈਨ ਤਿਆਰ ਕਰਕੇ 1200 ਨਾਨ-ਯੂਨੀਅਨ ਵਰਕਰਾਂ ਦੀ ਭਰਤੀ ਕੀਤੀ ਹੈ। ਸਟੇਲੈਂਟਿਸ ਕੰਪਨੀ ਨੇ ਵੀ ਬੇਲਵੀਡਰ, ਇਲਨੋਸ ਸੀਥਤ ਆਪਣੇ ਪਲਾਂਟਾਂ ਵਿੱਚ ਨਾਨ-ਯੂਨੀਅਨ ਵਰਕਰਾਂ ਦੀ ਭਰਤੀ ਕੀਤੀ ਹੈ। ਪਹਿਲਾਂ ਤੋਂ ਬੰਦ ਤਿੰਨ ਅਸੈਂਬਲੀ ਪਲਾਂਟ ਜਿਥੇ ਮੈਨੂਫੇਕਚਰਿੰਗ ਦਾ ਆਖਰੀ ਪੜਾਅ ਹੁੰਦਾ ਹੈ, ਮੁਕੰਮਲ ਹੜਤਾਲ ਤੇ ਰਹੇਗਾ। ਸਾਰੇ ਯੂ ਐਸ ਦੇਸ਼ ਵਿੱਚ ਫੈਲੇ ਇਹ ਪਲਾਂਟ ਹੜਤਾਲ ਨਾਲ ਪ੍ਰਭਾਵਿਤ ਹਨ। ਆਟੋ ਵਰਕਰ ਯੂਨੀਅਨ ਯੂ.ਏ.ਡਬਲਿਊ. ਦੇ ਪ੍ਰਧਾਨ ਸ਼ਾਨ ਫੇਨ ਨੇ ਹੋਰ ਵਰਕਰਾਂ ਨੂੰ ਵੀ ਆਪਣੇ ਹੱਕਾਂ ਲਈ ਇਸ ਹੜਤਾਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਹ ਮੰਗ ਕਰ ਰਹੇ ਹਨ ਕਿ ਵਰਕਰਾਂ ਦੀ ਤਨਖਾਹ ਵਿੱਚ ਟਾਇਰ ਸਿਸਟਮ ਦੇ ਵਖਰੇਵੇਂ ਨੂੰ ਖਤਮ ਕਰਨ, ਵਰਕਰਾਂ ਦੀ ਤਨਖਾਹ ਮਹਿੰਗਾਈ ਦਰ ਨਾਲ ਵਧਾਉਣ ਦੀ ਮੰਗ ਤੋਂ ਇਲਾਵਾ ਕੱਚੇ ਵਰਕਰਾਂ ਨੂੰ ਪੱਕੇ ਕਰਨ, ਰਿਟਾਇਰ ਵਰਕਰਾਂ ਨੂੰ ਪ੍ਰਸਤਾਵਿਤ ਪੈਨਸ਼ਨ ਪਲਾਨ, ਕੰਪਨੀ ਦੀ ਚਲ ਰਹੀ ਆਟੋ ਇਲੈਕਟ੍ਰਿਕ ਵਹੀਕਲ ਪ੍ਰੋਡਕਸ਼ਨ ਵਿੱਚ ਤਬਦੀਲੀ ਵਿੱਚ ਵਰਕਰਾਂ ਦੀ ਜੌਬ ਸਿਕਿਓਰਟੀ ਦੀ ਮੰਗ ਸ਼ਾਮਲ ਹੈ। ਉਨ੍ਹਾਂ ਸਾਲ 2009 ਤੋ ਰੋਕੇ, ਵੇਤਨ ਵਾਧੇ ਨੂੰ ਜੀਵਨ ਖਰਚੇ ਨਾਲ ਜੋੜਣ ਦੀ ਨੀਤੀ ਨੂੰ ਮੁੜ-ਬਹਾਲ ਕਰਕੇ ਉਨ੍ਹਾਂ ਦੀ ਤਨਖਾਹ ਵਿੱਚ ਵਾਧਾ ਕੀਤਾ ਜਾਵੇ। ਉਹ ਕੱਚੇ ਮੁਲਾਜ਼ਮਾਂ ਨੂੰ 90 ਦਿਨਾਂ ਦੇ ਕੰਮ ਬਾਅਦ ਫੁੱਲ ਟਾਇਮ ਪੱਕੇ ਕਰਨ ਦੀ ਮੰਗ ਕਰ ਰਹੇ ਹਨ।




ਉਨ੍ਹਾਂ ਦੀ ਮੰਗ ਨਾਲ ਫੋਰਡ ਅਤੇ ਜੀ ਐਮ ਕੰਪਨੀਆਂ ਦੀ ਮੈਨੇਜਮੈਂਟ ਵਰਕਰਾਂ ਦੇ ਵੇਤਨ ਵਿੱਚ ਟਾਇਰ ਸਿਸਟਮ ਖ਼ਤਮ ਕਰਨ ਲਈ ਕੁੱਝ ਢਿੱਲੇ ਹੋਏ ਵੇਖੇ ਗਏ ਹਨ ਜਿਸ ਵਿੱਚ ਫੋਰਡ ਦੇ ਰਾਅਸਨਵਿਲ ਕੰਪੋਨੈਂਟ ਅਤੇ ਸਟਰਲਿੰਗ ਐਕਸਲ ਮੈਨੇਜਮੈਂਟ ਤੋਂ ਇਲਾਵਾ ਜੀ.ਐਮ. ਦੇ ਕੰਪੋਨੈਂਟ ਹੋਲਿਡੰਗ, ਕਸਟਮਰ ਕੇਅਰ, ਆਫਟਰਸੇਲ ਮੈਨੇਜਮੈਂਟ ਵੀ ਸ਼ਾਮਿਲ ਹੈ। ਪਰ ਸਟੇਲੈਂਟਿੰਸ ਕੰਪਨੀ ਮੈਨੇਜਮੈਂਟ ਅਜੇ ਵੀ ਆਪਣੇ ਮੋਪਰ ਸਥਿਤ ਪਾਰਟ ਡਿਸਟਰੀਬਿਊਸ਼ਨ ਆਰਮ ਦੇ ਵਰਕਰਾਂ ਨੂੰ ਥੱਲੜੇ ਲੈਵਲ ਦੀ ਤਨਖ਼ਾਹ ਟਾਇਰ ਤੇ ਅੜੀ ਹੋਈ ਹੈ। ਸਟੇਲੈਂਟਿੰਸ ਆਪਣੇ ਪਾਰਟ ਡਿਸਟਰੀਬਿਊਸ਼ਨ ਦੇ ਮੌਜੂਦਾ 18 ਪਲਾਂਟਾਂ ਦੀ ਗਿਣਤੀ ਘਟਾਕੇ, ਐਮਾਜ਼ੋਨ ਦੀ ਤਰਜ਼ ਤੇ ਬਹੁਤ ਵੱਡੀ ਪਾਰਟਸ ਡਿਸਟਰੀਬਿਊਸ਼ਨ ਹਬ ਬਣਾਉਣ ਦੇ ਰਾਹ ਹੈ ਜਿਸ ਨਾਲ ਵਰਕਰਾਂ ਨੂੰ ਆਪਣੀ, ਮਤਲਬਿ ਨੌਕਰੀ ਛਾਂਟੀ ਦਾ ਖਤਰਾ ਹੈ।


ਡੀਟਰਾਇ ਸਥਿਤ, ਸਟੇਲੈਂਟਿਸ ਮੈਕ ਅਸੈਂਬਲੀ ਵਿੱਚ ਕੰਮ ਕਰਦੇ ਨਾਨ-ਯੂਨਅਿਨ ਮੈਂਬਰਾਂ ਨੇ "ਏਟ ਅਤੇ ਸਕੇਟ" ਦਾ ਨਾਅਰਾ ਮੁਤਾਬਿਕ "ਅੱਠ ਘੰਟੇ ਕੰਮ ਅਤੇ ਹੋਵੋ ਤਿੱਤਰ" ਨੂੰ ਅਮਲ ਕਰਨਾ ਸ਼ੁਰੂ ਕੀਤਾ ਹੈ। 'ਯੂਨਾਇਟਡ ਆਲ ਵਰਕਰਸ ਫਾਰ ਡੈਮੋਕਰੇਸੀ' ਦੇ ਸੁਧਾਰਾਂ ਦੇ ਕਾਕਸ ਨੇ ਵੀ ਵਲੰਟੀਅਰ ਓਵਰ ਟਾਇਮ ਤੋਂ ਇਨਕਾਰ ਨੂੰ ਜੱਥੇਬੰਦ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ। ਵਰਕਰ ਯੁਨੀਅਨ ਦਾ ਕਹਿਣਾ ਹੈ ਕਿ ਜੇ ਕੰਪਨੀ ਇੱਕ ਪਾਸੜ ਤਬਦੀਲੀ ਦੇ ਰਾਹ ਪਈ ਹੈ ਤਾਂ ਉਹ ਵੀ ਵਰਕਰਾਂ ਉੱਪਰ ਪੈਣ ਵਾਲੇ ਨੁਕਸਾਨਾਂ ਖਿਲਾਫ ਸੰਘਰਸ਼ ਜਾਰੀ ਰੱਖਣਗੇ। ਉਨ੍ਹਾਂ ਕੰਮ ਕਰ ਰਹੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਓਵਰ ਟਾਇਮ ਤੋਂ ਇਨਕਾਰ ਕਰਨ ਦੇ ਕਾਨੂੰਨੀ ਹੱਕ ਦੀ ਵਰਤੋਂ ਕਰਨ। ਇਸ ਅਪੀਲ ਨਾਲ ਬਹੁਤ ਸਾਰੇ ਪਲਾਂਟਾਂ ਦੇ ਵਰਕਰਾਂ ਨੇ ਓਵਰਟਾਇਮ ਤੋਂ ਨਾਂਹ ਕਰਕੇ ਇੱਕਮੁੱਠਤਾ ਦਾ ਸਬੂਤ ਦਿੱਤਾ ਹੈ।

ਖਬਰਾਂ ਆਉਣ ਤੱਕ ਵਰਕਰ ਹੜਤਾਲ ਤੇ ਡਟੇ ਹੋਏ ਹਨ ਅਤੇ ਮੈਨੇਜਮੈਂਟ ਨਾਲ ਗੱਲਬਾਤ ਦੇ ਦੌਰ ਜਾਰੀ ਹਨ। ਜੇ ਗੱਲਬਾਤ ਸਿਰੇ ਨਹੀਂ ਚੜ੍ਹਦੀ ਤਾਂ ਅਮਰੀਕਾ ਦੀਆਂ ਹੋਰ ਕੰਪਨੀਆਂ ਦੇ ਵਰਕਰ ਵੀ ਹੜਤਾਲ ਦਾ ਰਸਤਾ ਅਪਣਾ ਸਕਦੇ ਹਨ। ਦੇਖਣ ਵਾਲੀ ਗੱਲ ਹੈ ਕਿ ਮੰਦਵਾੜੇ ਦੇ ਦੌਰ ਵਿੱਚ ਪੂੰਜੀਵਾਦ ਆਪਣੇ ਮੁਨਾਫੇ ਦੀ ਖੇਡ ਵਿੱਚ ਕਿੰਨੀ ਦੇਰ ਵਰਕਰਾਂ ਅਤੇ ਆਮ ਲੋਕਾਂ ਨੂੰ ਬਲੀ ਦਾ ਬਕਰਾ ਬਣਾ ਸਕਦਾ ਹੈ। ਪੂੰਜੀਵਾਦ ਦਾ ਇਹ ਵਰਤਾਰਾ ਸੰਸਾਰ ਵਿਆਪੀ ਹੈ ਜਿਸ ਵਿੱਚ ਯੂ ਐਸ ਏ ਇਸ ਦਾ ਧੁਰਾ ਹੈ। ਇਸ ਧੁਰੇ ਵਰਗੇ ਦੇਸ਼ ਅੰਦਰ ਵਰਕਰਾਂ ਦਾ ਇਹ ਦਲੇਰਾਨਾ ਸੰਘਰਸ਼ ਦੂਸਰੇ ਦੇਸ਼ਾਂ ਦੇ ਵਰਕਰਾਂ ਲਈ ਬਹੁਤ ਮਾਅਨੇ ਰੱਖਦਾ ਹੈ।


Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary


Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home.
You can upgrade your Kitchen or Washroom

Harmanjot Dhudike
403-975-0006
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com


# ਮੈਂ ਬਹੁਤ ਉਦਾਸ ਅਤੇ ਫਿਕਰਮੰਦ ਹਾਂ...



ਨਾਹਰ ਸਿੰਘ ਕੈਨੇਡਾ





*ਪੰਡਿਤ ਜਵਾਹਰ ਲਾਲ ਨਹਿਰੂ ਨੇ ਜਦੋਂ ਯੂਨੀਵਰਸਿਟੀਆਂ ਅਜ਼ਾਦੀ ਤੋਂ ਬਾਅਦ ਸ਼ੁਰੂ ਕਰਨ ਦਾ ਫੈਸਲਾ ਲਿਆ ਤਾਂ ਉਨ੍ਹਾਂ ਕਿਹਾ ਕਿ ਇਹ ਅਜਿਹੇ ਵਿਚਾਰਾਂ ਦੇ ਕੇਂਦਰ ਹੋਣਗੇ ਜਿਥੇ ਵੱਖੋਂ ਵੱਖਰੇ ਵਿਚਾਰ ਅਤੇ ਸੋਚਾਂ ਖੁੱਲ੍ਹੇ ਮਨਾਂ ਨਾਲ ਹਰੇਕ ਵਰਤਾਰੇ, ਘਟਨਾਵਾਂ ਅਤੇ ਸਮੱਸਿਆਵਾਂ ਉਪਰ ਚਰਚਾ ਹੀ ਨਹੀਂ ਕਰਨਗੀਆਂ ਬਲਕਿ ਇਸ ਤੋਂ ਵੀ ਅਗਾਂਹ ਵੱਖਰੋ ਵੱਖਰੀਆਂ ਵਿਚਾਰਧਾਰਾਵਾਂ ਦੇ ਆਪਸੀ ਟਕਰਾਵਾਂ ਅਤੇ ਸੋਚਾਂ ਦੀਆਂ ਵੰਨਗੀਆਂ ਅਤੇ ਦ੍ਰਿਸ਼ਟੀਆਂ ਨੂੰ ਹੋਰ ਸਮਝਣ ਅਤੇ ਤਿੱਖਾ ਕਰਨ ਵਿਚ ਯੋਗਦਾਨ ਪਾਉਣ ਵਾਲੇ ਇਹ ਕੇਂਦਰ ਹੋਣਗੇ। ਪ੍ਰੰਤੂ ਜਿਸ ਕਿਸਮ ਨਾਲ ਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਵਾਪਰ ਰਿਹਾ ਹੈ ਕਿ ਵਿਚਾਰਾਂ ਦੀ ਥਾਂ 'ਤੇ ਮੱਧਯੁੱਗੀ ਕਿਸਮ ਦੇ ਢੰਗ ਨਾਲ ਲੜਾਈਆਂ ਕੀਤੀਆਂ ਜਾ ਰਹੀਆਂ ਹਨ ਇਹ ਵਿਦਿਅਕ ਅਦਾਰਿਆਂ ਦੀ ਤਰਾਸਦੀ ਨੂੰ ਦਰਸਾਉਂਦੀਆਂ ਹਨ। ਇਕ ਵਰਤਾਰਾ ਅਜਿਹਾ ਪੰਜਾਬ ਦੀ ਯੂਨੀਵਰਸਿਟੀ ਵਿਚ ਵਾਪਰਿਆ। ਉਸ ਨੇ ਜਿਸ ਕਿਸਮ ਨਾਲ ਪੰਜਾਬੀ ਲੋਕਧਾਰਾ ਦੀ ਨਾਮਵਰ ਹਸਤੀ ਡਾ. ਨਾਹਰ ਸਿੰਘ ਨੂੰ ਝੰਜੋੜਿਆ ਹੈ ਉਸ ਦੇ ਵਿਚਾਰਾਂ ਨੂੰ ਤੁਹਾਡੇ ਸਨਮੁੱਖ ਰੱਖ ਰਹੇ ਹਾਂ। – ਸੰਪਾਦਕ*

ਸੁਰਜੀਤ ਉੱਤੇ ਹੋਏ ਹਮਲੇ ਤੋਂ ਬਹੁਤ ਉਦਾਸ ਹਾਂ, ਫ਼ਿਕਰਮੰਦ ਵੀ। ਸਵਾਲ ਤਾਂ ਇਹ ਹੈ ਕਿ ਬਿਨ੍ਹਾਂ ਕਿਸੇ ਪੜਤਾਲ, ਜਾਂਚ ਉਡੀਕੇ, ਕੁਝ ਜਣਿਆਂ ਵੱਲੋਂ ਸੁਰਜੀਤ ਉੱਤੇ ਜਾਨਲੇਵਾ ਹਮਲਾ ਕਰ ਦਿੱਤਾ ਜਾਂਦਾ ਹੈ ਉਹ ਵੀ ਉਸ ਸਮੇਂ ਜਦੋਂ ਉਹ ਇਸ ਵਿਸ਼ਵਾਸ ਨਾਲ ਕਿ ਇਹ ਸਾਡੇ ਵਿਦਿਆਰਥੀ ਹਨ, ਨੂੰ ਸਚਾਈ ਦੱਸੀ ਜਾਵੇ। ਗੱਲ ਚੱਲ ਹੀ ਰਹੀ ਹੁੰਦੀ ਹੈ ਕਿ ਕੁਝ ਜਣੇ ਹਮਲਾ ਕਰ ਦਿੰਦੇ ਹਨ ਅਤੇ ਜਿਵੇਂ ਕਿਵੇਂ ਉਸ ਨੂੰ ਹਸਪਤਾਲ ਪਹੁੰਚਾਇਆ ਜਾਂਦਾ ਹੈ।

ਕਦੋਂ ਇੱਕ ਵਿਦਿਆਰਥੀ ਪ੍ਰੋਟੈਸਟ ਐਨਾ ਹਿੰਸਕ ਹੋ ਜਾਂਦਾ ਹੈ, ਡੂੰਘੇ ਸਵਾਲ ਖੜ੍ਹੇ ਕਰਦਾ ਹੈ। ਵੀਡੀਓਜ਼ ਤੋਂ ਜਿਹੜੀਆਂ ਮੈਂ ਦੇਖ ਸਕਿਆਂ ਹਾਂ, ਵਿੱਚ ਕੁਝ ਜਣੇ ਐਸੀ ਭਾਸ਼ਾ ਵਰਤ ਰਹੇ ਹਨ ਜਿਹੜੀ ਨਾਂ ਪੰਜਾਬੀ ਸੱਭਿਅਤਾ ਦੀ ਹੈ ਅਤੇ ਨਾਂ ਹੀ ਵਿਦਿਆਰਥੀਆਂ ਦੀ। ਇਹ ਵੀ ਸਪਸ਼ਟ ਹੁੰਦਾ ਹੈ ਕਿ ਗੱਲਬਾਤ ਕਰ ਰਹੇ ਵਿਦਿਆਰਥੀ ਅਜੇ ਗੱਲ ਕਰ ਰਹੇ ਹਨ, ਇੱਕ ਹੋਰ ਹਜ਼ੂਮ ਹਮਲਾ ਕਰ ਦਿੰਦਾ ਹੈ। ਮੌਕੇ ਤੇ ਹਾਜ਼ਰ ਇੱਕ ਸੀਨੀਅਰ ਵਿਦਿਆਰਥੀ ਨੇ ਭਰੇ ਮਨ ਮੈਨੂੰ ਦੱਸਿਆ ਕਿ ਸਰ ਅਜੇ ਗੱਲ ਚੱਲ ਹੀ ਰਹੀ ਸੀ ਕਿ ਪਿੱਛੋਂ ਆਵਾਜ਼ ਆਈ ਕਿ ਫ਼ੈਸਲਾ ਹੋ ਗਿਆ ਚੱਕ ਦਿਓ। ਇਹ ਚੱਕਣ ਵਾਲੇ ਕੌਣ ਨੇ ਦੀ ਪਛਾਣ ਵੀ ਮੇਰੇ ਲਈ ਫ਼ਿਕਰਮੰਦੀ ਹੈ, ਵਿਦਿਆਰਥੀ ਤਾਂ ਨਹੀਂ ਹੋ ਸਕਦੇ। ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਮਾੜੇ ਵਕਤਾਂ ਵਿੱਚ ਮੈਂ ਬਹੁਤ ਘੋਲਾਂ ਵਿੱਚ ਹਿੱਸਾ ਲਿਆ ਪਰ ਟੀਚਰਾਂ ਉੱਤੇ ਕਦੇ ਐਵੇਂ ਦੇ ਹਮਲੇ ਨਹੀਂ ਸੀ ਦੇਖੇ, ਨਾਂ ਕਦੇ ਇਹ ਸੋਚ ਹੀ ਕਦੇ ਮੇਰੇ ਮਨ ਵਿੱਚ ਆਈ। ਖੰਨੇ ਪੜ੍ਹਦਿਆਂ, ਸਖ਼ਤ ਟੀਚਰ ਵੀ ਦੇਖੇ। ਕਈ ਵਾਰ ਟੀਚਰਾਂ ਕੋਲੋਂ ਜੱਥੇਬੰਦੀ ਦੇ ਵਿਦਿਆਥੀਆਂ ਦੀਆਂ ਹਾਜ਼ਰੀਆਂ ਪੂਰੀਆਂ ਕਰਵਾਉਂਣ ਦੀਆਂ ਬਹਿਸਾਂ ਵੀ ਹੋਈਆਂ, ਕਦੇ ਨਹੀਂ ਸੀ ਕਿ ਕਿਸੇ ਸਟੂਡੈਂਟ ਜੱਥੇਬੰਦੀ ਨੇ ਟੀਚਰ ਨਾਲ ? ਕੋਈ ਬਦਸਲੂਕੀ ਕੀਤੀ ਹੋਵੇ। ਕੀ ਹੁਣ ਸਮੇਂ ਬਦਲ ਗਏ, ਕੀ ਹੁਣ ਟੀਚਰ ਅਤੇ ਵਿਦਿਆਰਥੀ ਸੰਬੰਧਾਂ ਵਿੱਚ ਕੋਈ ਸੰਕਟ ਖੜ੍ਹਾ ਹੋ ਗਿਆ। ਮੇਰੇ ਕੋਲ ? ਇਸ ਦਾ ਭਾਵੇਂ ਕੋਈ ਡੂੰਘਾ ਵਿਸ਼ਲੇਸ਼ਣੀ ਜੁਆਬ ਤਾਂ ਨਹੀਂ ਪਰ ਇਸੇ ਘਟਨਾ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਸੁਰਜੀਤ ਨੂੰ ਬਚਾਉਣ ਵਾਲੇ ਵੀ ਵਿਦਿਆਰਥੀ ਹੀ ਸਨ ਜਿਹੜਾ ਮੇਰੇ ਲਈ ਥੋੜ੍ਹਾ ਸਕੂਨ ਦਾ ਕਾਰਣ ਹੈ। ਬਹੁ ਗਿਣਤੀ ਵਿਦਿਆਰਥੀ ਅਜੇ ਵੀ ਉਵੇਂ ਹੀ ਸਤਿਕਾਰ ਕਰਨ ਵਾਲੇ ਹਨ ਜਿਵੇਂ ਮੇਰੇ ਵੇਲੇ ਸੀ।

ਹੁਣ ਗੱਲ ਸੁਰਜੀਤ ਦੀ। ਸੁਰਜੀਤ ਪਟਿਆਲਾ ਯੂਨੀਵਸਿਟੀ ਵਿੱਚ ਮੇਰਾ ਵਿਦਿਆਥੀਆਂ ਸੀ, ਮੈਂਨੂ ਇਹ ਵਿਦਿਆਰਥੀ ਸਮੇਤ ਯੋਗ ਰਾਜ ਦੇ ਬੜਾ ਪਿਆਰਾ ਸੀ, ਲਾਇਕ ਸੀ, ਕੁੜਤਾ ਪਜਾਮਾ ਪਾ ਕੇ ਕਲਾਸ ਵਿੱਚ ਆਉਣਾ। ਮੇਰੇ ਟੀਚਰ ਦਰਸ਼ਨ ਸਿੰਘ ਦਾ ਵੀ ਚਹੇਤਾ। ਬਾਹੀਆ ਸਾਹਿਬ ਨਾਲ ਯੂਨੀਅਨ ਵਿੱਚ ਕਾਰਜ ਕੀਤਾ। ਯੂਨੀਵਰਸਿਟੀ ਵਿੱਚ ਇਹ, ਯੋਗ ਰਾਜ ਅਤੇ ਭੱਟੀ ਪੋਸਟਰ ਲਾਉਣ ਲਈ ਪਟਿਆਲਾ ਸਿਟੀ ਤੱਕ ਜਾਂਦੇ। ਮੈਂ ਭਾਵੇਂ ਹੋਰ ਵਿਚਾਰਾਂ ਵਾਲੀ ਜੱਥੇਬੰਦੀ ਵਿੱਚ ਸੀ ਪਰ ਇੱਕ ਲਾਇਕ ਵਿਦਿਆਥੀ ਅਤੇ ਖੰਨੇ ਦੀ ਸਾਂਝ ਐਸੀ ਸੀ, ਸੁਰਜੀਤ ਨਾਲ ਅੱਜ ਤੱਕ ਰਿਸ਼ਤਾ ਐਵੇਂ ਹੈ ਜਿਵੇਂ ਮੈਂ ਕੋਈ ਉਹਦਾ ਭਰਾ ਹੋਵਾਂ, ਵੱਡਾ। ਸੁਰਜੀਤ ਨੇ ਟੀਚਰ ਦੇ ਤੌਰ ਤੇ ਨਾਂ ਕਮਾਇਆ। ਮੈਂ ਅਕਸਰ ਕਹਿਨਾਂ ਕਿ ਜਗਦੀਸ਼, ਯੋਗ ਰਾਜ ਅਤੇ ਸੁਰਜੀਤ ਮੇਰੇ ਹੋਣਹਾਰ ਵਿਦਿਆਰਥੀ ਨੇ ਜਿਨ੍ਹਾਂ ਨੇ ਬਲਦੇਵ ਧਾਲੀਵਾਲ ਅਤੇ ਰਜਿੰਦਰਪਾਲ ਬਰਾੜ ਤੋਂ ਬਾਅਦ ਆਪਣਾ ਨਾਂ ਬਣਾ ਲਿਆ।

ਸੁਰਜੀਤ ਅਕਾਮਿਕਤਾ ਵਿੱਚ ਸਮਝੌਤਾ ਨਹੀਂ ਕਰਦਾ, ਇਸੇ ਲਈ ਅੜਬ ਹੋਣ ਦਾ ਵਿਸ਼ੇਸ਼ਣ ਤਾਂ ਮੈਂ ਵੀ ਕਦੇ ਕਦੇ ਲਾਉਨਾ, ਇਹਦੇ ਨਾਲ ਵਿਚਾਰਾਂ ਵਿੱਚ ਨਵੀਂ, ਸੂਖਮ ਗੱਲ ਕਰਨ ਵਾਲਾ, ਪਰੋ ਵਿਦਿਆਰਥੀ ਵੀ ਹੈ। ਇੱਕ ਵਾਰ ਪਤਾ ਚੱਲਿਆ ਕਿ ਇਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਵਿਦਿਆਥੀਆਂ ਦੇ ਘੋਲ ਵਿੱਚ ਬੋਲ ਕੇ ਗਿਆ ਜਿਸ ਨਾਲ ਮੈਂ ਸਹਿਮਤ ਨਹੀਂ ਸੀ। ਪਰ ਇਹ ਲਗਾਤਾਰ ਜਿਹੜੇ ਵਿਦਿਆਰਥੀ ਸੱਦਾ ਦਿੰਦੇ, ਡੱਟ ਕੇ ਉਹਨਾਂ ਦੇ ਹੱਕ ਚ ਬੋਲਦਾ ਹੈ। ਯਕੀਨ ਨਹੀਂ ਆਉਂਦਾ ਐਸੇ ਟੀਚਰ ਤੇ ਹਮਲਾ ਜਿਹੜਾ ਵਿਦਿਆਥੀਆਂ ਦੇ ਹੱਕਾਂ ਦੀ ਗੱਲ ਕਰਦਾ ਹੈ। ਗੱਲ ਕੋਈ ਹੋਰ ਹੈ ਜਿਹੜੀ ਮੈਨੂੰ ਲਗਦੀ ਹੈ, ਕੋਈ ਪੁਰਾਣੀ ਰੜਕ ਕੱਢੀ ਗਈ ਹੈ, ਮੌਕਾ ਬੇਟੀ ਦੀ ਮੌਤ ਦਾ ਸੰਵੇਦਨਸ਼ੀਲ ਚੁਣਿਆ ਗਿਆ। ਮੈਂ ਟੀਚਰ ਦੇ ਤੌਰ 'ਤੇ ਬੇਟੀ ਦੀ ਮੌਤ ਲਈ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕਰਦਾਂ ਅਤੇ ਇਸ ਦਰਦ ਨੂੰ ਵੀ ਮਹਿਸੂਸ ਕਰ ਸਕਦਾ।

ਇੱਕ ਹੋਰ ਸਵਾਲ ਇਹ ਵੀ ਹੈ ਮੇਰੇ ਮਨ ਵਿੱਚ, ਸੁਰਜੀਤ ਨੇ ਕੀ ਲੈਣਾ, ਵਾਧੂ ਚਾਰਜਾਂ ਤੋਂ, ਆਪਣੀ ਸਾਹਿਤ ਆਲੋਚਨਾ ਅਤੇ ਪੀ ਐਚ ਡੀ ਵਿਦਿਆਰਥੀਆਂ ਦੀ ਪੜ੍ਹਾਈ ਉੱਤੇ ਸਮਾਂ ਲਾਉਣ। ਦੇਖੋ ਇਹ ਕੁਦਰਤੀ ਹੈ ਕਿ ਅਥਾਰਟੀ ਕੋਈ ਵੀ ਹੋਵੇ, ਇਹ ਧਿਆਨ ਰੱਖਦੀ ਹੈ ਕਿ ਅਣਥੱਕ ਕੰਮ ਕਰਨ ਵਾਲਾ ਕੌਣ ਹੈ, ਯੂਨੀਵਰਸਿਟੀ ਨੂੰ ਐਸੇ ਟੀਚਰਾਂ ਦੀ ਲੋੜ ਹੁੰਦੀ ਹੈ।

ਇਹੀ ਕਾਰਣ ਹੈ ਕਿ ਸੁਰਜੀਤ ਨੂੰ ਵਾਧੂ ਚਾਰਜਾਂ ਦਾ ਕੰਮ ਦਿੱਤਾ ਗਿਆ ਹੋਣਾ। ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਦੀ ਵਕਾਰੀ ਪਬੀਕੇਸ਼ਨ ਹੈ ਜਿਸਨੇ ਮੇਰੀਆਂ ਵੀ ਸਾਰੀਆਂ ਕਿਤਾਬਾਂ ਨੂੰ ਛਾਪਿਆ ਹੈ। ਸੁਰਜੀਤ ਜਦੋਂ ਦਾ ਇਸ ਪਬੀਕੇਸ਼ਨ ਦਾ ਇੰਚਾਰਜ ਨਿਯੁਕਤ ਹੋਇਆ, ਦਿਨ ਰਾਤ ਲੱਗਿਆ ਹੋਇਆ ਕਿ ਇਸ ਦਾ ਵਕਾਰ ਕਾਇਮ ਰਹੇ।

ਕੀ ਸਰਕਾਰਾਂ ਜਾਂ ਯੂਨਵਰਸਿਟੀ ਦੇ ਵੀ ਸੀ ਸਾਹਿਬ ਇਹ ਫ਼ਿਕਰ ਨਹੀਂ ਕਰਦੇ ਕਿ ਵਾਧੂ ਚਾਰਜਾਂ ਦੀ ਥਾਂ ਇਹਨਾਂ ਪੋਸਟਾਂ ਲਈ ਕੋਈ ਪੱਕੇ ਬੰਦੇ ਰੱਖੇ ਜਾਣ, ਇਹ ਮਸਲਾ ਵੀ ਸੋਚਣ ਲਈ ਮਜਬੂਰ ਕਰਦਾ ਹੈ ਕਿ ਵਾਧੂ ਚਾਰਜਾਂ ਨਾਲ ਟੀਚਰਾਂ ਵਿੱਚ ਵੀ ਇੱਕ ਦੁਫੇੜ ਪੈਦਾ ਹੁੰਦੀ ਹੈ। ਈਰਖਾ ਵੀ ਵਧਦੀ ਹੈ, ਇਹ ਇੱਕ ਕੁਦਰਤੀ ਮਨੁੱਖੀ ਵਰਤਾਰਾ ਹੈ। ਇਹ ਵੀ ਸੱਚ ਹੈ ਕਿ ਬਹੁਤੇ ਪ੍ਰਸਿੱਧ ਟੀਚਰਾਂ ਨਾਲ ਹੀ ਇਹ ਭਾਣੇ ਵਰਤਦੇ ਹਨ। ਸੱਚ, ਅਨੁਸ਼ਾਸ਼ਨ ਅਤੇ ਆਪਣੇ ਕੰਮ ਲਈ ਨਿਸ਼ਠਾ ਰੱਖਣ ਕਾਰਣ, ਕੁਝ ਧਿਰਾਂ ਨੂੰ ਸੁਰਜੀਤ ਵਰਗੇ ਟੀਚਰ ਰਾਸ ਨਹੀਂ ਆਉਂਦੇ। ਅੰਦਰੂਨੀ ਰਾਜਨੀਤੀ ਦਾ ਜਿਹੜਾ ਹਵਾਲਾ, ਇਸ ਘਟਨਾ ਸਾਹਮਣੇ ਆ ਰਿਹਾ ਜਾਂ ਕਿਹਾ ਜਾ ਰਿਹਾ, ਇਹ ਵੀ ਮੈਂਨੂ ਇੱਕ ਕਾਰਣ ਲਗਦਾ ਹੈ। ਸੋ ਅਥਾਰਟੀ ਵਾਧੂ ਚਾਰਜ ਦੇਣ ਦੀ ਬਜਾਏ, ਇਹਨਾਂ ਪੋਸਟਾਂ ਉੱਤੇ ਰੈਗੂਲਰ ਫੁੱਲ ਟਾਈਮ ਨਿਯੁਕਤੀਆਂ ਕਰੇ, ਨਹੀਂ ਤਾਂ ਇਹ ਸਮੱਸਿਆ ਈਰਖਾ ਦਾ ਕਾਰਣ ਬਣਦੀ ਰਹੇਗੀ ਅਤੇ ਟੀਚਰਾਂ ਦੀ ਰਿਸਰਚ ਅਤੇ ਪ੍ਰਤਿਭਾ ਨੂੰ ਵੀ ਨੁਕਸਾਨ ਹੋਵੇਗਾ।

ਮੇਰਾ ਅਜੇ ਵੀ ਇਹ ਵਿਸ਼ਵਾਸ ਹੈ ਕਿ ਇਹ ਹਮਲਾ ਵਿਦਿਆਰਥੀਆਂ ਨੇ ਨਹੀਂ ਕੀਤਾ, ਸੰਵੇਦਨਾ ਵਾਲੇ ਮੁੱਦਿਆਂ ਨੂੰ ਕੁਝ ਅਨਸਰਾਂ ਵੱਲੋਂ ਇਸ ਘਟਨਾ ਨੂੰ ਅੰਜ਼ਾਮ ਦਿੱਤਾ ਗਿਆ ਜਿਸ ਦਾ ਹੱਲ ਕਾਨੂੰਨੀ ਕਾਰਵਾਈ ਨਾਲ ਹੀ ਹੋਣਾ ਹੈ, ਨਹੀਂ ਤਾਂ ਐਸੇ ਜਣਿਆਂ ਨੂੰ ਹੋਰ ਸ਼ਹਿ ਮਿਲਦੀ ਰਹੇਗੀ। ਜਿਹੜਾ ਦਿਖਦਾ ਹੈ, ਉਸ ਪਿੱਛੇ ਕੀ ਹੈ, ਲੱਭਣਾ ਥੋੜ੍ਹਾ ਮੁਸ਼ਕਿਲ ਤਾਂ ਹੈ, ਅਸੰਭਵ ਨਹੀਂ। ਕੁਝ ਮਸਲੇ ਨੈਤਿਕਤਾ ਤੋਂ ਅਗਾਂਹ, ਲਿਗਲੀ ਹੀ ਹੱਲ ਹੋਣਗੇ। ਅਥਾਰਟੀ ਨੂੰ ਇਹ ਸੋਚਣਾ ਪਵੇਗਾ ਕਿ ਪ੍ਰੋਟੈਸਟ ਨੂੰ ਕਿਵੇਂ ਲੋਕਤੰਤਰਿਕ ਬਣਾਈ ਰੱਖਿਆ ਜਾਵੇ। ਵਿਦਿਆਰਥੀਆਂ ਦਾ ਰੋਹ ਜਾਇਜ਼ ਹੈ, ਇੱਕ ਹੋਣਹਾਰ ਬੱਚੀ ਦੀ ਬੇ ਵਕਤ ਮੌਤ ਹੋਈ ਹੈ। ਪਰਿਵਾਰ ਨੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਕਿਤੇ ਮਾਨਸਿਕ ਦਬਾਅ ਕੋਈ ਕਾਰਣ ਤਾਂ ਨਹੀਂ। ਪੜ੍ਹਤਾਲ ਛੇਤੀ ਕਰਵਾ ਦੇਣੀ ਚਾਹੀਦੀ ਹੈ। ਜਿਹਨਾਂ ਨੇ ਅਸਲ ਹਮਲਾ ਕੀਤਾ ਹੈ, ਉਨ੍ਹਾਂ ਦੀ ਅਸਲ ਪਛਾਣ ਵੀ ਨਸ਼ਰ ਹੋਣੀ ਚਾਹੀਦੀ ਹੈ।

ਮੇਰਾ ਹੁਣ ਇਹ ਸਤਰਾਂ ਲਿਖਦਿਆਂ ਪੂਰਨ ਵਿਸ਼ਵਾਸ ਹੈ ਕਿ ਵਿਦਿਆਰਥੀ ਐਸਾ ਹਮਲਾ ਨਹੀਂ ਕਰ ਸਕਦੇ, ਕੋਈ ਹੋਰ ਨੇ ਜਿਹੜੇ ਸੁਰਜੀਤ ਦਾ ਨੁਕਸਾਨ ਕਰਨਾ ਚਾਹੁੰਦੇ ਹਨ। ਮੇਰੇ ਲਈ ਅੱਜ ਵੀ ਮੇਰੇ ਵਿਦਿਆਰਥੀ, ਮੇਰੀਆਂ ਬਾਹਾਂ ਹਨ, ਮੇਰੀ ਸਮੱਰਥਾ। ਵਿਦਿਆਰਥੀ ਮਾਰਦੇ ਨਹੀਂ, ਟੀਚਰ ਦੀ ਉਮਰ ਵਧਾ ਦਿੰਦੇ ਨੇ ਆਪਣੇ ਨਿੱਘ ਅਤੇ ਸਤਿਕਾਰ ਨਾਲ ਮੈਂ ਜਦੋਂ ਵੀ ਛਿਮਾਹੀ ਬਾਅਦ ਕੈਨੇਡਾ ਤੋਂ ਚੰਡੀਗੜ੍ਹ ਆਉਂਦਾ ਹਾਂ, ਸਿੱਧਾ ਵਿਭਾਗ ਜਾਂਦਾ ਹਾਂ। ਉਹਨਾਂ ਵਿਦਿਆਰਥੀਆਂ ਨੂੰ ਮਿਲਦਾਂ ਜਿਹੜੇ ਵਿਭਾਗ ਵਿੱਚ ਪੜ੍ਹ ਰਹੇ ਨੇ, ਮੇਰੇ ਵਿਦਿਆਥੀਆਂ ਕੋਲ ? ਪੜ੍ਹ ਰਹੇ ਹਨ। ਮੇਰੀਆਂ ਦੋ ਅਕਾਦਮਿਕ ਠਾਹਰਾਂ ਹਨ, ਇੱਕ ਚੰਡੀਗੜ੍ਹ ਦੂਜੀ ਪਟਿਆਲੇ। ਪਟਿਆਲੇ ਤੋਂ ਬਰਾੜ, ਧਾਲੀਵਾਲ, ਸੁਰਜੀਤ, ਗੁਰਮੁਖ, ਸੈਣੀ ਅਤੇ ਉਹਨਾਂ ਦੇ ਵਿਦਿਆਰਥੀ ਸਨੇਹ ਨਾਲ ? ਮਿਲਦੇ ਹਨ। ਲੈਕਚਰ ਆਯੋਜਿਤ ਹੁੰਦੇ ਨੇ। ਪਬਲੀਕੇਸ਼ਨ ਬਿਊਰੋ ਵਿੱਚ ਐਵੇਂ ਜਾਂਦਾ ਹਾਂ ਜਿਵੇਂ ਮੰਦਿਰ ਮੱਥਾ ਟੇਕਣਾ ਹੋਵੇ।

ਚੰਡੀਗੜ੍ਹ ਯੋਗ ਰਾਜ ਹੈ, ਆਉਂਦੇ ਹੀ ਪੁੱਛਦਾ ਹੈ ਸਾਡੇ ਵਿਦਿਆਰਥੀਆਂ ਨੂੰ ਕਿੰਨੇ ਦਿਨ ਪੜ੍ਹਾਉਂਗੇ। ਲਗਦਾ ਨੌਕਰੀ ਤੋਂ ਰਿਟਾਇਰ ਹੋਇਆ, ਵਿਦਿਆਥੀਆਂ ਨੇ ਅਜੇ ਜ਼ਿੰਦਗੀ ਤੋਂ ਰਿਟਾਇਰ ਨਹੀਂ ਕੀਤਾ। ਸਮਾਣੇ ਤੋਂ ਸ਼ਮਸ਼ੇਰ ਪਹੁੰਚਦਾ, ਜਗਤਾਰ ਵੀ, ਕਰਨੈਲ ਵੀ। ਫਿਰ ਭੂਪਿੰਦਰ ਖ਼ੈਰਾ। ਸਰਬਜੀਤ, ਸੁਖਦੇਵ ਪੰਜਾਬ ਅਤੇ ਪੰਜਾਬੀ ਸਾਹਿਤ ਸਭਾਵਾਂ ਬਾਰੇ ਚਰਚਾ ਕਰਦੇ ਨੇ। ਇੱਛਾ ਹੁੰਦੀ ਹੈ ਕਿ ਪਾਤਰ, ਗਰੇਵਾਲ ਨੂੰ ਮਿਲ ਲਈਏ। ਗੁਰਬਚਨ ਦਾ ਤਬਸਰਾ ਸੁਣ ਲਈਏ। ਬਲਵਿੰਦਰ ਗਰੇਵਾਲ ਅਤੇ ਨਸਰਾਲੀ ਦੀ ਕਹਾਣੀ ਦੀ ਚਰਚਾ ਕਰ ਲਈਏ। ਵਿਭਾਗ ਚ ਯੋਗ ਰਾਜ ਦੇ ਨਵੇਂ ਵਿਦਿਆਰੀਆਂ ਦੀ ਇੱਛਾ ਹੁੰਦੀ ਹੈ ਕਿ ਲੋਕਧਾਰਾ ਵਾਲ ? ਨਾਹਰ ਸਿੰਘ ਨੂੰ ਮਿਲਾ ਦੇਵੋ। ਇਹ ਸਾਰਾ ਵਰਤਾਰਾ ਵਿਦਿਆਰਥੀ ਅਤੇ ਅਧਿਆਪਕ ਦਾ ਹੈ ਜਿਸ ਕਾਰਣ ਜਿਊਣ ਦਾ ਸਵੱਬ ਬਣੀਆ ਹੋਇਆ। ਇਹ ਕੀ ਵਾਪਰ ਗਿਆ ਕਿ ਵਿਦਿਆਰਥੀਆਂ ਦੇ ਚਹੇਤੇ ਸੁਰਜੀਤ ਉੱਤੇ ਕਿਹਾ ਜਾ ਰਿਹਾ ਕਿ ਵਿਦਿਆਰਥੀਆਂ ਨੇ ਹਮਲਾ ਕਰ ਦਿੱਤਾ ਜਿਸ ਨੂੰ ਮੰਨਣਾ ਮੁਸ਼ਕਿਲ ਹੈ। ਰੱਬ ਖ਼ੈਰ ਕਰੇ ਇਹ ਰਿਸ਼ਤਾ ਮੇਰੇ ਜਿਊਂਦੇ ਜੀ ਪਲੀਤ ਨਾ ਹੋਵੇ, ਪੜ੍ਹਤਾਲ ਚ ਇਹ ਐਲਾਨ ਹੋ ਜਾਵੇ ਕਿ ਨਹੀਂ ਵਿਦਿਆਥੀਆਂ ਨਹੀਂ, ਇਹ ਤਾਂ ਕੋਈ ਹੋਰ ਸਨ, ਵਿਦਿਆਰਥੀ ਥੋੜ੍ਹਾ ਟੀਚਰ ਤੇ ਹਮਲਾ ਕਰਦਾ। ਪਿਆਰੇ ਸੁਰਜੀਤ, ਦੁਆ ਹੈ ਕਿ ਪਹਿਲਾਂ ਵਾਂਗ ਹੀ ਤੂੰ ਸਟੂਡੈਂਟਸ ਦਾ ਚਹੇਤਾ ਬਣਿਆਂ ਰਹੇਂ, ਸਰੀਰਕ ਅਤੇ ਮਾਨਸਿਕ ਤੌਰ ਤੇ ਨੌ ਬਰ ਨੌ ਹੋ ਜਾਵੇਂ।


KHALSA COLLECTION
RELIGIOUS CULTURAL
1-587-917-0807
4310 104 AVE NE # 3210, Calgary, AB T3N 1W2
www.khalsacollection.ca
khalsacollectionince@gmail.com
Khalsacolleectioncalgary
• Gutka Sahib • Gurbani Radio • Gurbani USB • Kakar • Gatka Shaster • Dumalla Shaster
• Wall decor • Music instruments • Religious Accessories • Cultural Accessories • Cookware
• Utensils • Apparel • Dastaar • Chunni • Shawl • Lohi • Wedding itinerary

## ਦੋ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ

# ਕਾਰਪੋਰਟਾਂ ਦਾ ਢਿੱਡ ਭਰਦੀ ਹੈ, ਨਵੀਂ ਸਿਖਿਆਰਥੀ ਨੀਤੀ: ਪ੍ਰੋ. ਪੁਰੀ

## ਗ਼ਦਰ ਪਾਰਟੀ ਦਾ ਉਦੇਸ਼: ਆਜ਼ਾਦੀ, ਬਰਾਬਰੀ, ਧਰਮ ਨਿਰਪੱਖਤਾ: ਭੰਡਾਲ

ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਦੇਸ਼ ਭਗਤ ਯਾਦਗਾਰ ਹਾਲ 'ਚ ਪੰਜਾਬ ਭਰ ਤੋਂ ਜੁੜੇ ਸਿਖਿਆਰਥੀਆਂ ਦਾ ਸਾਲਾਨਾ ਚੇਤਨਾ ਕੈਂਪ ਅੱਜ ਬਹੁਤ ਹੀ ਉਤਸ਼ਾਹੀ ਅੰਦਾਜ਼ ਵਿਚ ਸ਼ੁਰੂ ਹੋਇਆ। ਪ੍ਰੋ. ਬਰਕਤ ਉੱਲਾ ਖਾਂ ਸੈਮੀਨਾਰ ਹਾਲ 'ਚ ਸ਼ੁਰੂ ਹੋਏ ਦੋ ਰੋਜ਼ਾ ਸਿਖਿਆਰਥੀ ਚੇਤਨਾ ਕੈਂਪ ਦੇ ਪਹਿਲੇ ਦਿਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜਿਥੇ ਸਮੁੱਚੇ ਆਜ਼ਾਦੀ ਸੰਗਰਾਮੀਆਂ ਦੀਆਂ ਅਥਾਹ ਕੁਰਬਾਨੀਆਂ ਦਾ ਜ਼ਿਕਰ ਕੀਤਾ ਉਥੇ ਵਿਸ਼ੇਸ਼ ਕਰਕੇ ਸਤੰਬਰ ਮਹੀਨੇ ਦੀਆਂ ਆਜ਼ਾਦੀ ਜੱਦੋ ਜਹਿਦ ਦੀਆਂ ਇਤਿਹਾਸਕ ਘਟਨਾਵਾਂ, ਸ਼ਹੀਦਾਂ, ਸੰਗਰਾਮੀਆਂ ਦੀ ਅਮਿੱਟ ਦੇਣ ਦਾ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਵੰਗਾਰਮਈ ਸਥਿਤੀ ਵਿੱਚ ਸਾਨੂੰ ਸਭ ਨੂੰ ਗ਼ਦਰੀ ਦੇਸ਼ ਭਗਤਾਂ ਦੇ ਸੁਪਨੇ ਪੂਰੇ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਿਖਿਆਰਥੀ ਚੇਤਨਾ ਕੈਂਪ ਦੇ ਮਹੱਤਵ ਉਪਰ ਰੌਸ਼ਨੀ ਪਾਉਂਦਿਆਂ ਸਿਖਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਗ਼ਦਰ ਪਾਰਟੀ ਦੀ ਇਤਿਹਾਸਕ ਵਿਰਾਸਤ ਅਤੇ ਇਸਦੀ ਪ੍ਰਸੰਗਕਤਾ ਨੂੰ ਸਮਝਦੇ ਹੋਏ ਆਪਣੀ ਇਤਿਹਾਸਕ ਭੂਮਿਕਾ ਅਦਾ ਕਰਨ ਲਈ ਅੱਗੇ ਆਉਣ। ਕਮੇਟੀ ਮੈਂਬਰ ਅਤੇ ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਨੇ 'ਗ਼ਦਰ ਪਾਰਟੀ ਦੇ ਆਜ਼ਾਦੀ, ਬਰਾਬਰੀ ਅਤੇ ਧਰਮ-ਨਿਰਪੱਖਤਾ ਦੇ ਸੰਕਲਪ' ਉਪਰ ਬਹੁਤ ਹੀ ਗੁੰਦਵੇਂ ਅਤੇ ਅਰਥ-ਭਰਪੂਰ ਭਾਸ਼ਣ ਨਾਲ ਗ਼ਦਰ ਪਾਰਟੀ ਦੇ ਇਹਨਾਂ ਤਿੰਨਾਂ ਪੱਖਾਂ ਦੀਆਂ ਮਹੀਣ ਪਰਤਾਂ ਨੂੰ ਖੋਲ੍ਹਿਆ। ਉਹਨਾਂ ਨੇ ਇਤਿਹਾਸਕ ਟੂਕਾਂ ਦੇ ਹਵਾਲਿਆਂ ਨਾਲ ਇਤਿਹਾਸ ਦਾ ਦਰਪਣ, ਸਿਖਿਆਰਥੀਆਂ ਦੇ ਰੂਬਰੂ ਕੀਤਾ। ਹਰਵਿੰਦਰ ਭੰਡਾਲ ਨੇ ਬਹੁਤ ਜਚਵੇਂ ਅੰਦਾਜ਼ 'ਚ ਸਿਖਿਆਰਥੀਆਂ ਨੂੰ ਚੌਕੰਨੇ ਕੀਤਾ ਕਿ ਜਿਵੇਂ ਅੱਜ ਇਹਨਾਂ ਤਿੰਨੇ ਨੁਕਤਿਆਂ ਨਾਲ ਉਲਟੀ ਰਾਜਨੀਤਕ ਖੇਡ ਖੇਡੀ ਜਾ ਰਹੀ ਹੈ। ਇਹ ਸਾਡੀ ਆਜ਼ਾਦੀ ਜੱਦੋ ਜਹਿਦ ਦੀ ਅਮੀਰ ਧਰੋਹਰ ਨਾਲ ਖੇਡਣਾ ਹੈ।






ਕੈਂਪ ਦੇ ਦੂਜੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਕੁਲਦੀਪ ਪੁਰੀ ਨੇ ਸਿੱਖਿਆ ਨੀਤੀ 2020: ਜੁਆਨੀ ਦਾ ਪਰਵਾਸ ਅਤੇ ਪੰਜਾਬ ਦਾ ਭਵਿੱਖ' ਵਿਸ਼ੇ ਉਪਰ ਵਿਸਥਾਰਤ ਚਾਨਣਾ ਪਾਇਆ। ਉਹਨਾਂ ਕਿਹਾ ਕਿ ਇਹ ਸਿੱਖਿਆ ਨੀਤੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਕੇ ਉਹਨਾਂ ਲਈ ਮੁਨਾਫ਼ੇ ਦੀ ਮੰਡੀ ਦੇ ਸਾਰੇ ਦੁਆਰ ਖੋਲ੍ਹਣਾ ਹੈ। ਮਿਹਨਤਕਸ਼ ਵਰਗ ਨੂੰ ਸਿੱਖਿਆ-ਵਿਹੂਣੇ ਰੱਖਣ ਅਤੇ ਜੁਆਨੀ ਨੂੰ ਕਾਰਪੋਰੇਟ ਜਗਤ ਲਈ ਲੋੜੀਂਦੇ ਔਜ਼ਾਰ ਬਣਾ ਧਰਨਾ ਹੈ। ਪ੍ਰੋ. ਕੁਲਦੀਪ ਪੁਰੀ ਨੇ ਕਿਹਾ ਕਿ ਜੁਆਨੀ ਦੇ ਪਰਵਾਸ ਦੇ ਅਨੇਕਾਂ ਕਾਰਨ ਹਨ ਪਰ ਇੱਕ ਕੇਂਦਰੀ ਨੁਕਤਾ ਸਾਂਝਾ ਹੈ; ਉਹ ਹੈ, ਕਿ ਜੁਆਨੀ ਵੱਲੋਂ ਸਾਡੇ ਮੁਲਕ ਦੇ ਅਜੋਕੇ ਮਾਹੌਲ ਤੋਂ ਅਸੰਤੁਸ਼ਟੀ ਦਾ ਸਪੱਸ਼ਟ ਇਜ਼ਹਾਰ।

ਉਹਨਾਂ ਕਿਹਾ ਕਿ ਪਰਵਾਸ, ਵੱਖ-ਵੱਖ ਮੁਲਕਾਂ ਦੇ ਹੁਕਮਰਾਨਾਂ ਦੇ ਰਾਜ ਭਾਗ ਨੂੰ ਸਲਾਮਤ ਅਤੇ ਮੁਨਾਫ਼ਾਮੁਖੀ ਰੱਖਣ ਦਾ ਹਥਿਆਰ ਹੈ, ਉਹਨਾਂ ਲਈ ਵੀਜ਼ਾ ਲਾਉਣ, ਵੀਜ਼ਾ ਰੋਕਣ ਦੇ ਐਲਾਨ ਆਪਣੇ ਮੁਫ਼ਾਦਾਂ ਤੋਂ ਪ੍ਰੇਰਤ ਹਨ। ਪ੍ਰੋ. ਕੁਲਦੀਪ ਪੁਰੀ ਦੇ ਭਾਸ਼ਣ ਵਿਸ਼ੇ; ਸਿੱਖਿਆ ਨੀਤੀ 2020: ਜੁਆਨੀ ਦਾ ਪਰਵਾਸ ਅਤੇ ਪੰਜਾਬ ਦਾ ਭਵਿੱਖ' ਵਿਸ਼ੇ ਤੇ ਸੁਆਲ-ਜੁਆਬ ਦੇ ਸੈਸ਼ਨ 'ਚ ਸਿਖਿਆਰਥੀਆਂ ਨੇ ਜੋ ਸੁਆਲ ਕੀਤੇ ਉਹਨਾਂ ਦੇ ਸਾਰਥਕ ਰੂਪ 'ਚ ਪ੍ਰੋ. ਪੁਰੀ ਹੋਰਾਂ ਜਵਾਬ ਦਿੱਤੇ। ਸੁਆਲਾਂ ਨਾਲ ਜੁੜੇ ਵਿਸ਼ਿਆਂ ਦੀ ਪ੍ਰੋ. ਹੋਰਾਂ ਵਿਆਖਿਆ ਕਰਦਿਆਂ ਅਤੇ ਠੋਸ ਉਦਾਹਰਣਾਂ ਨਾਲ ਜੋੜਦਿਆਂ ਬੜੇ ਤਸੱਲੀਬਖ਼ਸ਼ ਜਵਾਬ ਦਿੱਤੇ।

ਪ੍ਰੋ. ਹਰਵਿੰਦਰ ਭੰਡਾਲ ਨੇ ਗ਼ਦਰ ਪਾਰਟੀ ਦੇ ਆਜ਼ਾਦੀ, ਬਰਾਬਰੀ ਅਤੇ ਧਰਮ ਨਿਰਪੱਖਤਾ ਦੇ ਸੰਕਲਪ ਬਾਰੇ ਸਿਖਿਆਰਥੀਆਂ ਵੱਲੋਂ ਪੁੱਛੇ ਸੁਆਲ ਦੇ ਭਾਵਪੂਰਤ ਜਵਾਬ ਦਿੱਤੇ।

ਸਿਖਿਆਰਥੀ ਚੇਤਨਾ ਕੈਂਪ ਦੇ ਤੀਜੇ ਸੈਸ਼ਨ 'ਚ ਪੰਜਾਬ ਦੇ ਕੋਨੇ-ਕੋਨੇ ਤੋਂ ਝਰਨਿਆਂ ਵਾਂਗ ਆ ਕੇ ਸਾਗਰ 'ਚ ਜੁੜੇ ਸਿਖਿਆਰਥੀ, ਜਾਣ-ਪਹਿਚਾਣ ਮੰਚ ਤੇ ਆ ਕੇ ਸਾਂਝੀ ਕਰਦੇ ਸਮੇਂ ਇੱਕ-ਦੂਜੇ ਨਾਲ ਮਿਲਕੇ ਇਕੋ ਰੰਗ 'ਚ ਰੰਗੇ ਗਏ। ਉਹਨਾਂ ਨੇ ਆਪਣੇ ਗੀਤ, ਕਵਿਤਾਵਾਂ ਵੀ ਸਾਂਝੀਆਂ ਕੀਤੀਆ।

ਇਸ ਉਪਰੰਤ 'ਪੀਪਲਜ਼ ਵਾਇਸ' ਵੱਲੋਂ ਇਨਕਲਾਬੀ ਗੀਤ ਅਤੇ ਸਤਿਆਜੀਤ ਰੇਅ ਦੀ ਫ਼ਿਲਮ 'ਸਦਗਤੀ' ਦੀ ਸਕਰਿੰਨਿੰਗ ਕੀਤੀ ਗਈ। ਇਸ ਫ਼ਿਲਮ ਵਿੱਚ ਦਿਖਾਇਆ ਗਿਆ ਹੈ ਕਿ ਸਦੀਆਂ ਤੋਂ ਲਤਾੜਿਆ ਦਲਿਤ ਭਾਈਚਾਰਾ ਕਿਵੇਂ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦਾ ਹੈ ਅਤੇ ਸਥਾਪਤੀ ਦੇ ਜਾਤ-ਪਾਤੀ ਚਰਿੱਤਰ ਦਾ ਦਾਬਾ ਅਤੇ ਵਿਤਕਰਾ ਮੰਨਣ ਤੋਂ ਨਾਬਰ ਹੁੰਦਾ ਹੈ। ਸਿਖਿਆਰਥੀ ਚੇਤਨਾ ਕੈਂਪ ਦਾ ਮੰਚ ਸੰਚਾਲਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ
ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??
ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।
ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।
'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਦੁਨੀਆ ਦੀਆਂ ਨਜ਼ਰਾਂ ਵਿਚ ਭਾਰਤੀ ਹਕੀਕਤ

*ਪ੍ਰਸਿੱਧ ਰਾਜਨੀਤਕ ਵਿਸ਼ਲੇਸ਼ਕ ਅਤੇ ਲੇਖਕ ਅਰੁੰਧਤੀ ਰਾਏ ਨੇ ਭਾਰਤ ਦੀ ਹਕੀਕਤ ਜੋ ਜੀ-20 ਸਮੇਂ ਦੁਨੀਆ ਦੇ ਨੇਤਾਵਾਂ ਸਾਹਮਣੇ ਉਭਰ ਕੇ ਆਈ। ਹਾਲਾਂਕਿ ਕਈ ਕਿਸਮ ਦੇ ਲੁਕਵੇਂ ਢੰਗ ਤਰੀਕੇ ਵੀ ਅਪਣਾਏ ਗਏ ਤਾਂ ਕਿ ਅਮੀਰ ਦੇਸ਼ ਦਾ ਨਕਸ਼ਾ ਹੀ ਉਭਰੇ। ਇਨ੍ਹਾਂ ਸਵਾਲਾਂ ਨਾਲ ਦੋ ਚਾਰ ਹੁੰਦਿਆਂ ਪ੍ਰਸਿੱਧ ਚੈਨਲ ਅਲ ਜ਼ਜੀਰਾ ਨੂੰ ਲੰਬੀ ਇੰਟਰਵਿਊ ਦਿੱਤੀ। ਜਿਸ ਦਾ ਉਲੱਥਾ ਪੰਜਾਬੀ ਦੇ ਵਿਚ ਪ੍ਰਸਿੱਧ ਅਨੁਵਾਦਕਾਰ ਅਤੇ ਸਿਆਸਤ ਦੀਆਂ ਬਾਰੀਕੀਆਂ ਨੂੰ ਸਮਝਣ ਅਤੇ ਬਦਲਵੇਂ ਸਿਆਸੀ ਮਾਡਲਾਂ ਪ੍ਰਤੀ ਵਿਚਾਰ ਉਤਪੰਨ ਕਰਨ ਦੀ ਇੱਛਾ ਕਰਨ ਵਾਲੇ ਸ੍ਰ. ਬੂਟਾ ਸਿੰਘ ਨੇ ਇਹ ਲਿਖਤ ਸਰੋਕਾਰਾਂ ਦੀ ਆਵਾਜ਼ ਵਿਚਲੇ ਪਾਠਕਾਂ ਦੀ ਸਮਝਦਾਰੀ ਨੂੰ ਤਿੱਖਾ ਅਤੇ ਵਿਕਸਿਤ ਕਰਨ ਲਈ ਪ੍ਰਦਾਨ ਕੀਤੀ ਹੈ, ਤਾਂ ਕਿ ਜਿਸ ਕਿਸਮ ਦੀ ਅਜੋਕੀ ਦੇਸ਼ ਦੀ ਸਥਿਤੀ ਹੈ ਅਤੇ ਉਸ ਵਿਚ ਜੋ ਰਾਜਨੀਤਕ ਹਵਾਈ ਕਿਲੇ ਉਸਾਰੇ ਜਾ ਰਹੇ ਹਨ ਉਨ੍ਹਾਂ ਪ੍ਰਤੀ ਇਕ ਸ਼ਾਨਦਾਰ ਸਮਝਦਾਰੀ ਉਤਪੰਨ ਹੋ ਸਕੇ। ਲੇਖਕ ਅਰੁੰਧਤੀ ਰਾਏ ਦੀ ਕਲਮ ਦੇਸ਼ ਅੰਦਰ ਦੀਆਂ ਘੱਟ ਗਿਣਤੀਆਂ ਅਤੇ ਉਨ੍ਹਾਂ ਨਾਲ ਜੋ ਕੁਝ ਵਾਪਰ ਰਿਹਾ ਹੈ ਉਸ ਪ੍ਰਤੀ ਲਗਾਤਾਰ ਸੰਵੇਦਨਸ਼ੀਲ ਦ੍ਰਿਸ਼ਟੀਕੋਣ ਤੋਂ ਲੈ ਕੇ ਅਜੋਕੇ ਹੁਕਮਰਾਨਾ ਦੇ ਖਿਲਾਫ਼ ਬਦਲਵੀਂ ਆਵਾਜ਼ ਅਤੇ ਯੋਗਦਾਨ ਪਾਉਣ ਹਿਤ ਲਗਾਤਾਰ ਆਪਣੀ ਕਲਮ ਨਾਲ ਵਫ਼ਾ ਪਾਲ ਰਹੀ ਹੈ। - ਸੰਪਾਦਕ*



**ਅਨੁ.: ਬੂਟਾ ਸਿੰਘ ਮਹਿਮੂਦਪੁਰ**

ਪਿਛਲੇ ਦਿਨੀਂ ਭਾਰਤ ਜੀ-20 ਦੇ ਸਿਖ਼ਰ ਸੰਮੇਲਨ ਵਿਚ ਆਲਮੀ ਆਗੂਆਂ ਦੀ ਮੇਜ਼ਬਾਨੀ ਕਰਨ ਦੀਆਂ ਤਿਆਰੀਆਂ 'ਚ ਜੁੱਟਿਆ ਰਿਹਾ। ਸਾਨੂੰ ਦੱਸਿਆ ਗਿਆ ਕਿ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇਕ ਆਲਮੀ ਆਗੂ ਵਜੋਂ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਦਾ ਮਹੱਤਵਪੂਰਨ ਪਲ ਹੈ। ਨਵੀਂ ਦਿੱਲੀ ਨੂੰ ਉਚੇਚੇ ਤੌਰ 'ਤੇ ਸਜਾਉਣ ਲਈ "ਸੁੰਦਰੀਕਰਨ ਮੁਹਿੰਮ" ਚਲਾਈ ਗਈ ਜੋ ਵਿਵਾਦਾਂ 'ਚ ਘਿਰੀ ਰਹੀ ਅਤੇ ਜਿਸ ਨੂੰ ਅੰਜਾਮ ਦੇਣ ਲਈ ਬਹੁਤ ਸਾਰੀਆਂ ਗ਼ਰੀਬ ਬਸਤੀਆਂ ਨੂੰ ਬੁਲਡੋਜ਼ਰ ਨਾਲ ਢਹਿ-ਢੇਰੀ ਕਰ ਦਿੱਤਾ ਗਿਆ ਤੇ ਬਾਸ਼ਿੰਦਿਆਂ ਨੂੰ ਉਜਾੜ ਦਿੱਤਾ ਗਿਆ। ਸੱਜਰੇ ਪੇਂਟ ਕੀਤੇ ਕਮਲ ਦੇ ਫੁੱਲਾਂ ਦੇ ਚਿੱਤਰ - ਜੋ ਹੁਕਮਰਾਨ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਚੋਣ ਨਿਸ਼ਾਨ ਹੈ - ਥਾਂ-ਥਾਂ ਨਜ਼ਰ ਆ ਰਹੇ ਸਨ ਅਤੇ ਮੁੜ ਬਣਾਈਆਂ ਸੜਕਾਂ ਉੱਪਰ ਮੋਦੀ ਦੇ ਚਿਹਰੇ ਵਾਲੇ ਬਿਲਬੋਰਡਾਂ ਦੀਆਂ ਕਤਾਰਾਂ ਸਨ। ਇਸ ਮੌਕੇ ਅਲ-ਜਜ਼ੀਰਾ ਦੇ ਓਲੀਵਰ ਜਾਰਵਿਸ ਵੱਲੋਂ ਆਲਮੀ ਤੌਰ 'ਤੇ ਮਕਬੂਲ ਲੇਖਕਾ ਤੇ ਕਾਰਕੁਨ ਅਰੁੰਧਤੀ ਰਾਏ ਨਾਲ ਜੀ-20 ਸਮਾਗਮ ਬਾਰੇ ਅਤੇ ਭਾਰਤ ਦੀਆਂ ਘੱਟ-ਗਿਣਤੀਆਂ ਦੀ ਹਾਲਤ ਬਾਰੇ ਚਰਚਾ ਕੀਤੀ ਗਈ। ਰਾਏ ਭਾਰਤ ਸਰਕਾਰ ਦੇ ਘੱਟ ਗਿਣਤੀਆਂ-ਖ਼ਾਸ ਤੌਰ 'ਤੇ ਮੁਲਕ ਦੇ 20 ਕਰੋੜ ਮੁਸਲਮਾਨਾਂ - ਨਾਲ ਸਲੂਕ ਅਤੇ 2014 'ਚ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਦ ਹੋਰ ਹੱਕਾਂ ਦੇ ਘਾਣ ਦੀ ਬੇਬਾਕ ਆਲੋਚਕ ਹੈ। ਇਸ ਗੱਲਬਾਤ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।

**ਅਲ ਜਜ਼ੀਰਾ:** ਜੀ-20 ਸੰਮੇਲਨ ਦੀ ਮੇਜ਼ਬਾਨੀ ਕਰ ਰਹੇ ਭਾਰਤ ਵੱਲੋਂ ਘੱਟ-ਗਿਣਤੀਆਂ ਨਾਲ ਕੀਤੇ ਜਾ ਰਹੇ ਸਲੂਕ ਦੇ ਪ੍ਰਸੰਗ 'ਚ ਤੁਹਾਡਾ ਕੀ ਕਹਿਣਾ ਹੈ?

**ਅਰੁੰਧਤੀ ਰਾਏ:** ਦੇਖੋ, ਮੈਨੂੰ ਨਹੀਂ ਲੱਗਦਾ ਕਿ ਕੋਈ ਇਸ ਗੱਲ ਦੀ ਪ੍ਰਵਾਹ ਕਰਦਾ ਹੈ ਕਿਉਂਕਿ... ਇੱਥੇ ਜੀ-20 ਹੋ ਰਿਹੈ, ਹਰ ਕੋਈ ਆਪਣੇ ਲਈ ਮੌਕੇ, ਵਪਾਰਕ ਸੌਦੇ ਜਾਂ ਇਕ ਫ਼ੌਜੀ ਸਾਜ਼ੋ-ਸਮਾਨ ਦੇ ਸੌਦੇ ਜਾਂ ਭੂ-ਰਾਜਨੀਤਿਕ ਰਣਨੀਤਕ ਸਮਝੌਤੇ ਦੀ ਤਲਾਸ਼ 'ਚ ਹੈ।

# ਪੰਜਾਬੀ ਸਮਾਜ ਦੇ ਸਰੋਕਾਰ ਤੇ ਅਜੋਕਾ ਸੰਦਰਭ

ਸਮਾਜਿਕ ਸਰੋਕਾਰਾਂ ਨਾਲ ਜੁੜੇ ਹੋਏ ਐਡਵੋਕੇਟ ਜੋਗਿੰਦਰ ਸਿੰਘ ਤੂਰ ਵਲੋਂ ਆਯੋਜਿਤ ਵਿਚਾਰ ਚਰਚਾ ਵਿਚ ਪ੍ਰਮੁੱਖਤਾ ਨਾਲ ਬੋਲਦਿਆਂ ਸਿੱਖ ਵਿਰਸਾ ਦੇ ਸੰਪਾਦਕ ਸ੍ਰ. ਹਰਚਰਨ ਸਿੰਘ ਪਰਹਾਰ ਨੇ ਕਿਹਾ ਕਿ ਅਸੀਂ 1980 ਤੋਂ ਬਾਅਦ ਜਿਸ ਕਿਸਮ ਨਾਲ 1984 ਦੀ ਤਰਾਸਦੀ ਹੰਢਾ ਕੇ ਹਟੇ ਹਾਂ ਅਜੇ ਸਾਡੇ ਜ਼ਹਿਨ ਦਾ ਹਿਸਾ ਬਣੀ ਹੋਈ ਹੈ। ਹੁਣ ਜੋ ਘਟਨਾਵਾਂ ਕੈਨੇਡਾ ਵਿਚ ਵਾਪਰ ਰਹੀਆਂ ਹਨ ਅਤੇ ਜਿਸ ਕਿਸਮ ਨਾਲ ਮੁੜ ਧਰਮ ਆਧਾਰਤ ਰਾਜਨੀਤੀ ਆਪਣੇ ਪੈਰ ਜਮ੍ਹਾ ਰਹੀ ਹੈ ਇਹ ਸਾਡੇ ਸਾਰਿਆਂ ਦੇ ਸੋਚਣ ਦਾ ਸਵਾਲ ਹੈ। ਕਿਉਂਕਿ ਵੱਡੀ ਗਿਣਤੀ ਅਗਾਂਹਵਧੂ ਵਿਚਾਰਾਂ ਵਾਲੇ ਲੋਕ ਇਸ ਧਰਤੀ 'ਤੇ ਆ ਕੇ ਵੀ ਵਸੇ ਹੋਏ ਹਨ। ਇਸ ਚਰਚਾ ਵਿਚ ਪੰਜਾਬੀ ਦੇ ਪ੍ਰਸਿੱਧ ਪੱਤਰਕਾਰ ਗੁਰਦਿਆਲ ਬੱਲ ਨੇ ਕਿਹਾ ਕਿ ਸਾਡੇ ਅੰਦਰ ਦੀਆਂ ਵੱਖ ਵੱਖ ਵਿਚਾਰਧਾਰਕ ਵੰਨਗੀਆਂ ਨੂੰ ਹੋਰ ਖੁੱਲ੍ਹੇ ਮਨ ਨਾਲ ਸੰਵਾਦ ਰਾਹੀਂ ਵਿਚਾਰਾਂ ਦੇ ਪੱਧਰ 'ਤੇ ਸੋਚਣ ਦੀ ਜ਼ਰੂਰਤ ਹੈ। ਲੋਕ ਧਾਰਾ ਦੇ ਲੇਖਕ ਡਾ. ਨਾਹਰ ਸਿੰਘ ਨੇ ਕਿਹਾ ਕਿ ਪੰਜਾਬ ਹਮੇਸ਼ਾ ਹੀ ਕਿਸੇ ਨਾ ਕਿਸੇ ਰੂਪ ਵਿਚ ਸੰਕਟ ਵਿਚ ਆਉਂਦਾ ਰਿਹਾ ਹੈ ਅਤੇ ਇਸ ਦੀ ਜਮੀਨ ਦੀਆਂ ਜੜ੍ਹਾਂ ਐਨੀਆਂ ਡੂੰਘੀਆਂ ਹਨ ਕਿ ਮੁੜ ਫਿਰ ਆਪਣੇ ਵਿਰਸੇ 'ਚੋਂ ਅਗਾਂਹ ਲੰਘ ਜਾਂਦਾ ਹੈ। ਪ੍ਰਸਿੱਧ ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਅਤੇ ਰਾਜਨੀਤੀ ਵਿਚਲੇ ਪਾੜੇ ਨੇ ਪੰਜਾਬ ਨੂੰ ਸੰਕਟਗ੍ਰਸਤ ਕੀਤਾ ਹੈ। ਸਰੋਕਾਰਾਂ ਦੀ ਆਵਾਜ਼ ਦੇ ਸੰਪਾਦਕ ਹਰਬੰਸ ਸਿੰਘ ਨੇ ਕਿਹਾ ਕਿ ਅਸੀਂ ਲਗਾਤਾਰ ਪੰਜਾਬੀ ਸਮਾਜ ਨੂੰ ਅਗਾਂਹਵਧੂ ਵਿਚਾਰਾਂ ਤੋਂ ਜਾਣੂ ਕਰਵਾਉਂਦੇ ਰਹਿੰਦੇ ਹਾਂ। ਪੰਜਾਬੀ ਦੇ ਆਲੋਚਕ ਬਲਦੇਵ ਦੂਹੜੇ ਨੇ ਕਿਹਾ ਕਿ ਪੰਜਾਬੀ ਸਮਾਜ ਪ੍ਰਤੀ ਹੋਰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਇਸ ਤੋਂ ਇਲਾਵਾ ਇੰਦਰਦੀਪ ਸਿੰਘ, ਬਲਕਾਰ ਚੀਮਾ, ਬਲਦੇਵ ਔਲਖ, ਗੁਰਦੇਵ ਚੌਹਾਨ, ਦੇਵਿੰਦਰ ਤੂਰ, ਯਾਦਵਿੰਦਰ ਤੂਰ ਅਤੇ ਖ਼ੁਸ਼ਵੰਤ ਤੂਰ ਨੇ ਵੀ ਬਹਿਸ ਵਿਚ ਹਿੱਸਾ ਲਿਆ। ਇਹ ਇਕ ਸਾਰਥਿਕ ਵਿਚਾਰ ਚਰਚਾ ਹੋ ਨਿਬੜੀ।






ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।




Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.
Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Balloon House by Gurpreet
Gurpreet Gill
Founder
(403) 408-6566









For Birthday - Anniversary - Baby Shower - Shower
@balloonhousebygurpreet

BAINS VISION CENTRE



Jaswinder S Bains, Ph.D., OD.
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਇਸ ਲਈ ਇਹ ਗੱਲ ਨਹੀਂ ਹੈ ਕਿ ਇੱਥੇ ਆਉਣ ਵਾਲੇ ਲੋਕਾਂ ਵਿੱਚੋਂ ਕਿਸੇ ਨੂੰ, ਰਾਜ ਦੇ ਮੁਖੀਆਂ ਜਾਂ ਕਿਸੇ ਹੋਰ ਨੂੰ ਇਹ ਨਹੀਂ ਪਤਾ ਕਿ ਭਾਰਤ ਵਿਚ ਕੀ ਹੋ ਰਿਹੈ। ਜੋ ਕੁਝ ਭਾਰਤ ਵਿਚ ਹੋ ਰਿਹੈ, ਅਮਰੀਕਾ, ਯੂ.ਕੇ. ਤੇ ਫਰਾਂਸ ਵਰਗੇ ਮੁਲਕਾਂ ਦਾ ਮੁੱਖਧਾਰਾ ਮੀਡੀਆ ਉਸ ਦੀ ਬਥੇਰੀ ਆਲੋਚਨਾ ਕਰਦਾ ਰਿਹਾ ਹੈ, ਪਰ ਸਰਕਾਰਾਂ ਦਾ ਏਜੰਡਾ ਬਿਲਕੁਲ ਵੱਖਰਾ ਹੈ। ਇਸ ਲਈ ਮੈਨੂੰ ਨਹੀਂ ਲੱਗਦਾ ਕਿ ਇਹ ਵਿਸ਼ਵਾਸ ਕਰਨ ਲਈ ਕਾਫ਼ੀ ਭੋਲੇਪਣ ਦੀ ਜ਼ਰੂਰਤ ਹੈ ਕਿ ਇੱਥੇ ਆਉਣ ਵਾਲਿਆਂ ਲਈ ਇਹ ਕੋਈ ਮੁੱਦਾ ਹੈ।

**ਅਲ ਜਜ਼ੀਰਾ**: ਭਾਰਤ ਵਿਚ ਜੋ ਜੀ-20 ਆਯੋਜਿਤ ਕੀਤਾ ਜਾ ਰਿਹਾ ਹੈ ਕੀ ਤੁਸੀਂ ਇਸ ਨੂੰ ਉਨ੍ਹਾਂ ਆਗੂਆਂ ਵੱਲੋਂ ਭਾਰਤ ਸਰਕਾਰ ਨੂੰ ਇਸ ਦੇ ਘੱਟ-ਗਿਣਤੀਆਂ ਨਾਲ ਸਲੂਕ ਬਾਰੇ ਕਹਿਣ ਦੇ ਇਕ ਮੌਕੇ ਵਜੋਂ ਦੇਖਦੇ ਹੋ?

**ਰਾਏ**: ਇੰਝ ਨਹੀਂ ਹੋਵੇਗਾ। ਉਨ੍ਹਾਂ ’ਚੋਂ ਕੋਈ ਵੀ ਇਹ ਨਹੀਂ ਕਰੇਗਾ। ਮੈਨੂੰ ਅਜਿਹੀ ਕੋਈ ਉਮੀਦ ਨਹੀਂ ਹੈ। ਪਰ ਮੇਰੀ ਜਾਚੇ ਦਿਲਚਸਪ ਗੱਲ ਇਹ ਹੈ ਕਿ ਜੇ ਤੁਸੀਂ ਦਿੱਲੀ ਵਿਚ ਹੁੰਦੇ, ਜਿਵੇਂ ਮੈਂ ਹੁਣ ਇੱਥੇ ਹਾਂ, ਜੇ ਤੁਸੀਂ ਪ੍ਰਚਾਰ ਨੂੰ ਦੇਖੋ, ਜੇ ਤੁਸੀਂ ਬੈਨਰਾਂ ਨੂੰ ਦੇਖੋ, ਜੇ ਤੁਸੀਂ ਜੀ-20 ਲਈ ਕੀਤੀਆਂ ਜਾ ਰਹੀਆਂ ਉਨ੍ਹਾਂ ਸਾਰੀਆਂ ਤਿਆਰੀਆਂ ਨੂੰ ਦੇਖੋ ਤਾਂ ਤੁਸੀਂ ਇਹ ਸੋਚੋਗੇ ਕਿ ਜੀ-20 ਦੀ ਮੇਜ਼ਬਾਨ ਭਾਰਤ ਸਰਕਾਰ ਨਹੀਂ ਸਗੋਂ ਭਾਜਪਾ ਹੈ। ਹਰ ਇਕ ਬੈਨਰ ਉੱਪਰ ਵਿਸ਼ਾਲ ਕਮਲ ਦਾ ਫੁੱਲ ਹੈ, ਜੋ ਕਿ ਇਕ ਰਾਜਨੀਤਕ ਪਾਰਟੀ ਦਾ ਚਿੰਨ੍ਹ ਹੈ। ਮੋਦੀ ਦੀ ਭਾਜਪਾ।

ਭਾਰਤ ਵਿਚ ਜੋ ਕੁਝ ਵਾਪਰਿਆ ਹੈ ਅਤੇ ਇਹ ਏਨਾ ਖਤਰਨਾਕ, ਏਨਾ ਖੁੱਲ੍ਹ-ਮ-ਖੁੱਲ੍ਹਾ ਹੈ ਕਿ ਮੁਲਕ, ਰਾਸ਼ਟਰ, ਸਰਕਾਰ ਅਤੇ ਇਸ ਦੀਆਂ ਸਭ ਸੰਸਥਾਵਾਂ ਨੂੰ ਸੱਤਾਧਾਰੀ ਪਾਰਟੀ, ਇਕ ਸਿਆਸੀ ਪਾਰਟੀ ’ਚ ਮਿਲਾ ਦਿੱਤਾ ਗਿਆ ਹੈ। ਤੇ ਉਹ ਸੱਤਾਧਾਰੀ ਪਾਰਟੀ ਵੀ ਵਿਅਕਤੀ, ਮੋਦੀ ’ਚ ਮਿਲਾ ਦਿੱਤੀ ਗਈ ਹੈ। ਦਰ ਅਸਲ, ਹੁਣ ਸ਼ਾਇਦ ਹੀ ਕੋਈ ਸੱਤਾਧਾਰੀ ਪਾਰਟੀ ਹੈ, ਸਿਰਫ਼ ਇਕ ਹਾਕਮ ਹੈ। ਇਸ ਲਈ ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਜੀ-20 ਦੀ ਮੇਜ਼ਬਾਨੀ ਮੋਦੀ ਕਰ ਰਿਹਾ ਹੋਵੇ। ਅਸੀਂ ਸਾਰੇ ਅੰਦਰ ਡੱਕੇ ਹੋਏ ਹਾਂ। ਅਸੀਂ ਬਾਹਰ ਨਹੀਂ ਨਿਕਲ ਸਕਦੇ। ਸ਼ਹਿਰ ਵਿੱਚੋਂ ਗ਼ਰੀਬਾਂ ਨੂੰ ਹਟਾ ਦਿੱਤਾ ਗਿਆ ਹੈ। ਝੁੱਗੀਆਂ-ਝੌਂਪੜੀਆਂ ਨੂੰ ਪਰਦੇ ਪਾ ਕੇ ਢਕ ਦਿੱਤਾ ਗਿਆ ਹੈ। ਸੜਕਾਂ ’ਤੇ ਬੈਰੀਕੇਡ ਲੱਗੇ ਹੋਏ ਹਨ, ਆਵਾਜਾਈ ਬੰਦ ਹੈ। ਸ਼ਹਿਰ ਮੌਤ ਵਾਂਗ ਸ਼ਾਂਤ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਉਸ ਨੂੰ ਸਾਡੇ ਸਾਰਿਆਂ ਤੋਂ, ਇਸ ਗੱਲ ਤੋਂ ਬਹੁਤ ਸ਼ਰਮ ਆ ਰਹੀ ਹੈ ਕਿ ਸ਼ਹਿਰ ਕਿਹੋ ਜਿਹਾ ਹੈ। ਇਸ ਸਮਾਗਮ ਲਈ ਸ਼ਹਿਰ ਦੀ ਗੰਦਗੀ ਹਟਾਈ ਗਈ ਹੈ ਅਤੇ ਇਸ ਨੂੰ ਬੰਦ ਕਰ ਦਿੱਤਾ ਗਿਆ ਹੈ।

**ਅਲ ਜਜ਼ੀਰਾ**: ਤਹਾਡੇ ਕਹਿਣ ਤੋਂ ਇੰਞ ਲੱਗਦਾ ਹੈ ਜਿਵੇਂ ਇਹ ਸਮਾਗਮ ਮੋਦੀ ਵੱਲੋਂ ਆਪਣੀ ਮਸ਼ਹੂਰੀ ਲਈ ਕਰਵਾਇਆ ਗਿਆ ਹੈ।

**ਰਾਏ**: ਨਿਸ਼ਚੇ ਹੀ ਇਹ ਮਸ਼ਹੂਰੀ ਲਈ ਸਮਾਗਮ ਹੈ। ਉਹ ਕਲਾਬਾਜ਼ੀ ਮਾਰਦਾ ਫਿਰੇਗਾ ਅਤੇ ਇਹ ਚੋਣਾਂ ਤੋਂ ਠੀਕ ਪਹਿਲਾਂ ਹੋ ਰਿਹਾ ਹੈ। ਤੇ ਇਸ ਨੂੰ ਉਸਦੀ ਚੋਣ ਮੁਹਿੰਮ ਨਾਲ ਜੋੜਿਆ ਜਾਵੇਗਾ। ਇਹ ਸਾਰੇ ਪੱਛਮੀ ਆਗੂ ਜੋ ਲੋਕਤੰਤਰ ਦੀ ਗੱਲਾਂ ਕਰਦੇ ਰਹਿੰਦੇ ਹਨ - ਮੇਰਾ ਮਤਲਬ ਹੈ, ਤੁਸੀਂ ਟਰੰਪ ਵਰਗੇ ਕਿਸੇ ਨੂੰ ਮਾਫ਼ ਕਰ ਸਕਦੇ ਹੋ ਕਿਉਂਕਿ ਉਹ ਲੋਕਤੰਤਰ ਵਿਚ ਯਕੀਨ ਨਹੀਂ ਰੱਖਦਾ - ਪਰ ਬਾਇਡੇਨ, ਮੈਕਰੋਨ, ਇਹ ਸਾਰੇ ਲੋਕ ਜੋ ਲੋਕਤੰਤਰ ਦੀਆਂ ਗੱਲਾਂ ਕਰਦੇ ਰਹਿੰਦੇ ਹਨ ਜਾਣਦੇ ਹਨ ਕਿ ਇੱਥੇ ਕੀ ਹੋ ਰਿਹਾ ਹੈ। ਉਹ ਜਾਣਦੇ ਹਨ ਕਿ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਹੈ, ਵਿਰੋਧ ਪ੍ਰਦਰਸ਼ਨ ਕਰਨ ਵਾਲੇ ਮੁਸਲਮਾਨਾਂ ਦੇ ਘਰਾਂ ਨੂੰ ਬੁਲਡੋਜ਼ਰ ਚਲਾ ਕੇ ਢਾਹ ਦਿੱਤਾ ਗਿਆ ਹੈ, ਜਿਸਦਾ ਮਤਲਬ ਹੈ ਕਿ ਸਾਰੀਆਂ



ਪਬਲਿਕ ਸੰਸਥਾਵਾਂ - ਅਦਾਲਤਾਂ, ਮੈਜਿਸਟਰੇਟ, ਪ੍ਰੈੱਸ - ਦੀ ਇਸ ਵਿਚ ਮਿਲੀਭੁਗਤ ਹੈ। ਉਹ ਜਾਣਦੇ ਹਨ ਕਿ ਕੁਝ ਕਸਬਿਆਂ ਵਿਚ ਮੁਸਲਮਾਨਾਂ ਦੇ ਘਰਾਂ ਦੇ ਦਰਵਾਜ਼ਿਆਂ ਉੱਪਰ ਐਕਸ ਦੇ ਨਿਸ਼ਾਨ ਲਗਾਏ ਗਏ ਹਨ ਅਤੇ ਉਨ੍ਹਾਂ ਨੂੰ ਉੱਥੋਂ ਚਲੇ ਜਾਣ ਲਈ ਧਮਕਾਇਆ ਜਾ ਰਿਹਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਮੁਸਲਮਾਨਾਂ ਨੂੰ ਭੀੜੀਆਂ ਮੁਸਲਿਮ ਬਸਤੀਆਂ ਵਿਚ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਤੇ ਜਿਹੜੇ ਲੋਕ ਦਰਅਸਲ ਮੁਸਲਮਾਨਾਂ ਵਿਰੁੱਧ ਹਜੂਮੀ ਹਮਲਿਆਂ ਦੇ, ਉਨ੍ਹਾਂ ਨੂੰ ਕਤਲ ਕਰਨ ਦੇ ਦੋਸ਼ੀ ਹਨ, ਉਹ ਹੁਣ ਇਨ੍ਹਾਂ ਭੀੜੀਆਂ ਬਸਤੀਆਂ ਵਿਚ ਕਥਿਤ ਧਾਰਮਿਕ ਜਲੂਸਾਂ ਦੀ ਅਗਵਾਈ ਕਰ ਰਹੇ ਹਨ। ਇਹ ਆਗੂ ਜਾਣਦੇ ਹਨ ਕਿ ਚੌਕਸੀ ਗਰੋਹ ਉੱਥੇ ਤਲਵਾਰਾਂ ਲੈ ਕੇ ਦਣ-ਦਣਾਉਂਦੇ ਫਿਰਦੇ ਹਨ, ਉਹ ਮੁਸਲਮਾਨਾਂ ਦੇ ਕਤਲੇਆਮ ਦੀਆਂ, ਮੁਸਲਿਮ ਔਰਤਾਂ ਦੇ ਸਮੂਹਿਕ ਬਲਾਤਕਾਰ ਕਰਨ ਦੀਆਂ ਧਮਕੀਆਂ ਦੇ ਰਹੇ ਹਨ। ਇਨ੍ਹਾਂ ਆਗੂਆਂ ਨੂੰ ਇਹ ਸਭ ਪਤਾ ਹੈ, ਪਰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਕੁਝ ਪੱਛਮੀ ਮੁਲਕਾਂ ਦਾ ਰੁਖ ਹਮੇਸ਼ਾ ਇਹੀ ਰਿਹਾ ਹੈ ਜਿਵੇਂ ਕਿ ਸਾਡੇ ਗੋਰਿਆਂ ਲਈ ਤਾਂ ਲੋਕਤੰਤਰ ਹੋਣਾ ਚਾਹੀਦਾ ਹੈ ਜਦਕਿ ਸਾਡੇ ਗ਼ੈਰ-ਗੋਰੇ ਮਿੱਤਰਾਂ ਲਈ ਤਾਨਾਸ਼ਾਹੀ ਜਾਂ ਇਸ ਤਰ੍ਹਾਂ ਦਾ ਕੁਝ ਵੀ ਚੱਲੇਗਾ। ਇਸ ਨਾਲ ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

**ਅਲ ਜਜ਼ੀਰਾ**: ਇਸੇ ਸੰਬੰਧ ’ਚ, ਤੇ ਇਹ ਪੂਰੀ ਤਰ੍ਹਾਂ ਕਾਲਪਨਿਕ ਸਥਿਤੀ ਹੈ, ਮੰਨ ਲਓ ਤੁਹਾਨੂੰ ਜੀ-20 ਵਿਖੇ ਭਾਸ਼ਣ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ। ਤੁਸੀਂ ਜੀ-20 ਸੰਮੇਲਨ ਦਾ ਮਹੂਰਤ ਕਰ ਰਹੇ ਹੋ। ਫਿਰ ਤੁਸੀਂ ਕੀ ਕਹੋਗੇ?

**ਰਾਏ**: ਮੈਂ ਕਹਾਂਗੀ ਕਿ ਇਕ ਅਜਿਹੀ ਪ੍ਰਕਿਰਿਆ ਜਿਸ ਵਿਚ 1.4 ਅਰਬ ਲੋਕਾਂ ਦਾ ਮੁਲਕ, ਜੋ ਪਹਿਲਾਂ ਇਕ ਨੁਕਸਾਂ ਵਾਲਾ ਲੋਕਤੰਤਰ ਹੁੰਦਾ ਸੀ ਅਤੇ ਹੁਣ ਇਕ ਤਰ੍ਹਾਂ ਦੀ ਐਸੀ ਸਥਿਤੀ ’ਚ ਫਸਦਾ ਜਾ ਰਿਹਾ ਹੈ ਜਿਸ ਲਈ ਮੈਂ ਸਿਰਫ਼ ਫਾਸ਼ੀਵਾਦ ਸ਼ਬਦ ਹੀ ਵਰਤ ਸਕਦੀ ਹੈਂ, ਉਸ ਦਾ ਬਾਕੀ ਦੁਨੀਆ ਉੱਪਰ ਅਸਰ ਨਹੀਂ ਪਵੇਗਾ ਤਾਂ ਤੁਸੀਂ ਬਹੁਤ ਗ਼ਲਤ ਸੋਚਦੇ ਹੋ, ਤੁਹਾਡਾ ਇਹ ਸੋਚਣਾ ਮੂਰਖ਼ਤਾ ਵਾਲੀ ਗੱਲ ਹੋਵੇਗੀ। ਮੈਂ ਕਹਾਂਗੀ ਕਿ ਇਸ ਨੂੰ ਕੋਈ ਮੱਦਦ ਲਈ ਪੁਕਾਰ ਨਾ ਸਮਝੇ। ਇਹ ਤਾਂ ਇਨ੍ਹਾਂ ਆਗੂਆਂ ਨੂੰ ਬਸ ਏਨਾ ਕਹਿਣ ਦੀ ਕੋਸ਼ਿਸ ਹੈ ਕਿ ਜ਼ਰਾ “ਆਪਣੇ ਆਲੇ-ਦੁਆਲੇ ਦੇਖ ਲਓ ਕਿ ਤੁਸੀਂ ਕੀ ਹੋ, ਤੁਸੀਂ ਦਰ ਅਸਲ ਕੀ ਬਣਾਉਣ ਵਿਚ ਮੱਦਦ ਕਰ ਰਹੇ ਹੋ।” 2002 ਵਿਚ ਮੁਸਲਿਮ ਵਿਰੋਧੀ ਗੁਜਰਾਤ ਕਤਲੇਆਮ ਤੋਂ ਬਾਅਦ ਇਕ ਪਲ ਅਜਿਹਾ ਆਇਆ ਸੀ - ਜਿਸ ਵਿਚ ਯੂ.ਕੇ. ਵਰਗੇ ਮੁਲਕਾਂ ਦੀਆਂ ਖ਼ੁਫ਼ੀਆ ਰਿਪੋਰਟਾਂ ਨੇ ਮੋਦੀ ਨੂੰ ਨਸਲੀ ਸਫ਼ਾਏ ਲਈ ਜ਼ਿੰਮੇਵਾਰ ਠਹਿਰਾਇਆ ਸੀ, ਇਹ ਅਸਲੀਅਤ ਹੈ। ਮੋਦੀ ਉੱਪਰ ਅਮਰੀਕਾ ਜਾਣ ’ਤੇ ਪਾਬੰਦੀ ਲਗਾਈ ਗਈ ਸੀ, ਪਰ ਇਹ ਸਭ ਹੁਣ ਭੁਲਾ ਦਿੱਤਾ ਗਿਆ ਹੈ। ਪਰ ਸ਼ਖ਼ਸ ਤਾਂ ਉਹੀ ਹੈ। ਤੇ ਹਰ ਵਾਰ ਜਦੋਂ ਵੀ ਕੋਈ ਉਸਨੂੰ ਇਸ ਤਰ੍ਹਾਂ ਦੀ ਆਕਸੀਜਨ ਅਤੇ ਇਸ ਤਰ੍ਹਾਂ ਦੀ ਸਪੇਸ ਮੁਹੱਈਆ ਕਰਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਸਿਰਫ਼ ਉਹ ਹੀ ਇਨ੍ਹਾਂ ਸ਼ਕਤੀਸ਼ਾਲੀ ਲੋਕਾਂ ਨੂੰ ਭਾਰਤ ਵਿਚ ਲਿਆ ਸਕਦਾ ਸੀ, ਤਾਂ ਇਹ ਸੰਦੇਸ਼ ਸਾਡੇ ਨਵੇਂ ਜੀ-ਹਜ਼ੂਰੀਏ ਚੈਨਲਾਂ ਦੁਆਰਾ ਹਜ਼ਾਰਾਂ ਗੁਣਾ ਵਧਾ ਕੇ ਪੇਸ਼ ਕੀਤਾ ਜਾਂਦਾ ਹੈ ਤੇ ਇਹ ਇਕ ਤਰ੍ਹਾਂ ਦੀ ਸਮੂਹਿਕ ਕੌਮੀ ਅਸੁਰੱਖਿਆ, ਹੀਣਤਾ ਦੀ ਭਾਵਨਾ ਅਤੇ ਝੂਠੇ ਘੁਮੰਡ ਨੂੰ ਪੱਠੇ ਪਾਉਣਾ ਬਣ ਜਾਂਦਾ ਹੈ। ਇਹ ਵਧ ਕੇ ਕਿੰਨੀ ਖ਼ਤਰਨਾਕ ਚੀਜ਼ ’ਚ ਬਦਲ ਚੁੱਕਾ ਹੈ ਅਤੇ ਇਨ੍ਹਾਂ ਲੋਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਿਰਫ਼ ਭਾਰਤ ਦੀ ਸਮੱਸਿਆ ਤੱਕ ਸੀਮਤ ਰਹਿਣ ਵਾਲਾ ਨਹੀਂ ਹੈ।

**ਅਲ ਜਜ਼ੀਰਾ**: ਦੱਖਣੀ ਰਾਜ ਕੇਰਲਾ ਵਿਚ ਇਕ ਹਾਲੀਆ ਭਾਸ਼ਣ ਦੌਰਾਨ ਤੁਸੀਂ ਕਿਹਾ ਕਿ ਭਾਰਤ ਇਕ ਨਵੇਂ ਅਧਿਆਏ ਵਿਚ ਦਾਖ਼ਲ ਹੋ ਰਿਹਾ ਹੈ। ਇਸ ਤੋਂ ਤੁਹਾਡਾ ਕੀ ਭਾਵ ਸੀ?

**ਰਾਏ**: ਮੇਰਾ ਭਾਵ ਇਹ ਸੀ ਕਿ, ਤੁਸੀਂ ਜਾਣਦੇ ਹੋ ਕਿ ਪਿਛਲੇ ਕੁਝ ਸਾਲਾਂ ਵਿਚ, ਅਸੀਂ ਦਰਅਸਲ ਭਾਜਪਾ, ਮੋਦੀ, ਆਰ.ਐੱਸ.ਐੱਸ. [ਰਾਸ਼ਟਰੀ ਸਵੈਮ ਸੇਵਕ ਸੰਘ, ਭਾਜਪਾ ਦੇ ਵਿਚਾਰਧਾਰਕ ਗੁਰੂ] ਦੇ ਉਭਰਨ ਦੀ ਗੱਲ ਕਰਦੇ ਰਹੇ ਹਾਂ। ਆਰ.ਐੱਸ.ਐੱਸ. ਹਿੰਦੂ ਸਰਵਉੱਚਤਾ ਦੀ ਪੂਜਾ ਦੀ ਜਨਣੀ ਹੈ ਅਤੇ ਮੋਦੀ ਇਸ ਦਾ ਜੀਵਨ ਭਰ ਮੈਂਬਰ ਚਲਿਆ ਆ ਰਿਹਾ ਹੈ। ਅਸੀਂ, ਸਾਡੇ ਵਿੱਚੋਂ ਕਈ, ਇਸਦੀ ਸਿਆਸੀ ਤੌਰ ’ਤੇ, ਢਾਂਚਾਗਤ ਤੌਰ ’ਤੇ ਆਲੋਚਨਾ ਕਰਦੇ ਰਹੇ ਹਾਂ। ਪਰ ਹੁਣ ਅਸੀਂ ਬਿਲਕੁਲ ਹੀ ਵੱਖਰੀ ਸਥਿਤੀ ਵਿਚ ਹਾਂ। ਹਾਲਾਂਕਿ ਸਾਡੇ ਇੱਥੇ ਚੋਣਾਂ ਦੀ ਵਿਵਸਥਾ ਹੈ, ਪਰ ਮੈਂ ਹੁਣ ਆਪਣੇ ਮੁਲਕ ਨੂੰ ਲੋਕਤੰਤਰ ਨਹੀਂ ਕਹਾਂਗੀ। ਪਰ ਕਿਉਂਕਿ ਸਾਡੇ ਕੋਲ ਚੋਣਾਂ ਦੀ ਵਿਵਸਥਾ ਹੈ, ਇਸ ਕਰਕੇ ਇਕ ਭਰੋਸੇਯੋਗ ਵੋਟਰ ਆਧਾਰ ਬਣਾਉਣ ਖ਼ਾਤਰ ਉਨ੍ਹਾਂ ਲਈ ਹਿੰਦੂ ਸਰਵਉੱਚਤਾ ਦਾ ਇਹ ਸੰਦੇਸ਼ 1.4 ਅਰਬ ਲੋਕਾਂ ਤੱਕ ਪਹੁੰਚਾਉਣਾ ਜ਼ਰੂਰੀ ਹੈ। ਲਿਹਾਜ਼ਾ, ਚੋਣਾਂ ਦਾ ਮੌਸਮ ਘੱਟ-ਗਿਣਤੀਆਂ ਲਈ ਬਹੁਤ ਖ਼ਤਰਨਾਕ ਬਣ ਜਾਂਦਾ ਹੈ।

“ਅਸੀਂ ਹੁਣ ਇਕ ਵੱਖਰੇ ਪੜਾਅ ’ਤੇ ਪਹੁੰਚ ਗਏ ਹਾਂ” ਤੋਂ ਮੇਰਾ ਭਾਵ ਇਹ ਹੈ ਕਿ ਹੁਣ ਮਹਿਜ਼ ਸਾਡੇ ਲਈ ਲੀਡਰਸ਼ਿਪ ਡਰਾਉਣੀ ਨਹੀਂ ਹੈ, ਦਰਅਸਲ ਹੁਣ ਤਾਂ ਆਬਾਦੀ ਦੇ ਇਕ ਹਿੱਸੇ ਦੇ ਦਿਮਾਗ ਐਨੇ ਕੱਟੜਪੰਥੀ ਬਣਾ ਦਿੱਤੇ ਗਏ ਹਨ ਜਿਸ ਨਾਲ ਘੱਟਗਿਣਤੀਆਂ ਲਈ ਹੁਣ ਸੜਕਾਂ ਵੀ ਖ਼ਤਰਨਾਕ ਬਣ ਗਈਆਂ ਹਨ। ਹਿੰਸਾ ਹੁਣ ਸਰਕਾਰ ਦੁਆਰਾ ਕਰਵਾਏ ਗਏ ਕਤਲੇਆਮ ਤੱਕ ਸੀਮਤ ਨਹੀਂ ਹੈ। ਹਾਨਾ ਅਰੈਂਡਟ ਦੇ ਕਹਿਣ ਅਨੁਸਾਰ, ਅਸੀਂ ਆਮ ਹੋ ਚੁੱਕੀ ਬੁਰਾਈ ਦੀ ਘਟਨਾ-ਦਰ-ਘਟਨਾ ਦੇ ਗਵਾਹ ਹਾਂ। ਦੁਨੀਆ ਨੇ ਉੱਤਰੀ ਭਾਰਤ ਵਿਚ ਇਕ ਸਧਾਰਣ ਨਿੱਕੇ ਜਿਹੇ ਕਲਾਸਰੂਮ ਦੀ ਵੀਡੀਓ ਦੇਖੀ ਹੈ ਜਿੱਥੇ ਇਕ ਅਧਿਆਪਕਾ, ਸਕੂਲ ਦੀ ਪ੍ਰਿੰਸੀਪਲ, ਇਕ ਸੱਤ ਸਾਲ ਦੇ ਮੁਸਲਿਮ ਬੱਚੇ ਨੂੰ ਖੜ੍ਹਾ ਕਰਦੀ ਹੈ ਅਤੇ ਬਾਕੀ ਸਾਰੇ ਹਿੰਦੂ ਬੱਚਿਆਂ ਤੋਂ ਵਾਰੀ-ਵਾਰੀ ਉਸ ਦੇ ਥੱਪੜ ਮਰਵਾਉਂਦੀ ਹੈ।

ਸਾਡੇ ਇੱਥੇ ਮਨੀਪੁਰ ਵਿਚ ਖ਼ਾਨਾਜੰਗੀ ਚੱਲ ਰਹੀ ਹੈ ਜਿੱਥੇ ਰਾਜ ਸਰਕਾਰ ਸਰੇਆਮ ਪੱਖਪਾਤੀ ਹੈ, ਕੇਂਦਰ ਦੀ ਇਸ ਵਿਚ ਮਿਲੀਭੁਗਤ ਹੈ, ਸੁਰੱਖਿਆ ਬਲਾਂ ਦੀ ਕਮਾਨ ਵਿਵਸਥਾ ਨਕਾਰਾ ਹੋ ਚੁੱਕੀ ਹੈ। ਇਹ ਉਸੇ ਤਰ੍ਹਾਂ ਦੇ ਹਾਲਾਤ ਦੀ ਸ਼ੁਰਆਤ ਹੈ ਜੋ ਬਲਕਾਨ ਮੁਲਕਾਂ ’ਚ ਵਾਪਰਿਆ ਸੀ। ਅਸੀਂ ਇੱਥੇ ਔਰਤਾਂ ਨੂੰ ਨੰਗੀਆਂ ਕਰਕੇ ਉਨ੍ਹਾਂ ਦੇ ਜਲੂਸ ਕੱਢਣ ਅਤੇ ਸਮੂਹਿਕ ਬਲਾਤਕਾਰ ਕੀਤੇ ਜਾਣ ਦਾ ਭਿਆਨਕ ਮੰਜ਼ਰ ਦੇਖਿਆ। ਸਾਨੂੰ ਪਤਾ ਲੱਗਾ ਕਿ ਮਨੀਪੁਰ ਪੁਲਿਸ ਨੇ ਹੀ ਉਨ੍ਹਾਂ ਔਰਤਾਂ ਨੂੰ ਭੀੜ ਦੇ ਹਵਾਲੇ ਕੀਤਾ ਸੀ। ਜਿਵੇਂ ਕਿ ਮੈਂ ਪਹਿਲਾਂ ਕਹਿ ਚੁੱਕੀ ਹਾਂ, ਸਾਡੇ ਇੱਥੇ ਮੁਸਲਮਾਨ ਨੌਜਵਾਨਾਂ ਨੂੰ ਕਤਲ ਕਰਨ, ਹਜੂਮੀ ਕਤਲ ਕਰਨ, ਜ਼ਿੰਦਾ ਸਾੜਨ ਦੇ ਦੋਸ਼ੀ ਅਨਸਰ ਹੁਣ ਧਾਰਮਿਕ ਜਲੂਸਾਂ ਦੀ ਅਗਵਾਈ ਕਰ ਰਹੇ ਹਨ। ਸਾਡੇ ਇੱਥੇ ਅਜਿਹੀ ਸਥਿਤੀ ਹੈ ਕਿ ਜਦੋਂ ਪ੍ਰਧਾਨ ਮੰਤਰੀ ਸੁਤੰਤਰਤਾ ਦਿਵਸ ਉੱਪਰ ਔਰਤਾਂ ਦੇ ਹੱਕਾਂ ਬਾਰੇ ਬੋਲ ਰਿਹਾ ਹੁੰਦਾ ਹੈ, ਐਨ ਉਸੇ ਸਮੇਂ ਉਸ ਦੀ ਸਰਕਾਰ ਉਨ੍ਹਾਂ 14 ਵਿਅਕਤੀਆਂ ਦੀ ਸਜ਼ਾ ਮਾਫੀ ’ਤੇ ਦਸਖ਼ਤ ਕਰ ਰਹੀ ਹੁੰਦੀ ਹੈ ਜਿਨ੍ਹਾਂ ਨੇ ਬਿਲਕੀਸ ਬਾਨੋ ਦਾ ਸਮੂਹਿਕ ਬਲਾਤਕਾਰ ਕੀਤਾ ਸੀ ਅਤੇ ਇੱਕੋ ਪਰਿਵਾਰ ਦੇ 14 ਜੀਆਂ ਨੂੰ ਕਤਲ ਕੀਤਾ ਸੀ। ਤੇ ਉਹ ਹੁਣ ਸਮਾਜ ਦੇ ਸਤਿਕਾਰਯੋਗ ਮੈਂਬਰ ਹਨ। ਇਹ ਉਹ ਸ਼ਖ਼ਸ ਹਨ ਜਿਨ੍ਹਾਂ ਨੂੰ ਮੁਲਕ ਦੀ ਸਰਵਉੱਚ ਅਦਾਲਤ ਨੇ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਇਸ ਲਈ ਸਾਡੇ ਇੱਥੇ ਹੁਣ ਅਜਿਹੀ ਸਥਿਤੀ ਹੈ ਜਿੱਥੇ ਸੰਵਿਧਾਨ ਨੂੰ ਲੱਗਭੱਗ ਪਾਸੇ ਰੱਖ ਦਿੱਤਾ ਗਿਆ ਹੈ। ਜੇਕਰ ਉਹ ਅਗਲੇ ਸਾਲ ਚੋਣਾਂ ਜਿੱਤ ਜਾਂਦੇ ਹਨ ਤਾਂ 2024 ਵਿਚ ਇੱਥੇ ਉਹੀ ਹੋਣ ਜਾ ਰਿਹਾ ਹੈ ਜਿਸ ਨੂੰ ਅਸੀਂ “ਹੱਦਬੰਦੀ” ਕਹਿੰਦੇ ਹਾਂ, ਜੋ ਕਿ ਇਕ ਕਿਸਮ ਦੀ ਹੇਰਾਫੇਰੀ ਹੈ ਜਿੱਥੇ ਸੀਟਾਂ ਦੀ ਗਿਣਤੀ ਤੇ ਚੋਣ-ਹਲਕਿਆਂ ਦਾ ਭੂਗੋਲ ਬਦਲ ਦਿੱਤਾ ਜਾਵੇਗਾ ਅਤੇ ਹਿੰਦੀ ਬੋਲਣ ਵਾਲੀ ਪੱਟੀ ਜਿੱਥੇ ਭਾਜਪਾ ਸਭ ਤੋਂ ਮਜ਼ਬੂਤ ਹੈ, ਨੂੰ ਹੋਰ ਸੀਟਾਂ ਮਿਲ ਜਾਣਗੀਆਂ, ਜਿਸ ਨਾਲ ਦਰਅਸਲ ਸ਼ਕਤੀ ਸੰਤੁਲਨ ਹੀ ਬਦਲ ਜਾਵੇਗਾ। ਯਕੀਨਨ ਹੀ ਦੱਖਣ ਨੂੰ ਇਸ ਨਾਲ ਬਹੁਤ ਹੀ ਬੇਚੈਨੀ ਹੋਵੇਗੀ ਅਤੇ ਉਸ ਵਿਚ ਵੀ ਬਲਕਾਨ ਵਾਲੇ ਹਾਲਾਤ ਬਣਾ ਦਿੱਤੇ ਜਾਣ ਦੀ ਤਾਕਤ ਜਾਂ ਸੰਭਾਵਨਾ ਹੈ।

ਤੁਹਾਨੂੰ ਪਤਾ ਹੀ ਹੈ, ਸਾਡੇ ਇੱਥੇ ਅਜਿਹੀ ਸਥਿਤੀ ਹੈ ਜਿੱਥੇ ਅਸੀਂ ਇਕ ਰਾਸ਼ਟਰ, ਇਕ ਭਾਸ਼ਾ, ਇਕ ਚੋਣ ਦੀ ਗੱਲ ਕਰ ਰਹੇ ਹਾਂ। ਪਰ ਦਰਅਸਲ ਸਾਡੇ ਇੱਥੇ ਸਥਿਤੀ ਇਹ ਹੈ ਜਿੱਥੇ ਤੁਹਾਡੇ ਕੋਲ ਇਕ ਤਾਨਾਸ਼ਾਹ, ਇਕ ਕਾਰਪੋਰੇਸ਼ਨ ਹੈ। ਸਾਡੇ ਕੋਲ ਇਕ ਕਾਰਪੋਰੇਟ ਮੁਖੀ ਹੈ ਜੋ ਗੁਜਰਾਤ ਕਤਲੇਆਮ ਦੇ ਸਮੇਂ ਤੋਂ ਹੀ ਮੋਦੀ ਦਾ ਪੁਰਾਣਾ ਯਾਰ ਚਲਿਆ ਆ ਰਿਹਾ ਹੈ, ਜਿਸ ਉੱਪਰ ਹੁਣ ਨਾ ਸਿਰਫ਼ ਹਿੰਡਨਬਰਗ ਰਿਸਰਚ ਨਾਂ ਦੀ ਜਾਅਲੀ ਕੰਪਨੀ ਬਣਾਉਣ ਦਾ ਦੋਸ਼ ਲੱਗ ਚੁੱਕਾ ਹੈ ਸਗੋਂ ਜਥੇਬੰਦ ਜੁਰਮ ਦੀ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਦੇ ਇਕ ਪੂਰੇ ਗੱਠਜੋੜ ਵੱਲੋਂ ਉਸ ਬਾਰੇ ਗੱਲ ਕਰਦਿਆਂ ਇਤਿਹਾਸ ਦਾ ਸਭ ਤੋਂ ਵੱਡਾ ਕਾਰਪੋਰੇਟ ਘੋਟਾਲਾ ਬੰਦ ਕਰ ਦਿੱਤਾ ਗਿਆ ਹੈ। ਪਰ ਕੁਝ ਨਹੀਂ ਕੀਤਾ ਜਾਵੇਗਾ। ਇਸ ਲਈ ਅਸੀਂ ਅਜਿਹੀ ਸਥਿਤੀ ਵਿਚ ਹਾਂ ਜਿੱਥੇ ਦੁਨੀਆ ਨੂੰ ਇਹ ਵੀ ਮੁਲਾਂਕਣ ਕਰਨਾ ਪੈਣਾ ਹੈ ਕਿ ਜਦੋਂ ਕੁਝ ਲੋਕਾਂ ਉੱਪਰ ਨਿਯਮ ਲਾਗੂ ਨਹੀਂ ਹੁੰਦੇ ਅਤੇ ਹੋਰ ਲੋਕਾਂ ਉੱਪਰ ਵੱਖਰੇ ਤਰੀਕੇ ਨਾਲ ਲਾਗੂ ਹੁੰਦੇ ਹਨ ਤਾਂ ਕੀ ਵਾਪਰਦਾ ਹੈ। ਸਾਰੇ ਦੇ ਸਾਰੇ ਨਿਯਮ। ਤੁਹਾਨੂੰ ਪਤਾ ਹੀ ਹੈ, ਸਾਡੇ ਇੱਥੇ ਕਾਨੂੰਨ ਦਾ ਰਾਜ ਹੈ। ਸਾਡੇ ਇੱਥੇ ਬਹੁਤ ਵਧੀਆ ਨਿਆਂ-ਸਾਸ਼ਤਰ ਹੈ। ਪਰ ਇਹ ਕਿਵੇਂ ਲਾਗੂ ਹੁੰਦਾ ਹੈ, ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਧਰਮ ਕੀ ਹੈ, ਤੁਹਾਡੀ ਜਾਤ ਕੀ ਹੈ, ਤੁਹਾਡਾ ਲਿੰਗ ਕੀ ਹੈ, ਤੁਹਾਡੀ ਜਮਾਤ ਕੀ ਹੈ। ਅਸੀਂ ਇਕ ਬਹੁਤ ਹੀ, ਬਹੁਤ ਹੀ ਖ਼ਤਰਨਾਕ ਜਗ੍ਹਾ ’ਚ ਪਹੁੰਚ ਗਏ ਹਾਂ।

**ਅਲ ਜਜ਼ੀਰਾ**: ਜੇਕਰ ਤੁਸੀਂ ਥੋੜ੍ਹੇ ਜਹੇ ਵਾਕਾਂ ਵਿਚ ਸੰਖੇਪ ’ਚ ਕਹਿਣਾ ਹੋਵੇ ਤਾਂ ਅੱਜ ਭਾਰਤ ਦੀ ਸਥਿਤੀ ਕੀ ਹੈ?

**ਰਾਏ**: ਭਾਰਤ ਦੀ ਹਾਲਤ ਬਹੁਤ ਨਾਜ਼ੁਕ ਹੈ, ਹਾਲਤ ਬਹੁਤ ਵਿਵਾਦਪੂਰਨ ਹੈ। ਸਾਡੇ ਇੱਥੇ ਅਜਿਹੀ ਸਥਿਤੀ ਹੈ ਜਿਸ ਵਿਚ ਸੰਵਿਧਾਨ ਨੂੰ ਅਸਰਦਾਰ ਤਰੀਕੇ ਨਾਲ ਪਾਸੇ ਕਰ ਦਿੱਤਾ ਗਿਆ ਹੈ। ਸਾਡੇ ਇੱਥੇ ਅਜਿਹੀ ਸਥਿਤੀ ਹੈ ਜਿਸ ਵਿਚ ਭਾਜਪਾ ਹੁਣ ਦੁਨੀਆ ਦੀਆਂ ਸਭ ਤੋਂ ਅਮੀਰ ਸਿਆਸੀ ਪਾਰਟੀਆਂ ਵਿੱਚੋਂ ਇਕ ਹੈ। ਤੇ ਸਾਰੀ ਚੋਣ ਮਸ਼ੀਨਰੀ ਤਕਰੀਬਨ ਸਮਝੌਤਾ ਕਰ ਚੁੱਕੀ ਹੈ। ਤੇ ਫਿਰ ਵੀ - ਸਿਰਫ਼ ਘੱਟ-ਗਿਣਤੀਆਂ ਵਿਰੁੱਧ ਹਿੰਸਾ ਦੇ ਕਾਰਨ ਨਹੀਂ, ਜੋ ਕਿ ਬੇਸ਼ੱਕ ਇਕ ਕਿਸਮ ਦਾ ਬਹੁਗਿਣਤੀਵਾਦ ਦਾ ਕਾਰਨ ਬਣਦਾ ਹੈ ਅਤੇ ਸ਼ਾਇਦ ਉਹ ਇਸ ਕਾਰਨ ਚੋਣਾਂ ਨਾ ਹਾਰਨ - ਪਰ ਬੇਰੁਜ਼ਗਾਰੀ ਦੇ ਕਾਰਨ ਅਤੇ ਕਿਉਂਕਿ ਅਸੀਂ ਦੁਨੀਆ ਦੇ ਇਕ ਸਭ ਤੋਂ ਨਾਬਰਾਬਰ ਸਮਾਜ ਵਿਚ ਰਹਿ ਰਹੇ ਹਾਂ, ਇਸ ਕਾਰਨ ਸਾਡੇ ਇੱਥੇ ਇਕ ਵਿਰੋਧ ਉੱਸਰ ਰਿਹਾ ਹੈ। ਇਹ ਸਰਕਾਰ ਇਸ ਵਿਰੋਧ ਨੂੰ ਕੁਚਲਣ ਦੀ ਕੋਸ਼ਿਸ਼ ’ਚ ਹੈ ਕਿਉਂਕਿ ਇਸ ਦਾ ਵਿਸ਼ਵਾਸ ਨਹੀਂ ਹੈ ਕਿ ਕੋਈ ਵਿਰੋਧੀ ਧਿਰ ਹੋਵੇ। ਅਸੀਂ ਬਹੁਤ ਜ਼ਿਆਦਾ ਅਨਿਸ਼ਚਿਤ ਹਾਲਤ ਵਿਚ ਹਾਂ ਅਤੇ ਸਾਨੂੰ ਉਮੀਦ ਨਹੀਂ ਹੈ ਕਿ ਕੋਈ ਬਦੇਸ਼ੀ ਤਾਕਤ ਸਾਡੇ ਨਾਲ ਖੜ੍ਹੇਗੀ। ਮੈਨੂੰ ਨਹੀਂ ਲੱਗਦਾ ਕਿ ਕਿਸੇ ਨੂੰ ਵੀ ਇਹ ਉਮੀਦ ਹੋਵੇਗੀ। ਸਾਨੂੰ ਉਮੀਦ ਨਹੀਂ ਹੈ ਕਿ ਕੋਈ ਬਦੇਸ਼ੀ ਤਾਕਤ ਇਨ੍ਹਾਂ ਚੀਜ਼ਾਂ ਵੱਲ ਧਿਆਨ ਦੇਵੇਗੀ ਕਿਉਂਕਿ ਉਨ੍ਹਾਂ ਦੀਆਂ ਅੱਖਾਂ ਵਿਚ ਤਾਂ ਡਾਲਰ ਦਾ ਚਿੰਨ੍ਹ ਚਮਕ ਰਿਹਾ ਹੈ ਅਤੇ ਉਨ੍ਹਾਂ ਦੀਆਂ ਨਜ਼ਰਾਂ ਇਕ ਅਰਬ ਲੋਕਾਂ ਦੀ ਵਿਸ਼ਾਲ ਮੰਡੀ ਉੱਪਰ ਟਿਕੀਆਂ ਹੋਈਆਂ ਹਨ। ਪਰ, ਉਹ ਇਹ ਨਾ ਭੁੱਲਣ ਕਿ ਜਦੋਂ ਇਹ ਮੁਲਕ ਅਫਰਾ-ਤਫਰੀ ਅਤੇ ਯੁੱਧ ਵਿਚ ਫਸ ਗਿਆ ਤਾਂ ਉਦੋਂ ਇਹ ਮੰਡੀ ਵੀ ਨਹੀਂ ਰਹਿਣੀ, ਜਿਵੇਂ ਕਿ ਮਨੀਪੁਰ ਵਰਗੇ ਥਾਵਾਂ ਵਿਚ ਇਹ ਪਹਿਲਾਂ ਹੀ ਹੋ ਚੁੱਕਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੈ ਕਿ ਜਦੋਂ ਇਹ ਵਿਸ਼ਾਲ ਮੁਲਕ ਅਰਾਜਕਤਾ ਵਿਚ ਫਸ ਗਿਆ ਤਾਂ ਇਹ ਮੰਡੀ ਵੀ ਨਹੀਂ ਰਹੇਗੀ। ਭਾਰਤ ਦੀ ਖ਼ੂਬਸੂਰਤੀ ਤੇ ਸ਼ਾਨ ਨੂੰ ਕੁਝ ਤੁੱਛ ਅਤੇ ਘਿਣਾਉਣੀਆਂ ਤੇ ਮਾਮੂਲੀ ਅਤੇ ਹਿੰਸਕ ਚੀਜ਼ਾਂ ਦੇ ਰੂਪ ’ਚ ਸੁੰਗੇੜਿਆ ਜਾ ਰਿਹਾ ਹੈ। ਤੇ ਜਦੋਂ ਇਸ ਦਾ ਭੜਾਕਾ ਪੈ ਗਿਆ ਤਾਂ ਮੈਨੂੰ ਲੱਗਦਾ ਹੈ ਕਿ ਇਸ ਵਰਗਾ ਭਿਆਨਕ ਹੋਰ ਕੁਝ ਨਹੀਂ ਹੋਣਾ।

# ਹਰਦੀਪ ਸਿੰਘ ਨਿੱਝਰ ਦੀ ਮੰਦਭਾਗੀ ਹੱਤਿਆ ਅਤੇ ਭਾਰਤੀ ਖੁਫੀਆ ਏਜੰਸੀਆਂ !

*(ਸਿੱਖ ਭਾਈਚਾਰੇ ਨੂੰ ਸਖਤ ਚੌਕਸੀ ਦੀ ਲੋੜ।)*



ਹਰਚਰਨ ਸਿੰਘ ਪਰਹਾਰ
403-681-8689
hp8689@gmail.com

18 ਸਤੰਬਰ ਨੂੰ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਨੇਡੀਅਨ ਪਾਰਲੀਮੈਂਟ ਵਿੱਚ ਇੱਕ ਬਿਆਨ ਦੇ ਕੇ ਸਾਰੀ ਦੁਨੀਆਂ ਵਿੱਚ ਸਨਸਨੀ ਫੈਲਾ ਦਿੱਤੀ ਕਿ 18 ਜੂਨ, 2023 ਨੂੰ ਸਰੀ ਦੇ ਇੱਕ ਗੁਰਦੁਆਰੇ ਦੀ ਪਾਰਕਿੰਗ ਲਾਟ ਵਿੱਚ ਅਣਪਛਾਤੇ ਹਮਲਾਵਰਾਂ ਵਲੋਂ ਮਾਰੇ ਗਏ ਖਾਲਿਸਤਾਨੀ ਲੀਡਰ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਖੁਫੀਆ ਏਜੰਸੀਆਂ ਦਾ ਹੱਥ ਹੋ ਸਕਦਾ ਹੈ। ਪ੍ਰਧਾਨ ਮੰਤਰੀ ਟਰੂਡੋ ਦੀ ਸਟੇਟਮੈਂਟ ਜੇ ਸੱਚ ਹੈ ਤਾਂ ਅਸੀਂ ਇਸਦੀ ਭਰਪੂਰ ਨਿੰਦਾ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਕਨੇਡੀਅਨ ਪੁਲਿਸ ਤੇ ਏਜੰਸੀਆਂ ਜਲਦ ਹੀ ਕਾਤਲਾਂ ਤੇ ਸਾਜ਼ਿਸ਼ਕਾਰਾਂ ਨੂੰ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦਿਵਾਉਣਗੀਆਂ।ਅਸੀਂ ਸ਼ੁਰੂ ਤੋਂ ਹਰ ਤਰ੍ਹਾਂ ਦੀ ਸਰਕਾਰੀ ਤੇ ਗੈਰ ਸਰਕਾਰੀ ਹਿੰਸਾ ਤੇ ਨਫਰਤ ਦੀ ਨਿੰਦਾ ਕਰਦੇ ਰਹੇ ਹਾਂ। ਸਾਡਾ ਇਹ ਮੰਨਣਾ ਹੈ ਕਿ ਹਿੰਸਾ ਕਿਸੇ ਮਸਲੇ ਦਾ ਹੱਲ ਨਹੀਂ ਹੋ ਸਕਦੀ।

ਪ੍ਰਧਾਨ ਮੰਤਰੀ ਟਰੂਡੋ ਦੀ ਪਾਰਲੀਮੈਂਟ ਵਿੱਚ ਦਿੱਤੀ ਦੋ ਲਾਈਨਾਂ ਦੀ ਸਟੇਟਮੈਂਟ ਇਸ ਤਰ੍ਹਾਂ ਸੀ: **Canadian security agencies have been actively pursuing credible allegations of a potential link between agents of the Government of India and the killing of a Canadian citizen, Hardeep Singh Nijjar**. ਜਿਸਦਾ ਪੰਜਾਬੀ ਤਰਜ਼ਮਾ ਇਸ ਤਰ੍ਹਾਂ ਬਣਦਾ ਹੈ: 'ਕੈਨੇਡੀਅਨ ਸੁਰੱਖਿਆ ਏਜੰਸੀਆਂ ਭਾਰਤ ਸਰਕਾਰ ਦੇ ਏਜੰਟਾਂ ਅਤੇ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਰਮਿਆਨ ਸੰਭਾਵੀ ਸਬੰਧਾਂ ਦੇ ਭਰੋਸੇਯੋਗ ਦੋਸ਼ਾਂ ਦੀ ਸਰਗਰਮੀ ਨਾਲ ਪੈਰਵੀ ਕਰ ਰਹੀਆਂ ਹਨ'। ਜੇ ਇਸ ਸਟੇਟਮੈਂਟ ਨੂੰ ਬਰੀਕੀ ਨਾਲ਼ ਵਿਚਾਰਿਆ ਜਾਵੇ ਤਾਂ ਟਰੂਡੋ ਸਾਹਿਬ ਨੇ ਕਿਤੇ ਵੀ ਅਜਿਹਾ ਨਹੀਂ ਕਿਹਾ ਕਿ ਸਾਡੇ ਕੋਲ਼ ਇਸ ਕਤਲ ਸਬੰਧੀ ਭਾਰਤੀ ਏਜੰਸੀਆਂ ਦੇ ਸ਼ਾਮਿਲ ਹੋਣ ਦੇ ਕੋਈ ਪੁਖਤਾ ਸਬੂਤ ਹਨ? ਇਸ ਸਟੇਟਮੈਂਟ ਦਾ ਭਾਵ ਇਹ ਬਣਦਾ ਹੈ ਕਿ ਜਿਹੜੇ ਭਰੋਸੇਯੋਗ ਇਲਜ਼ਾਮ ਭਾਰਤੀ ਏਜੰਸੀਆਂ ਤੇ ਲੱਗੇ ਸਨ, ਉਨ੍ਹਾਂ ਦੀ ਕਨੇਡੀਅਨ ਸੁਰੱਖਿਆ ਏਜੰਸੀਆਂ ਸਰਗਰਮੀ ਨਾਲ਼ ਜਾਂਚ ਕਰ ਰਹੀਆਂ ਹਨ? ਸਵਾਲ ਇਹ ਉਠਦਾ ਹੈ ਕਿ ਕੀ ਇਹ ਭਰੋਸੇਯੋਗ ਇਲਜ਼ਾਮ ਕਨੇਡੀਅਨ ਏਜੰਸੀਆਂ ਨੇ ਲਗਾਏ ਸਨ ਜਾਂ ਕਨੇਡੀਅਨ ਸਰਕਾਰ ਨੇ? ਪਿਛਲ਼ੇ ਤਿੰਨ ਮਹੀਨਿਆਂ ਵਿੱਚ ਪੁਲਿਸ, ਏਜੰਸੀਆਂ ਜਾਂ ਕਨੇਡਾ ਸਰਕਾਰ ਨੇ ਕਿਤੇ ਵੀ ਅਜਿਹੇ ਇਲਜ਼ਾਮ ਨਹੀਂ ਲਗਾਏ ਸਨ? ਫਿਰ ਇਲਜ਼ਾਮ ਕਿਸਨੇ ਲਗਾਏ ਸਨ, ਜਿਨ੍ਹਾਂ ਦੀ ਏਜੰਸੀਆਂ ਜਾਂਚ ਕਰ ਰਹੀਆਂ ਹਨ? ਪਬਲੀਕਲੀ ਅਜਿਹੇ ਭਰੋਸੇਯੋਗ ਇਲਜ਼ਾਮ ਪਹਿਲੇ ਦਿਨ ਤੋਂ ਹੀ ਨਿੱਝਰ ਦੀਆਂ ਸਮਰਥਕ ਖਾਲਿਸਤਾਨੀ ਧਿਰਾਂ ਹੀ ਲਗਾ ਰਹੀਆਂ ਸਨ। ਕੀ ਫਿਰ ਇਸਦਾ ਮਤਲਬ ਇਹ ਸਮਝਿਆ ਜਾਵੇ ਕਿ ਖਾਲਿਸਤਾਨੀ ਧਿਰਾਂ ਵਲੋਂ ਲਗਾਏ ਜਾ ਰਹੇ ਇਲਜ਼ਾਮਾਂ ਦੇ ਅਧਾਰ ਤੇ ਹੀ ਟਰੂਡੋ ਸਾਹਿਬ ਨੇ ਇਹ ਬਿਆਨ ਦੇ ਦਿੱਤਾ? ਪਿਛਲ਼ੇ 3 ਮਹੀਨਿਆਂ ਵਿੱਚ ਕਤਲ ਕੇਸ ਦੀ ਜਾਂਚ ਕਰ ਰਹੀ ਟੀਮ ਨੇ ਕਿਤੇ ਵੀ ਅਜਿਹਾ ਸੰਕੇਤ ਨਹੀਂ ਦਿੱਤਾ ਸੀ ਕਿ ਉਹ ਅਜਿਹੇ ਇਲਜ਼ਾਮਾਂ ਦੀ ਜਾਂਚ ਕਰ ਰਹੀਆਂ ਸਨ ਜਾਂ ਉਨ੍ਹਾਂ ਕੋਲ਼ ਕਾਤਲਾਂ ਬਾਰੇ ਕੋਈ ਜਾਣਕਾਰੀ ਹੈ? ਨਾ ਹੀ ਜਾਂਚ ਟੀਮ ਨੇ ਕਿਸੇ ਨੂੰ ਸ਼ੱਕ ਦੇ ਅਧਾਰ ਤੇ ਪੁਛਗਿੱਛ ਲਈ ਗ੍ਰਿਫਤਾਰ ਹੀ ਕੀਤਾ ਹੈ? ਫਿਰ ਅਜਿਹਾ ਕੀ ਹੋਇਆ ਕਿ ਭਾਰਤ ਵਿੱਚ ਹੋਈ G-20 ਦੇਸ਼ਾਂ ਦੀ ਮੀਟਿੰਗ ਤੋਂ ਬਾਅਦ ਕਨੇਡਾ ਆਉਂਦੇ ਹੀ ਟਰੂਡੋ ਸਾਹਿਬ ਨੂੰ ਪਾਰਲੀਮੈਂਟ ਵਿੱਚ ਬਿਨਾਂ ਠੋਸ ਸਬੂਤਾਂ ਦੇ ਅਜਿਹਾ ਬਿਆਨ ਦੇਣਾ ਪਿਆ? ਹੁਣ ਹਫਤਾ ਬੀਤਣ ਤੋਂ ਬਾਅਦ ਵੀ ਸਾਰੀ ਦੁਨੀਆਂ ਦੇ ਪੁੱਛਣ ਤੇ ਵੀ ਕਨੇਡਾ ਸਰਕਾਰ ਜਾਂ ਕੋਈ ਵੀ ਕਨੇਡੀਅਨ ਏਜੰਸੀ ਅਜਿਹੇ ਕੋਈ ਸਬੂਤ ਪੇਸ਼ ਨਹੀਂ ਕਰ ਸਕੀ ਅਤੇ ਸਿਰਫ ਇਹੀ ਕਿਹਾ ਜਾ ਰਿਹਾ ਹੈ ਕਿ ਭਾਰਤ ਸਰਕਾਰ ਜਾਂਚ ਵਿੱਚ ਸਹਿਯੋਗ ਦੇਵੇ? ਜਾਂਚ ਵਿੱਚ ਸਹਿਯੋਗ ਦੇ ਦੋ ਮਤਲਬ ਹੋ ਸਕਦੇ ਹਨ, ਇੱਕ, ਸਾਡੇ ਕੋਲ਼ ਸਬੂਤ ਨਹੀਂ, ਤੁਸੀਂ ਕਾਤਲਾਂ ਨੂੰ ਫੜਾਉਣ ਵਿੱਚ ਸਾਡਾ ਸਹਿਯੋਗ ਕਰੋ ਤੇ ਦੂਜਾ ਕਿ ਸਾਡੇ ਕੋਲ਼ ਸਬੂਤ ਤਾਂ ਨਹੀਂ, ਤੁਸੀਂ ਸਾਡੇ ਵਲੋਂ ਲਾਏ ਇਲਜ਼ਾਮਾਂ ਨੂੰ ਸੱਚ ਮੰਨ ਲਉ?

ਪਿਛਲੇ ਹਫਤੇ ਤੋਂ ਇਸ ਕੇਸ ਸਬੰਧੀ ਕਨੇਡਾ ਤੇ ਭਾਰਤ ਪੱਖੀ ਦੋਨੋਂ ਧਿਰਾਂ ਇਸ ਕੇਸ ਨੂੰ ਆਪਣੀ-ਆਪਣੀ ਸਮਝ ਤੇ ਹਿੱਤਾਂ ਅਨੁਸਾਰ ਪੇਸ਼ ਕਰ ਰਹੀਆਂ ਹਨ।ਇਸ ਮਸਲੇ ਦੀ ਤੀਜੀ ਪ੍ਰਮੁੱਖ ਖਾਲਿਸਤਾਨੀ ਧਿਰ, ਹੁਣ ਪੂਰੀ ਤਰ੍ਹਾਂ ਚੁੱਪ ਹੈ? ਉਨ੍ਹਾਂ ਨੂੰ ਇਸ ਗੱਲ ਦੀ ਹੀ ਤਸੱਲੀ ਹੈ ਕਿ ਕਨੇਡਾ ਤੇ ਅਮਰੀਕਾ ਵਰਗੀ ਮਹਾਂ ਸ਼ਕਤੀ, ਅਸੂਲੀ ਅਤੇ ਇਖਲਾਕੀ ਪੈਂਤੜਾ ਲੈਂਦਿਆਂ, ਉਨ੍ਹਾਂ ਦੇ ਹੱਕ ਅਤੇ ਭਾਰਤ ਦੀ ਮੋਦੀ ਹਕੂਮਤ ਵਿਰੁੱਧ ਖੜ ਗਈ ਹੈ? ਉਨ੍ਹਾਂ ਨੂੰ ਇਸ ਵਿੱਚੋਂ ਹੀ ਖਾਲਿਸਤਾਨ ਦੇ ਸੰਘਰਸ਼ ਲਈ ਵੱਡੀ ਪ੍ਰਾਪਤੀ ਦਿਸ ਰਹੀ ਹੈ? ਇਸ ਦੌਰਾਨ ਭਾਰਤ ਸਰਕਾਰ ਨੇ ਨਿੱਝਰ ਕਤਲ ਕੇਸ ਵਿੱਚ ਕਿਸੇ ਤਰ੍ਹਾਂ ਦੀ ਵੀ ਸ਼ਮੂਲ਼ੀਅਤ ਨੂੰ ਮੁੱਢੋਂ ਰੱਦ ਕਰਦੇ ਹੋਏ, ਇਸਨੂੰ '**ਬੇਹੂਦਾ ਇਲਜ਼ਾਮਬਾਜੀ**' (Absurd Allegations) ਕਰਾਰ ਦਿੱਤਾ ਹੈ। ਇਸ ਸਬੰਧੀ ਬੇਸ਼ਕ ਰਾਜਸੀ ਖੇਤਰਾਂ ਤੇ ਮੀਡੀਆ ਵਿੱਚ ਵੱਖ-ਵੱਖ ਤਰ੍ਹਾਂ ਦੇ ਵਿਚਾਰ ਆ ਰਹੇ ਹਨ, ਪਰ ਉਨ੍ਹਾਂ ਵਿੱਚੋਂ ਕਨੇਡਾ ਦੇ ਸੂਬੇ ਬੀ. ਸੀ. ਦੇ ਪ੍ਰੀਮਅਰ ਡੇਵਿਡ ਏਬੀ ਦੀ ਪ੍ਰੈਸ ਸਟੇਟਮੈਂਟ ਬਹੁਤ ਮਹੱਤਵਪੂਰਨ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪਾਰਲੀਮੈਂਟ ਵਿੱਚ ਅਨਾਊਂਸਮੈਂਟ ਤੋਂ ਪਹਿਲਾਂ ਕਨੇਡੀਅਨ ਖੁਫੀਆ ਏਜੰਸੀ ਸੀਸਿਸ (CSIS) ਦੇ ਡਾਇਰੈਕਟਰ ਵਲੋਂ ਉਨ੍ਹਾਂ ਨੂੰ ਇਸ ਕੇਸ ਵਿੱਚ ਜੋ ਜਾਣਕਾਰੀ ਦਿੱਤੀ ਗਈ ਸੀ, ਉਸ ਤੋਂ ਮੈਨੂੰ ਬਹੁਤ ਨਿਰਾਸ਼ਾ ਹੋਈ ਕਿਉਂਕਿ ਉਸ ਜਾਣਕਾਰੀ ਵਿੱਚ ਅਜਿਹਾ ਕੁਝ ਵੀ ਤੱਥਾਂ ਭਰਪੂਰ ਨਹੀਂ ਸੀ। ਇਹ ਜਾਣਕਾਰੀ ਕੋਈ ਵੀ ਗੂਗਲ ਤੇ ਸਰਚ ਕਰਕੇ ਕੱਢ ਸਕਦਾ ਹੈ। ਯਾਦ ਰਹੇ ਪ੍ਰੀਮੀਅਰ ਡੇਵਿਡ ਏਬੀ ਕਿੱਤੇ ਵਜੋਂ ਵਕੀਲ, ਲਾਅ ਪ੍ਰੋਫੈਸਰ ਤੇ ਬੀਸੀ ਦੇ ਅਟਾਰਨੀ ਜਨਰਲ ਵੀ ਰਹੇ ਹਨ।ਜਿਨ੍ਹਾਂ ਨੂੰ ਕਨੂੰਨ ਦੀਆਂ ਸਾਰੀਆਂ ਬਰੀਕੀਆਂ ਦਾ ਪਤਾ ਹੈ। ਇਸ ਤੋਂ ਇਲਾਵਾ ਇੱਕ ਹੋਰ ਮਹੱਤਵਪੂਰਨ ਜਾਣਕਾਰੀ ਅਮਰੀਕਾ ਸਰਕਾਰ ਦੇ ਕਨੇਡਾ ਸਥਿਤ ਐਂਬੈਸਡਰ ਡੇਵਿਡ ਕੋਹੇਨ ਵਲੋਂ ਦਿੱਤੀ ਗਈ: "There was shared intelligence among 'Five Eyes' partners that helped lead Canada to (make) the statements that the prime minister made," U.S. Ambassador David Cohen told Canadian CTV News Network. **ਇਸ ਸਟੇਟਮੈਂਟ ਅਨੁਸਾਰ ਅਮਰੀਕਾ ਨੇ ਪੰਜ ਆਈਜ਼ (Five Eyes) ਰਾਹੀਂ ਇਕੱਠੀ ਕੀਤੀ ਜਾਣਕਾਰੀ ਕਨੇਡਾ ਸਰਕਾਰ ਨਾਲ਼ ਸਾਂਝੀ ਕੀਤੀ ਸੀ, ਜਿਸਦੇ ਅਧਾਰ ਤੇ ਮਿ. ਟਰੂਡੋ ਨੇ ਪਾਰਲੀਮੈਂਟ ਵਿੱਚ ਬਿਆਨ ਦਿੱਤਾ। ਇਸ ਜਾਣਕਾਰੀ ਵਿੱਚ ਕੁਝ ਵਿਅਕਤੀਆਂ ਦੀ ਇਸ ਕਤਲ ਸਬੰਧੀ ਸ਼ੱਕੀ ਗੱਲਬਾਤ ਅਤੇ ਕੁਝ ਫੋਨ ਟੇਪਿੰਗ ਜਾਂ ਕਿਸੇ ਹੋਰ ਇਲੈਕਟ੍ਰੌਨਿਕ ਢੰਗ ਨਾਲ਼ ਸ਼ੱਕੀ ਜਾਣਕਾਰੀ ਇਕੱਠੀ ਕੀਤੀ ਗਈ ਸੀ?** ਕੀ ਇਸਦਾ ਮਤਲਬ ਇਹ ਸਮਝਿਆ ਜਾਵੇ ਕਿ ਕਨੇਡੀਅਨ ਏਜੰਸੀਆਂ ਕੋਲ਼ ਇਸ ਸਬੰਧੀ ਕੋਈ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ ਤੇ ਟਰੂਡੋ ਸਾਹਿਬ ਨੇ ਅਮਰੀਕਨ ਏਜੰਸੀਆਂ ਵਲੋਂ ਸ਼ੱਕੀ ਇਲਜਾਮਾਂ ਦੀ ਜਾਣਕਾਰੀ ਦੇ ਅਧਾਰ ਤੇ ਪਾਰਲੀਮੈਂਟ ਵਿੱਚ ਬਿਆਨ ਦੇ ਦਿੱਤਾ? ਇਸੇ ਜਾਣਕਾਰੀ ਦੀ ਪੁਸ਼ਟੀ ਕਰਦਿਆਂ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਅਤੇ ਸੈਕਟਰੀ ਆਫ ਸਟੇਟ ਐਨਟੋਨੀ ਬਲਿੰਕਨ ਵਲੋਂ ਟਰੂਡੋ ਦੀ ਪਿੱਠ ਤੇ ਆ ਜਾਣ ਨੇ ਇਸ ਸਭ ਕੁਝ ਨੂੰ ਸ਼ੱਕ ਦੇ ਘੇਰੇ ਵਿੱਚ ਲੈ ਆਂਦਾ ਹੈ। ਕੀ ਇਸ ਤੋਂ ਸਪੱਸ਼ਟ ਨਹੀਂ ਕਿ ਟਰੂਡੋ ਨੂੰ ਸਾਰੀ ਜਾਣਕਾਰੀ ਦਿੱਤੀ ਹੀ ਅਮਰੀਕਨ ਖੁਫੀਆ ਤੰਤਰ ਵਲੋਂ ਸੀ? ਅਮਰੀਕਾ ਕੋਲ਼ ਇਹ ਜਾਣਕਾਰੀ ਕਿੱਥੋਂ ਆਈ? ਕੀ ਅਮਰੀਕਨ ਏਜੰਸੀਆਂ ਕਨੇਡਾ ਵਿੱਚ ਭਾਰਤੀ ਅੰਬੈਸੀਆਂ ਦੀ ਜਸੂਸੀ ਕਰਦੀਆਂ ਸਨ? ਕੀ ਅਜਿਹਾ ਕਰਨਾ ਅੰਤਰ ਰਾਸ਼ਟਰੀ ਕਨੂੰਨਾਂ ਦੀ ਉਲੰਘਣਾ ਨਹੀਂ? ਜਦੋਂ ਕਿ ਕਨੇਡੀਅਨ ਏਜੰਸੀਆਂ ਕੋਲ਼ ਅਜਿਹੀ ਕਿਸੇ ਜਾਣਕਾਰੀ ਦਾ ਸੁਰਾਗ ਵੀ ਨਹੀਂ ਸੀ? ਕੀ ਹੁਣ ਕਨੇਡਾ ਸਰਕਾਰ ਵਿਦੇਸ਼ੀ ਦਖਲ ਵਾਲ਼ੀ ਜਾਂਚ ਵਿੱਚ ਅਮਰੀਕਾ ਨੂੰ ਵੀ ਸ਼ਾਮਿਲ ਕਰੇਗਾ?

ਇਸ ਸਾਰੇ ਮਸਲੇ ਦਾ ਇੱਕ ਹੋਰ ਬੜਾ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਨਿੱਝਰ ਦੇ ਕਤਲ ਤੋਂ ਕੁਝ ਹਫਤੇ ਪਹਿਲਾਂ ਖੁਫੀਆ ਏਜੰਸੀਆਂ ਉਸਨੂੰ ਜਾਣਕਾਰੀ ਦਿੰਦੀਆਂ ਹਨ ਕਿ '**ਤੇਰੀ ਜਾਨ ਨੂੰ ਖਤਰਾ ਹੈ**'? ਪਰ ਕਿਸ ਕੋਲ਼ੋਂ ਖਤਰਾ ਹੈ, ਇਹ ਨਹੀਂ ਦੱਸਦੀਆਂ? ਜੇ ਇਹ ਖਤਰਾ ਇਤਨਾ ਵੱਡਾ ਸੀ ਤਾਂ ਫਿਰ ਨਿੱਝਰ ਨੂੰ ਸੁਰੱਖਿਆ ਪ੍ਰਦਾਨ ਕਿਉਂ ਨਹੀਂ ਕੀਤੀ ਗਈ? ਦੂਜੇ ਪਾਸੇ ਅਮਰੀਕਨ ਖੁਫੀਆ ਏਜੰਸੀ ਐਫ ਬੀ ਆਈ, ਅਮਰੀਕਾ ਵਿੱਚ ਕੁਝ ਖਾਲਿਸਤਾਨੀ ਲੀਡਰਾਂ ਨੂੰ ਸੱਦ ਕੇ ਅਜਿਹੀ ਹੀ ਜਾਣਕਾਰੀ ਦਿੰਦੀ ਹੈ ਕਿ ਤੁਹਾਡੀ ਜਾਨ ਨੂੰ ਖਤਰਾ ਹੈ? ਪਰ ਕਿਸ ਕੋਲ਼ੋਂ ਅਜਿਹਾ ਨਹੀਂ ਦੱਸਿਆ ਜਾਂਦਾ..? ਪਰ ਖਾਲਿਸਤਾਨੀ ਲੀਡਰ ਆਪ ਹੀ ਅੰਦਾਜਾ ਲਗਾ ਲੈਂਦੇ ਹਨ ਕਿ ਉਨ੍ਹਾਂ ਨੂੰ ਭਾਰਤ ਤੋਂ ਬਿਨਾਂ ਹੋਰ ਖਤਰਾ ਕਿਸ ਕੋਲ਼ੋਂ ਹੋ ਸਕਦਾ ਹੈ? ਕੀ ਭਾਰਤੀ ਏਜੰਸੀਆਂ ਤੋਂ ਕਿਸੇ ਸੰਭਾਵੀ ਖਤਰੇ ਦੀਆਂ ਇਨ੍ਹਾਂ ਸੰਭਾਵਨਾਵਾਂ ਵਿੱਚੋਂ ਹੀ ਇਹ ਇਲਜ਼ਾਮ ਤੇ ਨਹੀਂ ਨਿੱਕਲ਼ੇ, ਜੋ ਟਰੂਡੋ ਸਾਹਿਬ ਨੇ ਪਾਰਲੀਮੈਂਟ ਵਿੱਚ ਲਗਾਏ ਹਨ? ਕੀ ਇਸ ਤੋਂ ਸ਼ੱਕ ਨਹੀਂ ਪੈਦਾ ਹੁੰਦਾ ਕਿ ਖੁਫੀਆ ਏਜੰਸੀਆਂ ਵਲੋਂ ਅੱਧੀ ਦਰਜਨ ਤੋਂ ਵੱਧ ਵਿਅਕਤੀਆਂ ਵਿੱਚ ਖਤਰੇ ਦਾ ਸਹਿਮ ਤਾਂ ਪਾਇਆ ਗਿਆ, ਪਰ ਉਨ੍ਹਾਂ ਨੂੰ ਨਾ ਕੋਈ ਸਕਿਉਰਿਟੀ ਦਿੱਤੀ ਗਈ ਤੇ ਨਾ ਹੀ ਕਿਸ ਤੋਂ ਖਤਰਾ ਬਾਰੇ ਜਾਣਕਾਰੀ ਦਿੱਤੀ ਗਈ? ਇਹ ਨਿਰਣਾ ਹੁਣ ਪਾਠਕਾਂ ਤੇ ਛੱਡਦੇ ਹਾਂ ਕਿ ਨਿੱਝਰ ਦੀ ਹੱਤਿਆ ਵਿੱਚ ਕਿਸਦਾ ਹੱਥ ਹੋ ਸਕਦਾ ਹੈ...।

ਹੁਣ ਵਿਚਾਰਨ ਵਾਲ਼ਾ ਮਸਲਾ ਇਹ ਹੈ ਕਿ ਜੇ ਕਨੇਡਾ ਸਰਕਾਰ ਕੋਲ਼ ਅਜੇ ਕੋਈ ਪੁਖਤਾ ਤੇ ਤੱਥ ਭਰਪੂਰ ਸਬੂਤ ਨਹੀਂ ਸਨ ਤਾਂ ਉਨ੍ਹਾਂ ਨੂੰ ਪਾਰਲੀਮੈਂਟ ਵਿੱਚ ਜਾਣ ਦੀ ਇਤਨੀ ਕਾਹਲ ਕਿਉਂ ਸੀ? ਕੀ ਅਜਿਹੀ ਜਾਣਕਾਰੀ ਕਤਲ ਦੀ ਜਾਂਚ ਕਰ ਰਹੀ ਟੀਮ ਵਲੋਂ ਨਹੀਂ ਸ਼ੇਅਰ ਕੀਤੀ ਜਾ ਸਕਦੀ ਸੀ? ਜੇ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿੱਚ ਸ਼ੱਕੀ ਇਲਜ਼ਾਮਾਂ ਅਧਾਰਿਤ ਜਾਣਕਾਰੀ ਸਾਂਝੀ ਕਰ ਹੀ ਦਿੱਤੀ ਸੀ ਤਾਂ ਫਿਰ ਭਾਰਤ ਸਰਕਾਰ ਦਾ ਪੱਖ ਆਏ ਤੋਂ ਪਹਿਲਾਂ ਹੀ ਬੜੀ ਕਾਹਲ਼ੀ ਵਿੱਚ ਓਟਵਾ ਵਿੱਚ ਭਾਰਤੀ ਕੌਂਸਲੇਟ ਵਿੱਚ ਤਾਇਨਾਤ ਇੱਕ ਸੀਨੀਅਰ ਭਾਰਤੀ ਅਧਿਕਾਰੀ ਦੀ ਮੁਅੱਤਲੀ ਤੇ ਉਸਨੂੰ ਦੇਸ਼ ਛੱਡਣ ਦੇ ਹੁਕਮ ਦੇਣ ਕੀ ਕਾਰਨ ਸਨ? ਬੇਸ਼ਕ ਟਰੂਡੋ ਸਾਹਿਬ ਨੇ ਭਾਰਤ ਵਲੋਂ ਜਵਾਬੀ ਕਾਰਵਾਈ ਤੋਂ ਬਾਅਦ ਇਹ ਬਿਆਨ ਵੀ ਦਿੱਤੇ ਸਨ ਕਿ ਸਾਡਾ ਮਕਸਦ ਭਾਰਤ ਨੂੰ ਉਕਸਾ ਕਿ ਦੋਨਾਂ ਦੇਸ਼ਾਂ ਦੇ ਰਿਸ਼ਤੇ ਖਰਾਬ ਕਰਨਾ ਨਹੀਂ ਸੀ? ਕੀ ਅਜਿਹਾ ਪਹਿਲਾਂ ਨਹੀਂ ਸੋਚਿਆ ਗਿਆ ਸੀ ਕਿ ਅਜਿਹੀ ਭੜਕਾਹਟ ਵਾਲ਼ੀ ਕਾਰਵਾਈ ਨਾਲ਼ ਦੋਨਾਂ ਦੇਸ਼ਾਂ ਦੇ ਸਬੰਧ ਹੀ ਨਹੀਂ ਵਿਗੜਨਗੇ, ਸਗੋਂ ਕਨੇਡਾ ਦੇ ਹੋਰ ਸਹਿਯੋਗੀ ਦੇਸ਼ ਵੀ ਧਰਮ ਸੰਕਟ ਵਿੱਚ ਫਸ ਜਾਣਗੇ? ਕੀ ਅਜਿਹਾ ਐਕਸ਼ਨ ਟਰੂਡੋ ਸਾਹਿਬ ਨੇ ਆਪਣੀ 2018 ਅਤੇ ਕੁਝ ਦਿਨ ਪਹਿਲਾਂ ਦੀ ਭਾਰਤ ਯਾਤਰਾ ਦੌਰਾਨ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ ਨਜ਼ਰਅੰਦਾਜ ਕਰਨ ਦੇ ਗੁੱਸੇ ਵਿੱਚ ਕੀਤਾ ਸੀ?

ਮਿ. ਟਰੂਡੋ ਦੇ ਪਾਰਲੀਮੈਂਟ ਵਿੱਚ ਦਿੱਤੇ ਬਿਆਨ ਤੇ ਭਾਰਤੀ ਡਿਪਲੋਮੈਟ ਨੂੰ ਦੇਸ਼ ਛੱਡਣ ਦੇ ਹੁਕਮਾਂ ਤੋਂ ਬਾਅਦ ਭਾਰਤ ਸਰਕਾਰ ਵਲੋਂ ਕੀਤੀ ਜਵਾਬੀ ਕਾਰਵਾਈ ਵਿੱਚ ਕਨੇਡਾ ਸਰਕਾਰ ਦੇ ਡਿਪਲੋਮੈਟ ਨੂੰ ਦੇਸ਼ ਛੱਡਣ ਦੇ ਹੁਕਮਾਂ ਤੋਂ ਇਲਾਵਾ ਕਨੇਡੀਅਨ ਨਾਗਰਿਕਾਂ ਨੂੰ ਨਵੇਂ ਵੀਜੇ ਇਸ਼ੂ ਕਰਨ ਤੇ ਪਾਬੰਦੀ ਲਗਾਉਣ ਅਤੇ ਭਾਰਤੀ ਏਜੰਸੀ ਐਨ ਆਈ ਏ ਵਲੋਂ 43 ਅਜਿਹੇ ਅਪਰਾਧੀਆਂ ਦੀ ਲਿਸਟ ਜਾਰੀ ਕੀਤੀ ਹੈ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਇਹ ਲੋਕ ਕਨੇਡਾ ਪਨਾਹ ਲੈ ਕੇ ਬੈਠੇ ਹਨ।ਭਾਰਤ ਸਰਕਾਰ ਵਲੋਂ ਸਖਤ ਰੁੱਖ ਅਖਤਿਆਰ ਕਰਦਿਆਂ, ਕਨੇਡਾ ਤੇ ਗੰਭੀਰ ਇਲਜ਼ਾਮ ਵੀ ਲਗਾਏ ਹਨ ਕਿ '**ਕਨੇਡਾ ਹੁਣ ਅਪਰਾਧੀਆਂ ਲਈ ਸਵਰਗ**' ਬਣ ਚੁੱਕਾ ਹੈ। ਉਨ੍ਹਾਂ ਕਨੇਡਾ ਸਰਕਾਰ ਦੀ ਜਾਂਚ ਵਿੱਚ ਸਹਿਯੋਗ ਦੀ ਮੰਗ ਦੇ ਜਵਾਬ ਵਿੱਚ ਇਹ ਮੰਗ ਵੀ ਰੱਖ ਦਿੱਤੀ ਕਿ ਪਹਿਲਾਂ ਤੱਥ ਪੇਸ਼ ਕਰੋ ਤੇ ਨਾਲ਼ ਹੀ ਭਾਰਤ ਸਰਕਾਰ ਦੇ ਮੁਜਰਿਮ, ਜੋ ਕਨੇਡਾ ਵਿੱਚ ਪਨਾਹ ਲਈ ਬੈਠੇ ਹਨ, ਉਨ੍ਹਾਂ ਨੂੰ ਭਾਰਤ ਹਵਾਲੇ ਕਰੋ। ਕੀ ਕਨੇਡਾ ਸਰਕਾਰ ਨੇ ਭਾਰਤੀ ਏਜੰਸੀਆਂ ਤੇ ਇਲਜ਼ਾਮ ਲਗਾਉਣ ਤੋਂ ਪਹਿਲਾਂ ਸੋਚਿਆ ਸੀ ਕਿ ਜੇ ਭਾਰਤ ਸਰਕਾਰ ਨੇ ਅਜਿਹਾ ਸਖਤ ਰੁੱਖ ਅਖਤਿਆਰ ਕਰ ਲਿਆ ਤਾਂ ਉਸ ਸਥਿਤੀ ਵਿੱਚ ਸਾਡਾ ਕੀ ਜਵਾਬ ਹੋਵੇਗਾ? ਇੱਥੇ ਇਹ ਵੀ ਵਰਨਣਯੋਗ ਹੈ ਕਿ ਪਿਛਲੇ ਦਿਨੀਂ ਮਿ. ਟਰੂਡੋ ਵਲੋਂ ਯੂਕਰੇਨ ਦੇ ਰਾਸ਼ਟਰਪਤੀ ਮਿ. ਜ਼ੇਲੈਂਸਕੀ ਨੂੰ ਪਾਰਲੀਮੈਂਟ ਵਿੱਚ ਸੱਦ ਕੇ ਸਨਮਾਨਿਤ ਕਰਨ ਮੌਕੇ 98 ਸਾਲਾ ਯਾਰੋਸਲਾਵ ਹੁੰਕਾ ਨੂੰ ਵੀ ਸਨਮਾਨਤ ਕੀਤਾ ਗਿਆ, ਜੋ ਹਿਟਲਰ ਦੀਆਂ ਨਾਜ਼ੀ ਫੌਜਾਂ ਵਿੱਚ ਸ਼ਾਮਲ ਰਿਹਾ ਸੀ। ਜਿਨ੍ਹਾਂ ਨੇ ਦੂਜੀ ਸੰਸਾਰ ਜੰਗ ਤੋਂ ਪਹਿਲਾਂ 60 ਲੱਖ ਯਹੂਦੀ ਮਾਰ ਮੁਕਾਏ ਸਨ।ਇਸ ਸਬੰਧੀ ਕਨੇਡਾ ਦੇ ਮਸ਼ਹੂਰ ਅਖ਼ਬਾਰ 'ਨੈਸ਼ਨਲ ਪੋਸਟ' ਦੀ ਖ਼ਬਰ ਅਨੁਸਾਰ ਕਨੇਡਾ ਤੇ ਪਿਛਲੇ 70 ਸਾਲ ਤੋਂ ਇਲਜ਼ਾਮ ਲੱਗਦੇ ਰਹੇ ਹਨ ਕਿ ਕਨੇਡਾ ਜੰਗ ਦੇ ਮੁਜਰਿਮ ਨਾਜ਼ੀਆਂ ਲਈ ਸਵਰਗ ਰਿਹਾ ਹੈ ਤੇ ਕਨੇਡਾ ਨੇ ਉਨ੍ਹਾਂ ਨੂੰ ਸਜ਼ਾਵਾਂ ਦਿਵਾਉਣ ਵਿੱਚ ਹਮੇਸ਼ਾਂ ਹਿਚਕਚਾਹਟ ਦਿਖਾਈ ਹੈ।ਕੀ ਇਸ ਖ਼ਬਰ ਦੇ ਛਪਣ ਨਾਲ਼ ਭਾਰਤ ਸਰਕਾਰ ਦੇ ਇਲਜ਼ਾਮਾਂ '**ਕਨੇਡਾ ਅਪਰਾਧੀਆਂ ਤੇ ਅੱਤਵਾਦੀਆਂ ਲਈ ਸਵਰਗ ਬਣ ਚੁੱਕਾ ਹੈ**' ਨੂੰ ਬੱਲ ਨਹੀਂ ਮਿਲਿਆ ਹੈ?

ਕਨੇਡੀਅਨ, ਅਮਰੀਕਨ ਤੇ ਭਾਰਤੀ ਮੀਡੀਏ ਵਲੋਂ ਇਸ ਸਾਰੇ ਘਟਨਾਕ੍ਰਮ ਨੂੰ ਵੱਖ-ਵੱਖ ਪੱਖਾਂ ਤੋਂ ਵਿਚਾਰਿਆ ਜਾ ਰਿਹਾ ਹੈ।ਬਹੁਤ ਸਾਰੇ ਕਨੇਡੀਅਨ ਮੀਡੀਆ ਅਦਾਰਿਆਂ ਅਨੁਸਾਰ ਚੀਨ ਦੀ ਕਨੇਡੀਅਨ ਸਿਆਸਤ ਅਤੇ 2019 ਤੇ 2021 ਦੀਆਂ ਚੋਣਾਂ ਵਿੱਚ ਦਖਲ-ਅੰਦਾਜੀ ਸਬੰਧੀ 6, ਸਤੰਬਰ ਨੂੰ '**ਪਬਲਿਕ ਇਨਕੁਆਰੀ**' ਕਰਨ ਨੂੰ ਇਜ਼ਾਜਤ ਦੇਣ ਤੋਂ ਬਾਅਦ ਟਰੂਡੋ ਨੇ ਆਪਣੇ ਬਚਾਅ ਲਈ ਭਾਰਤ ਦੀ ਦਖਲ-ਅੰਦਾਜੀ ਦਾ ਮੁੱਦਾ ਗਰਮਾ ਕੇ ਚੀਨ ਦੀ ਜਾਂਚ ਵਾਲ਼ੀ ਇਨਕੁਆਰੀ ਨੂੰ ਭਟਕਾਉਣ ਦਾ ਯਤਨ ਕੀਤਾ ਹੈ।ਇਸ ਤਰ੍ਹਾਂ ਇਹ ਚਰਚਾਵਾਂ ਵੀ ਸਾਰੇ ਮੀਡੀਆ ਵਿੱਚ ਪ੍ਰਮੁੱਖ ਤੌਰ ਤੇ ਚੱਲ ਰਹੀਆਂ ਹਨ ਕਿ ਅਮਰੀਕਾ ਨੇ ਮੋਦੀ ਸਰਕਾਰ ਦੀ ਬਾਂਹ ਮਰੋੜਨ ਲਈ ਹੀ ਟਰੂਡੋ ਤੋਂ ਇਹ ਕਦਮ ਚੁੱਕਵਾਇਆ ਹੈ। ਕੀ ਅਮਰੀਕਾ ਮੋਦੀ ਨੂੰ ਨੀਵਾਂ ਕਰਕੇ ਉਸਨੂੰ ਲੰਮਾ ਪਾਉਣਾ ਚਾਹੁੰਦਾ ਹੈ ਜਾਂ ਹਰਿਆਣੇ ਵਿੱਚ ਨੂਹ ਜ਼ਿਲ੍ਹੇ ਦੇ ਮੁਸਲਿਮ ਵਿਰੋਧੀਆਂ ਦੰਗਿਆਂ ਤੇ ਉਸ ਤੋਂ ਪਹਿਲਾਂ ਮਨੀਪੁਰ ਵਿੱਚ ਇਸਾਈਆਂ ਵਿਰੁੱਧ ਦੰਗੇ ਭੜਕਾਉਣ ਦੇ ਦੋਸ਼ਾਂ ਕਾਰਨ ਨਾਮੋਸ਼ੀ ਨਾਲ਼ ਪਹਿਲਾਂ ਹੀ ਲੰਮੇ ਪਏ ਮੋਦੀ ਨੂੰ ਸ਼ਹੀਦ ਬਣਾ ਕੇ ਉਸਨੂੰ 2024 ਦੀਆਂ ਚੋਣਾਂ ਵਿੱਚ ਨਾਇਕ ਬਣਾਉਣਾ ਚਾਹੁੰਦਾ ਹੈ? ਅਮਰੀਕਾ ਨੂੰ ਚੀਨ ਤੇ ਰੂਸ ਦਾ ਮੁਕਾਬਲਾ ਕਰਨ ਲਈ ਸਾਊਥ ਏਸ਼ੀਆ ਵਿੱਚ ਕੋਈ ਪੱਕਾ ਸਹਿਯੋਗੀ ਚਾਹੀਦਾ ਹੈ, ਪਰ ਯੂਕਰੇਨ ਜੰਗ, ਇਰਾਨ ਨਾਲ਼ ਰੇੜਕੇ, ਅਫਗਾਨਿਸਤਾਨ ਆਦਿ ਅਨੇਕਾਂ ਅੰਤਰ ਰਾਸ਼ਟਰੀ ਮੁੱਦਿਆਂ ਤੇ ਭਾਰਤ ਆਪਣੀ ਅਜ਼ਾਦ ਭੂਮਿਕਾ ਨਿਭਾਉਂਦਾ ਰਿਹਾ ਹੈ, ਜੋ ਕਿ ਅਮਰੀਕਾ ਤੇ ਨਾਟੋ ਦੇਸ਼ਾਂ ਨੂੰ ਰਾਸ ਨਹੀਂ ਆ ਰਹੀ। G-20 ਦੇਸ਼ਾਂ ਦੀ ਮੀਟਿੰਗ ਵਿੱਚ ਜਿੱਥੇ ਭਾਰਤ ਅਫਰੀਕਨ ਦੇਸ਼ਾਂ ਦੇ ਸੰਘ ਨੂੰ G-20 ਦੇਸ਼ਾਂ ਵਿੱਚ ਸ਼ਾਮਿਲ ਕਰਾਉਣ ਵਿੱਚ ਸਫਲ ਰਿਹਾ ਹੈ, ਉਥੇ ਪੱਛਮੀ ਦੇਸ਼ ਇਸ ਮੀਟਿੰਗ ਵਿੱਚ ਯੂਕਰੇਨ ਜੰਗ ਲਈ ਰੂਸ ਖਿਲਾਫ ਕੋਈ ਮਤਾ ਵੀ ਪਾਸ ਨਹੀਂ ਕਰਾ ਸਕੇ ਸਨ? ਇਹ ਵੀ ਅਫਵਾਹਾਂ ਚੱਲ ਰਹੀਆਂ ਹਨ ਕਿ 2024 ਦੀਆਂ ਚੋਣਾਂ ਵਿੱਚ ਮੋਦੀ ਸਰਕਾਰ ਨੂੰ ਲਾਂਭੇ ਕਰਨ ਲਈ ਇੱਕ ਵੱਡੀ ਗੇਮ ਖੇਡੀ ਜਾ ਰਹੀ ਹੈ। ਇਸੇ ਲੜੀ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਅਜਿਹੀਆਂ ਖ਼ਬਰਾਂ ਚੱਲ ਰਹੀਆਂ ਹਨ ਕਿ ਮੋਦੀ ਸਰਕਾਰ ਵਿਰੁੱਧ ਪੱਛਮੀ 'ਨਾਟੋ' ਦੇਸ਼ਾਂ ਵਲੋਂ 'ਪ੍ਰਾਪੇਗੰਡਾ ਵਾਰ ਕੰਪੇਨ' ਚਲਾਈ ਜਾ ਰਹੀ ਹੈ, ਬੇਸ਼ਕ ਇਸ ਵਿੱਚ ਬਹੁਤ ਕੁਝ ਸਚਾਈ ਵੀ ਹੋਵੇਗੀ, ਪਰ ਚੋਣਾਂ ਤੋਂ ਪਹਿਲਾਂ ਅਜਿਹਾ ਕੁਝ ਮਹਿਜ ਇਤਫਾਕ ਨਹੀਂ ਮੰਨਿਆ ਜਾ ਸਕਦਾ? ਅਮਰੀਕਾ ਲਈ ਅਜਿਹਾ ਕਰਨਾ ਕੋਈ ਨਵੀਂ ਗੱਲ ਨਹੀਂ, ਪਿਛਲੇ 60-70 ਸਾਲਾਂ ਵਿੱਚ ਅਜਿਹੇ ਕਈ ਰਾਜ ਪਲਟੇ ਸੀ ਆਈ ਏ ਨੇ ਕਰਾਏ ਹਨ।ਜਿਨ੍ਹਾਂ ਦੇ ਖੁਲਾਸੇ ਸੀ ਆਈ ਏ ਦੇ ਅਧਿਕਾਰੀਆਂ ਦੀਆਂ ਆਪਣੀਆਂ ਕਿਤਾਬਾਂ ਵਿੱਚ ਦਰਜ ਹਨ। ਅਜੇ ਕੁਝ ਮਹੀਨੇ ਪਹਿਲਾਂ 1972 ਵਿੱਚ 'ਚਿੱਲੀ' ਦੇ ਅਮਰੀਕਾ ਵਲੋਂ ਕਰਵਾਏ ਰਾਜ ਪਲਟੇ ਦੇ ਦਸਤਾਵੇਜ 50 ਸਾਲ ਬਾਅਦ ਰਿਲੀਜ਼ ਹੋਏ ਹਨ। ਮਿ. ਨਿੱਝਰ ਦੀ ਹੱਤਿਆ ਦੁਖਦਾਈ ਹੈ ਤੇ ਇਸਦੀ ਨਿਰਪੱਖ ਜਾਂਚ ਵੀ ਹੋਣੀ ਚਾਹੀਦੀ ਹੈ ਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।ਪਰ ਕੀ ਸਚਮੁੱਚ ਕਨੇਡਾ, ਅਮਰੀਕਾ ਜਾਂ ਪੱਛਮੀ ਦੇਸ਼ਾਂ ਨੂੰ ਨਿੱਝਰ ਦੀ ਹੱਤਿਆ ਦਾ ਇਤਨਾ



ਦਰਦ ਹੈ ਕਿ ਉਹ ਇੰਡੀਆ ਵਰਗੀ ਵੱਡੀ ਮੰਡੀ ਅਤੇ ਜੀਓ ਪਾਲਿਟਿਕਸ (Geopoiltics) ਦੇ ਸਹਿਯੋਗੀ ਖਿਲਾਫ ਇਤਨਾ ਵੱਡਾ ਐਕਸ਼ਨ ਲੈਣਗੇ ?

ਬੜੀ ਹੈਰਾਨੀ ਦੀ ਗੱਲ ਹੈ ਕਿ ਸਿੱਖ ਚਿੰਤਕ ਸ. ਅਜਮੇਰ ਸਿੰਘ ਇਸ ਵਿਸ਼ੇ ਤੇ ਆਪਣੀ ਵੀਡੀਓ ਵਿੱਚ ਕਹਿੰਦੇ ਹਨ ਕਿ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਕੁਝ ਅਸੂਲ ਹਨ, ਕੁਝ ਨੈਤਿਕ ਕਦਰਾਂ ਕੀਮਤਾਂ ਹਨ, ਜਿਨ੍ਹਾਂ ਦੀ ਉਹ ਹਮੇਸ਼ਾਂ ਰਾਖੀ ਕਰਦੇ ਹਨ? ਅਜਮੇਰ ਸਿੰਘ ਵਰਗੇ ਪੁਰਾਣੇ ਹੰਢੇ ਵਰਤੇ ਮਾਰਕਸੀ ਚਿੰਤਕ ਨੂੰ ਕੀ ਇਹ ਵੀ ਯਾਦ ਨਹੀਂ ਕਿ ਅਮਰੀਕਨ ਖੁਫੀਆ ਤੰਤਰ ਨੇ ਸਭ ਇਖਲਾਕੀ ਕਦਰਾਂ ਨੂੰ ਛਿੱਕੇ ਟੰਗ ਕੇ ਕਿਵੇਂ ਅਫਰੀਕਨ ਦੇਸ਼ ਕਾਂਗੋ ਦੇ ਲੋਕਤੰਤਰੀ ਢੰਗ ਨਾਲ਼ ਚੁਣੇ ਹਰਮਨ ਪਿਆਰੇ ਰਾਸ਼ਟਰਪਤੀ ਪੈਟਰਿਸ ਲੂਮੰਬਾ ਨੂੰ ਕਤਲ ਕਰਵਾਇਆ ਗਿਆ ਸੀ। ਉਸਦੀ ਮੌਤ ਤੋਂ ਬਾਅਦ ਸ਼ੁਰੂ ਹੋਈ ਘਰੇਲੂ ਜੰਗ ਵਿੱਚ 60 ਲੱਖ ਜਾਨਾਂ ਜਾਣ ਤੋਂ ਬਾਅਦ ਵੀ ਇਹ ਜਾਰੀ ਹੈ? ਬਹੁਤਾ ਦੂਰ ਕੀ ਜਾਣਾ, ਅਜੇ 2003 ਵਿੱਚ ਹੀ ਅਮਰੀਕਾ ਤੇ ਨਾਟੋ ਦੇਸ਼ਾਂ ਨੇ ਬਹੁਤ ਪੁਖਤਾ ਸਬੂਤਾਂ ਦੇ ਅਧਾਰ ਤੇ ਇਰਾਕ 'ਤੇ ਇਹ ਇਲਜ਼ਾਮ ਲਗਾ ਕੇ ਹਮਲਾ ਕੀਤਾ ਸੀ ਕਿ ਉਸ ਕੋਲ਼ **'ਮਾਸ ਡਿਸਟਰੱਕਸ਼ਨ ਦੇ ਕੈਮੀਕਲ ਹਥਿਆਰ'** (Chemical Weapons of Mass Destruction) ਹਨ, ਪਰ ਸਾਰੇ ਇਰਾਕ ਦੀ ਤਬਾਹੀ ਤੇ ਲੱਖਾਂ ਲੋਕਾਂ ਦੀ ਮੌਤ ਤੋਂ ਬਾਅਦ ਕੀ ਨਿਕਲਿਆ? ਇਸੇ ਤਰ੍ਹਾਂ ਅਫਗਾਨਿਸਤਾਨ ਵਿੱਚ ਖੜੇ ਕੀਤੇ ਮੁਜ਼ਾਹਦੀਨਾਂ ਤੋਂ ਬਣੇ ਤਾਲੀਬਾਨਾਂ ਨਾਲ਼ ਜਿੱਝਣ ਦੇ ਨਾਮ ਤੇ ਸਾਰਾ ਦੇਸ਼ ਹੀ ਬਰਬਾਦ ਨਹੀਂ ਕੀਤਾ, ਸਗੋਂ ਲੱਖਾਂ ਲੋਕ ਵੀ ਮਾਰੇ ਗਏ।

ਸਾਨੂੰ ਕਨੇਡਾ ਵਿੱਚ ਵਾਪਰੀਆਂ ਕੁਝ ਘਟਨਾਵਾਂ ਨੂੰ ਜਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਤਾਂ ਕਿ ਅਸੀਂ ਕਿਸੇ ਸਹੀ ਨਤੀਜੇ ਤੇ ਪਹੁੰਚ ਸਕੀਏ?

ਅਜਮੇਰ ਸਿੰਘ ਵਾਂਗੂੰ ਹੀ ਇੱਕ ਹੋਰ ਸਿਰਮੌਰ ਸਿੱਖ ਚਿੰਤਕ ਤੇ ਸਾਬਕਾ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਵੀ ਟਰੂਡੋ ਦੇ ਬਿਆਨਾਂ ਤੇ ਇਤਨਾ ਖੁਸ਼ ਹਨ ਕਿ ਲਗਦਾ ਉਨ੍ਹਾਂ ਤੋਂ ਖੁਸ਼ੀ ਨਹੀਂ ਸੰਭਾਲ਼ੀ ਜਾ ਰਹੀ, ਜਦੋਂ ਉਹ ਆਪਣੀ ਫੇਸਬੁੱਕ ਪੋਸਟ ਵਿੱਚ ਲਿਖਦੇ ਹਨ: **ਟਰੂਡੋ ਦੇ ਬਿਆਨ ਨਾਲ ਸਿੱਖ ਇਤਿਹਾਸ ਨੇ ਇੱਕ ਨਵੀਂ ਪਲਾਂਘ ਪੁਟੀ, ਇਕ ਨਵੀਂ ਅੰਗੜਾਈ ਲਈ। ਪਰ ਬਿਆਨ ਦੇ ਹਾਣ ਦੀ ਨਹੀਂ ਹੈ, ਅਜੇ ਸਾਡੀ ਸਿੱਖ ਲੀਡਰਸ਼ਿਪ, ਗੋਲ-ਮੋਲ ਗੱਲਾਂ ਕਰ ਰਹੀ ਹੈ। ਨਿੱਝਰ ਦੀ ਸ਼ਹਾਦਤ ਪਿੱਛੋਂ ਖਾਲਸਤਾਨੀ ਤੇ ਸਿੱਖ ਹੁਣ ਇਕ ਸਮਝੇ ਜਾਣ ਲੱਗੇ। ਖਾਲਸਾ ਪੰਥ 'ਰਾਜਨੀਤਿਕ ਕੌਮ' ਬਣ ਕੇ ਉਭਰਿਆ।**

ਰੱਬ ਹੀ ਬਚਾਏ ਸਾਡੇ ਭਾਈਚਾਰੇ ਦੇ ਅਜਿਹੇ ਸਿੱਖ ਸ਼ੁਭ ਚਿੰਤਕਾਂ ਤੋਂ...।

ਅਮਰੀਕੀ ਸੈਕਟਰੀ ਆਫ ਸਟੇਟ ਐਨਟੋਨੀ ਬਲਿੰਕਨ ਦੇ ਅਸੂਲੀ ਤੇ ਇਖਲਾਕੀ ਬਿਆਨ ਤੋਂ ਬਾਅਦ ਮੇਰੇ ਇਕ ਮਿੱਤਰ ਦੀ ਟਿੱਪਣੀ ਸੀ: **'ਸ਼ੈਤਾਨ ਕੁਰਾਨ ਦੀਆਂ ਆਇਤਾਂ ਦੇ ਅਰਥ ਕਰ ਰਿਹਾ ਹੈ, ਸਿੱਖਾਂ ਦੀ ਖ਼ੈਰ ਹੋਵੇ'!**


ਪੱਛਮੀ ਜਗਤ ਦੀਆਂ ਨੈਤਿਕ ਕਦਰਾਂ ਕੀਮਤਾਂ ਦੇ ਦੋਹਰੇ ਮਿਆਰਾਂ ਨੂੰ ਸਾਰੀ ਦੁਨੀਆਂ ਚੰਗੀ ਤਰ੍ਹਾਂ ਜਾਣਦੀ ਹੈ ਕਿ ਕਿਵੇਂ ਦੂਜੇ ਦੇਸ਼ਾਂ ਦੀ ਧਰਤੀ ਤੇ ਆਮ ਨਾਗਰਿਕ ਹੀ ਨਹੀਂ, ਵੱਡੇ-ਵੱਡੇ ਰਾਜਨੀਤਕ ਲੀਡਰ, ਫੌਜੀ ਜਨਰਲ ਆਦਿ ਕਿਵੇਂ ਮਾਰ ਮੁਕਾਏ ਗਏ ਸਨ? ਸਾਲ 2011 ਵਿੱਚ ਅਮਰੀਕਾ ਦੇ ਮੋਸਟ ਵਾਂਟਡ ਅੱਤਵਾਦੀ ਉਸਾਮਾ ਬਿਨ ਲਾਦੇਨ ਨੂੰ ਕਿਵੇਂ ਡਰੋਨ ਹਮਲੇ ਵਿੱਚ ਪਾਕਿਸਤਾਨ ਦੀ ਧਰਤੀ ਤੇ ਉਡਾ ਦਿੱਤਾ ਗਿਆ ਸੀ ਤੇ ਪਾਕਿਸਤਾਨ ਨੂੰ ਭਿਣਕ ਨਹੀਂ ਪੈਣ ਦਿੱਤੀ ਸੀ।ਇਸੇ ਤਰ੍ਹਾਂ ਜਨਵਰੀ, 2020 ਵਿੱਚ ਇਰਾਨ ਦੇ ਪ੍ਰਮੁੱਖ ਫੌਜੀ ਜਨਰਲ ਕਾਸੇਮ ਸੋਲੇਮਾਨੀ ਨੂੰ ਡਰੋਨ ਨਾਲ਼ ਇਰਾਨ ਵਿੱਚ ਹੀ ਉਡਾ ਦਿੱਤਾ ਸੀ।ਕਿਊਬਾ ਦੇ ਰਾਸ਼ਟਰਪਤੀ ਫੀਡਲ ਕਾਸਟਰੋ ਨੂੰ ਮਾਰਨ ਦੇ ਅਨੇਕਾਂ ਯਤਨ ਕੀਤਾ ਗਏ।ਅਮਰੀਕਨ ਖੁਫੀਆ ਏਜੰਸੀ ਸੀ ਆਈ ਏ ਵਲੋਂ ਇਰਾਨ, ਇਰਾਕ, ਗੁਆਟਾਮਾਲਾ, ਨਿਕਾਰਾਗੋਆ, ਕੌਂਗੋ, ਵੀਅਤਨਾਮ, ਚਿੱਲੀ, ਅਫਗਾਨਿਸਤਾਨ ਆਦਿ ਅਨੇਕਾਂ ਦੇਸ਼ਾਂ ਵਿੱਚ ਰਾਜ ਪਲਟੇ ਕਰਵਾ ਕੇ ਆਪਣੀਆਂ ਕਠਪੁਤਲੀ ਸਰਕਾਰਾਂ ਬਣਾਈਆਂ ਗਈਆਂ। ਪੱਛਮੀ ਦੇਸ਼ਾਂ ਦੇ ਨੈਤਿਕਤਾ ਤੇ ਲੋਕਤੰਤਰ ਦੇ ਅਖੌਤੀ ਅਸੂਲਾਂ ਦੇ ਸੋਹਲੇ ਅਜਮੇਰ ਸਿੰਘ, ਕਰਮਜੀਤ ਸਿੰਘ ਵਰਗੇ ਅਨੇਕਾਂ ਸਿੱਖ ਵਿਦਵਾਨ ਪਤਾ ਨਹੀਂ ਕਿਸ ਅਧਾਰ ਤੇ ਗਾ ਰਹੇ ਹਨ?

ਅਸੀਂ ਇਸ ਗੱਲ ਦੇ ਧਾਰਨੀ ਹਾਂ ਕਿ ਕਿਸੇ ਵੀ ਵਿਅਕਤੀ ਜਾਂ ਸਰਕਾਰ ਜਾਂ ਏਜੰਸੀ ਨੂੰ ਕਿਸੇ ਦੀ ਵੀ ਜਾਨ ਲੈਣ ਦਾ ਕੋਈ ਹੱਕ ਨਹੀਂ? ਜਿਹੜੇ ਅਜਿਹਾ ਕਰਦੇ ਹਨ, ਉਨ੍ਹਾਂ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਦੋਸ਼ੀਆਂ ਨੂੰ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ। ਪਰ ਕੀ ਕਨੇਡੀਅਨ ਜਾਂ ਅਮਰੀਕਨ ਸਰਕਾਰਾਂ ਨਿੱਝਰ ਦੇ ਕਤਲ ਤੇ ਸੰਜੀਦਾ ਹਨ? ਜਾਂ ਇਸ ਕੇਸ ਨੂੰ ਆਪਣੇ ਹਿੱਤਾਂ ਲਈ ਹੀ ਵਰਤਿਆ ਹੀ ਜਾ ਰਿਹਾ ਹੈ ਅਤੇ ਜਦੋਂ ਅੰਦਰਖਾਤੇ ਕੋਈ ਸਮਝੌਤਾ ਹੋ ਗਿਆ ਤਾਂ ਸਭ ਕੁਝ ਵਿੱਚੇ ਛੱਡ ਦਿੱਤਾ ਜਾਵੇਗਾ? ਜੇ ਇਨ੍ਹਾਂ ਸਰਕਾਰਾਂ ਨੂੰ ਸਿੱਖਾਂ ਪ੍ਰਤੀ ਇਤਨੀ ਹਮਦਰਦੀ ਹੁੰਦੀ ਤਾਂ 38 ਸਾਲ ਬੀਤਣ ਬਾਅਦ ਵੀ ਕਨਿਸ਼ਕਾ ਕਾਂਡ ਦੇ ਦੋਸ਼ੀਆਂ ਤੇ ਸਾਜ਼ਿਸ਼ਕਾਰਾਂ ਨੂੰ ਸਜ਼ਾਵਾਂ ਨਾ ਦਿੱਤੀਆਂ ਹੁੰਦੀਆਂ? ਤਕਰੀਬਨ 25 ਸਾਲ ਪਹਿਲਾਂ ਕਨੇਡੀਅਨ ਪੱਤਰਕਾਰ ਤਾਰਾ ਸਿੰਘ ਹੇਅਰ ਦਾ ਉਸਦੇ ਘਰ ਹੀ ਦਿਨ-ਦਿਹਾੜੇ ਕਤਲ ਕਰ ਦਿੱਤਾ ਗਿਆ ਸੀ, ਇਹੀ ਏਜੰਸੀਆਂ 25 ਸਾਲ ਬਾਅਦ ਵੀ ਕਾਤਲਾਂ ਦਾ ਖੁਰਾ-ਖੋਜ ਕਿਉਂ ਨਹੀਂ ਲੱਭ ਸਕੀਆਂ? ਇਸੇ ਤਰ੍ਹਾਂ ਪਿਛਲੇ ਸਾਲ ਸਿੱਖ ਬਿਜਨੈਸਮੈਨ ਤੇ ਏਅਰ ਇੰਡੀਆ ਜਹਾਜ ਕਾਂਡ ਵਿੱਚ ਕੁਝ ਸਾਲਾਂ ਲਈ ਗ੍ਰਿਫਤਾਰ ਕੀਤੇ ਗਏ ਰਿਪੁਦਮਨ ਸਿੰਘ ਮਲਿਕ ਦਾ ਕਤਲ ਵੀ ਦਿਨ-ਦਿਹਾੜੇ ਹੋਇਆ ਸੀ, ਉਸਦੇ ਸਾਜ਼ਿਸ਼ਕਾਰਾਂ ਬਾਰੇ ਵੀ ਏਜੰਸੀਆਂ ਅਜੇ ਤੱਕ ਕੋਈ ਸੁਰਾਗ ਨਹੀਂ ਲੱਭ ਸਕੀਆਂ? ਇਨ੍ਹਾਂ ਹੀ ਸਿੱਖ ਜਥੇਬੰਦੀਆਂ ਨੇ ਪਹਿਲੇ ਸ਼ੱਕੀ ਕਤਲਾਂ ਬਾਰੇ ਤਾਂ ਕਦੇ ਆਵਾਜ਼ ਨਹੀਂ ਉਠਾਈ ਸੀ ਕਿ ਇਸ ਪਿੱਛੇ ਕਿਸਦਾ ਹੱਥ ਹੈ? ਜਿਸ ਜਹਾਜ ਕਾਂਡ ਬਾਰੇ ਇਨ੍ਹਾਂ ਸਿੱਖ ਜਥੇਬੰਦੀਆਂ ਵਲੋਂ ਕਿਹਾ ਜਾਂਦਾ ਹੈ ਕਿ ਉਸ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਸੀ, ਉਸੇ ਕਾਂਡ ਬਾਰੇ ਕਨੇਡੀਅਨ ਏਜੰਸੀਆਂ ਤੇ ਕਨੇਡੀਅਨ ਸੁਪਰੀਮ ਕੋਰਟ ਵਲੋਂ ਐਲਾਨੇ ਮਾਸਟਰ ਮਾਈਂਡ ਨੂੰ ਇਹ ਆਪਣਾ ਹੀਰੋ ਤੇ ਸ਼ਹੀਦ ਦੱਸਦੇ ਹਨ? ਇਹ ਕਿਹੋ ਜਿਹਾ ਦੋਹਰਾ ਕਿਰਦਾਰ ਹੈ?

ਸਥਿਤੀ ਦਾ ਵਿਅੰਗ ਵੇਖੋ ਕਿ ਸਾਡੇ ਸਿੱਖ ਚਿੰਤਕ ਤੇ ਲੀਡਰ ਤਾਂ ਪੱਛਮੀ ਦੇਸ਼ਾਂ, ਖਾਸਕਰ ਅਮਰੀਕਾ ਅਤੇ ਕਨੇਡਾ ਦੀ ਜਮਹੂਰੀਅਤ ਦੇ ਗੋਗੇ ਗਾ ਰਹੇ ਹਨ। ਇਸੇ ਮੌਕੇ ਪੈਂਟਾਗਨ ਦੇ ਸੀਨੀਅਰ ਅਧਿਕਾਰੀ ਮਾਈਕਲ ਰੂਬਨ 'ਹਡਸਨ ਇੰਸਟੀਚਿਊਟ ਥਿੰਕ ਟੈਂਕ' ਦੇ ਇੱਕ ਡਿਸਕਸ਼ਨ ਪੈਨਲ ਵਿੱਚ ਬੋਲਦੇ ਹੋਏ, ਟਰੂਡੋ ਨੂੰ ਇਸ ਸਾਰੇ ਘਟਨਾਕ੍ਰਮ ਲਈ ਸਖਤ ਸ਼ਬਦਾਂ ਵਿਚ ਫਿਟਕਾਰ ਪਾ ਰਹੇ ਹਨ ਅਤੇ ਪੱਛਮੀ ਨੇਤਾਵਾਂ ਨੂੰ ਅਜਿਹੀਆਂ ਗੰਦੀਆਂ ਖੇਡਾਂ ਤੋਂ ਬਾਜ ਆਉਣ ਦੀ ਤਾਗੀਦ ਕਰ ਰਹੇ ਹਨ। ਉਨ੍ਹਾਂ ਟਰੂਡੋ ਨੂੰ ਯਾਦ ਕਰਾਇਆ ਕਿ ਮਿ. ਨਿੱਝਰ ਕੋਈ ਆਮ ਨਿਰਦੋਸ਼ ਪਲੰਬਰ ਨਹੀਂ ਸੀ, ਉਹ ਅੱਤਵਾਦੀ ਜਥੇਬੰਦੀ ਕੇ ਟੀ ਐਫ ਦਾ ਮੁੱਖੀ ਸੀ, ਜਿਸ ਤੇ ਭਾਰਤ ਸਰਕਾਰ ਨੇ ਕਤਲਾਂ ਦੀਆਂ ਕਈ ਵਾਰਦਾਤਾਂ ਵਿੱਚ ਸ਼ਾਮਿਲ ਹੋਣ ਕਾਰਨ 10 ਲੱਖ ਦਾ ਇਨਾਮ ਰੱਖਿਆ ਹੋਇਆ ਸੀ।

ਸਮੇਂ ਦੀ ਮੰਗ ਹੈ ਕਿ ਅਸੀਂ ਜਜ਼ਬਾਤੀ ਹੋ ਕੇ ਫੈਸਲੇ ਕਰਨ ਦੀ ਥਾਂ ਦੂਰ-ਅੰਦੇਸ਼ੀ ਨਾਲ਼ ਚੱਲੀਏ! ਪੱਛਮੀ ਤਾਕਤਾਂ ਦਾ ਪਿਛਲਾ ਇਤਿਹਾਸ ਇਹੀ ਹੈ ਕਿ ਉਹ ਆਪਣੇ ਰਾਜਨੀਤਕ ਤੇ ਆਰਥਿਕ ਹਿੱਤਾਂ ਲਈ ਕਿਸੇ ਨੂੰ ਵੀ ਬਲ਼ੀ ਦਾ ਬੱਕਰਾ ਬਣਾ ਸਕਦੀਆਂ ਹਨ ਤੇ ਬਣਾਉਂਦੀਆਂ ਰਹੀਆਂ ਹਨ? ਸਿੱਖਾਂ ਨੇ 84 ਦੇ ਦੌਰ ਵਿੱਚ ਅਜਿਹੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਪਹਿਲਾਂ ਹੀ ਬਹੁਤ ਨੁਕਸਾਨ ਕਰਵਾਇਆ ਹੈ..? ਕੌਮ ਹੁਣ ਕੁਝ ਸੰਭਲ਼ੀ ਹੈ ਤੇ ਦੇਸ਼-ਵਿਦੇਸ਼ ਵਿੱਚ ਆਪਣਾ ਸਥਾਨ ਬਣਾ ਰਹੀ ਹੈ, ਹੁਣ ਦੁਬਾਰਾ ਉਹੀ ਗਲਤੀਆਂ ਦੁਹਰਾ ਕੇ ਨੌਜਵਾਨੀ ਨੂੰ ਸਿਵਿਆਂ ਦੇ ਰਾਹ ਤੋਰਨ ਤੋਂ ਗੁਰੇਜ਼ ਕਰੀਏ।ਇਹ ਹੀ ਦੇਸ਼-ਵਿਦੇਸ਼ ਵਿੱਚ ਵਸਦੇ ਖਾਲਸਾ ਪੰਥ ਦੇ ਹਿੱਤ ਵਿੱਚ ਹੈ...।

# ਰਿਪੋਰਟ ਵਾਤਾਵਰਣ ਨੂੰ ਤਬਾਹ ਕਰਦਾ ਕਾਰਕਸ ਪਲਾਂਟ



ਜਮਹੂਰੀਅਤ ਅਧਿਕਾਰ ਸਭਾ ਦੀ ਜਾਂਚ ਕਮੇਟੀ ਨੇ ਧਰਨਾ ਦੇ ਰਹੇ ਲੋਕਾਂ ਪਾਸੋਂ ਮੁੱਢਲੀ ਜਾਣਕਾਰੀ ਲਈ ਫੈਕਟਰੀ ਦਾ ਵਿਰੋਧ ਕਰਨ ਦੇ ਕਾਰਨਾਂ ਨੂੰ ਜਾਨਣ ਬਾਰੇ ਗੱਲ-ਬਾਤ ਕੀਤੀ। ਲੁਧਿਆਣਾ ਸਮਾਰਟ ਸਿਟੀ (ਲਿਮਟਡ) ਲੁਧਿਆਣਾ ਵੱਲੋਂ 7. 98 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੀ ਇਸ ਫ਼ੈਕਟਰੀ ਨੂੰ ਨਗਰ ਨਿਗਮ ਲੁਧਿਆਣਾ ਵੱਲੋਂ ਇਸ ਨੂੰ ਅੱਗੇ ਠੇਕੇ ਤੇ ਦਿੱਤਾ ਹੋਇਆ ਹੈ। ਉਹਨਾਂ ਦੇ ਦੱਸਣ ਅਨੁਸਾਰ ਇਸ ਫ਼ੈਕਟਰੀ ਵਾਲੀ ਜ਼ਮੀਨ ਸਾਲ 2004 ਵਿੱਚ ਨਗਰ ਨਿਗਮ ਲੁਧਿਆਣਾ ਨੇ ਖਰੀਦੀ ਸੀ। ਇਸ ਤੋਂ ਪਹਿਲਾਂ ਇਹ ਠੇਕੇ ਉੱਤੇ ਲਈ ਹੋਈ ਸੀ। ਸਿਹਤ ਸਮੱਸਿਆਵਾਂ ਵਧ ਜਾਣ ਕਾਰਣ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਮਾਨਯੋਗ ਹਾਈਕੋਰਟ ਵਿੱਚ ਸ਼ਿਕਾਇਤ ਕੀਤੀ ਗਈ।

ਨਗਰ ਨਿਗਮ ਲੁਧਿਆਣਾ ਨੇ ਗ੍ਰਾਮ ਪੰਚਾਇਤ ਨੂਰਪੁਰ ਬੇਟ ਅਤੇ ਰਸੂਲਪੁਰ ਦੇ ਸਰਪੰਚਾਂ ਨੂੰ ਇੱਕ ਚਿੱਠੀ ਕੱਢਕੇ ਫ਼ੈਕਟਰੀ ਦਾ ਵਿਰੋਧ ਕਰਨ ਕਾਰਣ, ਠੇਕੇਦਾਰ ਨੂੰ ਹੋਏ ਨੁਕਸਾਨ ਬਦਲੇ ਦੋ ਲੱਖ ਜੁਰਮਾਨਾ ਕਰਨ ਦੇ ਹੁਕਮ ਵੀ ਜਾਰੀ ਕੀਤੇ ਹਨ। ਇਹ ਵੀ ਵੇਖਣ ਵਿੱਚ ਆਇਆ ਕਿ ਬਾਹਰ ਸੜਕ ਉੱਪਰ ਇਸ ਫ਼ੈਕਟਰੀ ਦੇ ਨਾਂ ਦਾ ਕੋਈ ਵੀ ਬੋਰਡ ਆਦਿ ਨਹੀਂ ਲੱਗਾ ਹੋਇਆ।

ਇਸ ਫ਼ੈਕਟਰੀ ਦੇ ਆਸ ਪਾਸ ਤਕਰੀਬਨ ਡੇਢ ਦਰਜਨ ਪਿੰਡਾਂ ਦੇ ਲੋਕ ਇਸ ਫ਼ੈਕਟਰੀ ਵਿੱਚੋਂ ਪੈਦਾ ਹੋਣ ਵਾਲੀ ਗੰਦੀ ਬਦਬੂ ਅਤੇ ਮੱਖੀਆਂ ਦੀ ਭਰਮਾਰ ਕਾਰਣ ਪ੍ਰਭਾਵਿਤ ਹੋ ਸਕਦੇ ਹਨ। ਇਹਨਾਂ ਪਿੰਡਾਂ ਵਿੱਚ ਨੂਰਪੁਰ ਬੇਟ, ਖਹਿਰਾ, ਰਸੂਲਪੁਰ, ਬੁਰਜ, ਲਾਂਬੜਾਂ, ਗੜ੍ਹਾ, ਰਜਾਪੁਰ, ਗੋਰਸੀਆਂ, ਬੱਗਾ ਕਲਾਂ, ਬੱਗਾ ਖੁਰਦ, ਰੌਜੇਵਾਲ, ਮਲਕਪੁਰ, ਜੈਨ ਪੁਰ ਆਦਿ ਦੇ ਨਾਂ ਵਰਨਣਯੋਗ ਹਨ। ਇਹ ਵੀ ਸਾਹਮਣੇ ਆਇਆ ਕਿ ਇਸ ਫ਼ੈਕਟਰੀ ਨੂੰ ਲਗਾਉਣ ਲਈ ਪੰਜਾਬ ਪ੍ਰਦੂਸ਼ਣ ਬੋਰਡ ਦਾ ਇਤਰਾਜ਼ ਨਹੀਂ ਸਰਟੀਫਿਕੇਟ ਵੀ ਨਹੀਂ ਲਿਆ ਗਿਆ।

ਇਹ ਵੀ ਸਾਹਮਣੇ ਆਇਆ ਕਿ ਨਗਰ ਨਿਗਮ ਵੱਲੋਂ ਲੋਕਾਂ ਦੇ ਵਿਰੋਧ ਨੂੰ ਬੇਬੁਨਿਆਦ ਸਿੱਧ ਕਰਨ ਲਈ ਜੋਧਪੁਰ (ਰਾਜਸਥਾਨ) ਵਿੱਚ ਲੱਗੀ ਅਜਿਹੀ ਹੀ ਇੱਕ ਫ਼ੈਕਟਰੀ ਵਿਖਾਉਣ ਲਈ ਇਕ ਲੋਕਾਂ ਦੀ ਟੀਮ ਨੂੰ ਉਸ ਦਾ ਦੌਰਾ ਵੀ ਕਰਵਾਇਆ ਗਿਆ। ਸਾਰੇ ਹਾਲਾਤਾਂ ਤੋਂ ਇਹ ਗੱਲ ਸਪਸ਼ਟ ਸਾਹਮਣੇ ਆਈ ਕਿ ਅਜਿਹੀਆਂ ਫ਼ੈਕਟਰੀਆਂ ਲਾਉਣ ਲਈ ਲੋਕਾਂ ਦੀ ਭਲਾਈ ਨੂੰ ਨਹੀਂ ਸਗੋਂ ਮੋਟੇ ਬਜਟ ਨੂੰ ਮੁੱਖ ਰੱਖਿਆ ਜਾਂਦਾ ਹੈ। ਜਾਂਚ ਕਮੇਟੀ ਨੇ ਇਸ ਸੰਬੰਧੀ ਹੋਰ ਤੱਥਾਂ ਨੂੰ ਵਾਚਦਿਆਂ ਪਾਇਆ ਕਿ ਲਾਡੋਵਾਲ ਵਾਲੀ ਹੱਡਾ ਰੋੜੀ ਦਾ ਬਦਲ ਨੂਰਪੁਰ ਬੇਟ ਕਾਰਕਸ ਪਲਾਂਟ ਨੂੰ ਕਿਹਾ ਜਾ ਰਿਹਾ ਹੈ। ਲਾਡੋਵਾਲ ਵਿੱਖੇ ਮਰੇ ਪਸ਼ੂਆਂ ਦੀ ਗੰਦੀ ਰਹਿੰਦ ਖੂੰਹਦ ਸਤਲੁਜ ਦਰਿਆ ਵਿੱਚ ਪਾਈ ਜਾ ਰਹੀ ਹੈ, ਜੋ ਕਿ ਲੋਕਾਂ ਦੇ ਨਾਲ ਨਾਲ ਜਲ ਜੀਵਾਂ ਲਈ ਵੀ ਘਾਤਕ ਹੈ। ਉਸ ਦੇ ਬਦਲ ਵਿੱਚ ਇਸ ਪਲਾਂਟ ਨੂੰ ਵਿਗਿਆਨਕ ਢੰਗ ਨਾਲ ਬਣਾਕੇ ਮਨੁੱਖੀ ਜ਼ਿੰਦਗੀਆਂ ਅਤੇ ਵਾਤਾਵਰਣ ਲਈ ਨੁਕਸਾਨ ਰਹਿਤ ਹੋਣਾ ਜ਼ਰੂਰੀ ਸੀ। ਇਸ ਦੇ ਸੰਬੰਧ ਵਿਚ ਪੰਜਾਬ ਪ੍ਰਦੂਸ਼ਣ ਬੋਰਡ ਨੇ ਇਕ ਵਿਗਿਆਨਕ ਰੀਪੋਰਟ "FEASIBILITY REPORT ON ENVIRONMENTAL MANAGEMENT OF HADDA RORRIES" ਜਾਰੀ ਕੀਤੀ।

ਪੰਜਾਬ ਪ੍ਰਦੂਸ਼ਣ ਬੋਰਡ ਦੇ ਦਿਸ਼ਾ ਨਿਰਦੇਸ਼ਾਂ ਨੂੰ ਘੋਖਦਿਆ ਜਾਂਚ ਕਮੇਟੀ ਨੇ ਪਾਇਆ ਕਿ ਉਸਨੇ ਲਾਡੋਵਾਲ ਵਾਲੇ ਹੋ ਰਹੇ ਵਾਤਾਵਰਣ ਨੁਕਸਾਨਾਂ ਨੂੰ ਮੁੱਖ ਰੱਖਕੇ ਜੋ ਰਿਪੋਰਟ ਜਾਰੀ ਕੀਤੀ ਹੈ, ਉਸ ਅਨੁਸਾਰ ਹਰ ਸ਼ਹਿਰ ਵਿੱਚ ਛੋਟੇ ਛੋਟੇ ਪ੍ਰੋਜੈਕਟ ਲੱਗਣੇ ਚਾਹੀਦੇ ਹਨ। ਇਹਨਾਂ ਪ੍ਰਜੈਕਟਾਂ ਉੱਪਰ ਖ਼ਰਚਾ ਵੀ ਸਿਰਫ 20 ਕੁ ਲੱਖ ਦਾ ਪ੍ਰਤੀ ਪਲਾਂਟ ਆਉਂਦਾ ਹੈ। ਇਸ ਵਿੱਚ 2-3 ਪਸ਼ੂ ਰੋਜ਼ਾਨਾ ਬਿਨਾ ਪ੍ਰਦੂਸ਼ਣ ਤੋਂ ਨਿਪਟਾਏ ਜਾਂਦੇ ਹਨ। ਕਾਨ੍ਹਪੁਰ ਅਤੇ ਚਨੇਈ ਵਰਗੇ ਸੈਂਟਰਾਂ ਦੀਆ ਸਿਫਾਰਸ਼ਾਂ ਅਧਾਰਤ ਪ੍ਰਦੂਸ਼ਣ ਬੋਰਡ ਨੇ ਇਹ ਸਿਫ਼ਾਰਸ਼ ਕੀਤੀ ਹੋਈ ਹੈ। ਅਜਿਹੀ ਹੀ ਸਿਫਾਰਸ਼ ਕੇਂਦਰੀ ਪ੍ਰਦੂਸ਼ਣ ਬੋਰਡ ਨੇ ਵੀ ਆਪਣੇ ਦਿਸ਼ਾ ਨਿਰਦੇਸ਼ ਵਿਚ ਦਿੱਤੀ ਗਈ ਹੈ ਇਸ ਦੀ ਰੀਪੋਰਟ ਨਵੰਬਰ 2020 ਵਿਚ "Guidelines of Carcass disposal" ਦੇ ਨਾਂ ਦੀ ਹੈ।

ਜਾਂਚ ਕਮੇਟੀ ਨੇ ਇਸ ਬਾਰੇ ਜੋ ਜਾਣਕਾਰੀ ਇਕਠੀ ਕੀਤੀ ਉਸ ਮੁਤਾਬਿਕ ਗੁਰੂ ਅਮਰਦਾਸ ਵੈਟਨਰੀ ਯੂਨੀਵਰਸਿਟੀ ਲੁਧਿਆਣਾ (ਗਡਵਾਸੂ) ਦੇ ਮਾਹਰਾਂ ਅਨੁਸਾਰ ਇੱਕ ਵੱਡੇ ਪਸ਼ੂ ਦਾ ਵਜ਼ਨ 250 ਤੋਂ 300 ਕਿੱਲੋ ਤੱਕ ਹੁੰਦਾ ਹੈ, ਜਿਸ ਵਿੱਚੋਂ ਤਕਰੀਬਨ ਅੱਧਾ ਹਿੱਸਾ (40 ਤੋਂ 60%) ਸੁੱਟਣ ਯੋਗ (ਵੇਸਟ) ਨਿੱਕਲ ਜਾਂਦਾ ਹੈ ਜੋ ਕਿ ਘੱਟ ਘੱਟ 125 ਕਿੱਲੋ ਬਣਦਾ ਹੈ। ਜਦ ਕਿ ਬਾਕੀ ਦਾ ਹਿਸਾ ਚਮੜੇ, ਹੱਡੀਆਂ ਤੇ ਫੇਟ ਵਿਚ ਵਰਤੋਂ ਵਿਚ ਆਉਂਦਾ ਹੈ। ਸੋ ਸਵਾਲ ਉਠਦਾ ਹੈ ਕਿ ਇਸ ਪਲਾਂਟ ਵਿਚੋਂ 50 ਵਡੇ ਡੰਗਰਾਂ ਤੇ 100 ਛੋਟੇ ਡੰਗਰਾਂ ਦਾ ਅੰਦਾਜਨ ਕਰੀਬ 8000 ਕਿਲੋ ਵੇਸਟ ਹੋਵੇਗੀ ਇਸ ਵੇਸਟ ਮਿਕਦਾਰ ਦੀ ਖਪਤ ਦਾ ਕੀ ਪ੍ਰਬੰਧ ਹੋਵੇਗਾ ਬਾਰੇ ਕੋਈ ਗੱਲ ਨਹੀਂ ਕੀਤੀ ਗਈ।

ਇਹ ਕਿਤੇ ਵੀ ਧਿਆਨ ਵਿਚ ਨਹੀਂ ਲਿਆ ਗਿਆ ਕਿ 50 ਵਡੇ ਡੰਗਰ ਤੇ 100 ਛੋਟੇ ਮਰੇ ਡੰਗਰਾਂ ਨੂੰ ਇਕ ਦਿਨ ਵਿਚ ਪਰੋਸੈਸ ਕਰਨ ਵਿਚ ਕਿਨਾਂ ਪਰਦੂਸ਼ਣ ਪੈਦਾ ਹੋਵੇਗਾ, ਜੋ ਕਿ ਜਨਤਾ ਦੀ ਮੂਲ ਚਿੰਤਾ ਹੈ ਅਤੇ ਉਸ ਵਿਚ ਵਰਤਿਆ ਜਾਣ ਵਾਲਾ ਪਾਣੀ ਤੇ ਹੋਰ ਪਦਾਰਥ ਕਿਥੇ ਜਾਣਗ ?

ਜੇਕਰ ਛੋਟੇ ਪ੍ਰਜੈਕਟਾਂ ਵਿੱਚ ਇਹ ਗੈਸ 4-5 ਗੁਣਾ ਵੱਧ ਬਣਦੀ ਹੈ ਤਾਂ ਨੂਰਪੁਰ ਬੇਟ ਵਰਗੇ ਵੱਡੇ ਪ੍ਰਜੈਕਟ ਵਿੱਚ ਇਹ ਕਿੰਨੇ ਗੁਣਾ ਹੋਰ ਵੱਧ ਬਣੇਗੀ? ਵਰਗੇ ਸਵਾਲ ਪੈਦਾ ਹੋਣਗੇ ਜੋ ਲੋਕਾਂ ਦੀ ਸਿਹਤ ਅਤੇ ਜਾਨ ਦੀ ਰਾਖੀ ਲਈ ਉੱਠਣੇ ਜ਼ਰੂਰੀ ਵੀ ਹਨ। ਇਸ ਲਈ ਜੇ ਇਸ ਗੈਸ ਦੀ ਬਦਬੂ ਅਤੇ ਮੱਖੀਆਂ ਲੋਕਾਂ ਦੀ ਜਾਨ ਲਈ ਖ਼ੌਫ਼ ਬਣਨਗੇ ਬਾਰੇ ਲੋਕਾਂ ਦਾ ਖਦਸ਼ਾ ਤੇ ਇਸ ਲਈ ਕੀਤਾ ਜਾ ਰਿਹਾ ਸ਼ਾਂਤਮਈ ਰੋਸ ਪ੍ਰਦਰਸ਼ਨ ਸੱਚਾ ਸਾਬਤ ਹੋ ਰਿਹਾ ਹੈ।

ਇਸੇ ਤਰ੍ਹਾਂ ਇਸ ਫ਼ੈਕਟਰੀ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਸਿਹਤ ਅਤੇ ਜਾਨ ਨਾਲ ਵੱਡਾ ਖਿਲਵਾੜ ਵੀ ਹੋਵੇਗਾ। ਕਿਉਂ ਕਿ ਉਹਨਾਂ ਦੀ ਸੇਹਤ ਬਾਰੇ ਕੋਈ ਦਿਸ਼ਾ ਨਿਰਦੇਸ਼ ਵੀ ਉਪਲਭਤ ਨਹੀਂ ਹਨ। ਜਦ ਕਿ ਇਸ ਨੂੰ ਨਿਜੀ ਹਿਤ ਨਾਲ ਚਲਾਇਆ ਜਾਵੇਗਾ ਸਿਰਫ ਪੈਸਾ ਕਮਾਉਣ ਦੀ ਨੀਯਤ ਨਾਲ ਲੋਕਾਂ ਦੀ ਜਾਨ ਨਾਲ ਖੇਡਿਆ ਜਾ ਸਕਦਾ ਹੈ, ਜੋ ਮਨੁੱਖੀ ਕਦਰਾਂ ਕੀਮਤਾਂ ਦੇ ਬਿਲਕੁਲ ਉਲਟ ਹੀ ਨਹੀਂ ਸਗੋਂ ਘਿਨਾਉਣਾ ਜੁਰਮ ਹੈ।

ਇਸ ਸੰਬੰਧੀ ਸੈਂਟਰਲ ਪ੍ਰਦੂਸ਼ਣ ਬੋਰਡ ਦੀਆਂ ਹਦਾਇਤਾਂ ਨੂੰ ਘੋਖਦਿਆ ਜਾਂਚ ਕਮੇਟੀ ਨੇ ਪਾਇਆ ਕਿ ਮਰੇ ਪਸ਼ੂਆਂ ਦੇ ਨਿਪਟਾਰੇ ਲਈ ਸੈਂਟੇਫਿਕ ਢੰਗ ਅਪਣਾਏ ਜਾਣ ਦੀ ਵੱਡੀ ਘਾਟ ਹੈ। ਮਰੇ ਪਸ਼ੂ ਦੀ ਦੂਰ ਦੁਰਾਡੇ ਢੋਆ ਢੁਆਈ ਵੀ ਵੱਡੀ ਸਮੱਸਿਆ ਹੈ ਜਿਸ ਬਾਰੇ ਬੋਰਡ ਨੇ 2009 ਅਤੇ ਨਵੰਬਰ, 2020 ਦੀਆਂ ਰਿਪੋਰਟਾਂ ਅਨੁਸਾਰ ਮਰੇ ਪਸ਼ੂਆਂ ਦੀ ਟਰਾਂਸਪੋਰਟੇਸਨ ਸਮੇਂ ਛੂੱਤ ਅਤੇ ਆਮ ਬਿਮਾਰੀਆਂ ਦੇ ਬਚਾਅ ਲਈ ਸਹੀ ਪ੍ਰਬੰਧਾਂ ਵੱਲ ਵਿਸ਼ੇਸ਼ ਪ੍ਰਬੰਧ ਜੁਟਾਏ ਜਾਣ ਦੇ ਹਵਾਲੇ ਦਿੱਤੇ ਹੋਏ ਹਨ, ਜਿਹਨਾਂ ਦੀ ਪਾਲਣਾ ਜ਼ਰੂਰੀ ਹੈ। ਬੋਰਡ ਦੇ ਇਹਨਾਂ ਫੈਸਲਿਆਂ ਨੂੰ ਜ਼ੁੰਮੇਵਾਰੀ ਨਾਲ ਨਹੀਂ ਲਿਆ ਗਿਆ। ਜੇਕਰ ਬੋਰਡ ਦੇ ਸੁਝਾਵਾਂ ਅਨੁਸਾਰ ਛੋਟੇ ਪ੍ਰੋਜੈਕਟ ਲੁਧਿਆਣੇ ਦੇ ਵੱਖ ਵੱਖ ਢੁਕਵੇਂ ਥਾਵਾਂ ਤੇ ਲਗਾਏ ਜਾਂਦੇ ਤਾਂ ਪਸ਼ੂਆਂ ਨੂੰ ਓਥੇ ਪਹੁੰਚਾਉਣ ਲਈ ਸਮਾਂ ਵੀ ਬਹੁਤ ਘੱਟ ਲੱਗਣਾ ਸੀ ਅਤੇ ਖ਼ਰਚਾ ਵੀ ਬਹੁਤ ਘੱਟ ਹੋਣਾ ਸੀ ਤੇ ਪ੍ਰਦੂਸ਼ਣ ਦੀ ਸਮੱਸਿਆ ਵੀ ਘੱਟ ਹੋਣੀ ਸੀ। 8 ਕ੍ਰੋੜ ਦਾ ਵੱਡਾ ਪ੍ਰਜੈਕਟ ਲਗਾਉਣ ਤੋਂ ਪਹਿਲਾਂ ਬੋਰਡ ਦੇ ਇਹਨਾਂ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਜ਼ਰੂਰੀ ਸੀ ਜੋ ਨਹੀਂ ਕੀਤੀ ਗਈ।

ਕੁਝ ਸਮਾਜ ਸੇਵੀਆਂ ਨੇ ਗਰੀਨ ਟ੍ਰਿਬਿਊਨਲ ਨੂੰ ਵਰਗਲਾਉਣ ਲਈ ਇਸ ਪਲਾਂਟ ਨੂੰ ਚਲਾਉਣ ਲਈ ਦਰਖਾਸਤ ਤਾਂ ਦਿਤੀ ਹੈ, ਪਰ ਪ੍ਰਦੂਸ਼ਣ ਬੋਰਡਾਂ ਦੀਆਂ ਸਫਰਸ਼ਾਂ ਨੂੰ ਪੇਸ ਨਹੀਂ ਕੀਤਾ ਗਿਆ ਤੇ ਨਾ ਹੀ ਇਸ ਵੱਡੇ ਪਲਾਂਟ ਤੋਂ ਪੈਦਾ ਹੋਣ ਵਾਲੀ ਪਰਦੂਸ਼ਨ ਦੀ ਮਿਕਦਾਰ ਦੱਸੀ ਗਈ ਹੈ।

ਜਾਂਚ ਕਮੇਟੀ ਨੇ ਨੂਰਪੁਰ ਬੇਟ ਵਾਲੇ ਵੱਡੇ ਪਲਾਂਟ ਜਿਸ ਉੱਪਰ ਤਕਰੀਬਨ 8 ਕਰੋੜ ਰੁਪਏ ਦੀ ਲਾਗਤ ਦਸਾਈ ਗਈ ਹੈ, ਦੀ ਬਜਾਏ ਪ੍ਰਦੂਸ਼ਨ ਬੋਰਡ ਵੱਲੋਂ ਦਸਾਏ ਅਨੁਸਾਰ 20 ਲੱਖ ਵਾਲੇ ਮਾਡਲ ਦੀ ਉਸਾਰੀ ਨਾ ਕਰਨ ਨੂੰ ਗੰਭੀਰਤਾ ਨਾਲ ਵਾਚਿਆ। ਇਕ ਨੁਕਸਾਨਦਾਰ ਪ੍ਰਜੈਕਟ ਉੱਪਰ 8 ਕਰੋੜ ਖ਼ਰਚਣ ਦੀ ਬਜਾਏ ਜੇਕਰ ਬੋਰਡ ਵੱਲੋਂ ਸੁਝਾਏ ਛੋਟੇ ਮਾਡਲ ਲਗਾਏ ਜਾਂਦੇ ਤਾਂ ਪੂਰੇ ਪੰਜਾਬ ਅੰਦਰ 40 ਪਲਾਂਟ ਲਾਏ ਜਾ ਸਕਦੇ ਸਨ, ਜਿਸ ਨਾਲ ਪਸ਼ੂਆਂ ਦੇ ਟਰਾਂਸਪੋਰਟੇਸਨ ਦੀ ਸਮੱਸਿਆ ਅਤੇ ਬਿਮਾਰੀਆਂ ਫੈਲਣ ਦੇ ਖ਼ਤਰੇ ਬਹੁਤ ਘਟ ਹੋ ਜਾਣੇ ਸਨ ਅਤੇ ਸ਼ਾਇਦ ਪਰਦੂਸ਼ਨ ਦੀ ਸਮੱਸਿਆ ਨੂੰ ਵੀ ਠੀਕ ਢੰਗ ਨਾਲ ਸੰਬੋਧਨ ਕਰਨ ਵਿਚ ਇਹ ਸਹਾਈ ਹੁੰਦੇ।

ਜਨਤਾ ਦੀ ਚਿੰਤਾ ਅਤੇ ਚੇਤਨਾ ਸਲਾਹੁਣ ਯੋਗ ਹੈ।

**ਸਿੱਟੇ** : 1.ਇਸ ਦੇ ਹੋ ਰਹੇ ਨੁਕਸਾਨ ਦੀ ਭਰਪਾਈ ਇਹ ਪਲਾਂਟ ਲਗਾਉਣ ਦਾ ਫੈਸਲਾ ਲੈਣ ਵਾਲਿਆਂ ਪਾਸੋਂ ਵਸੂਲਣ ਦੀ ਲੋੜ ਹੈ, ਨਾ ਕਿ ਜਨਤਾ/ਸਰਪੰਚਾਂ ਨੂੰ ਸਜਾ ਦਿਤੀ ਜਾਏ।

2 ਇਹ ਪਲਾਂਟ ਲਗਾਉਣ ਤੋਂ ਪਹਿਲਾਂ ਇਸੇ ਤਰ੍ਹਾਂ ਦੇ ਲੱਗੇ ਜੋਧ ਪੁਰ (ਰਾਜਸਥਾਨ) ਵਰਗੇ ਪਲਾਂਟ ਦੇ ਆਸ ਪਾਸ ਵੱਸਦੇ ਲੋਕਾਂ ਦੀ ਜ਼ਿੰਦਗੀ ਤੋਂ ਕੋਈ ਸਬਕ ਲੈਣ ਦੀ ਲੋੜ ਨਹੀਂ ਸਮਝੀ ਗਈ।ਇਸ ਅਣਗਹਿਲੀ ਲਈ ਸਬੰਧਤ ਨਿਗਮ ਅਧਿਕਾਰੀ ਜ਼ਿੰਮੇਵਾਰ ਹਨ।

3. ਲੋਕਾਂ ਦੇ (ਸਰਕਾਰੀ) ਖ਼ਜ਼ਾਨੇ ਦੀ ਵਰਤੋਂ ਕਰਦਿਆਂ ਸਰਕਾਰੀ ਮਾਹਰ ਅਦਾਰਿਆਂ ਦੀਆਂ ਸਿਫ਼ਾਰਸ਼ਾਂ ਨੂੰ ਨਜ਼ਰ ਅੰਦਾਜ ਕਰਨ ਕਾਰਣ ਲੋਕ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

4. ਸਰਕਾਰੀ ਅਦਾਰਿਆਂ ਵੱਲੋਂ ਲੋਕਾਂ ਪ੍ਰਤੀ ਵਰਤੀ ਗਈ ਬੇਪਰਵਾਹੀ ਦਾ ਇੱਕ ਹੋਰ ਨਮੂਨਾ ਸਾਹਮਣੇ ਆਇਆ ਹੈ।

5. ਜਿਥੇ ਲੋਕਾਂ ਦੀਸੇਹਤ ਦੇ ਹੱਕ ਨੂੰ ਨਜਰ ਅੰਦਾਜ ਕੀਤਾ ਗਿਆ ਹੈ ਉਥੇ ਵਰਕਰਾਂ ਦੇ ਹੱਕਾ ਨੂੰ ਵੀ ਨਜਰ ਅੰਦਾਜ ਕੀਤਾ ਗਿਆ ਹੈ।

**ਮੰਗਾਂ** : 1. ਕੇਂਦਰ ਅਤੇ ਪੰਜਾਬ ਪ੍ਰਦੂਸ਼ਣ ਬੋਰਡਾਂ ਦੀਆਂ ਰਿਪੋਰਟਾਂ ਨੂੰ ਨਜ਼ਰ ਅੰਦਾਜ ਕਰਨ ਵਾਲੇ ਜ਼ਿੰਮੇਵਾਰ ਅਧਿਕਾਰੀਆਂ ਦੀ ਜਵਾਬ ਤਲਬੀ ਕੀਤੀ ਜਾਵੇ।

2 ਲੋਕਾਂ ਦੀ ਸਿਹਤ ਲਈ ਘਾਤਕ ਸਿੱਧ ਹੋਣ ਵਾਲੇ ਅਜਿਹੇ ਪਲਾਂਟਾਂ ਦੇ ਲਗਾਉਣ ਲਈ ਵਿਸ਼ੇਸ਼ ਸਰਵੇਖਣ ਕਰਕੇ ਹੀ ਫ਼ੈਸਲੇ ਲਏ ਜਾਣ ਤਾਂ ਕਿ ਮਨੁੱਖੀ ਅਤੇ ਵਾਤਾਵਰਣ ਲਈ ਕੋਈ ਨੁਕਸਾਨ ਨਾ ਹੋਵੇ।

3. ਲੋਕ ਆਵਾਜ਼ ਅਨੁਸਾਰ ਉਹਨਾਂ ਦੀਆਂ ਤਕਲੀਫ਼ਾਂ ਦੇ ਹੱਲ ਲਈ ਯੋਗ ਅਤੇ ਲੋਕ ਪੱਖੀ ਫ਼ੈਸਲੇ ਲਏ ਜਾਣ।

4. ਕੇਂਦਰ ਅਤੇ ਪੰਜਾਬ ਪ੍ਰਦੂਸ਼ਣ ਬੋਰਡਾਂ ਦੀਆਂ ਰਿਪੋਰਟਾਂ ਨੂੰ ਧਿਆਨ ਵਿਚ ਰਖਦੇ ਇਸ ਮਸਲੇ ਦਾ ਵਿਗਿਆਨਕ ਹੱਲ ਕੀਤਾ ਜਾਵੇ।

**ਪ੍ਰੋ. ਜਗਮੋਹਨ ਸਿੰਘ (ਸੂਬਾ ਪ੍ਰਧਾਨ)**
**98140-01836**
**ਜਸਵੰਤ ਜੀਰਖ (ਪ੍ਰਧਾਨ, ਜ਼ਿਲ੍ਹਾ ਲੁਧਿਆਣਾ)**
**98151-69825**

# ਆਜ਼ਾਦੀ ਅੰਦੋਲਨ ਵਿਚ ਆਦਿਵਾਸੀਆਂ ਦੀ ਦੇਣ



*ਅਕਸਰ ਇਤਿਹਾਸ ਵਿਚ ਇੰਝ ਵਾਪਰਦਾ ਹੈ ਕਿ ਜੋ ਲੋਕ ਹਾਸ਼ੀਏ ਤੋਂ ਪਰ੍ਹੇ ਖੜ੍ਹੇ ਹੁੰਦੇ ਹਨ ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਇਤਿਹਾਸ ਨੂੰ ਤਬਦੀਲ ਕਰਨ ਵਿਚ ਪਾਏ ਯੋਗਦਾਨ ਪ੍ਰਤੀ ਸਥਾਪਤ ਇਤਿਹਾਸਕ, ਲੇਖਕ ਅਤੇ ਉਚੇ ਅਦਾਰਿਆਂ ਦੇ ਬੁੱਧੀਜੀਵੀ ਚੁੱਪੀ ਸਾਧ ਲੈਂਦੇ ਹਨ ਜਾਂ ਉਨ੍ਹਾਂ ਦੀ ਕਲਮ ਰੁਕ ਜਾਂਦੀ ਹੈ। ਕਿਉਂਕਿ ਉਨ੍ਹਾਂ ਦੀ ਕਿਸੇ ਸਰਕਾਰੇ-ਦਰਬਾਰੇ ਅਤੇ ਸੰਸਥਾਵਾਂ ਵਿਚ ਆਵਾਜ਼ ਨਹੀਂ ਹੁੰਦੀ ਅਤੇ ਖ਼ੁਦ ਵੀ ਇਨ੍ਹਾਂ ਸੰਸਥਾਵਾਂ ਵਿਚ ਪਹੁੰਚਣ ਤੋਂ ਅਸਮਰਥ ਹੁੰਦੇ ਹਨ। ਪਰ ਜਿਸ ਕਿਸਮ ਨਾਲ ਦਹਾਕਿਆਂ ਤੋਂ ਲੇਖਕ ਐਸ ਐਲ ਵਿਰਦੀ ਆਪਣੀ ਕਲਮ ਰਾਹੀਂ ਦੱਬੇ ਕੁਚਲੇ ਲੋਕਾਂ ਨੂੰ ਆਵਾਜ਼ ਦੇ ਰਹੇ ਹਨ ਉਸੇ ਕੜੀ ਵਜੋਂ ਆਦਿਵਾਸੀਆਂ ਦੀਆਂ ਕੁਰਬਾਨੀਆਂ ਜਿਹੜੀਆਂ ਅੰਗਰੇਜ਼ੀ ਰਾਜ ਵੇਲੇ ਅਤੇ ਉਸ ਤੋਂ ਪਹਿਲਾਂ ਉਨ੍ਹਾਂ ਦਿੱਤੀਆਂ, ਉਨ੍ਹਾਂ ਦੀਆਂ ਬਾਰੀਕੀਆਂ ਛੋਟੇ ਛੋਟੇ ਆਦਿਵਾਸੀ ਕਬੀਲਿਆਂ ਅਤੇ ਪਿੰਡਾਂ ਤੋਂ ਲੈ ਕੇ ਕਈ ਆਦਿਵਾਸੀ ਇਲਾਕਿਆਂ ਦੀਆਂ ਇਤਿਹਾਸਕ ਦੇਣਾਂ ਨੂੰ ਦੁਨੀਆ ਭਰ ਵਿਚ ਮੁੜ ਸਰੋਕਾਰ ਬਣਾਉਣ ਹਿੱਤ ਇਹ ਲਿਖਤ ਦੇ ਰਹੇ ਹਾਂ ਤਾਂ ਕਿ ਇਕ ਆਵਾਜ਼, ਸੋਚ, ਕਲਮ ਅਤੇ ਸਮਝਦਾਰੀ ਸਾਡੇ ਸੂਝਵਾਨ ਪਾਠਕਾਂ ਵਿਚ ਵੀ ਉਤਪੰਨ ਹੋ ਸਕੇ। - ਸੰਪਾਦਕ*



ਐਸ ਐਲ ਵਿਰਦੀ
ਐਡਵੋਕੇਟ
98145-17499

ਦੇਸ਼ ਵਿੱਚ 17 ਕਰੋੜ ਆਦਿਵਾਸੀ ਹਨ ਜੋ ਭਾਰਤ ਦੇ ਧਰਤੀ ਪੁੱਤਰ ਹਨ। ਦੇਸ਼ ਦੇ ਅਜ਼ਾਦੀ ਅੰਦੋਲਨ ਵਿਚ ਆਦਿਵਾਸੀਆਂ ਦੀਆਂ ਸ਼ਹੀਦੀਆਂ ਦਾ ਕੋਈ ਸਾਨੀ ਨਹੀ। ਭਾਰਤ ਦੇ ਅਜ਼ਾਦੀ ਅੰਦੋਲਨ 'ਚ 'ਚੁਹਾੜ ਵਿਦਰੋਹ' 'ਹੂਲ ਵਿਦਰੋਹ', ਭੀਲ ਖਾਨਦੇਸ ਵਿਦਰੋਹ, 'ਭੋਗਨਾ ਡੀਹ ਵਿਦਰੋਹ, 'ਵਿਰਸਾ ਮੁੰਡਾ ਵਿਦਰੋਹ', 'ਪਾਲਚਿੱਤਵਿਆ ਵਿਦਰੋਹ', 'ਰਜਵਾਰਾਂ ਦਾ ਵਿਦਰੋਹ' ਆਦਿ ਵਿਦਰੋਹਾਂ ਵਿਚ ਹਜ਼ਾਰਾਂ ਆਦਿਵਾਸੀ ਸ਼ਹੀਦ ਹੋਏ, ਹਜ਼ਾਰਾਂ ਜਖ਼ਮੀ ਤੇ ਹਜ਼ਾਰਾਂ ਨੇ ਜੇਲ੍ਹਾਂ ਕੱਟੀਆਂ। ਭਾਰਤ ਦੀ ਆਜ਼ਾਦੀ ਲਈ ਫੈਸਲਾਕੁੰਨ ਹੋਏ 'ਹਲਦੀ ਦੀ ਘਾਟੀ ਦੇ ਯੁੱਧ ਵਿਚ ਭੀਲ ਆਦਿਵਾਸੀਆਂ ਦੀ ਬਹਾਦਰੀ ਦੇ ਝੰਡੇ ਹਮੇਸ਼ਾਂ ਝੂਲਦੇ ਹਨ।

ਭਾਰਤ ਦੀ ਅਜ਼ਾਦੀ ਦਾ ਪਹਿਲਾ ਸੁਤੰਤਰਤਾ ਸੰਗਰਾਮ 1771-1784 ਦਰਮਿਆਨ ਆਦਿਵਾਸੀ ਤਿਲਕਾ ਮਾਝੀ ਅਤੇ ਉਸ ਦੇ ਸਾਥੀਆਂ ਨੇ 'ਹੂਲ ਵਿਦਰੋਹ' ਕਰਕੇ ਕੀਤਾ ਸੀ, ਜਿਸ ਵਿੱਚ 20 ਹਜ਼ਾਰ ਆਦਿਵਾਸੀ ਸ਼ਹੀਦ ਹੋਏ। ਤਿਲਕਾ ਮਾਝੀ, ਸਿੱਧੋ ਕਾਹਨੂੰ ਮੁਰਮੂ, ਸਰਦਾਰ ਰਮਨਾ ਅਹਾੜੀ ਤੇ ਅਮੜਾ ਪਾਂਡਾ, ਆਮ ਘਾਂਸ਼ੀ, ਕਰੀਆ ਪੁਜਹਰ ਭਾਰਤ ਦੇ ਅਜ਼ਾਦੀ ਅੰਦੋਲਨ ਦੇ ਮੁੱਢਲੇ ਵਿਦਰੋਹੀ ਸ਼ਹੀਦ ਹਨ। ਬਿਹਾਰ ਦਾ ਰਾਂਚੀ ਖੇਤਰ ਹੁਣ ਬਿਹਾਰ ਤੇ ਝਾੜਖੰਡ, ਛਤੀਸ਼ਗੜ੍ਹ, ਉੜੀਸਾ, ਰਾਜਸਥਾਨ ਆਦਿਵਾਸੀ ਬਹੁਲਤਾ ਵਾਲੇ ਇਲਾਕੇ ਹਨ। ਆਦਿਵਾਸੀ ਅਜ਼ਾਦੀ ਪਸੰਦ ਅਣਖ ਖੋਰੇ ਲੋਕ ਹਨ।

ਆਦਿਵਾਸੀਆਂ ਦੀ ਤ੍ਰਾਸ਼ਦੀ ਦਾ ਸੰਖੇਪ ਇਤਿਹਾਸ ਇਹ ਹੈ ਕਿ ਆਦਿਵਾਸੀ ਕਿਸਾਨ ਜਿਹੜੀ ਵੀ ਜ਼ਮੀਨ ਖ਼ੂੰਨ-ਪਸੀਨਾਂ ਵਹਾਕੇ, ਪਹਾੜ-ਪੱਥਰ ਤੋੜਕੇ, ਜੰਗਲ ਸਾਫ ਕਰਕੇ ਆਪਣੇ ਜੀਵਨ ਬਸਰ ਲਈ ਤਿਆਰ ਕਰਦੇ, ਉਸ ਨੂੰ ਹੜੱਪਣ ਲਈ ਜ਼ਿਮੀਂਦਾਰ ਸਮੰਤ ਸਾਜ਼ਿਸ਼ਾਂ ਰਚਕੇ, ਜਾਂ ਅੰਗਰੇਜ਼ਾਂ ਦੀ ਜੀ-ਹਜ਼ੂਰੀ ਕਰਕੇ, ਅੰਗਰੇਜ਼ਾਂ ਨੂੰ ਬਹਿਕਾ ਕੇ ਆਦਿਵਾਸੀਆਂ ਦੀਆਂ ਜ਼ਮੀਨਾਂ 'ਤੇ ਲਗਾਣ ਇੰਨਾ ਵਧਾ ਦਿੰਦੇ ਸੀ ਕਿ ਆਦਿਵਾਸੀ ਅਦਾ ਹੀ ਨਾ ਕਰ ਸਕਦੇ। ਲਗਾਣ ਅਦਾ ਨਾ ਕਰਨ 'ਤੇ ਉਹ ਆਦਿਵਾਸੀਆਂ ਨੂੰ ਜ਼ਮੀਨ ਤੋਂ ਬੇਦਖਲ ਕਰਵਾ ਕੇ ਆਪ ਕਬਜੇ ਕਰ ਲੈਂਦੇ ਸਨ। ਵਿਰੋਧ ਕਰਨ 'ਤੇ ਅੰਗਰੇਜ਼ ਸਿਪਾਹੀ ਜ਼ਿੰਮੀਂਦਾਰ ਸਮੰਤਾਂ ਦੀ ਸ਼ਹਿ 'ਤੇ ਆਦਿਵਾਸੀਆਂ ਉਤੇ ਘੋਰ ਜ਼ੁੱਲਮ ਕਰਦੇ, ਉਹਨਾਂ ਦੀਆਂ ਔਰਤਾਂ ਦੀਆਂ ਇੱਜ਼ਤਾਂ ਲੁੱਟਦੇ।

ਆਦਿਵਾਸੀਆਂ ਨੇ ਇਕੱਠੇ ਹੋ ਕੇ ਇਸ ਜ਼ਬਰ ਦਾ ਪ੍ਰਚੰਡ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। 1771-1784 ਦਰਮਿਆਨ ਤਿਲਕਾ ਮਾਝੀ ਉਰਫ ਜਬਰਾ ਪਹਾੜੀਆ ਨੇ ਪਹਾੜੀ ਇਲਾਕਿਆਂ 'ਚੋਂ ਆਦਿਵਾਸੀਆਂ ਨੂੰ ਇਕੱਠੇ ਕਰਕੇ 'ਗੁਰੀਲਾ ਸੈਨਾ' ਤਿਆਰ ਕਰ ਲਈ। ਤਿਲਕਾ ਮਾਝੀ ਤੇ ਉਸ ਦੀ ਸੈਨਾ ਨੇ ਰਿਆਸਤੀ ਰਾਜਿਆਂ, ਸਮੰਤਾਂ ਅਤੇ ਝਾੜਖੰਡ 'ਚ ਸਰਕਾਰੀ ਅਫ਼ਸਰਾਂ ਨਾਲ ਲੋਹਾ ਲੈਣਾ ਸ਼ੁਰੂ ਕਰ ਦਿੱਤਾ। ਤਿਲਕਾ ਮਾਝੀ ਤੇ ਉਸ ਦੀ ਸੈਨਾ ਨੇ 1778 ਈ. ਵਿੱਚ ਅੰਗਰੇਜ਼ਾਂ ਦੇ ਰਾਮਗੜ੍ਹ ਕੈਂਪ 'ਤੇ ਕਬਜਾ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਉਥੋਂ ਭਜਾ ਦਿੱਤਾ। 1784 'ਚ ਜਬਰਾ ਨੇ ਲਾਰਡ ਕਲੀਬਲੈਂਡ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਲਾਰਡ ਆਇਰਕੂੱਟ ਨੇ ਜਬਰਾ ਦੀ ਗੁਰੀਲਾ ਸੈਨਾ 'ਤੇ ਭਾਰੀ ਫੌਜ ਨਾਲ ਜਬਰਦਸਤ ਹਮਲਾ ਕੀਤਾ, ਜਿਸ ਵਿੱਚ ਸੈਂਕੜੇ ਆਦਿਵਾਸੀ ਲੜਾਕੇ ਮਾਰੇ ਗਏ। ਅੰਗਰੇਜ਼ ਫੌਜ ਦੇ ਅਫ਼ਸਰ ਤਿਲਕਾ ਮਾਝੀ ਉਰਫ ਜਬਰਾ ਨੂੰ ਚਾਰ ਘੋੜਿਆਂ ਪਿੱਛੇ ਬੰਨ੍ਹ ਕੇ ਘਸੀਟਦੇ ਹੋਏ ਭਾਗਲਪੁਰ ਲੈ ਗਏ ਤੇ ਉੱਥੇ 13 ਜਨਵਰੀ 1785 ਨੂੰ ਜਬਰਾ ਪਹਾੜੀਆ ਉਰਫ ਤਿਲਕਾ ਮਾਝੀ ਨੂੰ ਫਾਂਸੀ 'ਤੇ ਲਟਕਾ ਦਿੱਤਾ। ਬੰਗਾਲ ਦੀ ਪ੍ਰਸਿੱਧ ਲੇਖਿਕਾ ਮਹਾਂਸ਼ਵੇਤਾ ਦੇਵੀ ਨੇ ਤਿਲਕਾ ਮਾਝੀ ਤੇ ਉਹਨਾਂ ਦੇ ਵਿਦਰੋਹ ਬਾਰੇ, "ਸ਼ਾਲ ਗਿਰਰ ਡਾਕੇ" ਨਾਵਲ, ਹਿੰਦੀ ਦੇ ਨਾਵਲਕਾਰ, ਰਕੇਸ਼ ਕੁਮਾਰ ਸਿੰਘ ਨੇ ਆਦਿਵਾਸੀਆਂ ਦੀਆਂ ਕੁਰਬਾਨੀਆਂ ਬਾਰੇ, "ਹੂਲ ਪਹਾੜੀਆ" ਨਾਵਲ ਲਿਖਿਆ। ਉਹਨਾਂ ਆਦਿਵਾਸੀਆਂ ਦੇ ਸਮੂਹਿਕ ਕਤਲੇਆਮ ਬਾਰੇ ਲਿੱਖਿਆ, '18ਵੀਂ ਸਦੀ 'ਚ ਸਮੰਤ ਜ਼ਿੰਮੀਂਦਾਰਾਂ ਨੇ ਅੰਗਰੇਜ਼ਾਂ ਨਾਲ ਮਿਲੀ ਭੁਗਤ ਕਰਕੇ, ਆਦਿਵਾਸੀ ਲੋਕਾਂ ਨੂੰ ਬਗਾਵਤੀ ਦੱਸਕੇ ਅੰਗਰੇਜ਼ ਫੌਜ਼ ਤੇ ਪੁਲਿਸ ਕੋਲੋਂ ਮਰਵਾ ਕੇ ਉਹਨਾਂ ਦੀਆਂ ਜ਼ਮੀਨ ਜਾਇਦਾਦਾਂ 'ਤੇ ਕਬਜੇ ਕਰਕੇ ਹਥਿਆ ਲਈਆਂ।

ਆਦਿਵਾਸੀ ਚੁਆੜ ਵਿਦਰੋਹਾਂ ਦੀ ਸੰਖੇਪ ਗਾਥਾ ਇਹ ਹੈ ਕਿ ਚੁਆੜਾਂ ਦੁਆਰਾ ਖ਼ੂੰਨ-ਪਸੀਨਾ ਵਹਾਕੇ ਉਪਜਾਊ ਕੀਤੀ ਗਈ ਜੱਦੀ ਜ਼ਮੀਨ ਨੂੰ ਬ੍ਰਿਟਿਸ਼ ਸਰਕਾਰ ਨੇ ਖੋਹ ਕੇ ਜਦ ਆਪਣੇ ਟੋਡੀ ਰਖੇਲ ਜ਼ਿੰਮੀਂਦਾਰਾਂ ਨੂੰ ਦੇਣ ਲੱਗ ਪਏ ਤਾਂ ਚੁਆੜਾਂ ਨੇ ਅੰਗਰੇਜ਼ਾਂ ਖਿਲਾਫ ਵਿਦਰੋਹ ਕਰ ਦਿੱਤਾ। ਉਸ ਸਮੇਂ ਬੇਸ਼ਕ ਸੈਂਕੜੇ ਚੁਆੜ ਸ਼ਹੀਦ ਹੋ ਗਏ ਪਰ ਫਿਰ ਵੀ ਚੁਆੜਾਂ ਨੇ ਵੀ ਅੰਗਰੇਜ਼ਾਂ ਤੇ ਸਮੰਤ ਜ਼ਗੀਰਦਾਰਾਂ ਉਤੇ ਜਵਾਬੀ ਕਾਰਵਾਈ ਕਰਕੇ ਜ਼ਮੀਨਾਂ ਮੁੜ ਆਪਣੇ ਕਬਜ਼ੇ 'ਚ ਕਰ ਲਈਆਂ। ਇਤਿਹਾਸ 'ਚ ਇਹ ਪਹਿਲੇ 'ਚੁਆੜ ਵਿਦਰੋਹ' ਦੇ ਨਾਮ ਨਾਲ ਪ੍ਰਸਿੱਧ ਹੈ।

ਰਾਜਸਥਾਨ ਵਿੱਚ ਆਦਿਵਾਸੀ ਭੀਲਾਂ ਤੋਂ ਜ਼ਿਮੀਦਾਰ ਜ਼ਬਰੀ ਬੇਗ਼ਾਰ ਲੈਂਦੇ ਸੀ। ਆਦਿਵਾਸੀ ਆਗੂ ਗੋਬਿੰਦ ਨੇ ਬਾਂਸਵਾੜਾ ਖੇਤਰ ਵਿਚ ਬੇਗ਼ਾਰ ਵਿਰੁੱਧ ਬਗਾਵਤ ਕਰਨ ਲਈ 'ਸਾਂਪ ਸਭਾ' ਬਣਾਕੇ ਬੇਗ਼ਾਰ ਦੇਣੀ ਬੰਦ ਕਰ ਦਿੱਤੀ। ਜ਼ਿਮੀਦਾਰਾਂ ਨੇ ਅੰਗਰੇਜ਼ਾਂ ਨੂੰ ਇਹ ਕਹਿਕੇ ਭੜਕਾ ਦਿੱਤਾ, "ਭੀਲ ਅੰਗਰੇਜ਼ਾਂ ਵਿਰੁੱਧ ਬਗਾਵਤ ਕਰਨ ਵਾਲੇ ਆ"। ਬ੍ਰਿਟਿਸ਼ ਕਰਨਲ ਸ਼ਟਨ ਨੇ ਅਹਿਮਦਾਬਾਦ, ਬੜੌਦਾ ਤੇ ਗੋਧਾਮ ਤੋਂ ਫੌਜਾਂ ਮੰਗਵਾ ਕੇ ਮਾਨਗੜ੍ਹ ਪਹਾੜੀ ਨੂੰ ਚਾਰੇ ਪਾਸਿਓ ਘੇਰਾ ਪਾ ਕੇ ਗੋਲਾ ਬਾਰੀ ਦਾ ਕਹਿਰ ਵਰਸਾ ਦਿੱਤਾ। ਨਿਹੱਥੇ 1500 ਭੀਲ ਥਾਂਹੇਂ ਸ਼ਹੀਦ ਕਰ ਦਿੱਤੇ ਗਏ। ਗੋਬਿੰਦ ਨੂੰ ਗਿਫ੍ਰਤਾਰ ਕਰਕੇ 30 ਅਕਤੂਬਰ 1831 ਨੂੰ ਸ਼ਹੀਦ ਕਰ ਦਿੱਤਾ। ਇਤਿਹਾਸ ਵਿੱਚ ਇਹ 'ਖਾਨਦੇਸ ਵਿਦਰੋਹ' ਨਾਲ ਪ੍ਰਸਿੱਧ ਹੈ। ਅੰਗਰੇਜ਼ ਕਰਨਲ ਟਾਡ ਨੇ ਲਿਖਿਆ ਹੈ ਕਿ ਰਾਜਸਥਾਨ ਦੇ ਬਾਂਸਵਾੜਾ ਖੇਤਰ 'ਚ ਆਜ਼ਾਦੀ ਦੇ ਯੁੱਧ ਵਿੱਚ, ਟਾਂਟੀਆ ਭੀਲ ਦੀ ਅਗਵਾਈ 'ਚ ਭੀਲਾਂ ਨੇ ਜੋ ਜ਼ੌਹਰ ਵਿਖਾਏ ਉਸ ਤੋਂ ਰਾਜਾ ਲਛਮਣ ਵੀ ਚੌਕ ਗਿਆ ਸੀ। ਰਾਣਾ ਪ੍ਰਤਾਪ ਨੂੰ ਭੀਲਾਂ ਦਾ ਪੂਰਾ ਸਹਿਯੋਗ ਰਿਹਾ। ਭਾਰਤ ਵਿਚ ਹਲਦੀ ਦੀ ਘਾਟੀ ਦਾ ਯੁੱਧ ਭੀਲਾਂ ਦੀ ਬਹਾਦਰੀ ਦੀ ਇੱਕ ਜਿਊਂਦੀ ਜਾਗਦੀ ਮਿਸਾਲ ਹੈ।

ਅੰਗ੍ਰੇਜ਼ੀ ਸਾਮਰਾਜ ਦੇ ਵਿਰੁੱਧ ਨਵਾਦਾ, ਰਾਜਗ੍ਰਿਹਿ ਅਤੇ ਰਜੌਲੀ ਦੇ ਰਜਵਾਰ ਆਦਿਵਾਸੀਆਂ ਦੇ ਵਿਦਰੋਹ, ਏਤਵਾ ਅਤੇ ਪਤੇਹ ਰਜਵਾਰਾ ਦੇ ਵਿਦਰੋਹ ਨੇ ਬ੍ਰਿਟਿਸ਼ ਸਰਕਾਰ ਦੀ ਨੀਂਦ ਹਰਾਮ ਕਰ ਦਿਤੀ। ਬ੍ਰਿਟਿਸ਼ ਸਰਕਾਰ ਦੀਆਂ 10 ਹਜ਼ਾਰ ਫੌਜਾਂ ਨੇ ਵਿਦਰੋਹੀਆਂ ਨੂੰ ਚਾਰੇ ਪਾਸਿਆਂ ਤੋਂ ਘੇਰਕੇ 8 ਅਪ੍ਰੈਲ 1863 ਨੂੰ ਬਕਸੋਤੀ ਦੇ ਜੰਗਲਾਂ ਤੇ ਧਾਵਾ ਬੋਲ ਦਿੱਤਾ। ਪਰ ਏਤਵਾ ਸਾਥੀਆਂ ਸਮੇਤ ਬਚ ਕੇ ਨਿਕਲਣ ਵਿੱਚ ਸਫਲ ਹੋ ਗਏ। ਪੁਲਿਸ ਨੇ ਵਿਦਰੋਹੀਆਂ ਨੂੰ ਜ਼ਿੰਦਾ ਜਾਂ ਮੁਰਦਾ ਫੜਾਉਣ ਲਈ ਕ੍ਰਾਂਤੀਕਾਰੀਆਂ ਦੇ ਇਨਾਮ ਰੱਖ ਦਿੱਤੇ। ਜਦ ਕਿਸੇ ਤਰ੍ਹਾਂ ਵੀ ਰਜਵਾਰਾ ਵਿਦਰੋਹੀ ਕਾਬੂ ਨਹੀਂ ਆਏ ਤਾਂ ਅੰਗ੍ਰੇਜ਼ਾਂ ਨੇ ਜ਼ਿੰਮੀਂਦਾਰ ਸਮੰਤਾਂ ਨਾਲ ਮਿਲੀ ਭਗਤ ਕਰਕੇ, ਵਿਦਰੋਹੀਆਂ ਦੇ ਖਾਣੇ 'ਚ ਜ਼ਹਿਰ ਮਿਲਵਾ ਕੇ ਉਨ੍ਹਾਂ ਨੂੰ ਖਤਮ ਕਰਵਾ ਦਿੱਤਾ। ਬੇਕਸੂਰ ਰਜਵਾਰਾਂ ਦੇ ਬੱਚੇ, ਬੁੱਢੇ ਅਤੇ ਇਸਤਰੀਆਂ ਨੂੰ ਗ੍ਰਿਫਤਾਰ ਕਰ ਲਿਆ। ਬ੍ਰਿਟਿਸ਼ ਸਰਕਾਰ ਨੇ ਪੂਰੇ ਰਜਵਾਰਾ ਸਮੁਦਾਇ ਨੂੰ ਹੀ ਡਕੈਤ, ਬਦਮਾਸ਼ ਤੇ ਅੱਤਵਾਦੀ ਸਮਾਜ ਘੋਸ਼ਿਤ ਕਰ ਦਿੱਤਾ। ਇੰਨਾ ਹੀ ਨਹੀਂ ਰਾਜਵਾਰਿਆਂ ਨੂੰ ਕੁਚਲਨ ਲਈ ਕ੍ਰਿਮੀਨਲ ਟ੍ਰਾਈਬਜ ਐਕਟ 1871 ਬਣਾ ਦਿੱਤਾ।

ਬਿਹਾਰ ਹੁਣ ਝਾੜ ਖੰਡ 'ਚ ਸਮੰਤ, ਜ਼ਿਮੀਦਾਰ ਤੇ ਅੰਗਰੇਜ਼ੀ ਸ਼ਾਸਕਾਂ ਦੇ ਅੱਤਿਆਚਾਰਾਂ ਦਾ ਵਿਰੋਧ ਕਰਨੇ ਲਈ 5 ਅੰਦੋਲਨ-ਪਹਿਲਾ 1850 ਤੋਂ ਸਰਦਾਰ ਅੰਦੋਲਨ, ਦੂਜਾ 1855 ਤੋਂ ਸੁਤੰਤਰਤਾ ਅੰਦੋਲਨ, ਤੀਜਾ 1858-1881 ਦਰਮਿਆਨ ਜ਼ਮੀਰ ਅੰਦੋਲਨ, ਚੌਥਾ 1882-1890 ਤੱਕ ਮਿਸ਼ਨ ਵਿਦਰੋਹ ਤੇ ਪੰਜਵਾ 1891 ਤੋਂ 1895 ਤਕ ਰਾਜਨੀਤਕ ਅੰਦੋਲਨ ਚਲਾਏ। ਸਾਹਿਬਗੰਜ ਜ਼ਿਲ੍ਹੇ 'ਚ ਅੰਗਰੇਜ਼ ਸਰਕਾਰ ਨੇ ਜ਼ਿੰਮੀਂਦਾਰਾਂ ਦੀ ਸ਼ਹਿ 'ਚ ਆਦਿਵਾਸੀਆਂ ਦੀਆਂ ਜ਼ਮੀਨਾਂ 'ਤੇ ਲਗਾਣ ਬਹੁਤ ਵਧਾ ਦਿੱਤਾ, ਤਾਂ ਜ਼ਿਲ੍ਹੇ ਦੀ ਭੋਗਨਾ ਡੀਹ ਦੇ 400 ਪਿੰਡਾਂ ਦੇ 40,000 ਆਦਿਵਾਸੀਆਂ ਨੇ ਅੰਗਰੇਜ਼ ਸਰਕਾਰ ਨੂੰ ਮਾਮਲਾ ਦੇਣ ਤੋਂ ਇਨਕਾਰ ਕਰ ਦਿੱਤਾ। 30 ਜੂਨ, 1855 ਨੂੰ ਸੰਥਾਲ ਆਦਿਵਾਸੀਆਂ ਨੇ ਸਿੱਧੋ ਕਾਹਨੂੰ, ਚਾਂਦ, ਭੈਰਵ ਅਤੇ ਉਹਨਾਂ ਦੀ ਭੈਣ ਫੂਲੋ, ਚਾਨੋ ਦੀ ਰਹਿਨੁਮਾਈ 'ਚ ਬਗ਼ਾਵਤ ਕਰਦਿਆ ਐਲਾਨਿਆ ਕਿਹਾ, "ਅੰਗਰੇਜ਼ੋ-ਸਾਡੀ ਧਰਤੀ ਛੱਡੋ"।

ਅੰਗਰੇਜ਼ ਸਰਕਾਰ ਨੇ ਸੰਥਾਲ ਆਦਿਵਾਸੀ ਸਿੱਧੋ ਕਾਹਨੂੰ, ਚਾਂਦ, ਭੈਰਵੋ ਆਦਿ ਨੂੰ ਯਕਦਮ ਗ੍ਰਿਫਤਾਰ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ। ਪੁਲਿਸ ਦਰੋਗਾ ਜਦ ਸਿੱਧੋ ਕਾਹਨੂੰ, ਚਾਂਦ, ਭੈਰਵ ਨੂੰ ਗ੍ਰਿਫਤਾਰ ਕਰਨ ਆਏ ਤਾਂ ਆਦਿਵਾਸੀਆਂ ਨੇ ਦਰੋਗਾ ਦਾ ਸਿਰ ਕੱਟ ਕੇ ਉਸਨੂੰ ਮਾਰ ਦਿੱਤਾ ਅਤੇ ਅੰਗਰੇਜ਼ਾਂ ਖ਼ਿਲਾਫ਼ ਬਗ਼ਾਵਤ ਹੋਰ ਤੇਜ਼ ਕਰ ਦਿੱਤੀ। ਅੰਗਰੇਜ਼ਾਂ ਨੇ ਚਾਲੀ ਆਦਿਵਾਸੀ ਆਗੂ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ। ਉਹਨਾਂ 'ਚੋਂ ਅੱਠ ਆਗੂ ਜੇਲ੍ਹ ਵਿੱਚ ਹੀ ਸ਼ਹੀਦ ਹੋ ਗਏ। ਅੰਗਰੇਜ਼ੀ ਫੌਜ ਨੇ ਭੋਗਨਾ ਡੀਹ ਦੇ ਪਿੰਡਾਂ ਨੂੰ ਘੇਰ ਘੇਰ ਕੇ ਸੈਂਕੜੇ ਆਦਿਵਾਸੀਆਂ ਦੇ ਘੱਲੂ-ਘਾਰੇ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ।

ਅੰਗਰੇਜ਼ ਇਤਿਹਾਸਕਾਰ ਵਿਲਿਅਮ ਵੈਲਸਨ, ਹੰਟਰ ਨੇ ਆਪਣੀ ਕਿਤਾਬ 'ਦੀ ਅਨੈਲਸਿਜ਼ ਆਫ ਰੂਰਲ ਬੰਗਾਲ' ਦੇ ਸਫਾ 220 'ਚ ਲਿਖਿਆ ਹੈ, 'ਅੰਗਰੇਜ਼ਾਂ ਦਾ ਕੋਈ ਵੀ ਸਿਪਾਹੀ ਐਸਾ ਨਹੀਂ, ਜੋ ਆਦਿਵਾਸੀਆਂ ਦੇ ਬਲੀਦਾਨ ਨੂੰ ਲੈ ਕੇ ਸ਼ਰਮਿੰਦਾ ਨਾ ਹੋਇਆ ਹੋਵੇ। ਉਹਨਾਂ ਲਿੱਖਿਆ ਕਿ ਆਪਣੇ ਹੀ ਕੁਝ ਵਿਸ਼ਵਾਸਘਾਤੀਆਂ ਦੇ ਵਿਸ਼ਵਾਸਘਾਤ ਕਾਰਨ ਸਿੱਧੋ ਅਤੇ ਕਾਹਨੂੰ ਨੂੰ ਗ੍ਰਿਫਤਾਰ ਕਰਕੇ ਬ੍ਰਿਟਿਸ਼ ਰਾਜ ਦੀ ਦਹਿਸ਼ਤ ਫੈਲਾਉਣ ਲਈ ਅੰਗਰੇਜ਼ਾਂ ਨੇ ਭੋਗਨਾ ਡੀਹ ਪਿੰਡ 'ਚ ਸਭ ਦੇ ਸਾਹਮਣੇ ਇੱਕ ਦਰਖਤ 'ਤੇ ਟੰਗ ਕੇ ਸਿੱਧੋ ਅਤੇ ਕਾਹਨੂੰ ਨੂੰ ਫਾਂਸੀ 'ਤੇ ਲਟਕਾ ਦਿੱਤਾ। ਬਾਅਦ 'ਚ ਆਦਿਵਾਸੀ ਵਿਦਰੋਹੀਆਂ ਤੇ ਅੰਗਰੇਜ਼ ਫੌਜ਼, ਪੁਲਿਸ ਵਿਚਕਾਰ ਗਹਿ ਗੱਚ ਲੜਾਈ ਹੋਈ। ਇਸ ਲੜਾਈ ਵਿੱਚ ਹਜਾਰਾਂ ਆਦਿਵਾਸੀ ਮਾਰੇ ਗਏ।" ਸਿੱਧੋ ਕਾਹਨੂੰ ਦੀ ਯਾਦ ਵਿੱਚ ਭਾਰਤ ਸਰਕਾਰ ਨੇ ਹੁਣ 2002 ਵਿੱਚ ਡਾਕ ਟਿਕਟ ਜਾਰੀ ਕੀਤਾ ਹੈ।

ਅੰਗਰੇਜ਼ਾਂ ਨੇ ਜਦ ਰਾਂਚੀ ਇਲਾਕੇ ਦੀ ਸਾਰੀ ਜ਼ਮੀਨ ਹੀ ਬਣ ਭੂਮੀ ਐਲਾਨ ਕਰ ਦਿੱਤੀ ਤਾਂ ਆਦਿਵਾਸੀ ਬਿਰਸਾ ਮੁੰਡਾ ਨੇ ਅੰਗਰੇਜ਼ਾਂ ਵਿਰੁੱਧ 24 ਦਿਸੰਬਰ 1899 ਈ. ਨੂੰ 'ਮੁੰਡਾ ਵਿਦਰੋਹ' ਸ਼ੁਰੂ ਕਰ ਦਿੱਤਾ। ਮੁੰਡਾ ਅੰਦੋਲਨ ਦੇ ਕ੍ਰਾਂਤੀਕਾਰੀਆਂ ਨੇ ਮਸ਼ਾਲਾਂ ਨਾਲ ਅੰਗਰੇਜ਼ਾਂ ਦੇ ਦਫਤਰਾਂ ਨੂੰ ਅੱਗਾਂ ਲਾ ਦਿੱਤੀਆਂ। ਅੰਦੋਲਨ ਰਾਂਚੀ, ਸਿੰਹ, ਭੂਮੀ, ਬਾਂਕੁਰਾ ਅਤੇ ਸੰਥਾਲ ਪਰਗਨਾਂ ਤਕ ਫੈਲ ਗਿਆ। ਅੰਗਰੇਜ਼ਾਂ ਨੇ ਬਿਰਸਾ ਮੁੰਡਾ ਨੂੰ ਫੜਾਉਣ ਲਈ 500 ਰੁਪਏ ਇਨਾਮ ਦਾ ਐਲਾਨ ਕਰ ਦਿੱਤਾ। ਅੰਤ ਉਸ ਨੂੰ ਫੜ ਲਿਆ ਗਿਆ ਅਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ, ਜਿੱਥੇ 6 ਜੂਨ 1900 ਨੂੰ ਉਹ ਸ਼ਹੀਦ ਹੋ ਗਏ। ਮੁੰਡਾ ਅੰਦੋਲਨ 'ਚ ਮੁੰਡਾ ਮਾਨ ਦੇਵ, ਮੁੰਡਾ ਸਾਂਢੇ, ਮੁੰਡਾ ਸੁਖਰਾਮ, ਮੁੰਡਾ ਸਾਂਬਰਾਏ, ਮੁੰਡਾ ਛਤੀਰਾਮ, ਮੁੰਡਾ ਹਰੋ ਆਦਿ ਨੇ ਵੀ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਮਾਨਗੜ੍ਹ ਦੇ ਕੋਲ ਸੀਮਾਵਰਤੀ ਗੁਜਰਾਤ ਦੀ ਵਿਜੈਨਗਰ ਤਹਿਸੀਲ ਦੇ ਪਿੰਡ ਪਾਲਚਿੱਤਰਿਆ 'ਚ ਅੰਗਰੇਜ਼ਾਂ ਦੀ ਸ਼ਹਿ 'ਤੇ ਜਾਗੀਰਦਾਰ ਤੇ ਸਮੰਤਾਂ ਨੇ ਆਦਿਵਾਸੀਆਂ ਦੀਆਂ ਜ਼ਮੀਨਾਂ ਤੇ ਜੰਗਲਾਂ 'ਤੇ ਕਬਜੇ ਕਰ ਲਏ। ਆਦਿ-ਵਾਸੀਆਂ ਨੇ 7 ਮਾਰਚ 1922 ਨੂੰ ਵਿਦਰੋਹ ਕਰ ਦਿੱਤਾ। ਹੌਲੀ-ਹੌਲੀ ਇਹ ਅੰਦੋਲਨ ਸਿਰੋਹੀ, ਦਾਤਾ, ਪਾਲਨਪੁਰ, ਈਡਰ ਅਤੇ ਵਿਜੈ-ਨਗਰ ਆਦਿ ਰਾਜਾਂ ਦੇ ਆਦਿਵਾਸੀ ਖੇਤਰਾਂ ਵਿੱਚ ਵੀ ਫੈਲ ਗਿਆ। ਆਦਿਵਾਸੀ ਆਗੂ ਤੇਜਾਵਤ ਨੇ ਵਿਜੈ ਨਗਰ ਦੇ ਨੀਮੜਾ ਪਿੰਡ ਵਿੱਚ ਬੜੀ ਭਾਰੀ ਕਾਨਫਰੰਸ ਦਾ ਆਯੋਜਨ ਕੀਤਾ। ਬ੍ਰਿਟਿਸ਼ ਕਮਾਂਡਰ ਐੱਚ. ਸੀ. ਹਟਨ ਨੇ ਆਦਿਵਾਸੀ ਵਿਦਰੋਹ ਨੂੰ ਦਬਾਉਣ ਲਈ ਮੈਵਾੜ ਅਤੇ ਗੁਆਂਢੀ ਰਿਆਸਤਾਂ ਦੀਆਂ ਫੌਜਾਂ ਮੰਗਵਾ ਲਈਆਂ। ਹਥਿਆਰਬੰਦ ਫੌਜ ਨੇ ਕਾਨਫਰੰਸ ਨੂੰ ਘੇਰ ਲਿਆ। ਮਸ਼ੀਨਗੰਨਾਂ ਤੇ ਬੰਦੂਕਾਂ ਨਾਲ ਅੰਧਾਧੁੰਦ ਗੋਲਾ ਬਾਰੀ ਕੀਤੀ ਗਈ। ਸੈਂਕੜੇ ਭੀਲ ਅਤੇ ਗ੍ਰਾਮੀਏ ਆਦਿਵਾਸੀ ਜਖ਼ਮੀ ਹੋਏ ਤੇ ਸੈਂਕੜੇ ਹੱਸ-ਹੱਸ ਕੇ ਸ਼ਹਾਦਤ ਦਾ ਜਾਮ ਪੀ ਗਏ। ਚਸ਼ਮਦੀਦ ਗਵਾਹਾਂ ਦਾ ਕਹਿਣਾ ਹੈ ਕਿ ਕਰੀਬ 1200 ਆਦਿਵਾਸੀ ਮਾਰੇ ਗਏ। ਕੁੱਝ ਲਾਸ਼ਾਂ ਨੂੰ ਉੱਥੇ ਹੀ ਨੇੜੇ ਇੱਕ ਖੂਹ ਵਿੱਚ ਸੁੱਟ ਦਿੱਤਾ ਗਿਆ ਅਤੇ ਬਾਕੀਆਂ ਨੂੰ ਇਕ ਵੱਡੇ ਖੱਡੇ 'ਚ ਦਬਾ ਦਿੱਤਾ ਗਿਆ ਤੇ ਸੈਂਕੜੇ ਆਦਿਵਾਸੀ ਸੰਗਰਾਮੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ 'ਤੇ ਰਾਜਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ। ਗੁਜਰਾਤ ਸਰਕਾਰ ਨੇ ਆਦਿ ਵਾਸੀ ਸ਼ਹੀਦਾਂ ਦੀ ਯਾਦ ਵਿੱਚ ਇੱਕ ਸਮਾਰਕ 'ਲਾਟ' ਦੀ ਉਸਾਰੀ ਕਰਵਾਈ ਹੈ।

ਦੇਸ਼ ਦੇ ਅਜ਼ਾਦ ਹੋਣ ਤੋਂ ਬਾਅਦ ਵੀ ਸਰਕਾਰਾਂ ਆਦਿਵਾਸੀਆਂ ਦੀਆਂ ਘੁੱਪ ਹਨੇਰੀਆਂ ਝੁੱਗੀਆਂ ਵਿੱਚ ਚਾਨਣ ਕਿਉ ਨਹੀਂ ਕਰਦੀਆਂ? ਉਹਨਾਂ ਦੀ ਸੁੱਖ-ਸੁਵਿਧਾ ਲਈ ਪੀਣ ਵਾਲਾ ਪਾਣੀ, ਸਕੂਲ, ਹਸਪਤਾਲ, ਬੁਨਿਆਦੀ ਸਹੂਲਤਾਂ ਕਿਉ ਨਹੀਂ ਦੇ ਰਹੀਆਂ? ਆਦਿਵਾਸੀਆਂ ਦੇ ਜੀਵਨ ਵਿਚ ਪ੍ਰੀਵਰਤਨ ਕਿਉ ਨਹੀ ਆ ਰਿਹਾ? ਇੱਥੇ ਜ਼ਿਕਰਯੋਗ ਹੈ ਕਿ ਆਦਿਵਾਸੀਆਂ ਨੂੰ ਉਹਨਾਂ ਦੀ ਜ਼ਮੀਨ ਜੰਗਲ ਤੋਂ ਇਸ ਲਈ ਉਜਾੜਿਆ ਜਾ ਰਿਹਾ ਹੈ ਕਿਉਂਕਿ ਜਿਹਨਾਂ ਜ਼ਮੀਨਾਂ, ਜੰਗਲਾਂ, ਪਹਾੜਾਂ 'ਚ ਆਦਿਵਾਸੀ ਰਹਿ ਰਹੇ ਹਨ, ਉਹ ਬੇਸ਼ੁਮਾਰ ਖਣਿਜਾਂ, ਧਾਤਾਂ, ਲੋਹਾ, ਕੋਲਾ, ਸੋਨਾ, ਹੀਰੇ ਜਵਾਹਰ ਆਦਿ ਕੁਦਰਤੀ ਵਸੀਲਿਆਂ ਨਾਲ ਭਰੇ ਪਏ ਹਨ। ਅਜ਼ਾਦੀ ਤੋਂ ਪਹਿਲਾਂ ਪਹਿਲਾਂ ਵੀ ਜ਼ਿਮੀਦਾਰ, ਸਮੰਤ, ਮੁਗਲ-ਅੰਗਰੇਜ਼ ਸ਼ਾਸ਼ਕਾਂ ਨਾਲ ਸਾਜ਼ਿਸ਼ਾਂ ਰਚਕੇ ਆਦਿਵਾਸੀਆਂ ਦੀਆਂ ਜ਼ਮੀਨਾਂ ਹੜੱਪਦੇ ਰਹੇ ਅਤੇ ਹੁਣ ਲੋਟੂ ਲੀਡਰ ਤੇ ਭਰਿਸ਼ਟ ਅਫ਼ਸਰ ਆਪਣੇ ਅਤੇ ਕਾਰਪੋਰੇਟ ਸਰਮਾਏਦਾਰਾਂ ਦੇ ਢਿੱਡ ਭਰਨ ਵਿਚ ਲੱਗੇ ਹੋਏ ਹਨ। ਆਦਿਵਾਸੀ ਗਰੀਬ ਮਜ਼ਦੂਰ ਕਿਸਾਨ ਅਨਪੜ੍ਹਤਾ ਤੇ ਗਰੀਬੀ 'ਚ ਜਨਮਦੇ ਹਨ, ਅਨਪੜ੍ਹਤਾ ਤੇ ਗਰੀਬੀ 'ਚ ਹੀ ਪਲਦੇ ਹਨ ਅਤੇ ਅਨਪੜ੍ਹਤਾ ਤੇ ਗਰੀਬੀ 'ਚ ਹੀ ਮਰ ਜਾਂਦੇ ਹਨ।

# ਦੁਨੀਆਂ ਦੇ ਤੀਜੇ ਨੰਬਰ ਦੇ ਭਾਰਤੀ ਅਰਥਚਾਰੇ ਦਾ ਮਸਲਾ

ਡਾ. ਕੇਸਰ ਸਿੰਘ ਭੰਗੂ
9815427127



ਅੱਜ ਕੱਲ ਦੇਸ਼ ਵਿੱਚ ਸਿਆਸੀ ਪਾਰਟੀਆਂ, ਆਰਥਿਕ ਮਾਹਰਾਂ ਅਤੇ ਆਮ ਲੋਕਾਂ ਦਰਮਿਆਨ, ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਉਤਪਾਦ ਦੇ ਮਾਮਲੇ ਵਿੱਚ ਦੁਨੀਆਂ ਵਿੱਚ ਚੰਗੀ ਹੋ ਰਹੀ ਦਰਜਾਬੰਦੀ, ਦੀ ਗੱਲ ਚੱਲ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੀ ਪਾਰਟੀ ਅਤੇ ਆਪਣੇ ਲਈ ਲੋਕਾਂ ਤੋਂ ਤੀਜੀ ਵਾਰ ਜਿਤਾਉਣ ਲਈ ਵਾਅਦਾ ਕੀਤਾ ਹੈ ਕਿ ਜਲਦ ਹੀ ਦੇਸ਼ ਨੂੰ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦਿੱਤਾ ਜਾਵੇਗਾ। ਪਿਛਲੇ ਸਮੇਂ ਵਿੱਚ ਅਮਰੀਕਾ ਫੇਰੀ ਦੌਰਾਨ ਵੀ ਪ੍ਰਧਾਨ ਮੰਤਰੀ ਇਸ ਮਾਮਲੇ ਦਾ ਜ਼ਿਕਰ ਕੀਤਾ ਸੀ। ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆਂ ਦੀ ਅਮਰੀਕਾ ਅਤੇ ਚੀਨ ਤੋਂ ਬਾਅਦ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗੀ। ਪਹਿਲਾਂ ਭਾਰਤ ਇਸ ਦਰਜਾਬੰਦੀ ਵਿੱਚ 7ਵੇਂ ਸਥਾਨ ਤੇ ਸੀ ਪਰ ਅੱਜ ਕੱਲ ਅਮਰੀਕਾ, ਚੀਨ, ਜਪਾਨ ਅਤੇ ਜਰਮਨੀ ਤੋਂ ਬਾਅਦ ਪੰਜਵੇਂ ਸਥਾਨ ਤੇ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਕ, ਭਾਵ ਖ਼ਰੀਦ ਸ਼ਕਤੀ ਬਰਾਬਰਤਾ (Purchasing Power Parity) ਦੇ ਹਿਸਾਬ ਨਾਲ, ਭਾਰਤ ਅੱਜ ਹੀ, ਭਾਵ 2023 ਵਿੱਚ, ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆਂ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਜਾਵੇਗੀ। ਇਸ ਹਿਸਾਬ ਨਾਲ ਚੀਨ ਦਾ ਕੁੱਲ ਘਰੇਲੂ ਪੈਦਾਵਾਰ 33.01 ਟ੍ਰਿਲੀਅਨ ਡਾਲਰ, ਅਮਰੀਕਾ ਦਾ 26.85 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 13.03 ਟ੍ਰਿਲੀਅਨ ਡਾਲਰ ਹੋਵੇਗਾ। ਅੱਜ ਕੱਲ ਚੱਲ ਰਹੀ ਮੁਦਰਾ ਵਟਾਂਦਰਾ ਦਰ ਮੁਤਾਬਕ 1 ਅਮਰੀਕੀ ਡਾਲਰ ਭਾਰਤ ਦੇ 80 ਤੋਂ ਵੱਧ ਰੁਪਿਆ ਦੇ ਬਰਾਬਰ ਹੈ ਪਰ ਜਦੋਂ ਖ਼ਰੀਦ ਸ਼ਕਤੀ ਬਰਾਬਰਤਾ (Purchasing Power Parity) ਦੇ ਹਿਸਾਬ ਨਾਲ ਵੇਖਦੇ ਹਾਂ ਤਾਂ ਅਸਲੀਅਤ ਦਾ ਪਤਾ ਲੱਗਦਾ ਹੈ। ਉਦਾਹਰਣ ਦੇ ਤੌਰ ਤੇ ਵੇਖੀਏ ਤਾਂ, ਇਸ ਹਿਸਾਬ ਨਾਲ ਜੇਕਰ ਅਮਰੀਕਾ ਵਿੱਚ 25 ਕਿਲੋ ਮੀਟਰ ਸਫ਼ਰ ਕਰਨ ਤੇ 1 ਡਾਲਰ ਖ਼ਰਚ ਆਉਂਦਾ ਹੈ ਅਤੇ ਭਾਰਤ ਵਿੱਚ 25 ਕਿਲੋ ਮੀਟਰ ਸਫ਼ਰ ਕਰਨ ਤੇ 25 ਰੁਪਏ ਖਰਚ ਆਉਂਦੇ ਹਨ ਤਾਂ 1 ਅਮਰੀਕੀ ਡਾਲਰ ਭਾਰਤ ਦੇ 25 ਰੁਪਏ ਦੇ ਬਰਾਬਰ ਹੋਵੇਗਾ।

ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦਰਜਾਬੰਦੀ ਉੱਚੀ ਹੁੰਦੀ ਸੁਣ ਕੇ ਬਹੁਤ ਫ਼ਖ਼ਰ ਮਹਿਸੂਸ ਹੁੰਦਾ ਹੈ ਅਤੇ ਲਗਦਾ ਹੈ ਦੇਸ਼ ਜਲਦੀ ਹੀ ਵਿਸ਼ਵਗੁਰੂ ਬਣ ਜਾਵੇਗਾ। ਪਰ ਇਸ ਦੇ ਆਰਥਿਕ ਨਾਲੋਂ ਸਿਆਸੀ ਮਾਅਨੇ ਜ਼ਿਆਦਾ ਹਨ ਕਿਉਂਕਿ ਇਹ ਹਕੂਮਤ ਕਰ ਰਹੀ ਸਿਆਸੀ ਪਾਰਟੀ ਅਤੇ ਮੌਜੂਦਾ ਸਰਕਾਰ ਨੂੰ ਸਿਆਸੀ ਤੌਰ ਤੇ ਤਸੱਲੀ ਅਤੇ ਹੌਸਲਾ ਜ਼ਰੂਰ ਪ੍ਰਦਾਨ ਕਰਦਾ ਹੈ। ਭਾਜਪਾ ਨੇ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਦਾ ਢੰਡੋਰਾ ਹੁਣ ਤੋਂ ਹੀ ਪਿੱਟਣਾ ਸ਼ੁਰੂ ਕਰ ਦਿੱਤਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੀ ਸੁਧਰ ਰਹੀ ਦਰਜਾਬੰਦੀ ਦੇ ਨਾਲ ਨਾਲ ਪ੍ਰਤੀ ਵਿਅਕਤੀ ਆਮਦਨ, ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆ, ਅਸਮਾਨ ਛੂਹਦੀ ਮਹਿਗਾਈ ਅਤੇ ਹੋਰ ਆਰਥਿਕ ਇੰਡੀਕੇਟਰਾਂ ਵਿੱਚ ਵੀ ਸੁਧਾਰ/ਵਾਧਾ ਹੋ ਰਿਹਾ ਹੈ ਜਾਂ ਨਹੀਂ?

ਸਭ ਤੋਂ ਪਹਿਲਾਂ ਜੇ ਗੱਲ ਕਰੀਏ ਕੀ ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਉਪਰ ਆ ਰਹੀ ਦਰਜਾਬੰਦੀ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਲਾਭ ਵੀ ਮਿਲ ਰਿਹਾ ਹੈ ਜਾਂ ਨਹੀਂ,? ਭਾਵ ਉਹਨਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ ? ਆਮ ਤੌਰ ਤੇ ਆਰਥਿਕ ਮਾਹਰ ਅਤੇ ਸੰਸਥਾਵਾਂ ਕੁੱਲ ਘਰੇਲੂ ਪੈਦਾਵਾਰ ਦੇ ਪੱਧਰ ਨਾਲੋਂ ਪ੍ਰਤੀ ਵਿਅਕਤੀ ਸਾਲਾਨਾਂ ਆਮਦਨ ਨੂੰ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਆਦਾ ਕਾਰਗਰ ਸੂਚਕ ਮੰਨਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਆਮ ਤੌਰ ਤੇ ਪ੍ਰਤੀ ਵਿਅਕਤੀ ਸਾਲਾਨਾਂ ਆਮਦਨ ਦੇ ਪੱਧਰ ਮੁਤਾਬਕ ਦੁਨੀਆਂ ਦੇ ਦੇਸ਼ਾਂ ਨੂੰ ਤਿੰਨ ਭਾਗਾਂ ਵਿੱਚ ਵੰਡੀਦੀਆ ਹਨ। ਪਹਿਲਾਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਦੂਜਾ ਮੱਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਤੀਜਾ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਇਸ ਵੰਡ ਮੁਤਾਬਕ ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਘੱਟ ਹੈ। ਜਦੋਂ ਭਾਰਤ 2013-14 ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਨੌਵੇਂ ਸਥਾਨ ਤੇ ਸੀ ਪਰ ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆਂ ਵਿੱਚ 147ਵੇਂ ਸਥਾਨ ਤੇ ਸੀ ਭਾਵ ਦੇਸ਼ ਕੁੱਝ ਟਾਪੂ ਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਉੱਪਰ ਹੀ ਸੀ। ਵਰਨਣਯੋਗ ਹੈ ਕਿ ਭਾਰਤ ਦਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿੱਚ ਅੱਗੇ ਹੈ। ਫੇਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਕ 7ਵੇਂ ਸਥਾਨ ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ 5ਵੇਂ ਸਥਾਨ ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿੱਚ ਮਾਮੂਲੀ ਵਾਧੇ ਨਾਲ 139ਵੇਂ ਸਥਾਨ ਤੇ ਹੈ। ਸਪਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾਂ ਆਮਦਨ ਦੇ ਮਾਮਲੇ ਵਿੱਚ ਦੇਸ਼ ਬਹੁਤ ਪਿੱਛੇ ਹੈ ਅਤੇ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ

ਹੁਣ ਗੱਲ ਕਰਦੇ ਹਾਂ ਭਾਰਤ ਦੇ ਮੁਕਾਬਲੇ ਉਹਨਾਂ ਦੇਸ਼ਾਂ ਦੀ, ਜਿਹਨਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿੱਚ ਪਛਾੜਿਆ ਹੈ ਜਾਂ ਭਵਿੱਖ ਵਿੱਚ ਤੀਜੇ ਦਰਜੇ ਤੇ ਆ ਕੇ ਪਛਾੜ ਦੇਵੇਗਾ। ਜਿਹਨਾਂ ਦੇਸ਼ਾਂ ਨੂੰ ਪਛਾੜਿਆ ਹੈ ਉਹਨਾਂ ਵਿਚ ਮੁੱਖ ਤੌਰ 'ਤੇ ਬ੍ਰਾਜ਼ੀਲ, ਫਰਾਂਸ, ਇਟਲੀ ਅਤੇ ਬਰਤਾਨੀਆ ਸ਼ਾਮਲ ਹਨ ਅਤੇ ਜਪਾਨ ਅਤੇ ਜਰਮਨੀ ਨੂੰ 2027 ਤੱਕ ਪਛਾੜ ਦੇਵੇਗਾ। ਸਾਲ 2013 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਮਹਿਜ 1438 ਅਮਰੀਕੀ ਡਾਲਰ ਸੀ ਜਦੋਂ ਕਿ ਉਸੇ ਸਾਲ ਬਰਤਾਨੀਆ ਦੀ ਪ੍ਰਤੀ ਵਿਅਕਤੀ ਆਮਦਨ 43449 ਡਾਲਰ, ਫਰਾਂਸ 42603 ਡਾਲਰ, ਇਟਲੀ 35560 ਡਾਲਰ ਅਤੇ ਬ੍ਰਾਜ਼ੀਲ 12259, ਭਾਵ ਜਿਹਨਾਂ ਦੇਸ਼ਾਂ ਨੂੰ ਪਿੱਛੇ ਛੱਡਿਆ ਸੀ ਭਾਰਤ ਦਾ ਪ੍ਰਤੀ ਵਿਅਕਤੀ ਆਮਦਨ ਵਿੱਚ ਉਹਨਾਂ ਨਾਲ ਕੋਈ ਮੁਕਾਬਲਾ ਹੀ ਨਹੀਂ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਨੀਵੇਂ ਪੱਧਰ ਤੇ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2013-14 ਵਿੱਚ 1438 ਅਮਰੀਕੀ ਡਾਲਰ ਤੋਂ ਵੱਧ ਕੇ 2022-23 ਵਿੱਚ 2389 ਡਾਲਰ ਹੀ ਹੋਈ ਹੈ। ਇਹਨਾਂ ਦੇਸ਼ਾਂ ਦੇ ਬਾਕੀ ਆਰਥਿਕ ਸੂਚਕ ਅੰਕ ਜਿਵੇਂ ਕਿ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆ ਵੀ ਭਾਰਤ ਨਾਲੋਂ ਕਿਤੇ ਬੇਹਤਰੀਨ ਹਨ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਭਾਰਤ ਉਦੋਂ ਹੀ ਖ਼ੁਸ਼ਹਾਲ ਦੇਸ਼ ਬਣ ਸਕਦਾ ਹੈ ਜਦੋਂ ਪ੍ਰਤੀ ਵਿਅਕਤੀ ਆਮਦਨ ਦੁਨੀਆਂ ਵਿੱਚ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੋ ਜਾਵੇਗਾ ਅਤੇ ਦੇਸ਼ ਵਿੱਚੋ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਆਰਥਿਕ ਨਾਬਰਾਬਰੀਆ ਖ਼ਤਮ ਹੋ ਜਾਣਗੀਆਂ, ਨਾ ਕਿ ਉਦੋਂ ਜਦੋਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਤੀਜੇ ਜਾਂ ਪਹਿਲੇ ਸਥਾਨ ਤੇ ਆ ਜਾਵੇਗਾ।

ਅਜਿਹਾ ਕਰਨ ਲਈ ਦੇਸ਼ ਵਿੱਚ ਮੌਜੂਦਾ ਕੇਂਦਰੀ ਸਰਕਾਰ ਦੁਆਰਾ ਚਲਾਈਆਂ ਜਾ ਰਹੀ ਆਰਥਿਕ ਨੀਤੀਆਂ, ਜਿਹੜੀਆਂ ਕਿ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਅਤੇ ਕਾਰਪੋਰੇਟਾ ਦਾ ਪੱਖ ਪੂਰ ਰਹੀਆਂ ਹਨ, ਨੂੰ ਆਮ ਲੋਕਾਂ ਦੇ ਹਿੱਤਾਂ ਵਿੱਚ ਬਦਲਣਾ ਪਵੇਗਾ। ਕੇਂਦਰੀ ਸਰਕਾਰ ਕੇਵਲ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ ਸਗੋਂ ਉਹ ਤਾਂ ਨਵੇਂ ਕਾਨੂੰਨ ਅਤੇ ਮੌਜੂਦਾ ਕਾਨੂੰਨਾਂ ਵਿਚ ਤਰਮੀਮਾਂ ਵੀ ਕਾਰਪੋਰੇਟਾ ਅਤੇ ਪੂੰਜੀਪਤੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕਰ ਰਹੀ ਹੈ। ਜੇਕਰ ਵੱਧਦੇ ਕੁੱਲ ਘਰੇਲੂ ਪੈਦਾਵਾਰ ਦਾ ਲਾਭ ਦੇਸ਼ ਦੇ ਆਮ ਲੋਕਾਂ ਤੱਕ ਪਹੁੰਚਾਉਣਾ ਹੈ ਤਾਂ ਕੇਵਲ ਢੰਢੋਰਾ ਪਿੱਟਣ ਨਾਲ ਸਿਆਸੀ ਲਾਹਾ ਤਾਂ ਖੱਟਿਆ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ ਤੇ ਆਮ ਲੋਕਾਂ ਲਈ ਕੁੱਝ ਵੀ ਨਹੀਂ ਬਦਲੇਗਾ। ਇਸ ਲਈ ਸਭ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿੱਚ ਬਰਾਬਰੀ ਦੀ ਵੰਡ ਦੇ ਆਧਾਰ ਤੇ ਉੱਚੀ ਆਰਥਿਕ ਤਰੱਕੀ ਦੀ ਦਰ ਹਾਸਲ ਕਰਨਾ ਪਵੇਗਾ। ਭਾਵ ਆਰਥਿਕ ਤਰੱਕੀ ਨਾਲ ਵਧਿਆ ਕੁੱਲ ਘਰੇਲੂ ਪੈਦਾਵਾਰ ਕੁੱਝ ਅਮੀਰਾਂ ਦੇ ਹੱਥਾਂ ਵਿੱਚ ਹੀ ਨਾ ਰਹਿ ਜਾਵੇ ਸਗੋਂ ਵਧੀ ਹੋਈ ਪੈਦਾਵਾਰ ਦਾ ਬਰਾਬਰ ਲਾਭ ਦੇਸ਼ ਦੇ ਆਮ ਲੋਕਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ। ਇਸ ਦੇ ਨਾਲ ਹੀ ਦੇਸ਼ ਵਿੱਚ ਬਹੁਤ ਵੱਡੇ ਪੱਧਰ ਤੇ ਲਾਭਕਾਰੀ ਰੁਜ਼ਗਾਰ ਵੀ ਆਮ ਲੋਕਾਂ ਲਈ ਪੈਦਾ ਕਰਨਾ ਪਵੇਗਾ ਕਿਉਂਕਿ ਭਾਰਤ ਵਿਚ ਬਹੁਤ ਵੱਡੇ ਪੱਧਰ ਤੇ ਆਮ ਬੇਰੁਜ਼ਗਾਰੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੀ ਬਹੁਤ ਘਾਟ ਹੈ ਅਤੇ ਉਹ ਸਮੇਂ ਦੇ ਹਾਣਦੀਆਂ ਨਹੀਂ ਹਨ ਜਿਸ ਕਾਰਨ ਦੇਸ਼ ਦੇ ਸਿਹਤ ਅਤੇ ਸਿੱਖਿਆ ਨਾਲ ਸਬੰਧਤ ਸੂਚਕ ਅੰਕ ਵੀ ਦੁਨੀਆਂ ਦੇ ਉਪਰਲੇ ਦੇਸ਼ਾਂ ਮੁਕਾਬਲੇ ਵਿਚ ਬਹੁਤ ਪਿਛੜੇ ਹੋਏ ਹਨ। ਅਜਿਹਾ ਕਰਨ ਲਈ ਦੇਸ਼ ਵਿੱਚ ਸਰਕਾਰ ਨੂੰ ਅਸਲ ਨਿਵੇਸ਼ ਨੂੰ ਵਧਾਉਣਾ ਪਵੇਗਾ, ਖ਼ਾਸ ਕਰਕੇ ਰੁਜ਼ਗਾਰ ਪੈਦਾ ਕਰਨ ਦੇ ਮੌਕਿਆਂ ਵਿੱਚ, ਸਿਹਤ ਅਤੇ ਸਿੱਖਿਆ ਖੇਤਰ ਵਿੱਚ ਅਤੇ ਖੇਤੀਬਾੜੀ ਖ਼ੇਤਰ ਵਿੱਚ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਪਹਿਲੇ ਸਥਾਨ ਤੇ ਵੀ ਆ ਜਾਵੇ ਪਰ ਇਸ ਦੇ ਕੋਈ ਮਾਅਨੇ ਨਹੀਂ ਹੋਣਗੇ। ਜਦੋਂ ਤੱਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣਦਾ ਨਹੀਂ ਬਣਾਇਆ ਜਾਂਦਾ। ਦੇਸ਼ ਵਿੱਚੋ ਭੁੱਖਮਰੀ ਦੇ ਖ਼ਾਤਮੇ, ਗਰੀਬੀ ਦੇ ਖਾਤਮੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਕਾਣੀ ਵੰਡ ਦੇ ਖ਼ਾਤਮੇ ਦੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ ਉਦੋਂ ਤੱਕ ਦੇਸ਼ ਦੇ ਆਮ ਲੋਕਾਂ ਨੂੰ ਭਾਰਤ ਦੇ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਦੇ ਪਹਿਲੇ ਜਾਂ ਤੀਜੇ ਦਰਜੇ ਦਾ ਮੁਲਕ ਬਨਣ ਦਾ ਕੋਈ ਲਾਭ ਨਹੀਂ ਹੋਵੇਗਾ।

# ਕੈਨੇਡੀਅਨ ਕਾਇਦੇ ਕਾਨੂੰਨ ਅਤੇ ਜਮਹੂਰੀਅਤ ਦੀ ਰਾਖੀ ਕਰਨਾ ਸਾਡਾ ਵੀ ਫਰਜ਼

ਬਹੁ-ਸਭਿਆਚਾਰੀ ਮੁਲਕ ਕੈਨੇਡਾ ਦੇ ਬਾਸ਼ਿੰਦੇ ਅਤੇ ਆਪਣੇ ਵਿਰਾਸਤੀ ਖਿੱਤੇ ਪੰਜਾਬ ਸਮੇਤ ਭਾਰਤ ਦੀਆਂ ਬਹੁ-ਭਾਸ਼ਾਈ, ਬਹੁ-ਲੋਕਾਈ ਅਤੇ ਬਹੁ-ਪਰਤੀ ਵਿਚਾਰਧਾਰਾਵਾਂ ਅਤੇ ਸੋਚਾਂ ਨੂੰ ਪ੍ਰਫੁੱਲਤ ਕਰਨ ਵਾਲੀਆਂ ਸ਼ਖਸੀਅਤਾਂ ਅਤੇ ਸੰਸਥਾਵਾਂ ਇਹ ਮਹਿਸੂਸ ਕਰਦੀਆਂ ਹਨ ਕਿ ਦੋਵਾਂ ਦੇਸ਼ਾਂ ਦੇ ਲੋਕ ਆਪਸੀ ਵਿਚੀਂ ਕਿਸੇ ਕਿਸਮ ਦੀਆਂ ਬੰਦਸਾਂ ਅਤੇ ਰੁਕਾਵਟਾਂ ਨਹੀਂ ਚਾਹੁੰਦੇ। ਦੇਸ਼ ਦੇ ਹੁਕਮਰਾਨਾਂ ਵਿਚ ਆਪਸੀ ਕੁੜੱਤਣਾਂ ਕਈ ਕਿਸਮ ਦੇ ਛੋਟੇ ਰਾਜਨੀਤਕ ਹਿੱਤਾਂ ਕਾਰਨ ਰਹਿੰਦੀਆਂ ਹਨ। ਜਿਹੜੀਆਂ ਮੁੜ ਕੇ ਲੋਕਾਂ ਵਿਚ ਕੁੜੱਤਣ ਭਰਨ ਦਾ ਕਾਰਜ ਕਰਦੀਆਂ ਹਨ। ਸਾਡੀਆਂ ਸੰਸਥਾਵਾਂ ਦੀ ਇਹ ਪੁਰਜ਼ੋਰ ਮੰਗ ਹੈ ਕਿ ਦੋਵਾਂ ਦੇਸ਼ਾਂ ਵਿਚ ਆਪਸੀ ਟਕਰਾਅ ਘਟਨਾ ਚਾਹੀਦਾ ਹੈ ਅਤੇ ਜੋ ਅਦਾਨ-ਪ੍ਰਦਾਨ ਸਮੇਤ ਵੀਜ਼ੇ ਉਪਰ ਬੰਦਸਾਂ ਲਗਾਈਆਂ ਗਈਆਂ ਹਨ ਉਹ ਹਟਣੀਆਂ ਚਾਹੀਦੀਆਂ ਹਨ। ਅਸੀਂ 21ਵੀਂ ਸਦੀ ਦੇ ਇਨਸਾਫ਼ਪਸੰਦ ਖੁੱਲ੍ਹਦਿਲੀ ਨਾਲ ਸੋਚਣ ਵਾਲੇ ਹਿੱਸਿਆਂ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਯਕੀਨ ਰੱਖਦੇ ਹਾਂ। ਅਤੇ ਕਿਸੇ ਕਿਸਮ ਦੀ ਰਾਜਨੀਤੀ ਨੂੰ ਧਰਮ ਵਿਚ ਦਖ਼ਲ ਦੇਣ ਅਤੇ ਧਰਮ ਨੂੰ ਰਾਜਨੀਤੀ ਲਈ ਵਰਤਣ ਵਿਚ ਉਕਾ ਹੀ ਵਿਸ਼ਵਾਸ ਨਹੀਂ ਕਰਦੇ ਹਾਂ। ਸਾਡਾ ਪੱਕਾ ਵਿਚਾਰ ਹੈ ਕਿ ਇਤਿਹਾਸਕ ਤੌਰ 'ਤੇ ਵੱਖ ਵੱਖ ਰੁਹਰੀਤਾਂ, ਵਿਚਾਰਾਂ, ਸਾਂਝਾਂ, ਭਾਈਵਾਲਤਾ, ਸਭਿਆਚਾਰ ਅਤੇ ਜੀਵਨ ਜਾਚ ਵਿਚ ਧਰਮ ਦਾ ਆਪਣਾ ਵਿਸ਼ੇਸ਼ ਯੋਗਦਾਨ ਹੈ, ਜਿਹੜਾ ਸਮਾਜਿਕ ਕਾਰਜ ਅਤੇ ਕਾਰਵਿਵਹਾਰ ਵਿਚ ਅਚੇਤ ਹੀ ਕਾਰਜਸ਼ੀਲ ਰਹਿੰਦਾ ਹੈ। ਜਿਸ ਦੇ ਆਧਾਰ 'ਤੇ ਧਰਮ ਨਿਰਪੱਖਤਾ, ਸਾਂਝੀਵਾਲਤਾ ਅਤੇ ਜਮਹੂਰੀਅਤ ਦੀਆਂ ਕਦਰਾਂ ਕੀਮਤਾਂ ਨੂੰ ਵੱਖ ਵੱਖ ਸੰਵਿਧਾਨਕ ਹੱਕਾਂ ਵਿਚ ਸ਼ਾਮਲ ਕੀਤਾ ਗਿਆ ਹੈ। ਉਪਰੋਕਤ ਦੇ ਸੰਦਰਭ ਵਿਚ ਹੀ ਅਸੀਂ ਵੱਖ ਵੱਖ ਭਾਈਚਾਰਿਆਂ ਦੀ ਏਕਤਾ ਅਤੇ ਸਾਂਝੀਵਾਲਤਾ ਵਿਚ ਵਿਸ਼ਵਾਸ ਰੱਖਦੇ ਹਾਂ। ਦੋਵਾਂ ਮੁਲਕਾਂ ਦੇ ਹੁਕਮਰਾਨਾਂ ਨੂੰ ਗੁਜ਼ਾਰਿਸ਼ ਕਰਦੇ ਹਾਂ ਕਿ ਉਹ ਲੋਕਾਂ ਵਿਚ ਕੁੜੱਤਣ ਪਾਉਣ ਦੀ ਥਾਂ ਬਣੀ ਹੋਈ ਭਾਈਚਾਰਕ ਸਾਂਝ ਨੂੰ ਪ੍ਰਫੁੱਲਤ ਕਰਨ ਲਈ ਛੇਤੀ ਤੋਂ ਛੇਤੀ ਬੰਦਸਾਂ ਨੂੰ ਦੂਰ ਕੀਤਾ ਜਾਵੇ।

ਹਰੇਕ ਦੇਸ਼ ਦਾ ਆਪਣਾ ਸੰਵਿਧਾਨ ਅਤੇ ਕਾਇਦਾ ਕਾਨੂੰਨ ਹੈ। ਕੈਨੇਡਾ ਦੇ ਕਾਨੂੰਨ ਵਿਚ ਇਹ ਦਰਜ ਹੈ ਕਿ ਉਨ੍ਹਾਂ ਦਾ ਨਾਗਰਿਕ ਜੇ ਕੋਈ ਗਲਤੀ ਕਰਦਾ ਹੈ ਤਾਂ ਉਹ ਆਪਣੀ ਕਾਨੂੰਨੀ ਪ੍ਰਕਿਰਿਆ ਅਨੁਸਾਰ ਉਸ ਉਪਰ ਕਾਰਵਾਈ ਸ਼ੁਰੂ ਕਰਦੇ ਹਨ। ਪ੍ਰੰਤੂ ਜਿਸ ਕਿਸਮ ਨਾਲ 16ਵੀਂ ਸਦੀ ਦਾ ਅਤਿ ਪਿਛਾਖੜੀ ਢੰਗ ਤਰੀਕਾ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਲਈ ਵਰਤਿਆ ਗਿਆ ਹੈ ਉਹ ਬੇਹੱਦ ਨਿੰਦਣਯੋਗ ਤਾਂ ਹੈ ਹੀ ਬਲਕਿ ਗੈਰ ਮਾਨਵੀ ਵੀ ਹੈ। ਇਸ ਕਰਕੇ ਕੈਨੇਡੀਅਨ ਸਰਕਾਰ ਨੇ ਆਪਣੇ ਨਾਗਰਿਕਾਂ ਸਬੰਧੀ ਬਣੇ ਕਾਨੂੰਨਾਂ ਅਤੇ ਉਨ੍ਹਾਂ ਦੀਆਂ ਪ੍ਰਕਿਰਿਆਵਾਂ ਰਾਹੀਂ ਕਾਰਵਾਈ ਕਰਨ ਦੀ ਥਾਂ ਭਾਰਤੀ ਏਜੰਸੀਆਂ ਨੇ ਜੋ ਢੰਗ ਤਰੀਕਾ ਅਪਣਾਇਆ ਹੈ ਉਹ ਅਤਿ ਹੀ ਨਿੰਦਣਯੋਗ ਹੈ ਅਤੇ ਜਮਹੂਰੀ ਖੇਤਰ ਦੇ ਹਲਕੇ ਜਿਹੜੇ ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਂਦੇ ਹਨ ਉਨ੍ਹਾਂ ਨੇ ਇਸ ਪ੍ਰਤੀ ਜਿਥੇ ਸਮੇਂ ਸਮੇਂ 'ਤੇ ਆਪਣੇ ਵਿਚਾਰ ਰੱਖੇ ਹਨ ਅਤੇ ਹਰ ਇਕ ਨੂੰ ਅਪੀਲ ਵੀ ਕੀਤੀ ਹੈ ਕਿ ਕਾਇਦੇ ਕਾਨੂੰਨਾਂ ਅਨੁਸਾਰ ਸੰਘਰਸ਼ ਕੀਤੇ ਜਾਣ ਅਤੇ ਆਪਣੀਆਂ ਮੰਗਾਂ ਉਪਰ ਪਹਿਰੇਦਾਰੀ ਕੀਤੀ ਜਾਵੇ। ਜਿਸ ਦੀ ਇਸ ਸਮੇਂ ਸਭ ਤੋਂ ਵੱਡੀ ਲੋੜ ਹੈ। ਨਹੀਂ ਤਾਂ ਅੱਤਵਾਦ ਨੂੰ ਖਤਮ ਕਰਨ ਜਾਂ ਉਸ ਦੇ ਖਿਲਾਫ਼ ਲੜਾਈ ਲੜਨ ਲਈ ਸਰਕਾਰਾਂ ਲੋਕਾਂ 'ਤੇ ਹੀ ਜਬਰ ਅਤੇ ਜ਼ੁਲਮ ਢਾਉਂਦੀਆਂ ਹਨ। ਅਸੀਂ ਹਰ ਕਿਸਮ ਦੇ ਅੱਤਵਾਦ ਦਾ ਵਿਰੋਧ ਕਰਦੇ ਹਾਂ ਉਸ ਦਾ ਰੂਪ ਕੋਈ ਵੀ ਹੋ ਸਕਦਾ ਹੈ। ਸਰਕਾਰੀ ਅਤੇ ਗੈਰ ਸਰਕਾਰੀ ਵੀ ਇਸ ਘੇਰੇ ਵਿਚ ਆਉਂਦੇ ਹਨ। ਸੋ ਲੋਕਪੱਖੀ ਅਤੇ ਜਮਹੂਰੀ ਅਧਿਕਾਰਾਂ ਨੂੰ ਬੁਲੰਦ ਕਰਨ ਲਈ ਦੋਵਾਂ ਦੇਸ਼ਾਂ ਦੇ ਲੋਕਾਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਦਾ ਰੋਜ਼ਮਰਾਂ ਦੀ ਜ਼ਿੰਦਗੀ ਨਾਲ ਸਬੰਧਤ ਮੰਗਾਂ ਅਤੇ ਮਸਲਿਆਂ ਨੂੰ ਕੇਂਦਰ ਵਿਚ ਰੱਖ ਕੇ ਆਪਣੀ ਆਵਾਜ਼ ਉਠਾਉਣ। ਕਿਉਂਕਿ ਬਹੁਤ ਵਾਰੀ ਅਜਿਹੀਆਂ ਤਾਕਤਾਂ ਜਿਹੜੀਆਂ ਸਮਾਜ ਨੂੰ ਵੰਡਣ ਵਿਚ ਰੋਲ ਅਦਾ ਕਰਦੀਆਂ ਹਨ ਉਹ ਨਵੇਂ ਸੰਕਟ ਉਤਪੰਨ ਕਰ ਦਿੰਦੀਆਂ ਹਨ। ਇਸ ਪ੍ਰਤੀ ਵੀ ਅਸੀਂ ਭਾਰਤੀ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਸੁਚੇਤ ਕਰਦੇ ਹਾਂ।

**ਇਨ੍ਹਾਂ ਵਿਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ, ਸਰੋਕਾਰਾਂ ਦੀ ਆਵਾਜ਼ ਟੋਰਾਂਟੋ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ, ਪ੍ਰੋਗਰੈਸਿਵ ਕਲਾ ਮੰਚ ਕੈਲਗਰੀ**

# ਸਵਿੱਤਰੀ ਬਾਈ ਫੂਲੇ ਅਤੇ ਫਾਤਿਮਾ ਸ਼ੇਖ ਦੀ ਅਧਿਆਪਨ ਖੇਤਰ ਵਿਚ ਦੇਣ

-ਸੁਖਦੇਵ ਸਲੇਮਪੁਰੀ
09780620233

*ਅਕਸਰ ਕਿਹਾ ਜਾਂਦਾ ਹੈ ਕਿ ਇਤਿਹਾਸ ਕਦੀ ਪਿਛਾਂਹ ਨਹੀਂ ਮੁੜਦਾ ਪਰ ਅਜੋਕੇ ਸਮਿਆਂ ਵਿਚ ਸਥਿਤੀ ਇਹ ਬਣ ਗਈ ਹੈ ਕਿ ਧਰਮਾਂ ਅਤੇ ਮਜ਼੍ਹਬਾਂ ਦੇ ਅਧਾਰ 'ਤੇ ਸਮਾਜ ਵਿਚ ਵੰਡੀਆਂ ਪਾਈਆਂ ਜਾ ਰਹੀਆਂ ਹਨ ਅਤੇ ਇਸੇ ਤਰ੍ਹਾਂ ਅਧਿਆਪਨ ਕਿੱਤੇ ਤੋਂ ਲੈ ਕੇ ਬੱਚਿਆਂ ਦੀਆਂ ਕਲਾਸਾਂ ਤੱਕ ਵੀ ਇਹ ਵੰਡੀਆਂ ਆਪਣਾ ਰੰਗ ਵਿਖਾ ਰਹੀਆਂ ਹਨ। ਇਸ ਦਿਸ਼ਾ ਨੂੰ ਉਲਟ ਰੁਖ ਦੇਣ ਲਈ ਦੱਬੇ ਕੁਚਲੇ ਵਰਗਾਂ ਦੀਆਂ ਵਿਸ਼ੇਸ਼ ਕਰਕੇ ਲੜਕੀਆਂ ਨੂੰ ਪੜ੍ਹਾਉਣ ਦੀ ਪ੍ਰਥਾ ਸਵਿੱਤਰੀ ਬਾਈ ਫੂਲੇ ਅਤੇ ਫਾਤਿਮਾ ਸ਼ੇਖ ਨੇ ਕੀਤੀ ਸੀ। ਹਾਲਾਂਕਿ ਜਦੋਂ ਉਹ ਪੜ੍ਹਾਉਣ ਜਾਂਦੀਆਂ ਸਨ ਤਾਂ ਰਸਤੇ ਵਿਚ ਉਚ ਜਾਤੀ ਦੇ ਲੋਕ ਉਨ੍ਹਾਂ ਦੇ ਰੋੜੇ ਵੀ ਮਾਰਦੇ ਸਨ ਅਤੇ ਕਈ ਕਿਸਮ ਦੇ ਅਪ ਸ਼ਬਦ ਵੀ ਬੋਲਦੇ ਸਨ। ਇਨ੍ਹਾਂ ਦੋਵਾਂ ਅਧਿਆਪਕਾਂ ਅੱਗੇ ਸਾਡਾ ਸਿਰ ਝੁਕਦਾ ਹੈ। - ਸੰਪਾਦਕ*



ਭਾਰਤ ਵਿਚ ਅੰਗਰੇਜ਼ਾਂ ਦੇ ਰਾਜ ਦੌਰਾਨ, ਭਾਰਤੀ ਲੋਕ ਗੁਲਾਮੀ ਭਰਿਆ ਜੀਵਨ ਕੱਟਣ ਲਈ ਮਜਬੂਰ ਸਨ, ਦੇ ਦੌਰਾਨ ਸਮਾਜ ਵਿਚ ਚੱਲ ਰਹੀ ਮਨੂੰਵਾਦੀ ਵਿਵਸਥਾ ਦੀ ਗੈਰ-ਮਾਨਵਤਾਵਾਦੀ ਸੋਚ ਦਾ ਬੋਲਬਾਲਾ (ਹੁਣ ਵੀ ਹੈ) ਪੂਰੀ ਤਰ੍ਹਾਂ ਨਿਰੰਤਰ ਜਾਰੀ ਸੀ, ਉਸ ਸਮੇਂ ਭਾਰਤ ਦੀ ਮਹਾਨ ਔਰਤ ਸਵਿੱਤਰੀ ਬਾਈ ਫੂਲੇ ਨੇ ਆਪਣੇ ਬਾਹੂਬਲ ਦੇ ਸਿਰ 'ਤੇ ਦੇਸ਼ ਦੇ ਕਰੋੜਾਂ ਮੂਲ-ਨਿਵਾਸੀਆਂ ਅਤੇ ਔਰਤ ਵਰਗ ਜਿਹੜਾ ਅੰਗਰੇਜ਼ਾਂ ਅਤੇ ਮਨੂੰਵਾਦੀ ਵਿਵਸਥਾ ਦੀ ਦੂਹਰੀ ਮਾਰ ਝੱਲ ਰਿਹਾ ਸੀ, ਦੇ ਲਈ ਸਿੱਖਿਆ ਪ੍ਰਦਾਨ ਕਰਨ ਦਾ ਬੀੜਾ ਚੁੱਕਿਆ ਸੀ। ਉਸ ਵੇਲੇ ਚੁੱਕੇ ਗਏ ਫੌਲਾਦੀ ਹੌਸਲੇ ਨੂੰ ਸ਼ਬਦਾਂ ਵਿਚ ਬਿਆਨਿਆ ਨਹੀਂ ਜਾ ਸਕਦਾ, ਕਿਉਂਕਿ ਸਵਿੱਤਰੀ ਬਾਈ ਫੂਲੇ ਦੀ ਮਾਨਵਤਾਵਾਦੀ ਉਸਾਰੂ ਅਤੇ ਉੱਚੀ - ਸੁੱਚੀ ਸੋਚ ਅੱਗੇ ਸ਼ਬਦ ਬੌਣੇ ਹੋ ਕੇ ਰਹਿ ਜਾਂਦੇ ਹਨ ਜਦੋਂ ਕਿ ਮਨੂੰਵਾਦੀ ਸੋਚ ਦੇ ਧਾਰਨੀ ਬੁੱਧੀਜੀਵੀਆਂ ਵਲੋਂ ਸਿੱਖਿਆ ਦੇ ਖੇਤਰ ਵਿਚ ਲਟ-ਲਟ ਕਰਕੇ ਬਲਦੀ ਕ੍ਰਾਂਤੀਕਾਰੀ ਮਿਸ਼ਾਲ ਅਤੇ ਸਿੱਖਿਆ ਸ਼ਾਸਤਰੀ ਸਵਿੱਤਰੀ ਬਾਈ ਫੂਲੇ ਨੂੰ ਭਾਰਤ ਦੀ ਪਹਿਲੀ ਔਰਤ ਅਧਿਆਪਕਾ ਅਤੇ ਮਹਾਨ ਸਿੱਖਿਆ ਸ਼ਾਸਤਰੀ ਦੇ ਤੌਰ 'ਤੇ ਪੇਸ਼ ਕਰਨ ਤੋਂ ਕੰਨੀ ਕਤਰਾਈ ਜਾ ਰਹੀ ਹੈ, ਉਨ੍ਹਾਂ ਨੂੰ ਸਿੱਖਿਆ ਸ਼ਾਸਤਰੀ ਫੂਲੇ ਦੁਆਰਾ ਕੀਤੇ ਗਏ ਮਹਾਨ ਕਾਰਜ ਹਜ਼ਮ ਨਹੀਂ ਹੋ ਰਹੇ, ਜਿਸ ਕਰਕੇ ਮਨੂੰਵਾਦੀਆਂ ਵਲੋਂ ਉਨ੍ਹਾਂ ਨੂੰ ਜਾਣਬੁੱਝ ਕੇ ਅੱਖੋਂ-ਪਰੋਖੇ ਕੀਤਾ ਰਿਹਾ ਹੈ, ਕਿਉਂਕਿ ਉਸ ਮਹਾਨ ਔਰਤ ਨੇ ਹੁਣ ਤੋਂ ਕੋਈ 175 ਸਾਲ ਪਹਿਲਾਂ ਗੈਰ-ਮਾਨਵਤਾਵਾਦੀ ਸੋਚ 'ਤੇ ਚੱਲਣ ਵਾਲੇ ਮਨੂੰਵਾਦੀ ਵਿਵਸਥਾ ਦੇ ਬਿਲਕੁਲ ਖਿਲਾਫ਼ ਔਰਤਾਂ ਨੂੰ ਸਿੱਖਿਆ ਦੇਣ ਲਈ 1848 ਈਸਵੀ ਨੂੰ ਪੂਨੇ ਵਿਚ ਭਾਰਤ ਦਾ ਸਭ ਤੋਂ ਪਹਿਲਾ ਸਕੂਲ ਸਥਾਪਤ ਕੀਤਾ ਸੀ। ਉਸ ਵੇਲੇ ਸਦੀਆਂ ਤੋਂ ਚਲਦੀ ਆ ਰਹੀ ਮਨੂੰਵਾਦੀ ਗਲੀ-ਸੜੀ ਸਮਾਜਿਕ ਵਿਵਸਥਾ ਬੁਰੀ ਤਰ੍ਹਾਂ ਭਾਰੂ ਹੋਣ ਕਰਕੇ ਸਮਾਜ ਵਲੋਂ ਮੂਲ-ਨਿਵਾਸੀਆਂ ਅਤੇ ਔਰਤਾਂ ਦੀ ਸਿੱਖਿਆ ਉਪਰ ਬਿਲਕੁਲ ਪਾਬੰਦੀ ਲਗਾਈ ਹੋਈ ਸੀ। ਸਿੱਖਿਆ ਪ੍ਰਦਾਨ ਕਰਨ ਦਾ ਪਵਿੱਤਰ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਸਵਿੱਤਰੀ ਬਾਈ ਫੂਲੇ ਜੋ ਖੁਦ ਮਨੂੰਵਾਦੀ ਵਿਚਾਰਧਾਰਾ ਦੀ ਸ਼ਿਕਾਰ ਹੋਣ ਕਾਰਨ ਅਨਪੜ੍ਹਤਾ ਨਾਲ ਜੂਝ ਰਹੀ ਸੀ, ਨੇ ਪਹਿਲਾਂ ਆਪਣੇ ਪਤੀ ਮਹਾਨ ਕ੍ਰਾਂਤੀਕਾਰੀ ਮਹਾਤਮਾ ਜੋਤੀਬਾ ਫੂਲੇ ਤੋਂ ਖੁਦ ਸਿੱਖਿਆ ਗ੍ਰਹਿਣ ਕਰਨ ਲਈ ਘਾਲਣਾ ਘਾਲੀ ਅਤੇ ਫਿਰ ਸਿੱਖਿਆ ਪ੍ਰਾਪਤ ਕਰਨ ਪਿੱਛੋਂ ਲੜਕੀਆਂ ਲਈ ਮੁਫ਼ਤ ਸਿੱਖਿਆ ਪ੍ਰਦਾਨ ਕਰਨ ਲਈ ਸਕੂਲ ਖੋਲ੍ਹਣ ਲਈ ਉਸ ਸਮੇਂ ਦੇ ਹਾਲਾਤਾਂ ਨਾਲ ਨਜਿੱਠਦਿਆਂ ਪਹਿਲੇ ਸਾਲ ਸਫਲਤਾਪੂਰਵਕ 5 ਸਕੂਲ ਖੋਲ੍ਹ ਕੇ ਦੇਸ਼ ਵਿੱਚ ਵਿਲੱਖਣ ਕਿਸਮ ਦੀ ਮਿਸਾਲ ਪੈਦਾ ਕੀਤੀ। ਉਨ੍ਹਾਂ ਨੇ ਆਪਣੇ ਸਕੂਲ ਵਿਚ ਪਹਿਲੇ ਸਾਲ 9 ਲੜਕੀਆਂ ਨੂੰ ਸਿੱਖਿਆ ਦਾ ਮਹਾਂ-ਦਾਨ ਦਿੱਤਾ। ਸੱਚ ਤਾਂ ਇਹ ਹੈ ਕਿ, ਉਹ ਭਾਰਤ ਦੀ ਪਹਿਲੀ ਮਹਾਨ ਔਰਤ ਅਧਿਆਪਕਾ ਸੀ, ਜਿਸ ਨੇ ਸਮਾਜ ਵਿਚ ਮਨੂੰਵਾਦੀ ਵਿਵਸਥਾ ਦੇ ਉਲਟ ਚੱਲਦਿਆਂ ਸਮਾਜ ਸੁਧਾਰ ਲਈ, ਜਿਥੇ ਲੜਕੀਆਂ ਨੂੰ ਪੜ੍ਹਾਉਣ ਲਈ ਪਹਿਲ ਕਦਮੀ ਕੀਤੀ, ਉਥੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਕੋਹੜ ਸਮੇਤ ਅਨੇਕਾਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਆਪਣੇ ਪਤੀ ਨਾਲ ਮਿਲ ਕੇ ਜ਼ੋਰਦਾਰ ਸੰਘਰਸ਼ ਸ਼ੁਰੂ ਕੀਤਾ ਅਤੇ ਮਨੂੰਵਾਦੀਆਂ ਨੂੰ ਮੂੰਹ ਤੋੜ ਜਵਾਬ ਦਿੱਤਾ। ਇਥੇ ਹੀ ਬਸ ਨਹੀਂ, ਉਨ੍ਹਾਂ ਨੇ ਆਪਣੇ ਪਤੀ ਨਾਲ ਮਿਲ ਕੇ ਭਾਰਤੀ ਲੋਕਾਂ ਨੂੰ ਸਿੱਖਿਅਤ ਕਰਨ ਲਈ ਅੰਗਰੇਜ਼ਾਂ ਉਪਰ ਦਬਾਅ ਵੀ ਬਣਾਇਆ ਅਤੇ ਇਸ ਦਬਾਅ ਦੇ ਚੱਲਦਿਆਂ ਅੰਗਰੇਜ਼ਾਂ ਨੇ 1853 ਵਿਚ ਵਡੇਰੀ ਉਮਰ ਦੇ ਭਾਰਤੀ ਲੋਕਾਂ ਲਈ ਰਾਤ ਦੇ ਸਮੇਂ ਚੱਲਣ ਵਾਲੇ ਸਕੂਲਾਂ ਦੀ ਸਥਾਪਨਾ ਵੀ ਕੀਤੀ, ਜਦ ਕਿ ਉਸ ਸਮੇਂ ਅਜਿਹੇ ਕ੍ਰਾਂਤੀਕਾਰੀ ਕਦਮ ਚੁੱਕਣਾ, ਸੌਖਾ ਕੰਮ ਨਹੀਂ ਸੀ ਅਤੇ ਅਜਿਹਾ ਕਦਮ ਚੁੱਕਣ ਲਈ ਫੌਲਾਦੀ ਜਿਗਰਾ ਹੋਣਾ ਚਾਹੀਦਾ ਸੀ, ਪਰ ਅੱਜ ਬਹੁਤ ਹੀ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ, ਜਿਸ ਔਰਤ ਨੇ ਦੇਸ਼ ਵਿਚ ਔਰਤਾਂ, ਮੂਲ-ਨਿਵਾਸੀਆਂ ਅਤੇ ਦੱਬੇ-ਕੁਚਲੇ ਲੋਕਾਂ ਲਈ ਸਿੱਖਿਆ ਦਾ ਮੁੱਢ ਬੰਨ੍ਹ ?ਆ, ਦੇ ਬਾਰੇ ਇਤਿਹਾਸ ਗੂੰਗਾ ਬਣਿਆ ਬੈਠਾ ਹੈ। ਦੇਸ਼ ਦੇ ਵੱਡੀ ਗਿਣਤੀ ਵਿਚ ਉਹ ਲੋਕ ਜਿਹੜੇ ਆਪਣੇ ਆਪ ਨੂੰ ਪੜ੍ਹਿਆ-ਲਿਖਿਆ ਅਤੇ ਵਿਦਵਾਨ ਹੋਣ ਦਾ ਦਾਅਵਾ ਪੇਸ਼ ਕਰ ਰਹੇ ਹਨ, ਸ਼ਾਇਦ ਉਹ ਵੀ ਸਵਿੱਤਰੀ ਬਾਈ ਫੂਲੇ ਦੇ ਨਾਂ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਸਮਾਜ ਸੁਧਾਰਿਕ ਕੰਮਾਂ ਤੋਂ ਨਾ-ਵਾਕਫ਼ ਹੋਣ ਜਾਂ ਫਿਰ ਪਤਾ ਹੋਣ ਦੇ ਬਾਵਜੂਦ ਵੀ ਉਹ ਜਾਣਬੁੱਝ ਕੇ ਕੰਨਾਂ-ਘੇਸਲ ਮਾਰਦੇ ਹੋਣ।

ਭਾਰਤ ਵਿਚ ਬਹੁ-ਗਿਣਤੀ ਲੋਕਾਂ ਵਲੋਂ ਸਵਿੱਤਰੀ ਬਾਈ ਫੂਲੇ ਨੂੰ ਅੱਖੋਂ ਪਰੋਖੇ ਕਰਨ ਦਾ ਵੱਡਾ ਕਾਰਨ ਇਹ ਹੈ ਕਿ, ਜਿਹੜੇ ਮਰਦਾਂ/ਔਰਤਾਂ ਨੇ ਮਨੂੰਵਾਦੀ ਸੋਚ ਦੇ ਬਿਲਕੁਲ ਉਲਟ ਕੰਮ ਕਰਦਿਆਂ ਸਮਾਜਿਕ, ਧਾਰਮਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਖੇਤਰ ਵਿੱਚ ਬਰਾਬਰਤਾ ਪੈਦਾ ਕਰਨ ਲਈ ਅਵਾਜ਼ ਬੁਲੰਦ ਕੀਤੀ, ਉਸ ਨੂੰ ਦਬਾਉਣ ਲਈ ਹਰ ਹੱਥ ਕੰਡੇ ਵਰਤੇ ਅਤੇ ਅਜਿਹੀਆਂ ਬਹੁ-ਪੱਖੀ ਸਖਸ਼ੀਅਤਾਂ ਦਾ ਖੁਰਾ-ਖੋਜ ਇਤਿਹਾਸ ਦੇ ਪੰਨਿਆਂ ਤੋਂ ਮਿਟਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂ ਫਿਰ ਕਲਮ ਦੇ ਜ਼ੋਰ ਨਾਲ ਇਤਿਹਾਸ ਨੂੰ ਤਰੋੜ-ਮਰੋੜ ਕੇ ਜਾਂ ਫਿਰ ਇਤਿਹਾਸ ਨੂੰ ਮਿਥਿਹਾਸਿਕ ਰੂਪ ਦੇਣ ਲਈ ਵਿਉਂਤਬੰਦੀਆਂ ਪੈਦਾ ਕੀਤੀਆਂ, ਤਾਂ ਜੋ ਸੱਚ ਸਾਹਮਣੇ ਨਾ ਆ ਸਕੇ। ਗੈਰ-ਮਾਨਵਤਾਵਾਦੀ ਸੋਚ ਰੱਖਣ ਵਾਲੇ ਲੋਕਾਂ ਨੂੰ ਹਮੇਸ਼ਾ ਇਹ ਭਰਮ ਬਣਿਆ ਰਹਿੰਦਾ ਹੈ ਕਿ, ਉਹ ਸੱਚ ਨੂੰ ਦਬਾ ਕੇ ਰੱਖਣਗੇ, ਕਾਫ਼ੀ ਹੱਦ ਤੱਕ ਉਹ ਆਪਣੇ ਇਨ੍ਹਾਂ ਮਨਸੂਬਿਆਂ ਵਿਚ ਸਫਲ ਵੀ ਹੋ ਰਹੇ ਹਨ, ਪਰ ਸੱਚ ਇਹ ਵੀ ਹੈ ਕਿ ਇਤਿਹਾਸ ਨੂੰ ਬਦਲਣਾ ਇਨ੍ਹਾਂ ਸੌਖਾ ਕੰਮ ਨਹੀਂ ਬਲਕਿ ਬਹੁਤ ਔਖਾ ਹੁੰਦਾ ਹੈ, ਕਿਉਂਕਿ ਸੱਚ ਤਾਂ ਸੱਚ ਰਹਿੰਦਾ ਹੈ। ਬੀਜ ਨੂੰ ਜਿੰਨਾ ਮਰਜ਼ੀ ਦਬਾ ਦਿਓ, ਉੱਗ ਹੀ ਪੈਂਦਾ ਹੈ।

ਇਥੇ ਵਰਨਣਯੋਗ ਹੈ ਕਿ ਦੇਸ਼ ਦੀ ਮਹਾਨ ਕ੍ਰਾਂਤੀਕਾਰੀ ਔਰਤ ਸਵਿੱਤਰੀ ਬਾਈ ਫੂਲੇ ਦਾ ਜਨਮ 3 ਜਨਵਰੀ, 1831 ਈਸਵੀ ਨੂੰ ਹੋਇਆ ਸੀ, ਇਸ ਲਈ ਅਸਲ ਅਧਿਆਪਕ ਦਿਵਸ ਇਸ ਦਿਨ ਮਨਾਇਆ ਜਾਣਾ ਚਾਹੀਦਾ ਹੈ।

ਅੱਜ ਦੇ ਅਧਿਆਪਕ ਦਿਵਸ ਮੌਕੇ ਸਵਿੱਤਰੀ ਬਾਈ ਫੂਲੇ ਨੂੰ ਕੋਟਿਨ-ਕੋਟਿ ਪ੍ਰਣਾਮ!

ਦੇਸ਼ ਦੀਆਂ ਔਰਤਾਂ ਅਤੇ ਮੂਲ-ਨਿਵਾਸੀਆਂ ਜਿਨ੍ਹਾਂ ਨੂੰ ਸਿੱਖਿਅਤ ਬਣਾਉਣ ਤੋਂ ਰੋਕਣ ਲਈ ਸਖਤ ਪਾਬੰਦੀਆਂ ਲਗਾਈਆਂ ਗਈਆਂ ਸਨ, ਦੇ ਲਈ ਸਵਿੱਤਰੀ ਬਾਈ ਫੂਲੇ ਨੇ ਇੱਕ ਮਹਾਨ ਅਧਿਆਪਕਾ / ਸਕੂਲ ਮੁਖੀ ਬਣਕੇ ਸਿੱਖਿਆ ਦੇ ਦਰਵਾਜ਼ੇ ਖੋਲ੍ਹੇ। ਔਰਤਾਂ ਅਤੇ ਮੂਲ-ਨਿਵਾਸੀਆਂ ਨੂੰ ਸਵਿੱਤਰੀ ਬਾਈ ਫੂਲੇ ਦਾ ਹਮੇਸ਼ਾ ਰਿਣੀ ਹੋਣਾ ਚਾਹੀਦਾ ਹੈ। ਦੇਸ਼ ਦੀ ਮਹਾਨ ਔਰਤ ਸਵਿੱਤਰੀ ਬਾਈ ਕਿਹਾ ਕਰਦੇ ਸਨ ਕਿ, ":ਵਿੱਦਿਆ ਤੋਂ ਵੰਚਿਤ ਹੋਣ ਕਰਕੇ ਹੀ ਸਾਰੀਆਂ ਸਮੱਸਿਆਵਾਂ ਦਾ ਜਨਮ ਹੁੰਦਾ ਹੈ ਅਤੇ ਵਿੱਦਿਆ ਦੇ ਪ੍ਰਭਾਵ ਨਾਲ ਹੀ ਔਰਤਾਂ ਅਤੇ ਦੱਬੇ ਕੁਚਲੇ ਸਮਾਜ ਦੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ।:"

ਸਵਿੱਤਰੀ ਬਾਈ ਫੂਲੇ ਨੂੰ ਕੋਟਿਨ ਕੋਟਿ ਪ੍ਰਣਾਮ ਕਿਉਂਕਿ ਉਹ -

"First female teacher of India and Mother of Indian feminism" ਹਨ।

ਬੀਬੀ ਸਵਿੱਤਰੀ ਬਾਈ ਫੂਲੇ ਵਲੋਂ ਸਮਾਜ ਸੁਧਾਰਿਕ ਅਤੇ ਸਿੱਖਿਆ ਪਸਾਰ ਲਈ ਆਰੰਭ ਕੀਤੇ ਮਹਾਨ ਕਾਰਜਾਂ ਨੂੰ ਸਫਲ ਬਣਾਉਣ ਲਈ ਉਸ ਵੇਲੇ ਬੀਬੀ ਫਾਤਿਮਾ ਸ਼ੇਖ ਨੇ ਜੋ ਸਹਿਯੋਗ ਦਿੱਤਾ, ਲਾਮਿਸਾਲ ਪ੍ਰਾਪਤੀ ਹੈ। ਮੁਸਲਿਮ ਭਾਈਚਾਰੇ ਵਿੱਚੋਂ ਬੀਬੀ ਫਾਤਿਮਾ ਸ਼ੇਖ ਪਹਿਲੀ ਔਰਤ ਅਧਿਆਪਕਾ ਸਨ, ਜੋ ਸਮਾਜ ਵਿਚ ਸਿੱਖਿਆ ਦੇ ਫੈਲਾਅ ਲਈ ਸਵਿੱਤਰੀ ਬਾਈ ਫੂਲੇ ਨਾਲ ਕਦਮ-ਨਾਲ-ਕਦਮ ਮਿਲਾ ਕੇ ਨਿੱਡਰ ਹੋ ਕੇ ਚੱਲਦੀ ਰਹੀ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ 'ਲੋਕਾਂ ਲਈ ਸੱਭ ਤੋਂ ਵਧੀਆ ਕਿਤਾਬ ਉਨ੍ਹਾਂ ਦਾ ਅਧਿਆਪਕ ਹੁੰਦਾ ਹੈ, ਜੋ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਵੰਡਦਾ, ਬਲਕਿ ਜੀਵਨ ਵਿੱਚ ਏਕਤਾ ਅਤੇ ਹਰ ਹੋਂਦ ਨਾਲ ਪਛਾਣ ਬਣਾਉਣ ਵਿੱਚ ਵਿਦਿਆਰਥੀਆਂ ਦੀ ਮਦਦ ਕਰਦਾ ਹੈ।' ਇਸ ਲਈ ਜਦੋਂ ਵੀ ਸਮਾਜ ਵਿਚ ਔਰਤਾਂ ਅਤੇ ਦੱਬੇ-ਕੁਚਲੇ ਸਮਾਜ ਨੂੰ ਸਿੱਖਿਅਤ ਕਰਨ ਦੀ ਗੱਲ ਕੀਤੀ ਜਾਂਦੀ ਹੈ ਤਾਂ, ਸਵਿਤਰੀ ਬਾਈ ਫੂਲੇ ਦਾ ਨਾਂ ਸੱਭ ਤੋਂ ਪਹਿਲਾਂ ਆਵੇਗਾ, ਕਿਉਂਕਿ ਉਹ ਇਕ ਅਜਿਹੀ ਅਧਿਆਪਕਾ ਸੀ, ਜਿਸ ਵਿਚ ਇਕ ਨਿਪੁੰਨ ਅਧਿਆਪਕ ਵਾਲੇ ਗੁਣ ਸਨ, ਜੋ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਖੁਦ ਸਮਾਜ ਵਿੱਚ ਸਿੱਖਿਆ ਦਾ ਮਾਰਗ ਉਸਾਰਦਿਆਂ ਉਨ੍ਹਾਂ ਲੋਕਾਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ, ਜਿਨ੍ਹਾਂ ਨੂੰ ਸਦੀਆਂ ਤੋਂ ਸਿੱਖਿਆ ਤੋਂ ਵੰਚਿਤ ਰੱਖਿਆ ਹੋਇਆ ਸੀ। ਉਹ ਖੁਦ ਕਿਹਾ ਕਰਦੇ ਸਨ ਕਿ ਸਿੱਖਿਆ/ਵਿਦਿਆ ਦੇ ਚਾਨਣ ਨਾਲ ਹੀ ਸਮਾਜ ਵਿਚੋਂ ਅਨਪੜ੍ਹਤਾ ਦਾ ਨਾਸ਼ ਕੀਤਾ ਜਾ ਸਕਦਾ ਹੈ। ਉਹ ਜਾਣਦੇ ਸਨ ਕਿ, ਜਦੋਂ ਤੱਕ ਲੋਕਾਂ ਵਿਚ ਸਿੱਖਿਆ ਨਹੀਂ ਜਾਂਦੀ, ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਅਨਪੜ੍ਹਤਾ ਹੋਣ ਕਾਰਨ ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਸਮਾਜ ਦੀ ਤਰੱਕੀ ਵਿੱਚ ਬਹੁਤ ਵੱਡੀ ਰੁਕਾਵਟ ਬਣਦੇ ਹਨ, ਰੋੜਾ ਬਣਦੇ ਹਨ ਜਦਕਿ ਸਿੱਖਿਆ ਮਨੁੱਖ ਨੂੰ ਸਹੀ/ਗਲਤ ਹੋਣ ਦਾ ਅਹਿਸਾਸ ਕਰਵਾਉਂਦੀ ਹੈ, ਹੱਕਾਂ ਅਤੇ ਅਧਿਕਾਰਾਂ ਬਾਰੇ ਜਾਣੂ ਕਰਵਾਉਂਦੀ, ਪਸ਼ੂਤਾ ਜੀਵਨ ਜੀਣ ਦੀ ਬਜਾਏ ਮਨੁੱਖੀ ਜੀਵਨ ਜੀਣ ਦੀ ਜਾਚ ਸਿਖਾਉਂਦੀ ਹੈ, ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾਉਂਦੀ ਹੋਈ ਦੱਸਦੀ ਹੈ ਕਿ, ਮਨੁੱਖ ਦੂਜੇ ਜੀਵ-ਜੰਤੂਆਂ ਨਾਲੋਂ ਕਿਵੇਂ ਭਿੰਨ ਹੈ। ਮੂਲ-ਨਿਵਾਸੀਆਂ ਅਤੇ ਔਰਤਾਂ ਨੂੰ ਮਨੁੱਖ ਬਣਾਉਣ ਲਈ ਜੋ ਕਾਰਜ ਉਨ੍ਹਾਂ ਕੀਤੇ ਦੇ, ਸਦਕਾ ਸਵਿੱਤਰੀ ਬਾਈ ਫੂਲੇ ਨੂੰ ਭਾਰਤ ਦੀ ਪਹਿਲੀ ਮਹਾਨ ਔਰਤ ਅਧਿਆਪਕ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ, ਪਰ ਉਨ੍ਹਾਂ ਦੇ ਨਾਂ ਨਾਲ ਇੱਕ ਹੋਰ ਨਾਂ ਵੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਦਾ ਸ਼ਿੰਗਾਰ ਹੈ। ਉਹ ਨਾਂ ਬੀਬੀ ਫਾਤਿਮਾ ਸ਼ੇਖ ਦਾ ਹੈ ਉਨ੍ਹਾਂ ਨੂੰ ਮੁਸਲਿਮ ਭਾਈਚਾਰੇ ਵਿਚੋਂ ਪਹਿਲੀ ਔਰਤ ਅਧਿਆਪਕਾ ਹੋਣ ਦਾ ਸਿਹਰਾ ਜਾਂਦਾ ਹੈ। ਉਨ੍ਹਾਂ ਨੇ ਸਵਿਤਰੀ ਬਾਈ ਫੂਲੇ ਦੇ ਨਾਲ ਮਿਲ ਕੇ ਸਿੱਖਿਆ ਪਸਾਰ ਦਾ ਕੰਮ ਆਰੰਭ ਕੀਤਾ, ਮੂਲ-ਨਿਵਾਸੀਆਂ, ਮੁਸਲਿਮ ਔਰਤਾਂ ਅਤੇ ਬੱਚਿਆਂ ਨੂੰ ਸਿੱਖਿਅਤ ਕਰਨ ਦਾ ਪ੍ਰਣ ਲੈਂਦਿਆਂ ਚੱਟਾਨ ਬਣਕੇ ਨਾਲ ਖੜ੍ਹੀ, ਇਨਾ ਹੀ ਨਹੀਂ, ਜਦੋਂ ਸਵਿੱਤਰੀ ਬਾਈ ਫੂਲੇ ਨੇ ਸੰਨ 1848 ਵਿੱਚ ਦੇਸ਼ ਵਿੱਚ ਲੜਕੀਆਂ ਲਈ ਪਹਿਲਾ ਸਕੂਲ ਖੋਲ੍ਹਿਆ ਤਾਂ, ਉਨ੍ਹਾਂ ਨੇ ਬੀਬੀ ਫੂਲੇ ਨੂੰ ਜਾਨ ਤੋੜ ਕੇ ਸਹਿਯੋਗ ਦਿੱਤਾ।

ਬੀਬੀ ਫਾਤਿਮਾ ਸ਼ੇਖ ਦਾ ਜਨਮ 9 ਜਨਵਰੀ 1831 ਨੂੰ ਪੂਣੇ ਦੇ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਭਰਾ ਦਾ ਨਾਂ ਉਸਮਾਨ ਸ਼ੇਖ ਸੀ, ਜੋ ਸਵਿੱਤਰੀ ਬਾਈ ਫੂਲੇ ਦੇ ਪਤੀ ਮਹਾਤਮਾ ਜੋਤੀਬਾ ਫੂਲੇ (ਉੱਘੇ ਸਮਾਜ ਸੁਧਾਰਿਕ ਅਤੇ ਚਿੰਤਕ) ਦਾ ਮਿੱਤਰ ਸੀ। ਫਾਤਿਮਾ ਸ਼ੇਖ ਅਤੇ ਉਸਮਾਨ ਸ਼ੇਖ ਦੋਵੇਂ ਭੈਣ-ਭਰਾ ਮਨੂੰਵਾਦੀਆਂ ਵਲੋਂ ਖੜ੍ਹੇ ਕੀਤੇ ਜਾਤੀ ਪ੍ਰਬੰਧ ਅਤੇ ਅਖੌਤੀ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਸਿੱਖਿਆ ਦਿੰਦੇ ਸਨ, ਜਿਸ ਕਰਕੇ ਲੋਕਾਂ ਵਲੋਂ ਉਨ੍ਹਾਂ ਨੂੰ ਸਮਾਜ ਵਿੱਚੋਂ ਦੁਰਕਾਰਿਆ ਵੀ ਗਿਆ , ਜਿਸ ਪਿੱਛੋਂ ਦੋਵੇਂ ਭੈਣ-ਭਰਾ ਸਵਿੱਤਰੀ ਬਾਈ ਫੂਲੇ ਨੂੰ ਮਿਲੇ ਅਤੇ ਉਨ੍ਹਾਂ ਨਾਲ ਮਿਲਕੇ ਮੂਲ-ਨਿਵਾਸੀਆਂ, ਮੁਸਲਿਮ ਔਰਤਾਂ ਅਤੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ।

ਬੀਬੀ ਫਾਤਿਮਾ ਸ਼ੇਖ ਸਵਿੱਤਰੀ ਬਾਈ ਫੂਲੇ ਨਾਲ ਮਿਲ ਕੇ ਲੋਕਾਂ ਵਿੱਚ ਜਾ ਕੇ ਔਰਤਾਂ ਅਤੇ ਬੱਚਿਆਂ ਨੂੰ ਪੜ੍ਹਾਈ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ। ਇਸ ਦੌਰਾਨ ਕਈ ਲੋਕਾਂ ਵਲੋਂ ਉਨ੍ਹਾਂ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਸੀ, ਪਰ ਉਹ ਆਪਣੀ ਧੁਨ ਦੇ ਪੱਕੇ ਸਨ, ਕਿਸੇ ਦੀ ਪ੍ਰਵਾਹ ਕੀਤੇ ਬਿਨਾਂ ਉਹ ਆਪਣੇ ਮਿਸ਼ਨ ਵਿੱਚ ਜੁਟੇ ਰਹੇ। ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਦੋਵਾਂ ਨੇ ਸਿੱਖਿਆ ਮੁਹਿਮ ਜਾਰੀ ਰੱਖੀ।

ਜਦੋਂ 1856 ਵਿਚ ਸਵਿੱਤਰੀ ਬਾਈ ਫੂਲੇ ਬੀਮਾਰ ਹੋ ਗਈ ਤਾਂ ਉਹ ਕੁਝ ਦਿਨਾਂ ਲਈ ਆਪਣੇ ਪਿਤਾ ਦੇ ਘਰ ਚਲੀ ਗਈ। ਉਸ ਸਮੇਂ ਚੱਲ ਰਹੇ ਸਾਰੇ ਸਕੂਲਾਂ ਦਾ ਸਾਰਾ ਹਿਸਾਬ-ਕਿਤਾਬ ਬੀਬੀ ਫਾਤਿਮਾ ਸ਼ੇਖ ਦੇਖਦੀ ਸੀ। ਆਰਥਿਕ ਸਾਧਨ ਬਹੁਤ ਘੱਟ ਹੋਣ ਦੇ ਬਾਵਜੂਦ ਵੀ ਫਾਤਿਮਾ ਸ਼ੇਖ ਨੇ ਮੁਸਲਿਮ ਔਰਤਾਂ ਦੀ ਸਿੱਖਿਆ ਲਈ ਆਪਣੀ ਆਵਾਜ਼ ਬੁਲੰਦ ਰੱਖੀ, ਹਾਲਾਂਕਿ ਉਸ ਸਮੇਂ ਦੇ ਹਾਲਾਤਾਂ ਦੇ ਚੱਲਦਿਆਂ ਇਹ ਸਭ ਕੁਝ ਕਰਨਾ ਆਸਾਨ ਕੰਮ ਨਹੀਂ ਸੀ, ਪਰ ਫਾਤਿਮਾ ਸ਼ੇਖ ਨੇ ਸੰਘਰਸ਼ ਜਾਰੀ ਰੱਖਿਆ। ਬੀਬੀ ਫਾਤਿਮਾ ਸ਼ੇਖ ਘਰ-ਘਰ ਜਾ ਕੇ ਮੂਲ-ਨਿਵਾਸੀਆਂ ਅਤੇ ਮੁਸਲਿਮ ਔਰਤਾਂ ਨੂੰ ਸਵਦੇਸ਼ੀ ਲਾਇਬ੍ਰੇਰੀ ਵਿਚ ਪੜ੍ਹਨ ਦਾ ਸੱਦਾ ਦਿੰਦੀ ਰਹੀ। ਇਨ੍ਹਾਂ ਕਾਰਜਾਂ ਨੂੰ ਜਾਰੀ ਰੱਖਦਿਆਂ ਉਨ੍ਹਾਂ ਨੂੰ ਕਈ ਹਾਕਮ ਜਮਾਤਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਜਦੋਂ ਮਹਾਤਮਾ ਜੋਤੀਬਾ ਫੂਲੇ ਅਤੇ ਸਵਿੱਤਰੀ ਬਾਈ ਫੂਲੇ ਨੇ ਔਰਤਾਂ ਅਤੇ ਮੂਲ-ਨਿਵਾਸੀਆਂ ਨੂੰ ਪੜ੍ਹਾਉਣ ਦਾ ਬੀੜਾ ਚੁੱਕਿਆ ਤਾਂ ਉਸ ਸਮੇਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਦੋਵਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਸੀ, ਜਿਸ ਪਿੱਛੋਂ ਉਹ ਮੀਆਂ ਉਸਮਾਨ ਸ਼ੇਖ ਦੇ ਘਰ ਰਹੇ। ਉਸਮਾਨ ਸ਼ੇਖ ਬੀਬੀ ਫਾਤਿਮਾ ਸ਼ੇਖ ਦਾ ਭਰਾ ਸੀ। ਇਸ ਮੌਕੇ ਇਥੇ ਬੀਬੀ ਫਾਤਿਮਾ ਸ਼ੇਖ ਵੀ ਮੂਲ-ਨਿਵਾਸੀਆਂ, ਔਰਤਾਂ ਅਤੇ ਬੱਚਿਆਂ ਨੂੰ ਪੜ੍ਹਾਇਆ ਕਰਦੇ ਸਨ। ਇਸ ਤਰ੍ਹਾਂ ਬੀਬੀ ਫਾਤਿਮਾ ਸ਼ੇਖ ਭਾਰਤ ਵਿੱਚ ਪਹਿਲੀ ਮੁਸਲਿਮ ਔਰਤ ਅਧਿਆਪਕਾ ਸੀ।

ਸ਼ਰਾਰਤੀ ਇਤਿਹਾਸਕਾਰ ਜਿਨ੍ਹਾਂ ਮਰਜ਼ੀ ਸਵਿੱਤਰੀ ਬਾਈ ਫੂਲੇ ਅਤੇ ਬੀਬੀ ਫਾਤਿਮਾ ਸ਼ੇਖ ਨੂੰ ਔਰਤ ਅਧਿਆਪਕਾਵਾਂ ਮੰਨਣ ਤੋਂ ਪਰਦੇ ਪਾਈ ਜਾਣ, ਪਰ ਇਤਿਹਾਸ ਕਦੇ ਮਰਦਾ ਨਹੀਂ ਹੁੰਦਾ। ਉਂਝ ਸਾਡੇ ਦੇਸ਼ ਵਿਚ ਮਿਥਿਹਾਸਕ ਤੌਰ 'ਤੇ ਬਹੁ-ਗਿਣਤੀ ਵਿਚ ਦੇਵੀ-ਦੇਵਤੇ ਹਨ, ਜਿਨ੍ਹਾਂ ਦੀ ਹੋਂਦ / ਪੈਦਾਇਸ਼ ਹੋਣ ਜਾਂ ਨਾ ਹੋਣ ਬਾਰੇ ਕੋਈ ਵੀ ਠੋਸ ਸਬੂਤ ਮੌਜੂਦ ਨਹੀਂ ਹੈ, ਨੂੰ ਪੂਜਿਆ ਜਾ ਰਿਹਾ ਹੈ, ਪਰ ਉਨ੍ਹਾਂ ਇਨਸਾਨਾਂ ਜਿਨ੍ਹਾਂ ਨੇ ਦੇਸ਼ ਵਿਚ ਆਪਣੇ ਬਾਪ ਦੇ ਘਰ ਆਪਣੀ ਮਾਂ ਦੀ ਕੁੱਖੋਂ ਜਨਮ ਲਿਆ ਅਤੇ ਫਿਰ ਜਦੋਂ ਉਨ੍ਹਾਂ ਨੇ ਸੁਰਤ ਸੰਭਾਲੀ ਤਾਂ ਸਮਾਜ ਦੀ ਬਿਹਤਰੀ ਅਤੇ ਮਨੁੱਖਤਾ ਦੇ ਭਲੇ ਲਈ ਆਪਣੀ ਸਾਰੀ ਜ਼ਿੰਦਗੀ ਲੇਖੇ ਲਗਾ ਦਿੱਤੀ ਗਈ, ਦੀ ਪੂਜਾ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ, ਉਨ੍ਹਾਂ ਦਾ ਨਾਂ ਲੈਣ ਤੋਂ ਵੀ ਭਿੱਟ ਚੜ੍ਹ ਰਹੀ ਹੈ। ਅਜਿਹੇ ਇਨਸਾਨਾਂ ਵਿਚ ਸਵਿੱਤਰੀ ਬਾਈ ਫੂਲੇ ਅਤੇ ਬੀਬੀ ਫਾਤਿਮਾ ਸ਼ੇਖ ਦਾ ਨਾਂ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਮਨੂੰਵਾਦੀ ਅਖਵਾਉਣ ਵਾਲੇ ਬੁੱਧੀਜੀਵੀਆਂ ਵਲੋਂ ਇਤਿਹਾਸ ਦੇ ਪੰਨਿਆਂ ਤੋਂ ਲਾਂਭੇ ਕੀਤਾ ਜਾ ਰਿਹਾ ਹੈ, ਜਦਕਿ ਉਨ੍ਹਾਂ ਦਾ ਨਾਂ ਭਾਰਤ ਦੇ ਮਹਾਨ ਸਮਾਜ ਸੁਧਾਰਕਾਂ, ਸਿੱਖਿਆ ਸ਼ਾਸਤਰੀਆਂ, ਬੁੱਧੀਜੀਵੀਆਂ, ਚਿੰਤਕਾਂ ਅਤੇ ਯੁੱਗ-ਪਲਟਾਊ ਸੰਘਰਸ਼ਸ਼ੀਲ ਇਨਸਾਨਾਂ ਦੀ ਕਿਤਾਬ ਦੇ ਪੰਨਿਆਂ ਉਪਰ ਸੂਰਜ ਦੀ ਤਰ੍ਹਾਂ ਹਮੇਸ਼ਾ ਚਮਕਦਾ ਰਹੇਗਾ। ਸਿੱਖਿਆ ਦੇ ਖੇਤਰ ਪਾਏ ਗਏ ਯੋਗਦਾਨ ਬਦਲੇ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਅਤੇ ਕਦੀ ਵੀ ਇਤਿਹਾਸ ਆਪਣੇ ਪੰਨਿਆਂ ਤੋਂ ਲਾਂਭੇ ਨਹੀਂ ਕਰ ਸਕੇਗਾ। ਉਨ੍ਹਾਂ ਦੁਆਰਾ ਕੀਤੇ ਗਏ ਮਹਾਨ ਅਤੇ ਲਾਮਿਸਾਲ ਕਾਰਜ ਭਵਿੱਖ ਵਿਚ ਵੀ ਬੋਲਦੇ ਰਹਿਣਗੇ ਤੇ ਸਦਾ ਜਿਉਂਦੇ ਰਹਿਣਗੇ! ਅੱਜ ਵਿਗਿਆਨਿਕ ਅਤੇ ਤਰਕਸ਼ੀਲ ਸੋਚ ਨੂੰ ਅਪਨਾ ਕੇ ਚੱਲਣ ਵਾਲਾ ਬੁੱਧੀਜੀਵੀ ਵਰਗ ਇਸ ਗੱਲ ਨੂੰ ਲੈ ਕੇ ਬਹੁਤ ਚਿੰਤਤ ਹੈ ਕਿ, ਹੁਣ ਜਦੋਂ ਸਮੁੱਚੇ ਸੰਸਾਰ ਵਿੱਚ ਵਿਗਿਆਨ ਦਾ ਦੌਰ ਹੈ , ਦੇ ਚੱਲਦਿਆਂ ਮਨੂੰਵਾਦੀਆਂ ਵਲੋਂ ਮਿਥਿਹਾਸ ਨੂੰ ਇਤਿਹਾਸ ਵਿਚ ਬਦਲਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਵਿਗਿਆਨਿਕ ਸੋਚ ਰੱਖਣ ਵਾਲੇ ਬੁੱਧੀਜੀਵੀਆਂ ਅਤੇ ਚਿੰਤਕਾਂ ਦਾ ਕਹਿਣਾ ਹੈ ਕਿ ਇਤਿਹਾਸ ਨੂੰ ਮਿਥਿਹਾਸ ਵਿਚ ਅਤੇ ਮਿਥਿਹਾਸ ਨੂੰ ਇਤਿਹਾਸ ਵਿਚ ਪੁੱਠਾ ਗੇੜਾ ਦੇਣ ਨਾਲ ਆਉਣ ਵਾਲੀਆਂ ਪੀੜ੍ਹੀਆਂ ਦੀ ਸੋਚ ਨਿਪੁੰਸਕ ਹੋ ਕੇ ਰਹਿ ਜਾਵੇਗੀ, ਜਿਸ ਦਾ ਭਵਿੱਖ ਵਿਚ ਸਿੱਟਾ ਚੰਗਾ ਨਹੀਂ ਨਿਕਲੇਗਾ ਅਤੇ ਦੇਸ਼ ਵਿਕਾਸ ਵਲ ਜਾਣ ਦੀ ਬਜਾਏ ਵਿਨਾਸ਼ ਵਲ ਮੂੰਹ ਕਰ ਲਵੇਗਾ।

ਆਓ ਅੱਜ ਪ੍ਰਣ ਕਰਦੇ ਹੋਏ ਵਿਗਿਆਨ ਨੂੰ ਅਪਨਾਈਏ! ਵਿਗਿਆਨਕ ਸੋਚ ਦੇ ਧਾਰਨੀ ਬਣਦੇ ਹੋਏ ਸਮੇਂ ਦੇ ਹਾਣੀ ਬਣੀਏ ਅਤੇ ਸਮੇਂ ਦੇ ਨਾਲ ਨਾਲ ਕਦਮ ਮਿਲਾ ਕੇ ਚੱਲਦੇ ਹੋਏ ਅੱਗੇ ਵਧੀਏ!

# ਕੈਨੇਡਾ : ਵਿਦਿਆਰਥੀਆਂ ਦੇ ਸੰਘਰਸ਼ ਦਾ ਅਖਾੜਾ








ਮਨਦੀਪ
+54-9381-338-9246
mandeepsaddowal@gmail.com

ਕੈਨੇਡਾ ਦੇ ਕਾਲਜਾਂ-ਯੂਨੀਵਰਸਿਟੀਆਂ ਵਿੱਚ ਹਰ ਸਾਲ ਲੱਖਾਂ ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹਨ ਆਉਂਦੇ ਹਨ, ਜਿੱਥੇ ਸਭ ਤੋਂ ਵੱਧ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਹੈ। ਬਲਕਿ ਇਸਤੋਂ ਵੀ ਅੱਗੇ ਸੂਬਾ ਪੰਜਾਬ ਦੇ ਵਿਦਿਆਰਥੀ ਸਭ ਤੋਂ ਮੋਹਰੀ ਹਨ। ਆਪਣੇ ਮੁਲਕ 'ਚ ਬੇਆਸ ਹੋਏ ਨੌਜਵਾਨਾਂ ਲਈ ਵਿਦੇਸ਼ੀ ਪੜ੍ਹਾਈ ਮਹਿਜ਼ ਪੱਕੇ ਤੌਰ ਤੇ ਕੈਨੇਡਾ ਵਸਣ, ਰੁਜਗਾਰ ਅਤੇ ਚੰਗੇ ਭਵਿੱਖ ਦੇ ਮਕਸਦ ਨੂੰ ਪੂਰਾ ਕਰਨ ਦਾ ਜਰੀਆ ਹੈ। ਦੂਜੇ ਪਾਸੇ ਕੈਨੇਡਾ ਸਰਕਾਰ ਲਈ ਇਹ ਅੰਤਰਰਾਸ਼ਟਰੀ ਵਿਦਆਰਥੀ ਦੇਸ਼ ਦੇ ਸਲਾਨਾ ਕੁੱਲ ਘਰੇਲੂ ਉਤਪਾਦਨ ਵਿੱਚ 30 ਬਿਲੀਅਨ ਡਾਲਰ ਦਾ ਯੋਗਦਾਨ ਪਾਕੇ ਕੈਨੇਡੀਅਨ ਆਰਥਿਕਤਾ ਦੇ ਜਾਮ ਹੁੰਦੇ ਜਾ ਰਹੇ ਪਹੀਏ ਨੂੰ ਧੱਕਣ ਅਤੇ ਸਸਤੀ ਮਜ਼ਦੂਰੀ ਦਾ ਸਾਧਨ ਹਨ। ਇਸ ਸਮੇਂ ਕੈਨੇਡਾ ਸਲਾਨਾ 4 ਲੱਖ 50 ਹਜ਼ਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਟੱਡੀ ਵੀਜ਼ੇ ਦੇ ਰਿਹਾ ਹੈ ਅਤੇ ਕੈਨੇਡਾ ਦੀ ਨਵੀਂ ਸਿੱਖਿਆ ਨੀਤੀ ਮੁਤਾਬਕ ਇਹ ਸਿਲਸਿਲਾ 2025 ਤੱਕ ਇਵੇਂ ਹੀ ਜਾਰੀ ਰਹੇਗਾ। ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਬਿਨ੍ਹਾਂ ਕੈਨੇਡਾ ਵਿੱਚ ਹਰ ਸਾਲ ਲੱਖਾਂ ਪ੍ਰਵਾਸੀ, ਵਿਦੇਸ਼ੀ ਕਾਮੇ, ਸ਼ਰਨਾਰਥੀ ਅਤੇ ਗੈਰਕਾਨੂੰਨੀ ਪ੍ਰਵਾਸੀ ਦਾਖਲ ਹੁੰਦੇ ਹਨ। ਸਾਲ 2023 ਵਿੱਚ 12 ਲੱਖ (ਅੰਤਰਰਾਸ਼ਟਰੀ ਵਿਦਿਆਰਥੀ ਤੇ ਪ੍ਰਵਾਸੀ) ਲੋਕ ਕੈਨੇਡਾ ਵਿੱਚ ਦਾਖਲ ਹੋਏ ਹਨ ਅਤੇ ਨਵੇਂ ਵਰ੍ਹੇ (2024) ਵਿੱਚ ਵਿਦਿਆਰਥੀਆਂ ਸਮੇਤ 9 ਲੱਖ ਪ੍ਰਵਾਸੀਆਂ ਨੂੰ ਕੈਨੇਡਾ ਬੁਲਾਉਣ ਦਾ ਟੀਚਾ ਹੈ।

ਕਰੋਨਾ ਤੇ ਯੂਕਰੇਨ ਜੰਗ ਤੋਂ ਬਾਅਦ ਕੈਨੇਡਾ ਦੀ ਆਰਥਿਕਤਾ ਲਗਾਤਾਰ ਮਹਿੰਗਾਈ ਨਾਲ ਜੂਝ ਰਹੀ ਹੈ। ਤੇਲ, ਗੈਸ, ਊਰਜਾ ਤੇ ਭੋਜਨ ਪਦਾਰਥਾਂ ਦੀਆਂ ਕੀਮਤਾਂ ਅਸਮਾਨੀ ਚੜ੍ਹੀਆਂ ਹੋਈਆਂ ਹਨ। ਟਰੱਕ ਸਨਅਤ ਵਿੱਚ ਮੰਦੀ ਛਾਈ ਹੋਈ ਹੈ। ਨੌਕਰੀਆਂ ਦੇ ਮੌਕੇ ਘੱਟ ਰਹੇ ਹਨ ਜਿਸ ਨਾਲ ਲੋਕਾਂ ਦੀ ਆਮਦਨ ਘੱਟ ਰਹੀ ਹੈ। ਕੇਂਦਰੀ ਬੈਂਕ ਵੱਲੋਂ ਵਧਾਈਆਂ ਵਿਆਜ ਦਰਾਂ (5%) ਨਾਲ ਰੀਅਲ ਅਸਟੇਟ ਮਾਰਕਿਟ ਜਾਮ ਹੋ ਗਈ ਹੈ, ਉਸਾਰੀ ਦਾ ਕੰਮ ਮੱਠਾ ਪੈ ਰਿਹਾ ਹੈ ਅਤੇ ਦੂਸਰੇ ਪਾਸੇ ਰਿਹਾਇਸ਼ੀ ਘਰਾਂ ਦੀ ਵੱਡੀ ਕਿੱਲਤ ਪੈਦਾ ਹੋ ਗਈ ਹੈ। ਵਿਆਜ ਦਰਾਂ ਵਧਣ, ਸੰਪਤੀ ਕਰ ਤੇ ਮਹਿੰਗਾਈ ਵਧਣ ਕਾਰਨ ਮਕਾਨ ਮਾਲਕ ਘਰਾਂ ਦੇ ਕਿਰਾਏ ਵਧਾ ਰਹੇ ਹਨ। ਅਜਿਹੀ ਹਾਲਤ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਰਿਹਾਇਸ਼ ਦਾ ਵੱਡਾ ਸੰਕਟ ਖੜਾ ਹੋ ਰਿਹਾ ਹੈ। ਕੈਨੇਡਾ ਦੇ ਸ਼ਹਿਰ ਨੌਰਥ ਬੇਅ ਦੇ ਕੈਨਾਡੋਰ ਕਾਲਜ ਤੇ ਨਿਪਸਿੰਗ ਯੂਨੀਵਰਸਿਟੀ ਵਿੱਚ ਸਤੰਬਰ 2023 ਬੈਚ ਵਿੱਚ ਪੜ੍ਹਨ ਆਏ ਸੈਂਕੜੇ ਵਿਦਿਆਰਥੀ ਰਿਹਾਇਸ਼ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਹ ਵਿਦਿਆਰਥੀ ਪ੍ਰਤੀ ਦਿਨ $150-$200 ਡਾਲਰ ਖਰਚ ਕਰਕੇ ਮਹਿੰਗੇ ਹੋਟਲਾਂ-ਮੋਟਲਾਂ ਵਿੱਚ ਰਹਿਣ ਲਈ ਮਜ਼ਬੂਰ ਹੋ ਰਹੇ ਹਨ। ਬਹੁਤੇ ਵਿਦਿਆਰਥੀ 300 ਕਿਲੋਮੀਟਰ ਦੂਰ ਬਰੈਂਪਟਨ ਵਰਗੇ ਸ਼ਹਿਰਾਂ ਤੋਂ ਰੋਜ਼ਾਨਾਂ ਕਿਰਾਏ ਤੇ ਟੈਕਸੀ (ਪ੍ਰਤੀ ਵਿਦਿਆਰਥੀ $130-$150) ਕਰਵਾਕੇ ਕਲਾਸਾਂ ਲਾਉਣ ਲਈ ਮਜ਼ਬੂਰ ਹਨ। ਰਿਹਾਇਸ਼ ਦੀ ਘਾਟ ਕਾਰਨ ਸਹਿਮੇ ਕਈ ਵਿਦਿਆਰਥੀ ਆਨਲਾਇਨ ਜਾਲਸਾਜਾਂ ਦੀ ਧੋਖਾਧੜੀ ਦਾ ਸ਼ਿਕਾਰ ਹੋਕੇ ਸੈਂਕੜੇ ਡਾਲਰਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਰਿਹਾਇਸ਼ੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਜਿਆਦਾਤਰ ਵਿਦਿਆਰਥੀ ਭਾਰਤ ਤੋਂ ਹਨ। ਕਾਲਜ ਅਤੇ ਯੂਨੀਵਰਸਿਟੀ ਨੇ ਵਿਦਿਆਰਥੀਆਂ ਨਾਲ ਰਿਹਾਇਸ਼ ਦਾ ਪ੍ਰਬੰਧ ਕਰਨ ਦਾ ਵਾਅਦਾ ਕੀਤਾ ਸੀ ਪਰ ਕੈਨੇਡਾ ਪਹੁੰਚਣ ਤੇ ਉਹਨਾਂ ਨੂੰ ਪਤਾ ਲੱਗਾ ਕਿ ਕਾਲਜ ਤੇ ਯੂਨੀਵਰਸਿਟੀ ਦੇ ਰਿਹਾਇਸ਼ੀ ਕਮਰੇ ਪਹਿਲਾਂ ਹੀ ਬੁੱਕ ਹੋ ਚੁੱਕੇ ਸਨ। ਵਾਰ-ਵਾਰ ਸੰਪਰਕ ਕਰਨ ਤੇ ਕਾਲਜ-ਯੂਨੀਵਰਸਿਟੀ ਕੋਈ ਠੋਸ ਜਵਾਬ ਨਹੀਂ ਦੇ ਰਹੇ ਸਨ ਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਹਾਲ ਤੇ ਛੱਡ ਦਿੱਤਾ ਗਿਆ। ਕੈਨੇਡਾ ਦੀ ਬਰਫੀਲੀ ਸਰਦ ਰੁੱਤ ਸ਼ੁਰੂ ਹੋਣ ਵਾਲੀ ਹੈ ਤੇ ਅਜਿਹੀ ਹਾਲਤ ਵਿੱਚ ਐਨੀ ਦੂਰ ਤੋਂ ਲੰਮਾ ਤੇ ਮਹਿੰਗਾ ਸਫਰ ਕਰਕੇ ਕਲਾਸਾਂ ਲਾਉਣੀਆਂ ਬੇਹੱਦ ਮੁਸ਼ਕਲ ਹਨ। ਮਹਿੰਗਾਈ ਦੇ ਦੌਰ 'ਚ ਮਹਿੰਗੀਆਂ ਫੀਸਾਂ, ਟੈਕਸੀ ਕਿਰਾਏ, ਗਰੌਸਰੀ ਤੇ ਮਹਿੰਗੇ ਰਿਹਾਇਸ਼ੀ ਮਕਾਨ ਵਿਦਿਆਰਥੀਆਂ ਦੇ ਕੈਨੇਡਾ ਦੇ ਸੁਪਨੇ ਨੂੰ ਘੁਣ ਵਾਂਗ ਖਾ ਰਹੇ ਹਨ।

ਕਾਲਜ ਨੇ ਰਿਹਾਇਸ਼ੀ ਬੰਦੋਬਸਤ ਤੋਂ ਕਿਤੇ ਵਧਕੇ ਵਿਦਿਆਰਥੀਆਂ ਨੂੰ ਦਾਖਲੇ ਲਈ ਥੋਕ 'ਚ 'ਆਫਰ ਲੈਟਰ' ਜਾਰੀ ਕਰ ਦਿੱਤੇ ਅਤੇ ਸਰਕਾਰ ਇਹਨਾਂ ਕਾਲਜਾਂ ਨੂੰ ਪੂਰੀ ਤਰ੍ਹਾਂ ਰੈਗੂਲੇਟ ਕਰਨ ਦੀ ਕੋਈ ਜਿੰਮੇਵਾਰੀ ਨਹੀਂ ਲੈ ਰਹੀ। ਇਸਤੋਂ ਪਹਿਲਾਂ ਸਰਕਾਰ ਦੀ ਅਣਗਹਿਲੀ ਦਾ ਲਾਹਾ ਲੈਂਦਿਆਂ ਮੌਂਟਰੀਅਲ ਦੇ ਤਿੰਨ ਕਾਲਜਾਂ ਨੇ ਆਪਣੇ-ਆਪ ਨੂੰ ਦੀਵਾਲੀਆ ਘੋਸ਼ਿਤ ਕਰਕੇ ਵਿਦਿਆਰਥੀਆਂ ਨਾਲ 6.4 ਮਿਲੀਅਨ ਡਾਲਰ ਦੀ ਠੱਗੀ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਸਮੇਂ ਵਿਦਿਅਰਥੀ ਸੰਘਰਸ਼ ਜਰੀਏ ਫੀਸਾਂ ਵਾਪਸ ਕਰਵਾਈਆਂ ਗਈਆਂ ਸਨ। ਬੀਤੇ ਦਿਨੀਂ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਦਾ ਮਸਲਾ ਵੀ ਕਾਲਜਾਂ ਤੇ ਏਜੰਟਾਂ ਦੀ ਧੋਖਾਧੜੀ ਦਾ ਸਿੱਟਾ ਸੀ ਜਿਸਦੀ ਜਿੰਮੇਵਾਰੀ ਤੇ ਸਜਾ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਸੀ। ਨਿਰਦੋਸ਼ ਵਿਦਿਆਰਥੀਆਂ ਦੇ ਦੇਸ਼-ਨਿਕਾਲੇ ਦੇ ਫੈਸਲੇ ਨੂੰ ਵੀ ਵਿਦਿਆਰਥੀ ਸੰਘਰਸ਼ ਰਾਹੀਂ ਰੋਕਿਆ ਗਿਆ ਸੀ।

ਇਸੇ ਤਰ੍ਹਾਂ ਹੁਣ ਰਿਹਾਇਸ਼ ਦੀ ਸਮੱਸਿਆਂ ਨਾਲ ਜੂਝ ਰਹੇ ਵਿਦਿਆਰਥੀਆਂ ਨੇ 'ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ' ਦੀ ਅਗਵਾਈ ਵਿੱਚ ਕਾਲਜ ਕੈਂਪਸ ਦੇ ਸਾਹਮਣੇ ਸੜਕ ਤੇ ਟੈਂਟ ਲਗਾਕੇ ਪੱਕਾ ਮੋਰਚਾ ਲਗਾ ਦਿੱਤਾ। ਉਹਨਾਂ ਕਾਲਜ ਨੂੰ ਇੱਕ ਮੰਗ ਅਤੇ ਚਾਰ ਵਿਕਲਪ ਦਿੱਤੇ। ਉਹਨਾਂ ਮੰਗ ਕੀਤੀ ਕਿ,

1. ਸਾਰੇ ਵਿਦਿਆਰਥੀਆਂ ਨੂੰ ਸਸਤੀਆਂ ਕੀਮਤਾਂ (ਮਹੀਨਾਵਾਰ $250 ਪ੍ਰਤੀ ਵਿਦਿਆਰਥੀ) 'ਤੇ ਪੱਕੀ ਰਿਹਾਇਸ਼ ਮੁਹੱਈਆ ਕਰਵਾਈ ਜਾਵੇ।

2. ਜਾਂ, ਵਿਦਿਆਰਥੀਆਂ ਦੀ ਪੜ੍ਹਾਈ ਆੱਨਲਾਈਨ ਕੀਤੀ ਜਾਵੇ ਅਤੇ ਆਈ ਆਰ ਸੀ ਸੀ ਦੇ ਵਰਕ ਪਰਮਿਟ ਲਈ 50% ਕਾਲਜ 'ਚ ਮੌਜੂਦ ਰਹਿ ਕੇ ਹਾਜ਼ਰੀ ਵਾਲੇ ਨਿਯਮ ਤੋਂ ਛੋਟ ਦਿੱਤੀ ਜਾਵੇ।

3. ਜਾਂ, ਕਾਲਜ ਤੇ ਯੂਨੀਵਰਸਿਟੀ ਦੇ ਦੂਸਰੇ ਕੈਂਪਸ ਜਿੱਥੇ ਰਿਹਾਇਸ਼ ਦਾ ਪ੍ਰਬੰਧ ਹੋਵੇ, ਵਿੱਚ ਵਿਦਿਆਰਥੀਆਂ ਦੀ ਬਦਲੀ ਕੀਤੀ ਜਾਵੇ।

4. ਜਾਂ ਵਿਦਿਆਰਥੀਆਂ ਨੂੰ ਬਿਨ੍ਹਾਂ ਕਟੌਤੀ ਪੂਰੀ ਫੀਸ ਵਾਪਸ ਕੀਤੀ ਜਾਵੇ ਤਾਂ ਜੋ ਉਹ ਸਮਾਂ ਰਹਿੰਦੇ ਕਿਸੇ ਹੋਰ ਕਾਲਜ ਵਿੱਚ ਦਾਖਲਾ ਲੈ ਸਕਣ। ਜਿੰਨ੍ਹਾ ਸਮਾਂ ਉਹਨਾਂ ਨੂੰ ਕਿਸੇ ਕਾਲਜ ਵਿੱਚ ਦਾਖਲਾ ਨਹੀਂ ਮਿਲਦਾ ਉਹਨਾਂ ਸਮਾਂ ਵਿਦਿਆਰਥੀਆਂ ਨੂੰ ਓਪਨ ਵਰਕ ਪਰਮਿਟ ਜਾਰੀ ਕੀਤਾ ਜਾਵੇ। ਤੇ ਦੂਸਰੇ ਕੈਂਪਸ ਲਈ ਫੀਸ ਦਾ ਫ਼ਰਕ ਅਦਾ ਕੀਤਾ ਜਾਵੇ। 24 ਘੰਟੇ ਚੱਲੇ ਮੋਚਰੇ ਬਾਅਦ ਕਾਲਜ ਪ੍ਰਸ਼ਾਸ਼ਨ ਨੇ ਬਿਨਾਂ ਕਟੌਤੀ ਦੇ ਪੂਰੀ ਫੀਸ ਵਾਪਸ ਕਰਨ, ਰਿਹਾਇਸ਼ ਦੀ ਸਮੱਸਿਆ ਨਾਲ ਜੂਝ ਰਹੇ ਵਿਦਆਰਥੀਆਂ ਨੂੰ ਸਸਤੀ ਰਿਹਾਇਸ਼ ਦਾ ਪ੍ਰਬੰਧ ਕਰਕੇ ਦੇਣ ਅਤੇ ਆਈ ਆਰ ਸੀ ਸੀ ਦੀਆਂ ਤਜ਼ਵੀਜਾਂ ਤਹਿਤ ਦੂਜੇ ਸਮੈਸਟਰ ਵਾਲੇ ਵਿਦਿਆਰਥੀਆਂ ਦੀਆਂ ਕਲਾਸਾਂ ਆਨਲਾਇਨ ਕਰਨ ਦੀਆਂ ਮੰਗਾਂ ਮੰਨ ਲਈਆਂ ਜਿਹਨਾਂ ਨੂੰ ਤਿੰਨ ਦਿਨ ਬਾਅਦ ਲਾਗੂ ਕਰ ਦਿੱਤਾ ਗਿਆ। ਪਰੰਤੂ ਹਾਲੇ ਵੀ ਬਹੁਤ ਸਾਰੇ ਵਿਦਿਆਰਥੀ ਅਜਿਹੇ ਹਨ ਜੋ ਸੰਘਰਸ਼ ਕਰਨ ਤੋਂ ਡਰਦੇ ਹਨ ਪਰ ਨਾਲ ਹੀ ਰਿਹਾਇਸ਼ ਦੀ ਸਮੱਸਿਆਂ ਨਾਲ ਜੂਝ ਰਹੇ ਹਨ।

ਸਿਹਤ, ਸਿੱਖਿਆ, ਰੋਟੀ, ਕੱਪੜਾ ਅਤੇ ਮਕਾਨ ਮਨੁੱਖ ਦੀਆ ਮੁੱਢਲੀਆਂ ਲੋੜਾਂ ਹਨ ਪਰੰਤੂ ਬਹੁਗਿਣਤੀ ਇਹਨਾਂ ਬੁਨਿਆਦੀ ਸਹੂਲਤਾਂ ਤੋਂ ਸੱਖਣੀ ਹੈ। ਕੈਨੇਡਾ ਵਿੱਚ ਇੱਕ ਪਾਸੇ ਸ਼ਹਿਰੀ ਕੇਂਦਰਾਂ ਵਿੱਚ ਰੀਅਲ ਅਸਟੇਟ ਦਾ ਵੱਡਾ ਮਾਫੀਆ ਵੱਡੀਆਂ-ਵੱਡੀਆਂ ਰਿਹਾਇਸ਼ੀ ਇਮਾਰਤਾਂ ਤੇ ਕਾਬਜ਼ ਹੈ ਤੇ ਦੂਜੇ ਪਾਸੇ ਬਹੁਗਿਣਤੀ ਬੇਘਰ ਤੇ ਕਿਰਾਏ ਤੇ ਰਹਿਕੇ ਗੁਜ਼ਰ-ਬਸਰ ਕਰ ਰਹੀ ਹੈ। ਵੱਡੇ ਸ਼ਹਿਰਾਂ ਵਿੱਚ ਛੋਟੇ-ਛੋਟੇ ਕਮਰੇ ਤੇ ਬੇਸਮੈਂਟਾਂ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਨਾਲ ਖਚਾ-ਖਚ ਭਰੇ ਪਏ ਹਨ। ਥੋੜਚਿਰੀ ਤੇ ਭੁਲੇਖਿਆਂ ਭਰੀ ਖੁਸ਼ਹਾਲੀ ਦੀ ਭਾਲ ਬੇਸਮੈਂਟਾਂ ਦੀ ਘੁੱਟਣ ਹੇਠ ਦਬ ਰਹੀ ਹੈ। ਸਰਕਾਰੀ ਨੀਤੀਆਂ ਤੇ ਠੋਸ ਵਿਉਂਤਬੰਦੀ ਦੀ ਘਾਟ ਕਾਰਨ ਪੈਦਾ ਹੋਏ ਰਿਹਾਇਸ਼ੀ ਸੰਕਟ ਦਾ ਤੋੜਾ ਵਿਦਿਆਰਥੀਆਂ ਉੱਤੇ ਝਾੜਿਆ ਜਾ ਰਿਹਾ ਹੈ। ਰਿਹਾਇਸ਼ ਮੰਤਰੀ ਸ਼ਾਨ ਫਰੇਜ਼ਰ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਘਰਾਂ ਦੀ ਕਿੱਲਤ ਨੂੰ ਪੂਰਾ ਕਰਨ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਪਰ ਰੋਕ ਲਗਾਉਣੀ ਪਵੇਗੀ। ਜਦਕਿ ਕੁਝ ਸਮਾਂ ਪਹਿਲਾਂ ਇਮੀਗ੍ਰੇਸ਼ਨ ਮੰਤਰੀ ਹੁੰਦਿਆਂ ਸ਼ਾਨ ਫਰੇਜ਼ਰ ਦਾ ਮੰਨਣਾ ਸੀ 2025 ਤੱਕ 15 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸੱਦਣ ਦੀ ਲੋੜ ਹੈ ਤਾਂ ਕਿ ਕੈਨੇਡਾ ਦੀ ਜੀਡੀਪੀ ਵਿਚ ਯੋਗਦਾਨ ਦੀ ਦਰ $80 ਬਿਲੀਅਨ ਤੱਕ ਪਹੁੰਚ ਸਕੇ। ਨਵੇਂ ਪ੍ਰਵਾਸੀਆਂ ਦੀ ਆਮਦ ਤੇ ਮੌਜੂਦਾ ਮੰਗ ਮੁਤਾਬਕ ਕੈਨੇਡਾ ਵਿੱਚ 2 ਕਰੋੜ 20 ਲੱਖ ਘਰਾਂ ਦੀ ਲੋੜ ਹੈ ਪਰੰਤੂ ਵਧੀਆਂ ਵਿਆਜ਼ ਦਰਾਂ ਅਤੇ ਰੀਅਲ ਅਸਟੇਟ ਦੇ ਫਰਜ਼ੀ ਗੁਬਾਰੇ ਕਾਰਨ ਕੈਨੇਡਾ ਵਿੱਚ ਘਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਅਮਨ-ਚੈਨ ਨਾਲ ਰਹਿਣ ਲਈ ਮਨੁੱਖ ਘਰ ਬਣਉਂਦਾ ਹੈ ਪਰ ਕੈਨੇਡਾ ਵਿੱਚ ਆਮ ਬੰਦੇ ਲਈ ਘਰ ਖਰੀਦਣਾ ਜਿੰਦਗੀ ਭਰ ਦੀ ਸਿਰਦਰਦੀ ਬਣ ਰਿਹਾ ਹੈ।

ਉਧਰ ਕੈਨੇਡਾ ਦੇ ਕਾਲਜ-ਯੂਨੀਵਰਸਿਟੀਆਂ ਨੇ ਮਹਿੰਗੀਆਂ ਟਿਊਸ਼ਨ ਫੀਸ਼ਾਂ ਦੇ ਨਾਲ-ਨਾਲ ਰਿਹਾਇਸ਼ੀ ਇਮਾਰਤਾਂ ਉਸਾਰ ਕੇ ਮੋਟੇ ਮੁਨਾਫੇ ਬਟੋਰਨ ਦਾ ਧੰਦਾ ਸ਼ੁਰੂ ਕਰ ਦਿੱਤਾ ਹੈ। ਇੱਥੇ ਕੈਨੇਡਾ ਦੇ ਸੂਬੇ ਓਨਟਾਰੀਓ ਦੇ ਇੱਕ ਕਾਲਜ ਦੀ ਉਦਾਹਰਨ ਨਾਲ ਰੌਂਗਟੇ ਖੜੇ ਕਰਨ ਵਾਲੇ ਤੱਥਾਂ ਨਾਲ ਬਾਕੀ ਕਾਲਜਾਂ-ਯੂਨੀਵਰਸਿਟੀਆਂ ਦੀ ਹਾਲਤ ਨੂੰ ਸੌਖਿਆਂ ਸਮਝਿਆ ਜਾ ਸਕਦਾ ਹੈ। ਕੈਨਾਡੋਰ ਕਾਲਜ ਤੇ ਨਿਪਸਿੰਗ ਯੂਨੀਵਰਸਿਟੀ ਨੇ 'ਰੈਣ ਬਸੇਰਾ' ਨਾਮ ਹੇਠ ਵੱਡੀਆਂ ਇਮਾਰਤਾਂ ਉਸਾਰੀਆਂ ਹੋਈਆਂ ਹਨ ਤੇ ਉਹਨਾਂ ਵਿੱਚ ਪ੍ਰਤੀ ਵਿਦਿਆਰਥੀ ਮਹੀਨਾਵਾਰ $650-$1000 ਡਾਲਰ ਰਿਹਾਇਸ਼ ਦੇ ਵਸੂਲੇ ਜਾਂਦੇ ਹਨ, ਜਿੱਥੇ ਖਾਣੇ ਦਾ ਕੋਈ ਪ੍ਰਬੰਧ ਨਹੀਂ। ਜਦਕਿ ਵਿਦਿਆਰਥੀਆਂ ਦੀ ਮਹੀਨਾਵਾਰ ਜੀਆਈਸੀ (ਗਰੰਟਿਡ ਇਨਵੈਸਟਮੈਂਟ ਸਰਟੀਫਿਕੇਟ) $670 ਡਾਲਰ ਬਣਦੀ ਹੈ। ਸਾਲ 2020-21 ਦੇ ਇੱਕ ਅੰਕੜੇ ਮੁਤਾਬਕ ਜਿੱਥੇ ਸਥਾਨਕ ਵਿਦਿਆਰਥੀ ਦੀ ਫੀਸ $2963 ਹੈ ਉੱਥੇ ਅੰਤਰਰਾਸ਼ਟਰੀ ਵਿਦਿਆਰਥੀ 12,874 ਡਾਲਰ ਅਦਾ ਕਰਦੇ ਹਨ। ਕੈਨਾਡੋਰ ਕਾਲਜ ਦੀ ਕੁੱਲ ਆਮਦਨ ਦਾ 91.2% ਸਿਰਫ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਟਿਊਸ਼ਨ ਫੀਸਾਂ ਤੋਂ ਆਉਂਦਾ ਹੈ। ਪਿਛਲੇ ਦੋ-ਤਿੰਨ ਸਾਲਾਂ ਵਿੱਚ ਕੈਨਾਡੋਰ ਪਬਲਿਕ ਕਾਲਜ ਵਿੱਚ 'ਪਬਲਿਕ ਪ੍ਰਾਈਵੇਟ ਪਾਟਨਰਸ਼ਿਪ' 0.82% ਤੋਂ ਵੱਧਕੇ 16.63% ਹੋ ਗਈ ਹੈ ਜਿਸ ਕਰਕੇ ਕਾਲਜ ਦੀ ਸਲਾਨਾਂ ਬੱਚਤ 0.63% ਤੋਂ ਵੱਧਕੇ 7.97 ਮਿਲੀਅਨ ਡਾਲਰ ਤੱਕ ਪਹੁੰਚ ਗਈ ਹੈ। 2020-21 ਦੇ ਅੰਕੜੇ ਮੁਤਾਬਕ ਵਿਦਿਆਰਥੀਆਂ ਦਾ ਕੈਨਾਡੋਰ ਕਾਲਜ ਵਿੱਚ ਦਾਖਲਾ ਕਰਵਾਉਣ ਵਾਲੀਆਂ ਏਜੰਸੀਆਂ/ਏਜੰਟਾਂ ਨੂੰ 3390 ਡਾਲਰ ਅਦਾ ਕੀਤੇ ਜਾਂਦੇ ਹਨ। ਕਾਲਜ ਦੇ ਮੁੱਖੀ ਦੀ ਸਲਾਨਾ ਤਨਖਾਹ 2,46,529 ਡਾਲਰ ਹੈ। ਇੱਕ ਪਾਸੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਬਟੋਰੀਆਂ ਮਹਿੰਗੀਆਂ ਫੀਸਾਂ ਨਾਲ ਕਾਲਜ ਪ੍ਰਬੰਧਕਾਂ ਦੀਆਂ ਤਨਖਾਹਾਂ ਵਿੱਚ ਹਰ ਸਾਲ ਵਾਧਾ ਕੀਤਾ ਜਾਂਦਾ ਹੈ ਤੇ ਏਜੰਟਾਂ ਨੂੰ ਮੋਟੇ ਕਮਿਸ਼ਨ ਦਿੱਤੇ ਜਾਂਦੇ ਹਨ ਦੂਜੇ ਪਾਸੇ ਵਿਦਿਆਰਥੀਆਂ ਨੂੰ ਟਿਊਸ਼ਨ ਫੀਸਾਂ ਤੇ ਰਿਹਾਇਸ਼ ਵਿੱਚ ਰਿਆਇਤ ਤਾਂ ਦੂਰ ਦੀ ਗੱਲ ਉਹਨਾਂ ਨੂੰ ਸੜਕਾਂ ਤੇ ਰੁਲਣ ਲਈ ਛੱਡਿਆ ਜਾ ਰਿਹਾ ਹੈ।

ਅਜਿਹੀ ਹਾਲਤ ਵਿੱਚ ਵਿਦਿਆਰਥੀਆਂ ਨੂੰ ਸਸਤੀ ਰਿਹਾਇਸ਼, ਟਿਊਸ਼ਨ ਫੀਸਾਂ ਘਟਾਉਣ, ਹਫਤੇ ਵਿੱਚ 20 ਘੰਟੇ ਤੋਂ ਵੱਧ ਕੰਮ ਕਰਨ ਆਦਿ ਮੰਗਾਂ ਨੂੰ ਲੈ ਕੇ ਜੱਥੇਬੰਦ ਤੇ ਚੇਤੰਨ ਹੋਣ ਦੀ ਜਰੂਰਤ ਹੈ।








ਹਰੀਪਾਲ
403-714-4816

# ਕਿਰਤ ਦੀ ਲੁੱਟ, ਮਹਿੰਗਾਈ ਦੀ ਲੁੱਟ, ਕਿਥੇ ਜਾਣ ਲੋਕ



ਕਾਮਿਆਂ ਦੀ ਸਭ ਤੋਂ ਵੱਧ ਲੁੱਟ ਇਸ ਸਮੇਂ ਕੈਨੇਡਾ ਵਿੱਚ ਹੋ ਰਹੀ ਹੈ। ਲੋਕਾਂ ਦਾ ਬੁਰਾ ਹਾਲ ਹੈ, ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਲੋਕ ਭੱਜੇ ਫਿਰਦੇ ਹਨ। ਲੋਕਾਂ ਦਾ ਕੋਹਲੂ ਦੇ ਬੈਲ ਵਾਲ਼ਾ ਚੱਕਰ ਐਨੀ ਤੇਜੀ ਨਾਲ਼ ਚੱਲ ਰਿਹਾ ਹੈ ਕਿ ਲੋਕਾਂ ਕੋਲ਼ ਇਹ ਸੋਚਣ ਦਾ ਟੈਮ ਹੀ ਨਹੀਂ ਕਿ ਕੋਹਲੂ ਦੇ ਬੈਲ ਨੂੰ ਐਨਾ ਭਜਾ ਕੌਣ ਰਿਹਾ ਹੈ। ਸਵੇਰ ਦੇ ਸਮੇ ਕਾਰਾਂ ਦੀ ਕੰਮਾਂ ਵੱਲ ਦੌੜ, ਫਿਰ ਕੰਮ ਵਾਪਸੀ ਦੀ ਦੌੜ, ਗਰੋਸਰੀ ਸਟੋਰਾਂ ਵੱਲ ਦੌੜ, ਬੱਸ ਦੌੜ ਹੀ ਦੀੜ। ਨਾ ਕੋਈ ਸਮਾਂ ਪਰਵਾਰਾਂ ਲਈ ਹੈ, ਨਾ ਹੀ ਸੋਸ਼ਲ ਕੰਮਾਂ ਲਈ ਹੈ। ਜੇਕਰ ਵਰਕਰਾਂ ਕੋਲ਼ ਸਮਾਂ ਹੋਵੇਗਾ ਫਿਰ ਹੀ ਉਹ ਸਿਰ ਜੋੜ ਕੇ ਬੈਠ ਸਕਦੇ ਹਨ, ਇੱਕ ਦੂਜੇ ਨਾਲ਼ ਸੰਵਾਦ ਰਚਾ ਸਕਦੇ ਹਨ, ਇੱਕ ਦੂਜੇ ਦੇ ਦੁੱਖਾਂ ਵਿੱਚ ਭਾਈ ਵਾਲ਼ ਹੋ ਸਕਦੇ ਹਨ। ਫਿਰ ਹੀ ਲੋਕ ਸਾਂਝੀਆਂ ਮੰਗਾਂ ਲਈ ਸੰਘਰਸ਼ ਕਰਨ ਦਾ ਕੋਈ ਪ੍ਰੋਗਰਾਮ ਉਲ਼ੀਕ ਸਕਦੇ ਹਨ। ਪਰ ਹਾਲ ਦੀ ਘੜੀ ਤਾਂ ਇਹ ਹਾਲ ਹੈ ਕਿ ਜਦ ਵੀ ਕੋਈ ਮੁਜਾਹਰਾ ਹੁੰਦਾ ਹੈ ਤਾਂ ਲੋਕਾਂ ਦੀ ਹਾਜ਼ਰੀ ਬਹੁਤ ਘੱਟ ਹੁੰਦੀ ਹੈ ਕਿਉਂਕਿ ਕੋਈ ਵੀ ਆਪਦਾ ਟੈਮ ਭੰਨਣਾ ਨਹੀਂ ਚਾਹੁੰਦਾ ਖਾਸ ਕਰਕੇ ਇੰਮੀਗਰੈਂਟ ਕਮਿਊਨਿਟੀ ।

ਜਦੋਂ ਤੱਕ ਲੋਕਾਂ ਦਾ ਹਜੂਮ ਆਪਦੀਆਂ ਮੰਗਾ ਲਈ ਕੋਈ ਸੁਨਾਮੀ ਨਹੀਂ ਖੜੀ ਕਰਦਾ, ਲੀਡਰਾਂ ਤੋਂ ਕਿਸੇ ਰਾਹਤ ਦੀ ਆਸ ਰੱਖਣੀ ਫ਼ਜ਼ੂਲ ਹੈ। ਆਓ ਥੋੜਾ ਸਮਾਂ ਕੱਢ ਕਿ ਕੈਨੇਡਾ ਵਿੱਚ ਵਰਕਰਾਂ ਦੀ ਲੁੱਟ ਤੇ ਨਿਗਾਹ ਮਾਰੀਏ। ਸਭ ਤੋਂ ਪਹਿਲਾਂ ਤਾਂ ਕਨੇਡਾ ਵਿੱਚ ਕੰਮ ਕਰਨ ਵਾਲ਼ੇ ਆਰਜੀ ਕਾਮਿਆਂ ਦੀ ਗੱਲ ਕਰੀਏ। ਕਨੇਡਾ ਦਾ ਆਰਜੀ ਕਾਮੇ ਮੰਗਵਾਉਣ ਵਾਲ਼ਾ ਪ੍ਰੋਗਰਾਮ ਇੱਕ ਕਿਸਮ ਦੀ ਮੌਡਰਨ ਸਲੇਵਰੀ ਹੈ। ਓਨਟਾਰੀਓ ਦੇ ਦੋ ਫਾਰਮਾਂ ਵਿੱਚ ਜਿਹੜਾ ਕੁੱਝ ਮਕਸੀਕਨ ਕਾਮਿਆਂ ਨਾਲ਼ ਹੋਇਆ ਹੈ, ਉਸ ਨੇ ਆਮ ਲੋਕ ਤਾਂ ਕੀ ਵੱਡੇ ਵੱਡੇ ਚਿੰਤਕਾਂ ਦੀਆਂ ਵੀ ਅੱਖਾਂ ਖੋਲ ਦਿੱਤੀਆਂ ਹਨ ਕਿ ਅੱਜ ਦੇ ਯੁੱਗ ਵਿੱਚ ਕੀ ਅਜਿਹਾ ਸੰਭਵ ਹੈ। ਇਹਨਾਂ ਕਾਮਿਆਂ ਦੇ ਪਾਸਪੋਰਟ ਮਾਲਕ ਆਪ ਦੇ ਕੋਲ਼ ਰੱਖ ਲੈਂਦੇ ਹਨ। ਛੋਟੀਆਂ ਛੋਟੀਆਂ ਕੈਬਿਨਾਂ ਜਾਂ ਪੁਰਾਣੇ ਕੋਠਿਆਂ ਵਿੱਚ ਕਾਮਿਆਂ ਨੂੰ ਤੂੜੀ ਵਾਂਗ ਕੱਠੇ ਕੀਤਾ ਜਾਂਦਾ ਹੈ, ਅਜਿਹੀ ਜਗਾਹ ਨਾਂ ਕੋਈ ਰਹਿਣ ਦੀ ਸਹੂਲਤ ਹੈ, ਨਾ ਖਾਣਾ ਪਕਾਉਣ ਦੀ ਅਤੇ ਨਾਂ ਹੀ ਕੋਈ ਚੱਜ ਦਾ ਵਾਸ਼ਰੂਮ ਹੁੰਦਾ ਹੈ। ਦਸ ਬਾਰਾਂ ਕਾਮਿਆਂ ਲਈ ਸਿਰਫ ਇੱਕ ਵਾਸ਼ਰੂਮ ਹੁੰਦਾ ਹੈ। ਜਦ ਇਹ ਕਾਮੇ ਆਪਦੇ ਨਾਲ਼ ਚੰਗੇ ਵਿਹਾਰ ਦੀ ਮੰਗ ਕਰਦੇ ਹਨ ਤਾਂ ਮਾਲਕ ਬਹੁਤ ਵਾਰੀ ਆਂ ਕੇ ਇਹਨਾਂ ਦੇ ਸਮਾਨ ਦੀ ਭੰਨ ਤੋੜ ਕਰਦੇ ਹਨ, ਇਹਨਾਂ ਨੂੰ ਗਾਲ੍ਹਾਂ ਵਗੈਰਾ ਕੱਢਦੇ ਹਨ ਅਤੇ ਇਹਨਾਂ ਨੂੰ ਡਿਪੋਰਟ ਕਰਨ ਦਾ ਡਰਾਵਾ ਦਿੰਦੇ ਹਨ। ਇਹ ਗਰੀਬ ਮੁਲਕਾਂ ਦੇ ਵਿੱਚੋਂ ਆਏ ਹੋਏ ਲੋਕ 'ਡਿਪੋਰਟ ਹੋਣ ਦੇ ਡਰੋਂ, ਕੁੱਝ ਨਹੀਂ ਬੋਲਦੇ' ਇਸ ਨਾਲ਼ ਮਾਲਕਾਂ ਦੇ ਹੌਸਲੇ ਹੋਰ ਵਧ ਜਾਂਦੇ ਹਨ। ਬਹੁਤ ਵਾਰ ਜਨਾਨਾਂ ਵਰਕਰਾਂ ਨਾਲ ਵੀ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਹੈ। ਇਹ ਸਾਰਾ ਕੁੱਝ ਸਰਕਾਰ ਦੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ ਲੱਗਦਾ ਹੈ ਕਿ ਸਰਕਾਰ ਨੇ ਜਾਣ ਬੁੱਝ ਕੇ ਇਹਨਾਂ ਫਾਰਮ ਮਾਲਕਾਂ ਜਾਂ ਫੈਕਟਰੀ ਮਾਲਕਾਂ ਨੂੰ ਇਹ ਖੁੱਲ ਦਿੱਤੀ ਹੋਈ ਹੈ। ਇਹ ਜਿਹੜੀ ਲੁੱਟ ਹੋ ਰਹੀ ਹੈ ਇਸਦਾ ਖੁਲਾਸਾ ਯੂ.ਐਨ ਦੇ ਇੱਕ ਰਿਪੋਰਟਰ 'ਉਬੋਕਾਤਾ' ਨੇ ਮੈਕਸੀਕਨ ਵਰਕਰਾਂ ਦੀ ਲੁੱਟ ਦੀ ਤਹਿਕੀਕਾਤ ਕਰਕੇ ਕੀਤਾ ਹੈ। ਯੂ.ਐਨ ਦੇ ਵਰਕਰ ਦਾ ਕਹਿਣਾ ਹੈ ਕਿ ਪਰਵਾਸੀ ਕਾਮਿਆਂ ਦੀ ਇਹ ਦਾਸਤਾਨ ਸੁਣ ਕੇ ਉਸ ਨੂੰ ਬਹੁਤ ਹੈਰਾਨੀ ਵੀ ਹੋਈ ਅਤੇ ਬੇਚੈਨੀ ਵੀ ਹੋਈ ਕਿ ਮਨੁੱਖਾਂ ਨਾਲ਼ ਇਸ ਕਿਸਮ ਦਾ ਸਲੂਕ ਵੀ ਕੀਤਾ ਜਾਂਦਾ ਹੈ। 'ਉਬੋਕਾਤਾ ਦਾ ਕਹਿਣਾ ਹੈ ਕਿ ਸਾਰਾ ਕੁੱਝ ਡਿਪੋਰਟ ਹੋਣ ਦੇ ਡਰੋਂ ਹੋ ਰਿਹਾ ਹੈ, ਉਸ ਨੇ ਕਨੇਡਾ ਸਰਕਾਰ ਨੂੰ ਇਹ ਸਿਫਾਰਸ਼ ਵੀ ਕੀਤੀ ਹੈ ਕਿ ਇਸ ਲੁੱਟ ਨੂੰ ਰੋਕਣ ਲਈ ਪਰਵਾਸੀ ਕਾਮਿਆਂ ਫੌਰੀ ਤੌਰ ਤੇ ਪੱਕਾ ਕੀਤਾ ਜਾਵੇ। ਕੀ ਕਨੇਡਾ ਸਰਕਾਰ ਯੂ.ਐਨ. ਦੇ ਵਰਕਰ 'ਉਬੋਕਾਤਾ' ਦੀ ਇਸ ਰਿਪੋਰਟ ਤੇ ਅਮਲ ਕਰੇਗੀ। ਸਰਕਾਰਾਂ ਇਹੋ ਜਿਹੀਆਂ ਰਿਪੋਰਟਾਂ ਦੀ ਬਿੱਲਕੁਲ ਪਰਵਾਹ ਨਹੀਂ ਕਰਦੀਆਂ। ਆਓ ਦੇਖੀਏ ਕਿ ਕਨੇਡਾ ਵਿੱਚ ਵਰਕਰਾਂ ਦੀ ਕਿਸ ਤਰ੍ਹਾਂ ਲੁੱਟ ਹੋ ਰਹੀ ਹੈ।

ਦੂਜੇ ਨੰਬਰ 'ਤੇ ਇੰਟਰਨੈਸ਼ਨਲ ਸਟੂਡੈਂਟਸ ਦੀ ਗੱਲ ਆਉਂਦੀ ਹੈ। ਇਹਨਾਂ ਸਟੂਡੈਂਟਸ ਸਭ ਤੋਂ ਪਹਿਲਾਂ ਲੁੱਟ ਟਰੈਵਲ ਏਜੰਟ ਕਰਦੇ ਹਨ। ਬਾਹਰਲੇ ਮੁਲਕ ਦੀ ਯੂਨੀਵਰਸਿਟੀ ਜਾਂ ਕਾਲਜ ਦਾ ਵੀਜਾ ਦਿਵਾਉਣ ਲਈ ਸਟੂਡੈਂਟਸ ਤੋਂ ਮੋਟੀ ਰਕਮ ਲਈ ਜਾਂਦੀ ਹੈ। ਬਹਤ ਵਾਰ ਇਹਨਾਂ ਸਟੂਡੈਂਟਸ ਦੀ ਮੰਗ ਪੂਰੀ ਕਰਨ ਲਈ ਮਾਪੇ ਆਪਦੀ ਜ਼ਮੀਨ ਵਗੈਰਾ ਵੀ ਵੇਚ ਦਿੰਦੇ ਹਨ। ਬਹੁਤ ਵਾਰ ਇਹ ਵੀ ਹੋਇਆ ਹੈ ਕਿ ਬਾਹਰ ਦੇ ਚੱਕਰ ਵਿੱਚ ਲੋਕ ਆਪਦਾ ਸਭ ਕੁੱਝ ਗਵਾ ਲੈਂਦੇ ਹਨ। ਕਈ ਵਾਰ ਇਹ ਵੀਜੇ ਨਕਲੀ ਨਿੱਕਲ਼ ਜਾਂਦੇ ਹਨ, ਇਸ ਤਰ੍ਹਾਂ ਸੈਂਕੜੇ ਹੀ ਸਟੂਡੈਂਟਸ ਫਸੇ ਹੋਏ ਹਨ। ਹੁਣ ਪਤਾ ਲੱਗਿਆ ਹੈ ਕਿ ਓਨਟਾਰੀਓ ਅਤੇ ਕਿਊਬੈਕ ਦੇ ਤਕਰੀਬਨ ਸੱਤ ਸੌ ਸਟੂਡੈਂਟਸ ਤੇ ਡਿਪੋਰਟ ਹੋਣ ਦੀ ਤਲਵਾਰ ਲਟਕ ਰਹੀ ਹੈ। ਇਨ੍ਹਾਂ ਸਟੂਡੈਂਟਸ ਤੋਂ ਦੁਗਣੀਆਂ ਤਿੱਗਣੀਆਂ ਫੀਸਾਂ ਲਈਆਂ ਜਾਂਦੀਆਂ ਹਨ। ਕਈ ਵਾਰ ਕਾਲਜ ਵਾਲ਼ੇ ਫੀਸਾਂ ਲੈ ਕੇ ਬੈਂਕਰੱਪਸੀ ਕਰ ਦਿੰਦੇ ਹਨ, ਅਜਿਹਾ ਕੁੱਝ ਮੌਂਟਰੀਅਲ ਦੇ ਇੱਕ ਕਾਲਜ ਨੇ ਕੀਤਾ ਹੈ। ਕਈ ਘਰਾਂ ਦੇ ਮਾਲਕ ਵੀ ਇਹਨਾਂ ਸਟੂਡੈਂਟਸ ਨੂੰ ਆਪਦੀਆਂ ਬੇਸਮੈਂਟਾਂ ਦੁਗਣੇ ਤਿੱਗਣੇ ਰੈਂਟ ਤੇ ਦਿੰਦੇ ਹਨ। ਕਈ ਲੋਕਾਂ ਨੇ ਆਪਦੇ ਘਰਾਂ ਦੇ ਕਮਰੇ ਸੱਤ ਅੱਠ ਸੌ ਡਾਲਰ/ ਮਹੀਨਾ ਤੇ ਦਿੱਤੇ ਹਨ। ਜਦ ਇਹ ਸਟੂਡੈਂਟਸ ਕਿਤੇ ਕੈਸ਼ ਕੰਮ ਕਰਦੇ ਹਨ ਤਾਂ ਇਹਨਾਂ ਦੇ ਪੈਸੇ ਵੀ ਮਾਰ ਲਏ ਜਾਂਦੇ ਹਨ। ਕਈ ਕੰਪਨੀਆਂ ਸਟੂਡੈਂਟਸ ਤੋਂ ਮਹੀਨਾ ਦੋ ਮਹੀਨੇ ਫਰੀ ਕੰਮ ਵੀ ਕਰਾਂਉਂਦੀਆਂ ਹਨ। ਜਦ ਇਹਨਾਂ ਸਟੂਡੈਂਟਸ ਨੇ ਪੀ.ਆਰ. ਵਗੈਰਾ ਲੈਣੀ ਹੁੰਦੀ ਹੈ ਫਿਰ ਇਹਨਾਂ ਦੀ ਲੁੱਟ ਹੁੰਦੀ ਹੈ। ਚਾਲ਼ੀ ਚਾਲ਼ੀ ਹਜ਼ਾਰ ਇਹਨਾਂ ਤੋਂ ਐਲ.ਐਮ. ਆਈ. ਓ ਦਾ ਲਿਆ ਜਾਂਦਾ ਹੈ। ਮਾਲਕ ਬੜਾ ਚਲਾਕ ਹੁੰਦਾ ਹੈ ਉਹ ਇਹਨਾਂ ਦੇ ਕੰਮ ਦੇ ਘੰਟੇ ਕੱਟ ਕੱਟ ਕੇ ਆਪਦੇ ਪੈਸੇ ਪੂਰੇ ਕਰ ਲੈਂਦਾ ਹੈ ਤਾਂ ਕਿ ਫੜਿਆ ਵੀ ਨਾਂ ਜਾਵੇ। ਇਸੇ ਕਰਕੇ ਐਲ.ਐਮ. ਆਈ. ਓ. ਵੇਚਣ ਵਾਲ਼ੇ ਦਿਨਾਂ ਵਿੱਚ ਹੀ ਅਮੀਰ ਹੋ ਗਏ ਹਨ। ਅੱਜ ਕੱਲ ਸਟੂਡੈਟਸ ਦੀ ਐਨੀ ਮਾੜੀ ਹਾਲਤ ਹੈ ਕਿ ਉਹ ਤੰਬੂਆਂ ਵਿੱਚ ਰਾਤਾਂ ਗੁਜ਼ਾਰ ਰਹੇ ਹਨ, ਨਸ਼ਿਆਂ ਦਾ ਸਹਾਰਾ ਲੈ ਰਹੇ ਹਨ ਅਤੇ ਆਪਦੀਆਂ ਜਾਨਾਂ ਗੰਵਾ ਰਹੇ ਹਨ, ਕਨੇਡਾ ਪਿਛਲੇ ਕੁੱਝ ਸਾਲਾਂ ਵਿੱਚ ਹੀ ਤਿੰਨ ਸੌ ਦੇ ਕਰੀਬ ਇੰਟਰਨੈਸ਼ਨਲ ਸਟੂਡੈਂਟਸ ਇਹਨਾਂ ਨਸ਼ਿਆਂ ਦੀ ਭੇਟਾ ਚੜ੍ਹ ਚੁੱਕਿਆ ਹੈ। ਸਾਰੀਆਂ ਹੀ ਸਰਮਾਏਦਾਰ ਮੁਲਕਾਂ ਦੀਆਂ ਸਰਕਾਰਾਂ ਵਿਚਲੇ ਬਿਜਨਿਸਮੈਨ ਇਹਨਾਂ ਮੁਲਕਾਂ ਤੋਂ ਆ ਰਹੇ ਸਟੂਡੈਂਟਸ ਦੇ ਪੈਸੇ ਨਾਲ਼ ਮਾਲਾਮਾਲ ਹੋ ਰਹੇ ਹਨ। ਬਹੁਤ ਸਾਰੇ ਉਦਯੋਗਿਕ ਮੁਲਕਾਂ ਦੀ ਆਪਦੀ ਪਾਪੂਲੇਸ਼ਨ ਤਾਂ ਘਟ ਰਹੀ ਹੈ ਕਿਉਂਕਿ ਇਹਨਾਂ ਮੁਲਕਾਂ ਦੇ ਲੋਕ ਬਹੁਤ ਘੱਟ ਬੱਚੇ ਪੈਦਾ ਕਰ ਰਹੇ ਹਨ ਜਾਂ ਕਰਦੇ ਹੀ ਨਹੀਂ। ਇਸ ਕਰਕੇ ਉਦਯੋਗਿਕ ਮੁਲਕਾਂ ਨੂੰ ਇੱਕ ਤਾਂ ਪਲ਼ੇ ਪਲ਼ਾਏ ਕਾਮੇ ਮਿਲ਼ ਰਹੇ ਹਨ ਅਤੇ ਨਾਲ਼ ਦੀ ਨਾਲ਼ ਬਾਹਰੋਂ ਪੈਸਾ ਵੀ ਆ ਰਿਹਾ ਹੈ। ਇਸ ਕਰਕੇ ਆਰਜੀ ਕਾਮਿਆਂ ਅਤੇ ਸਟੂਡੈਂਟਸ ਵਾਲ਼ੇ ਦਰਵਾਜੇ ਕਦੇ ਵੀ ਬੰਦ ਨਹੀਂ ਹੋਣੇ। ਜੇਕਰ ਸਰਕਾਰਾਂ ਨੂੰ ਪਰਵਾਸੀਆਂ ਦੀ ਲੋੜ ਹੈ ਤਾਂ ਕਿਉਂ ਨਹੀਂ, ਇੰਮੀਗਰੇਸ਼ਨ ਦਾ ਕੋਟਾ ਵਧਾ ਕੇ ਇਹ ਵਰਕਰਾਂ ਦਾ ਘਾਟਾ ਪੂਰਾ ਕੀਤਾ ਜਾਵੇ। ਇਸ ਤੋਂ ਬਾਅਦ ਆਉਂਦੀ ਹੈ ਮਹਿੰਗਾਈ ਦੀ ਗੱਲ, ਕਨੇਡਾ ਵਿੱਚ ਮਹਿੰਗਾਈ ਇਸ ਕਦਰ ਵਧ ਰਹੀ ਕਿ ਆਮ ਵਰਕਰਾਂ ਦਾ ਮਹਿੰਗਾਈ ਨੇ ਲੱਕ ਤੋੜ ਦਿੱਤਾ ਹੈ। ਇਸ ਸਾਲ ਗਰੋਸਰੀ ਦੀਆਂ ਕੀਮਤਾਂ ਪਿਛਲੇ ਸਾਲ ਨਾਲ਼ੋਂ 102% ਵਧ ਗਈਆਂ ਹਨ। ਸਰਕਾਰ ਵੀ ਬਹਤ ਵਾਰ ਹਾਸੋਹੀਣੀਆਂ ਗੱਲਾਂ ਕਰਦੀ ਹੈ ਕਿ ਮਹਿੰਗਾਈ ਘੱਟ ਕਰਨ ਲਈ ਉਹ ਗਰੋਸਰਾਂ ਵੱਡੇ ਵੱਡੇ ਸਟੋਰਾਂ ਦੇ ਮਾਲਕ ਨਾਲ਼ ਗੱਲ ਕਰੇਗੀ। ਸਰਕਾਰ ਦਾ ਮਤਲਬ ਹੈ ਕਿ ਉਹ ਸ਼ੇਰਾਂ ਨੂੰ ਕਹੇਗੀ ਕਿ ਮੀਟ ਖਾਣਾ ਛੱਡ ਦਿਓ। ਜਿਹਨਾਂ ਦੇ ਲਬਾਂ ਨੂੰ ਖ਼ੂਨ ਲੱਗ ਚੁੱਕਿਆ ਹੈ ਉਹ ਕਦੋ ਮੰਨਣਗੇ, ਕਦੇ ਵੀ ਨਹੀਂ, ਹਾਂ ਇਸ ਨਾਲ਼ ਸਰਕਾਰ ਨੂੰ ਹੋਰ ਵਕਤ ਮਿਲ਼ ਜਾਵੇਗਾ ਅਤੇ ਆਮ ਲੋਕ ਇੱਕ ਹੋਰ ਭੁਲੇਖੇ ਦਾ ਸ਼ਿਕਾਰ ਹੋ ਜਾਣਗੇ। ਆਖਰਕਾਰ ਲਾਰਿਆਂ ਦਾ ਨਾਮ ਹੀ ਤਾਂ ਸਿਆਸਤ ਹੈ। ਰਾਜਨੀਤਿਕ ਲੋਕਾਂ ਦੀ ਨਿਗਾਹ ਅਗਲੀਆਂ ਚੋਣਾਂ ਤੇ ਹੁੰਦੀ ਹੈ ਕਿ ਕਿਹੜਾ ਤਰੀਕਾ ਵਰਤ ਕੇ ਵੋਟਾਂ ਲਈਆਂ ਜਾਣ।

ਸਰਕਾਰ ਕਹਿੰਦੀ ਹੈ ਕਿ ਜੇਕਰ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਨਾਂ ਘਟਾਈਆਂ ਗਈਆਂ ਤਾਂ ਸਰਕਾਰ ਇਹਨਾਂ ਗਰੋਸਰਾਂ ਤੇ ਟੈਕਸ ਲਾਵੇਗੀ ਪਰ ਇਹ ਤਾਂ ਹਰ ਇੱਕ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਗਰੋਸਰੀ ਤੇ ਲੱਗਣ ਵਾਲ਼ਾ ਟੈਕਸ ਫਿਰ ਗਾਹਕਾਂ ਤੇ ਹੀ ਟਰਾਂਸਫਰ ਹੁੰਦਾ ਹੈ। ਇਸੇ ਤਰ੍ਹਾਂ ਹੀ ਸਰਕਾਰ ਕਹਿੰਦੀ ਹੈ ਕਿ ਘਰਾਂ ਦੀਆਂ ਕੀਮਤਾਂ ਘਟਾਉਣ ਲਈ ਬਿਲਡਰਾਂ ਤੋਂ ਜੀ.ਐਸ.ਟੀ ਨਹੀਂ ਲਵੇਗੀ ਪਰ ਇਹ ਵੀ ਘਰਾਂ ਦੀਆਂ ਕੀਮਤਾਂ ਘਟਾਉਣ ਲਈ ਕੋਈ ਸਾਰਥਿਕ ਕਦਮ ਨਹੀਂ ਹੈ। ਸਾਰੀਆਂ ਵਪਾਰਕ ਸੰਸਥਾਵਾਂ ਸਿਰਫ ਨਫ਼ੇ ਲਈ ਹੀ ਕੰਮ ਕਰਦੀਆਂ ਹਨ। ਇਹ ਬਿਲਕੁੱਲ ਹੀ ਅਸੰਭਵ ਹੈ ਕਿ ਕੋਈ ਵਪਾਰਕ ਸੰਸਥਾ ਨੇ ਜੋ ਘਾਟੇ ਲਈ ਕੰਮ ਕਰੇਗੀ। ਲੋਕ ਤਾਂ ਘਾਹ ਹਨ ਜੋ ਮਿੱਧਿਆ ਵੀ ਜਾਂਦਾ ਹੈ ਅਤੇ ਖਾਧਾ ਵੀ ਜਾਂਦਾ ਹੈ। ਹਾਂ ਜੇਕਰ ਸਰਕਾਰ ਸੱਚੀਂ ਹੀ ਕੁੱਝ ਕਰਨਾ ਚਾਹੁੰਦੀ ਹੈ ਤਾਂ ਅਮੀਰਾਂ ਤੇ ਵੈਲਥ ਟੈਕਸ ਲਾਵੇ ਅਤੇ ਆਮ ਲੋਕਾਂ ਨੂੰ ਟੈਕਸਾਂ ਤੋਂ ਰਾਹਤ ਦੇਵੇ ਪਰ ਸਰਮਾਏਦਾਰੀ ਸਿਸਟਮ ਵਿੱਚ ਅਜਿਹਾ ਕੁੱਝ ਅਸੰਭਵ ਲਗਦਾ ਹੈ ਕਿਉਂਕਿ ਇਹ ਬਿਜਨਿਸਮੈਨ ਹੀ ਹਨ ਜੋ ਇਹਨਾਂ ਰਾਜਨੀਤਿਕ ਪਾਰਟੀਆਂ ਦੇ ਅੰਨਦਾਤਾ ਹਨ, ਜੋ ਇਹਨਾਂ ਨੂੰ ਚੋਣਾਂ ਲੜਨ ਲਈ ਫੰਡ ਦਿੰਦੇ ਹਨ। ਹੁਣ ਇਕ ਹੋਰ ਰਿਪੋਰਟ ਸਾਹਮਣੇ ਆਈ ਹੈ ਕਿ ਸਿਧੇ ਜਾਂ ਅਸਿੱਧੇ ਢੰਗ ਨਾਲ਼ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਲੀਡਰ ਰੀਅਲ-ਇਸਟੇਟ ਬਿਜਨਿਸ ਨਾਲ਼ ਸੰਬੰਧਤ ਹਨ ਫਿਰ ਤਾਂ ਘਰਾਂ ਦੀਆਂ ਕੀਮਤਾਂ ਦੇ ਘਟਣ ਦੀ ਆਸ ਕਰਨਾ ਵੀ ਫਜੂਲ ਹੈ। ਜਿਹੜੇ ਅੱਜ ਰੀਅਲ-ਇਸਟੇਟ ਦੇ ਮਾਲਕ ਹਨ ਉਹ ਕਦ ਆਪਦੇ ਪੈਰੀਂ ਆਪ ਕੁਹਾੜੀ ਮਾਰਨਗੇ। ਸਾਡੀਆਂ ਬੈਂਕਾਂ ਦਾ ਸਿਸਟਮ ਵੀ ਬੜਾ ਘਾਲ਼ੇ ਮਾਲ਼ੇ ਵਾਲ਼ਾ ਹੈ। ਬੈਂਕ ਆਫ ਕੈਨੇਡਾ ਜੇਕਰ ਦੂਜੀਆਂ ਬੈਂਕਾਂ ਨੂੰ 5% ਤੇ ਪੈਸੇ ਦਿੰਦੀ ਹੈ ਤਾਂ ਇਹ ਬੈਂਕਾਂ ਸੱਤ ਅੱਠ ਪਰਸੈਂਟ ਅਗਾਹਾਂ ਲੋਕਾਂ ਨੂੰ ਪੈਸੇ ਦਿੰਦੀਆਂ ਹਨ ਤੇ ਲੋਕਾਂ ਦੀ ਲੁੱਟ ਕਰਦੀਆਂ ਹਨ, ਬਹੁਤ ਲੋਕ ਹਨ ਜਿਹੜੇ ਘਰਾਂ ਦੀਆਂ ਕਿਸ਼ਤਾਂ ਨਹੀਂ ਦੇ ਸਕਦੇ ਅਤੇ ਬੈਂਕਰੱਪਸੀ ਦੇ ਬੂਹੇ ਤੇ ਖੜੇ ਹਨ। ਬੈਂਕਾਂ ਦੀ ਵਿਚੋਲਗਿਰੀ ਖਤਮ ਕਰਕੇ ਸਾਰੀਆਂ ਬੈਂਕਾ ਕੌਮੀ ਕਰ ਦੇਣੀਆਂ ਚਾਹੀਦੀਆਂ ਹਨ ਜਿਹੜੀਆਂ ਸਿੱਧੀਆਂ ਹੀ ਕੈਨੇਡੀਅਨ ਲੋਕਾਂ ਨਾਲ਼ ਡੀਲ ਕਰਨ। ਪਰ ਨਹੀਂ ਸਰਮਾਏਦਾਰੀ ਸਿਸਟਮ ਨਫ਼ੇ ਦੀ ਰਾਜਨੀਤੀ ਵਾਲ਼ਾ ਸਿਸਟਮ ਹੁੰਦਾ ਇਸ ਤੋਂ ਲੋਕ ਭਲਾਈ ਦੀ ਆਸ ਕਰਨਾ ਮੂਰਖਤਾ ਹੈ। ਸਰਕਾਰ ਤਾਂ ਦੇਸ ਦੀ ਆਟਾ ਦਾਲ਼ ਸਕੀਮ ਵਾਂਗ ਦੇ ਗਰੋਸਰੀ ਮਨੀ ਭੇਜਦੀ ਹੈ ਕਦੇ ਜੀ.ਐਸ. ਟੀ ਦੀ ਚੈਕ ਨਾਲ਼ ਰਾਹਤ ਮਨੀ ਭੇਜਦੀ ਹੈ। ਸਰਕਾਰ ਇਸ ਸਮੱਸਿਆ ਦਾ ਕੋਈ ਕੰਕਰੀਟ ਹੱਲ ਨਾਂ ਹੀ ਲੱਭਦੀ ਹੈ ਅਤੇ ਨਾ ਹੀ ਲੱਭਣਾ ਚਾਹੁੰਦੀ ਹੈ, ਬੱਸ ਟਾਈਮ ਪਾਸ ਕਰਦੀ ਹੈ। ਆਮ ਲੋਕਾਂ ਦਾ ਧਿਆਨ ਭਟਕਾਉਣ ਲਈ ਬੱਸ ਮੁੱਦੇ ਲੱਭਦੀ ਰਹਿੰਦੀ ਹੈ, ਹੁਣ ਸਰਕਾਰ ਨੂੰ ਨਿੱਝਰ ਵਾਲ਼ਾ ਮੁੱਦਾ ਮਿਲ਼ ਗਿਆ ਹੈ ਅਤੇ ਲੋਕਾਂ ਦਾ ਧਿਆਨ ਭਟਕਾਉਣ ਲਈ ਇਸ ਤੋਂ ਵਧੀਆ ਬਹਾਨਾ ਹੋਰ ਕੀ ਹੋ ਸਕਦਾ ਹੈ, ਹੁਣ ਨੈਸ਼ਨਲ ਟੀ.ਵੀ ਅਤੇ ਸੋਸ਼ਲ ਮੀਡੀਆਂ ਕਨੇਡਾ ਅਤੇ ਇੰਡੀਆ ਦੀ ਟੈਨਸ਼ਨ ਦੀਆਂ ਪੋਸਟਾਂ ਪਾ ਕੇ ਵੱਧ ਤੋਂ ਵੱਧ ਵਿਊ ਕੱਠੇ ਕਰ ਕਹੇ ਹਨ। ਹੁਣ ਵਧੀਆਂ ਹੋਈਆਂ ਗਰੋਸਰੀ ਕੀਮਤਾਂ, ਘਰਾਂ ਦੀ ਸ਼ੌਰਟੇਜ ਵਰਗੇ ਮੁੱਦੇ ਹਾਸ਼ੀਏ ਤੇ ਧੱਕਣ ਦੀ ਕੋਸ਼ਿਸ਼ ਹੋ ਰਹੀ ਹੈ। ਦੂਜੇ ਨੰਬਰ ਤੇ ਕਾਰਪੋਰੇਸ਼ਨਾਂ ਹੁਣ ਟਰੂਡੋ ਦਾ ਖਹਿੜਾ ਛੱਡ ਕੇ ਕੰਜ਼ਰਵੇਟਿਵ ਲੀਡਰ ਨੂੰ ਪਰਮੋਟ ਕਰਨਗੀਆਂ ਅਤੇ ਉਹਨਾਂ ਨੇ ਇਹ ਕੰਮ ਸ਼ੁਰੂ ਵੀ ਕਰ ਦਿੱਤਾ ਹੈ। ਜਿਸ ਤਰ੍ਹਾਂ ਜੈਕ ਲੇਅਟਨ ਦੀ ਐਨ.ਡੀ.ਪੀ ਤੋਂ ਡਰ ਕੇ ਰਾਤੋ ਰਾਤ ਜਸਟਿਨ ਟਰੂਡੋ ਨੂੰ ਨੈਸ਼ਨਲ ਮੀਡੀਏ ਵਿੱਚ ਹੀਰੋ ਬਣਾ ਦਿੱਤਾ ਗਿਆ ਸੀ ਅਤੇ ਲੋਕਾਂ ਨੂੰ ਇਹ ਜਚਾ ਦਿੱਤਾ ਗਿਆ ਸੀ ਕਿ ਤੁਹਾਡੀਆਂ ਮੁਸ਼ਕਲਾਂ ਦਾ ਹੱਲ ਸਿਰਫ ਟਰੂਡੋ ਕੋਲ਼ ਹੈ ਅਤੇ ਹੁਣ ਪੀਅਰ ਪੋਲੀਵਰ 'ਲੀਡਰ ਆਫ ਕੰਜ਼ਰਵੇਟਿਵ ਪਾਰਟੀ' ਦੀ ਵਾਰੀ ਹੈ ਅਤੇ ਇਹ ਸਾਈਕਲ ਚਲਦਾ ਰਹੂੰਗਾ ਜਦ ਤੱਕ ਲੋਕ ਆਪਦੀ ਸੰਗਠਿਤ ਤਾਕਤ ਦੇ ਭਰੋਸਾ ਬਹੀਂ ਕਰਦੇ।

# ਭਾਰਤੀ ਏਜੰਸੀਆਂ 'ਤੇ ਕੈਨੇਡੀਅਨ ਦੋਸ਼ : ਸੋਚਣ ਦਾ ਸਵਾਲ

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਵਿੱਚ ਭਾਰਤੀ ਸਫਾਰਤ ਖਾਨੇ ਤੇ ਖੁਫੀਆ ਏਜੰਸੀਆਂ ਤੇ ਪਾਰਲੀਮੈਂਟ ਵਿੱਚ ਚੁੱਕੀ ਗਈ ਸ਼ੱਕ ਤੇ ਦੋਸ਼ ਦੀ ਉਂਗਲ ਕੋਈ ਸਾਧਾਰਨ ਜਾਂ ਆਮ ਘਟਨਾ ਨਹੀਂ, ਇਸਨੇ ਭਾਰਤੀ ਸਟੇਟ ਦੀ ਕਾਰਗੁਜਾਰੀ ਤੇ ਇਰਾਦਿਆਂ ਤੇ ਗੰਭੀਰ ਸੁਆਲ ਖੜ੍ਹੇ ਕਰ ਦਿਤੇ ਹਨ, ਚਾਹੇ ਕੈਨੇਡਾ ਸਰਕਾਰ ਵਲੋਂ ਨਿੱਝਰ ਮਾਮਲੇ ਵਿੱਚ ਕੀਤੀ ਜਾ ਰਹੀ ਇਸ ਤਫਤੀਸ਼ ਨੂੰ ਅਜੇ ਹੋਰ ਅੱਗੇ ਵੇਖਣਾ ਬਣਦਾ ਤੇ ਕੈਨੇਡਾ ਸਰਕਾਰ ਵਲੋਂ ਹੁਣ ਤੀਕ ਦੀ ਤਫ਼ਤੀਸ਼ ਬਾਰੇ ਭਾਰਤੀ ਏਜੰਸੀਆਂ ਦੇ ਰੋਲ ਬਾਰੇ ਪੂਰੇ ਤੱਥ ਤੇ ਸਬੂਤ ਜਨਤਕ ਹੋਣੇ ਬਾਕੀ ਹਨ, ਪਰ ਜਸਟਿਨ ਟਰੂਡੋ ਦਾ ਜਨਤਕ ਤੌਰ ਤੇ ਭਾਰਤੀ ਏਜੰਸੀਆਂ ਤੇ ਲਾਇਆ ਗਿਆ ਇਹ ਦੋਸ਼ ਆਪਣੇ ਆਪ ਚ ਇੱਕ ਬਹੁਤ ਵੱਡੀ ਤੇ ਗੰਭੀਰ ਗੱਲ ਹੈ, ਇਸਨੂੰ ਇਹ ਕਹਿਕੇ ਦਰ ਕਿਨਾਰ ਨਹੀਂ ਕੀਤਾ ਜਾ ਸਕਦਾ ਕਿ ਜਸਟਿਨ ਟਰੂਡੋ ਇਹ ਕੁੱਝ ਸਿਰਫ ਵੋਟਾਂ ਦੇ ਮਕਸਦ ਲਈ ਕਰ ਰਿਹਾ, ਵੋਟਾਂ ਲੈਣਾ ਤੇ ਮੁੜ ਗੱਦੀ ਤੇ ਆਉਣਾ ਤਾਂ ਹਰ ਸਰਕਾਰ ਦਾ ਹੀ ਦੂਰ ਦਾ ਮਨੋਰਥ ਹੁੰਦਾ ਹੈ, ਪਰ ਅਸੀਂ ਹਰ ਗੰਭੀਰ ਗੱਲ ਨੂੰ ਇਹ ਕਹਿ ਕੇ ਹੀ ਆਈ ਗਈ ਨਹੀਂ ਕਰ ਸਕਦੇ ਕੇ ਇਹ ਕੁਝ ਸਰਕਾਰਾਂ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੇ ਭਟਕਾਉਣ ਲਈ ਹੀ ਕਰਦੀਆਂ ਹਨ ਤੇ ਲੋਕਾਂ ਨੂੰ ਇਹਨਾਂ ਗੱਲਾਂ ਵੱਲ ਕੋਈ ਗੌਰ ਨਹੀਂ ਕਰਨੀ ਚਾਹੀਦੀ,ਇਉਂ ਕਰਨਾ ਹਰ ਗੰਭੀਰ ਮਸਲੇ ਦਾ ਬਹੁਤ ਹੀ ਸਾਧਾਰਨੀਕਰਨ ਕਰਨਾ ਹੈ ਤੇ ਅਸਲੀਅਤ ਤੋਂ ਅੱਖਾਂ ਮੀਚਣ ਦੇ ਸਮਾਨ ਹੈ, ਸੋਚੋ, ਅਗਰ ਹੋਰ ਅਗਲੀ ਤਫ਼ਤੀਸ਼ ਵਿੱਚ ਇਹ ਦੋਸ਼ ਬਿਲਕੁਲ ਸੱਚ ਹੋ ਨਿੱਬੜਦਾ ਹੈ ਤਾਂ ਫਿਰ ਇਹ ਇੱਕ ਸਾਧਾਰਣ ਮਸਲਾ ਕਿਵੇਂ ਰਹਿ ਗਿਆ, ਵੋਟਾਂ ਖਾਤਰ ਛੱਡਿਆ ਗਿਆ ਤੀਰ ਕਿਵੇਂ ਰਹਿ ਗਿਆ, ਵੋਟਾਂ ਤਾਂ ਟਰੂਡੋ ਨੇ ਹਿੰਦੂਆਂ ਦੀਆਂ ਵੀ ਲੈਣੀਆਂ ਹਨ ਜੋ ਕੈਨੈਡਾ ਦੇ ਸਿੱਖਾਂ ਤੋਂ ਘੱਟ ਨਹੀਂ, ਕਿਸੇ ਦੇਸ਼ ਦੀ ਸਰਕਾਰ ਵਲੋਂ ਕਿਸੇ ਦੂਸਰੇ ਦੇਸ਼ ਚ ਜਾਕੇ ਕਿਸੇ ਦਾ ਕਤਲ ਕਰਨਾ ਮਨੁੱਖੀ ਅਧਿਕਾਰਾਂ ਦੀ ਹੀ ਨਹੀਂ, ਅੰਤਰਰਾਸ਼ਟਰੀ ਕਾਨੂੰਨਾਂ ਤੇ ਸੰਧੀਆਂ ਦੀ ਵੀ ਘੋਰ ਉਲੰਘਣਾ ਬਣਦੀ ਹੈ,ਕੋਈ ਦੇਸ਼ ਇਸ ਵਾਰੇ ਚੁੱਪ ਕਿਵੇਂ ਧਾਰ ਸਕਦਾ ਹੈ, ਬਾਕੀ ਲੋਕ ਵੀ ਇਸ ਵਾਰੇ ਚੁੱਪ ਕਿਵੇਂ ਰਹਿ ਸਕਦੇ ਹਨ, ਹਰਦੀਪ ਸਿੰਘ ਨਿੱਝਰ ਦੇ ਵਿਚਾਰਾਂ ਜਾਂ ਉਦੇਸ਼ਾਂ ਨਾਲ ਕਿਸੇ ਦੇ ਕਿੰਨੇ ਵੀ ਮਤਭੇਦ ਹੋ ਸਕਦੇ ਹਨ, ਪਰ ਇਸ ਗੱਲ ਨੂੰ ਕੌਣ ਸਹੀ ਠਹਿਰਾਏਗਾ ਕਿ ਭਾਰਤੀ ਏਜੰਸੀਆਂ ਦਾ ਉਸਨੂੰ ਕੈਨੇਡਾ ਵਿੱਚ ਇਸ ਤਰ੍ਹਾਂ ਕਤਲ ਕਰਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਹੈ, ਹੱਕੀ ਹੈ, ਇਸ ਤਰ੍ਹਾਂ ਤਾਂ ਫਿਰ ਕੋਈ ਕੀਤੇ ਵੀ ਸੁਰੱਖਿਅਤ ਨਹੀਂ, ਸਰਕਾਰਾਂ ਆਪਣੇ ਵਿਰੋਧੀਆਂ ਨੂੰ ਜਿਥੇ ਜੀ ਚਾਹਵਨ, ਜਦੋਂ ਜੀ ਚਾਹਵਾਨ ਤੇ ਜਿਵੇਂ ਜੀ ਚਾਹਵਾਨ ਕਤਲ ਕਰਾ ਸਕਦੀਆਂ ਹਨ,ਅਸੀਂ ਇਸ ਕਰਕੇ ਚੁੱਪ ਨਹੀਂ ਰਹਿ ਸਕਦੇ ਕੇ ਕਤਲ ਹੋਣ ਵਾਲਾ ਤਾਂ ਖਾਲਿਸਤਾਨੀ ਸੀ, ਕਾਮਰੇਡ ਸੀ, ਜਾਂ ਸਾਡੇ ਤੋਂ ਵੱਖਰੇ ਵਿਚਾਰਾਂ ਦਾ ਸੀ,ਵਿਚਾਰ ਹਰ ਇੱਕ ਦੇ ਆਪੋ ਆਪਣੇ ਹਨ,ਉਹਨਾਂ ਦਾ ਵਿਰੋਧ ਕਰੋ ਚਾਹੇ ਸਪੋਰਟ ਕਰੋ,ਪਰ ਆਪਣੇ ਆਪਨੂੰ ਜਮਹੂਰੀ ਤੇ ਲੋਕਤੰਤਰ ਕਹਾਉਂਦੀ ਕਿਸੇ ਸਰਕਾਰ ਨੂੰ ਇਹ ਹੱਕ ਨਹੀਂ ਕੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਅਜਿਹੇ ਮਾਰੂ ਤੇ ਗ਼ੈਰ ਕਾਨੂੰਨੀ ਢੰਗ ਤਰੀਕੇ ਤੇ ਹੱਥਕੰਡੇ ਅਪਣਾਵੇ, ਜੇ ਅਸੀਂ ਅਜਿਹੀਆਂ ਘਟਨਾਵਾਂ ਦਾ ਨੋਟਿਸ ਨਾ ਲਿਆ ਤਾਂ ਸਾਡੇ ਨਾਲ ਵੀ ਉਹੀ ਹੋਣੀ ਹੈ ਜੋ ਅੱਜ ਕਿਸੇ ਹੋਰ ਨਾਲ ਹੋ ਰਹੀ ਹੈ ਤੇ ਉਦੋਂ ਸਾਡੇ ਹੱਕ ਚ ਬੋਲਣ ਵਾਲਾ ਵੀ ਕੋਈ ਨਹੀਂ ਹੋਣਾ।

- ਨਰਿੰਦਰ ਚਾਹਲ

# ਪੂੰਜੀਵਾਦੀ ਦੌਰ ਵਿਚ ਬਚਪਨ ਦੀ ਤਬਾਹੀ

**ਜਸਵਿੰਦਰ**

ਬੱਚੇ ਕਿਸਨੂੰ ਪਸੰਦ ਨਹੀਂ ਹਨ? ਹਰੇਕ ਮਨੁੱਖ ਜੋ ਥੋੜ੍ਹਾ ਵੀ ਸੰਵੇਦਨਸ਼ੀਲ ਹੈ ਬੱਚਿਆ ਪ੍ਰਤੀ ਲਗਾਅ ਮਹਿਸੂਸ ਕਰਦਾ ਹੈ। ਮਨੁੱਖ ਸਾਰੇ ਜੀਵਾਂ 'ਚੋਂ ਜ਼ਿਆਦਾ ਉੱਨਤ ਜੀਵ ਹੈ ਜੋ ਆਪਣੇ ਬੱਚਿਆਂ ਤੋਂ ਬਿਨਾਂ ਹੋਰਾਂ ਮਨੁੱਖਾਂ ਦੇ ਬੱਚਿਆਂ ਪ੍ਰਤੀ ਵੀ ਲਗਾਅ ਰੱਖਦਾ ਹੈ। ਬੱਚੇ ਸਾਨੂੰ ਆਪਣੇ ਵੱਲ ਆਪਣੇ ਕੋਮਲ ਚਿਹਰਿਆਂ ਤੇ ਹਰਕਤਾਂ ਨਾਲ ਹੀ ਨਹੀਂ ਖਿੱਚਦੇ ਸਗੋਂ ਅਸੀਂ ਉਨ੍ਹਾਂ 'ਚ ਭਵਿੱਖ ਵੀ ਵੇਖਦੇ ਹਾਂ। ਪਰ ਅਸੀਂ ਜਿਹੋ-ਜਿਹੇ ਪ੍ਰਬੰਧ 'ਚ ਰਹਿ ਰਹੇ ਹਾਂ, ਉਸਦਾ ਸਾਡੀਆਂ ਇਨ੍ਹਾਂ ਕੋਮਲ ਜਿੰਦਾ ਵੱਲ ਰਵੱਈਆ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਹ ਪ੍ਰਬੰਧ ਭਵਿੱਖ ਪ੍ਰਤੀ ਕਿੰਨਾ ਵੈਰ ਭਾਵੀ ਹੈ।

ਇਹ ਜਾਨਣ ਲਈ ਅਸੀਂ ਦੁਨੀਆਂ ਦੇ ਇੱਕ ਹਿੱਸੇ ਅਫਰੀਕੀ ਮਹਾਂਦੀਪ 'ਤੇ ਵਸਦੇ ਬੱਚਿਆਂ ਨੂੰ ਲੈਂਦੇ ਹਾਂ। ਜਿੱਥੇ ਕਰੋੜਾਂ ਹੀ ਬੱਚੇ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਵੱਲੋਂ ਫੈਲਾਈ ਭੁੱਖਮਰੀ ਕਾਰਨ ਭੁੱਖੇ ਮਰ ਰਹੇ ਹਨ। ਪਿਛਲੇ ਸਮੇਂ 'ਚ ਅਫਰੀਕੀ ਬੱਚਿਆਂ ਲਈ ਨੀਤੀ ਸਬੰਧੀ ਫੋਰਮ ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਏਥੇ 6 ਕਰੋੜ ਬੱਚੇ ਭੁੱਖਮਰੀ ਦਾ ਸਾਹਮਣਾ ਕਰ ਰਹੇ ਹਨ। ਇਹ ਕੋਈ ਆਮ ਭੁੱਖਮਰੀ ਦੀ ਹਾਲਤ ਨਹੀਂ ਹੈ ਸਗੋਂ ਇਸਨੂੰ ਅਕਾਲ ਦੀ ਸਥਿਤੀ ਐਲਾਨਿਆ ਗਿਆ ਹੈ। ਏਥੇ ਲੱਖਾਂ ਹੀ ਅਜਿਹੇ ਬੱਚੇ ਹਨ ਜੋ ਬਚੇ-ਖੁਚੇ ਭੋਜਨ ਭਾਵ ਦੂਜਿਆਂ ਦਾ ਜੂਠ ਖਾਣ ਲਈ ਮਜਬੂਰ ਹਨ ਤਾਂ ਕਿ ਆਪਣੇ ਸਾਹ ਚੱਲਦੇ ਰੱਖ ਸਕਣ। ਏਸ ਮਹਾਂਦੀਪ 'ਚ ਬੱਚਿਆਂ ਦੀਆਂ ਅੱਧੀਆਂ ਮੌਤਾਂ ਭੁੱਖਮਰੀ ਕਾਰਨ ਹੁੰਦੀਆਂ ਹਨ। ਦਸ 'ਚੋਂ ਨੌਂ ਬੱਚਿਆਂ ਨੂੰ ਖਾਣ ਲਈ ਸੰਤੁਲਿਤ ਭੋਜਨ ਨਹੀਂ ਮਿਲ ਰਿਹਾ। ਪੰਜ ਪਿੱਛੇ ਦੋ ਬੱਚੇ ਹਰ-ਰੋਜ ਭੁੱਖੇ ਰਹਿੰਦੇ ਹਨ। ਹਰੇਕ ਤੀਜਾ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ ਤੇ ਏਸ ਮਹਾਂਦੀਪ ਦੀ 20 ਫੀਸਦੀ ਅਬਾਦੀ ਭੁੱਖਮਰੀ ਹੰਢਾ ਰਹੀ ਹੈ।

ਬੱਚਿਆਂ ਤੋਂ ਅਗਾਂਹ ਵੱਡਿਆਂ ਦੀ ਗੱਲ ਕਰੀਏ ਤਾਂ ਦਸ ਹਜ਼ਾਰ ਪਿੱਛੇ ਦੋ ਮੌਤਾਂ ਭੁੱਖਮਰੀ ਕਾਰਨ ਹੋ ਰਹੀਆਂ ਹਨ। ਅਫਰੀਕਾ ਦੇ ਸਬ-ਸਹਾਰਾ ਖੇਤਰ 'ਚ ਹਰੇਕ ਚੌਥਾ ਵਿਅਕਤੀ ਭੁੱਖਮਰੀ ਹੰਢਾ ਰਿਹਾ ਹੈ।

2017 ਦੀ ਇੱਕ ਰਿਪੋਰਟ ਅਨੁਸਾਰ ਇਥੋਪੀਆ ਦੇ 80 ਲੱਖ, ਮਾਲੀ ਦੇ 50 ਲੱਖ, ਜਿੰਬਾਬਵੇ ਦੇ 40 ਲੱਖ ਤੇ 30 ਲੱਖ ਕੀਨੀਆਈ ਲੋਕ ਭੁੱਖਮਰੀ ਦੀ ਮਾਰ ਹੇਠ ਸਨ ਪਰ 2017 ਤੋਂ ਬਾਅਦ ਹਾਲਤ ਕੋਈ ਬਿਹਤਰ ਬਣੀ ਹੋਏਗੀ, ਤਾਜਾ ਆਈਆਂ ਰਿਪੋਰਟਾਂ ਇਸਦੀ ਕੋਈ ਪੁਸ਼ਟੀ ਕਰਨ ਦੀ ਬਜਾਏ ਉਲਟਾ ਇਸ਼ਾਰਾ ਕਰ ਰਹੀਆਂ ਹਨ। ਮਤਲਬ ਹਾਲਤ ਹੋਰ ਭਿਅੰਕਰ ਬਣੀ ਹੈ। ਮੌਜੂਦਾ ਸਥਿਤੀ ਇਹ ਹੈ ਕਿ ਲੋਕ ਭੋਜਨ ਦੀ ਭਾਲ 'ਚ ਆਪਣੇ ਘਰ ਛੱਡਕੇ ਜਾ ਰਹੇ ਹਨ।

ਗਰੇਸ ਕੀਨੀਆਂ ਦਾ ਰਹਿਣ ਵਾਲਾ ਇੱਕ ਬੱਚਾ ਹੈ ਜੋ ਆਪਣੇ ਮਾਪਿਆਂ ਦੇ ਲੱਕੜ-ਕਾਨਿਆਂ ਦੇ ਘਰ 'ਚ ਇਕੱਲਾ ਰਹਿ ਰਿਹਾ ਹੈ। ਪਹਿਲਾਂ ਉਸਦੇ ਪਿਤਾ ਘਰੋਂ ਚਲੇ ਗਏ ਤੇ ਬਾਅਦ 'ਚ ਉਸਦੀ ਮਾਂ ਵੀ ਕੰਮ ਦੀ ਭਾਲ 'ਚ ਇਥੋਪੀਆ ਚਲੀ ਗਈ ਤੇ ਦੋਵਾਂ 'ਚੋਂ ਕੋਈ ਵੀ ਵਾਪਸ ਨਹੀਂ ਮੁੜਿਆ। ਹੁਣ ਇਹ ਬੱਚਾ ਮਾਪਿਆਂ ਦੇ ਹੁੰਦਿਆਂ ਵੀ ਅਨਾਥ ਬਣ ਚੁੱਕਿਆ ਹੈ। ਇਹ ਇੱਕ ਪਰਿਵਾਰ ਦੀ ਉਦਾਹਰਨ ਜਰੀਏ ਅਸੀਂ ਬਾਕੀ ਅਫਰੀਕੀ ਪਰਿਵਾਰਾਂ ਦੀ ਹਾਲਤ ਵੀ ਸਮਝ ਸਕਦੇ ਹਾਂ।

2022 ਦੇ ਆਲਮੀ ਭੁੱਖਮਰੀ ਸੂਚਕ ਅੰਕ ਅਨੁਸਾਰ ਅਫਰੀਕੀ ਮਹਾਂਦੀਪ ਦੇ 54 ਦੇਸ਼ਾਂ 'ਚੋਂ 37 ਦੇਸ਼ ਭੁੱਖਮਰੀ ਦਾ ਸਾਹਮਣਾ ਕਰ ਰਹੇ ਹਨ। ਦੁਨੀਆਂ ਦੇ 10 ਸਭ ਤੋਂ ਜਿਆਦਾ ਗੰਭੀਰ ਭੁੱਖਮਰੀ ਦਾ ਸਿਕਾਰ ਦੇਸ਼ਾਂ 'ਚੋਂ 7 ਅਫਰੀਕੀ ਦੇਸ਼ ਹਨ। 2022 'ਚ ਸੈਂਟਰਲ ਅਫਰੀਕਨ ਰਿਪਬਲਿਕ, ਚਾਡ, ਡੈਮੋਕ੍ਰੇਟਿਕ ਰਿਪਬਲਿਕ ਆਫ ਕਾਂਗੋ, ਮੈਡਾਗਸਕਰ ਨੂੰ ਭੁੱਖਮਰੀ ਦੀ ਚੇਤਾਵਨੀ ਦਿੱਤੀ ਗਈ ਸੀ ਪਰ ਚੇਤਾਵਨੀ ਦਾ ਕੀ ਮਤਲਬ ਜਦੋਂ ਲੋੜੀਂਦੇ ਕਦਮ ਲੈਣੇ ਹੀ ਨਹੀਂ। ਇਹ ਤਾਂ ਐਵੇਂ ਦੀ ਹਾਲਤ ਹੈ ਜਿਵੇਂ ਕੋਈ ਭੁੱਖੇ ਨੂੰ ਦੱਸ ਰਿਹਾ ਹੋਵੇ ਕਿ ਤੂੰ ਭੁੱਖਾਂ ਏ ਜਦਕਿ ਇਹ ਤਾਂ ਉਸਨੂੰ ਵੀ ਪਤਾ ਹੀ ਹੈ। ਉਸਨੂੰ ਤਾਂ ਕੁੱਝ ਖਾਣ ਲਈ ਲੋੜੀਂਦਾ ਹੈ।

ਦੂਜੇ ਪਾਸੇ ਅਨਾਜ ਦੀ ਪੈਦਾਵਾਰ ਦੇ ਮਾਮਲੇ 'ਚ ਬਿਨਾਂ ਸ਼ੱਕ ਪਹਿਲਾਂ ਨਾਲੋਂ ਅਫਰੀਕਾ ਦੀ ਹਾਲਤ ਸੁਧਰੀ ਹੈ। ਇਸਦੀ ਕੁੱਲ ਘਰੇਲੂ ਪੈਦਾਵਾਰ 'ਚ ਵੀ 17 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ ਪਰ ਏਸੇ ਰਫਤਾਰ ਨਾਲ ਏਥੇ ਭੁੱਖਮਰੀ ਵੀ ਵਧੀ ਹੈ। ਇਸਤੋਂ ਪਤਾ ਲੱਗਦਾ ਹੈ ਕਿ ਜਿਹੜਾ ਵਾਧਾ ਹੋਇਆ ਹੈ ਇਸਨੇ ਆਮ ਲੋਕਾਂ ਦੇ ਪੱਲੇ ਕੁੱਝ ਪਾਉਂਣ ਦੀ ਬਜਾਏ ਸਰਮਾਏਦਾਰਾਂ ਦੀਆਂ ਜੇਬਾ ਹੀ ਭਾਰੀਆਂ ਕੀਤੀਆਂ ਹਨ ਤੇ ਆਮ ਲੋਕਾਂ ਦੇ ਮੂੰਹੋਂ ਬਚਦਾ ਟੁੱਟ ਵੀ ਖੋਹਿਆ ਹੈ। ਏਥੇ ਤਕਰੀਬਨ 46 ਕਰੋੜ ਲੋਕ ਗਰੀਬੀ ਹੰਢਾ ਰਹੇ ਹਨ।

ਆਮ ਲੋਕਾਂ ਲਈ ਏਸ ਖਿੱਤੇ ਦਾ ਕੁਦਰਤੀ ਤੌਰ 'ਤੇ ਅਮੀਰ ਹੋਣਾ ਕੁੱਝ ਦੇਣ ਦੀ ਬਜਾਏ ਜਿੰਦਗੀਆਂ ਦੁੱਭਰ ਹੀ ਬਣਾ ਰਿਹਾ ਹੈ। ਏਥੇ ਸੋਨਾ, ਚਾਂਦੀ, ਤੇਲ ਤੇ ਹੋਰ ਖਣਿਜ ਪਦਾਰਥਾਂ ਦੇ ਭੰਡਾਰ ਹਨ। ਪਰ ਇਸਦੇ ਨਤੀਜੇ ਵਜੋਂ ਸਾਮਰਾਜੀ ਦੇਸ਼ਾਂ ਦੀ ਨਜਰ ਵੀ ਏਸ ਖਿੱਤੇ 'ਤੇ ਲਗਾਤਾਰ ਬਣੀ ਹੋਈ ਹੈ ਜਿਹੜੇ ਏਥੇ ਦੇ ਸਰਮਾਏਦਾਰਾਂ ਨਾਲ? ਸਾਂਝ ਭਿਆਲੀ ਨਾਲ ਲਗਾਤਾਰ ਕੁਦਰਤੀ ਵਸੀਲਿਆਂ ਨੂੰ ਲੁੱਟਦੇ ਹਨ। ਸਾਮਰਾਜੀ ਖਹਿਭੇੜ ਕਰਕੇ ਇਹ ਖਿੱਤਾ ਲੰਬੇ ਸਮੇਂ ਤੋਂ ਸਿਆਸੀ ਅਸਥਿਰਤਾ 'ਚੋਂ ਲੰਘ ਰਿਹਾ ਹੈ ਤੇ ਇਸ ਸਿਆਸੀ ਅਸਥਿਰਤਾ, ਜੰਗਾਂ ਦਾ ਸਭ ਤੋਂ ਵੱਡਾ ਬੋਝ ਕਿਰਤੀ ਲੋਕਾਈ ਨੂੰ ਹੀ ਹੰਢਾਉਣਾ ਪੈਂਦਾ ਹੈ।

ਹੇਠਲੀ ਰਿਪੋਰਟ ਅਨੁਸਾਰ ਸਾਮਰਾਜੀ ਮੁਲਕ ਦੀ ਏਥੋਂ ਕੀਤੀ ਜਾ ਰਹੀ ਲੁੱਟ ਨੂੰ ਵਿਖਾਇਆ ਗਿਆ ਹੈ। ਇਹ ਰਿਪੋਰਟ ਪੁਰਾਣੀ ਹੈ ਨਵੇਂ ਅੰਕੜੇ ਇਸਤੋਂ ਕਿਤੇ ਜਿਆਦਾ ਹੋਣ ਦੀ ਉਮੀਦ ਹੈ। ਏਸ ਖਿੱਤੇ 'ਚ ਹਰ ਸਾਲ 134 ਅਰਬ ਅਮਰੀਕੀ ਡਾਲਰ ਕਰਜਾ, ਵਿਦੇਸ਼ੀ ਨਿਵੇਸ਼ ਅਤੇ ਫੰਡਾਂ ਦੇ ਰੂਪ 'ਚ ਆਉਂਦਾ ਹੈ ਪਰ ਦੂਸਰੇ ਪਾਸੇ 192 ਅਰਬ ਅਮਰੀਕੀ ਡਾਲਰ ਮੁਨਾਫੇ ਦੇ ਰੂਪ 'ਚ ਏਥੋਂ ਬਾਹਰ ਜਾਂਦਾ ਹੈ। ਇਸਤੋਂ ਇਲਾਵਾ ਦੁਨੀਆਂ ਪੱਧਰ ਉੱਤੇ ਅਣਗਿਣਤ ਸੰਸਥਾਵਾਂ ਅਫਰੀਕੀ ਬੱਚਿਆਂ ਦੀਆਂ ਭੁੱਖੇ-ਨੰਗਿਆਂ ਦੀਆਂ ਫੋਟੋਆਂ ਵਿਖਾਕੇ ਕਰੋੜਾਂ ਰੁਪਏ ਫੰਡ ਇਕੱਠਾ ਕਰਦੀਆਂ ਹਨ ਪਰ ਏਥੋਂ ਦੀ ਅਸਲ ਹਾਲਤ ਫੇਰ ਵੀ ਹੋਰ ਭਿਅੰਕਰ ਹੁੰਦੀ ਜਾ ਰਹੀ ਹੈ। ਇਹ "ਚੈਰੀਟੇਬਲ" ਸੰਸਥਾਵਾਂ ਦਾ ਕੰਮ ਭੁੱਖਮਰੀ, ਗਰੀਬੀ ਦੇ ਪਿੱਛਲੇ ਅਸਲ ਦੋਸ਼ੀ ਏਸ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਨੂੰ ਢਕਣਾ ਤੇ ਇਸਦੀ ਉਮਰ ਲੰਬੀ ਕਰਨਾ ਹੈ।

ਸੰਤ ਰਾਮ ਉਦਾਸੀ ਦੀਆਂ ਕਹੀਆਂ ਸਤਰਾਂ ਵਾਂਗ 'ਜੇ ਸੋਕਾ ਇਹ ਹੀ ਜਰਦੇ ਨੇ, ਜੇ ਡੋਬਾ ਇਹ ਹੀ ਜਰਦੇ ਨੇ, ਸਭ ਕਹਿਰ ਇਨ੍ਹਾਂ ਸਿਰ ਵਰਦੇ ਨੇ' ਵਾਂਗ ਅਫਰੀਕੀ ਮਹਾਂਦੀਪ ਦਾ ਹਾਰਨ ਆਫ ਅਫਰੀਕਾ ਦਾ ਇਲਾਕਾ ਸੋਕਾ ਪ੍ਰਭਾਵਿਤ ਹੈ, ਜਿੱਥੇ ਸੋਕੇ ਨੇ ਸਾਢੇ ਤਿੰਨ ਕਰੋੜ ਤੋਂ ਉੱਪਰ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ ਤੇ ਦੂਸਰੇ ਪਾਸੇ ਕੇਂਦਰੀ ਤੇ ਪੂਰਬੀ ਅਫਰੀਕਾ ਹੜਾਂ ਦੀ ਮਾਰ ਝੱਲਕੇ ਹਟਿਆ ਹੈ।

ਕੀ ਇਹ ਸਭ ਕੁਦਰਤੀ ਹੀ ਹੈ? ਨਹੀਂ ਸਗੋਂ ਇਹ ਸਰਮਾਏਦਾਰਾ ਪ੍ਰਬੰਧ ਇਸ ਲਈ ਜਿੰਮੇਵਾਰ ਹੈ। ਕੁਦਰਤੀ ਭੰਡਾਰਾਂ ਨੂੰ ਲੁੱਟਣ ਲੱਗਿਆ ਇਸ ਗੱਲ ਦੀ ਭੋਰਾ ਵੀ ਪਰਵਾਹ ਨਹੀਂ ਕੀਤੀ ਜਾ ਰਹੀ ਕਿ ਇਸਦਾ ਆਮ ਲੋਕਾਂ ਤੇ ਵਾਤਾਵਰਣ 'ਤੇ ਕੀ ਅਸਰ ਹੋਵੇਗਾ।

ਦਹਾਕਿਆ ਤੋਂ ਚੱਲ ਰਹੇ ਸਾਮਰਾਜੀ ਖਹਿਭੇੜ ਕਾਰਨ ਬਣੀ ਸਿਆਸੀ ਅਸਥਿਰਤਾ ਕਾਰਨ ਤੇ ਸੋਕੇ-ਹੜ ਵਰਗੀਆਂ ਹਾਲਤਾਂ ਕਾਰਨ ਲੋਕ ਇੱਕ ਥਾਂ ਨਿਚਲੇ ਬੈਠ ਵੀ ਨਹੀਂ ਸਕਦੇ। ਕਈਆਂ ਦੇਸ਼ਾਂ ਦੀ ਹਾਲਤ ਏਥੋਂ ਤੱਕ ਬਣੀ ਹੋਈ ਹੈ ਕਿ ਜਿਸ ਉਮਰ 'ਚ ਬੱਚੇ ਦੇ ਮੋਢਿਆਂ 'ਚੋਂ ਕਿਤਾਬਾਂ ਦਾ ਬੈਗ ਹੋਣਾ ਚਾਹੀਦਾ ਸੀ, ਉਸ ਉਮਰੇ ਮਾਪੇ ਆਪਣੇ ਬੱਚਿਆਂ ਦੇ ਮੋਢੇ ਮੰਗਣ ਵਾਲ ?ਾ ਝੋਲ ?ਾ ਪਾਕੇ ਭੀਖ ਮੰਗਣ ਲਈ ਭੇਜਦੇ ਹਨ।

ਅਫਰੀਕਾ ਤੋਂ ਬਾਅਦ ਅੱਗੇ ਭਾਰਤ ਗੁਆਂਢੀ ਦੇਸ਼ ਪਾਕਿਸਤਾਨ ਦੀ ਗੱਲ ਕਰੀਏ ਤਾਂ ਏਥੇ ਵੀ ਜ਼ਿਆਦਾਤਰ ਪਛੜੇ ਸਰਮਾਏਦਾਰਾ ਦੇਸ਼ਾਂ ਵਾਂਗ ਹਾਲਤ ਕੋਈ ਵੱਖਰੀ ਨਹੀਂ ਹੈ। ਪਿਛਲੇ ਸਾਲ ਪਾਕਿਸਤਾਨ ਦੇ ਲੋਕਾਂ ਨੇ ਵੱਡੇ ਹੜਾਂ ਦੀ ਮਾਰ ਝੱਲੀ ਸੀ, ਜਿਸਦੇ 'ਚ ਮਨੁੱਖੀ ਜਾਨਾਂ ਤੋਂ ਇਲਾਵਾ ਹੋਰ ਵੀ ਬਹੁਤ



ਨੁਕਸਾਨ ਹੋਇਆ ਸੀ। 1700 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ ਸੀ। 30000 ਸਕੂਲ, 2000 ਸਿਹਤ ਕੇਂਦਰ ਤੇ 4300 ਪੀਣ ਵਾਲੇ ਪਾਣੀ ਦੇ ਕੇਂਦਰ ਤਬਾਹ ਹੋ ਗਏ ਸੀ। ਇਨ੍ਹਾਂ ਹੜਾਂ ਨੂੰ ਬੀਤਿਆ ਇੱਕ ਸਾਲ ਦਾ ਸਮਾਂ ਹੋ ਗਿਆ ਪਰ ਅਜੇ ਤੱਕ ਉਪਰੋਕਤ ਉਜਾੜੇ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਪਹਿਲਾਂ ਹੀ ਸਕੂਲਾਂ ਤੋਂ ਬਾਹਰ ਇੱਕ ਤਿਹਾਈ ਬੱਚਿਆਂ ਦੀ ਗਿਣਤੀ 'ਚ ਹੋਰ ਵਾਧਾ ਹੋ ਗਿਆ। 40 ਲੱਖ ਬੱਚਿਆਂ ਕੋਲ ਪੀਣ ਵਾਲਾ ਸਾਫ ਪਾਣੀ ਨਹੀਂ ਹੈ ਤੇ 15 ਲੱਖ ਬੱਚੇ ਭੁੱਖ ਦੀ ਮਾਰ ਹੰਢਾ ਰਹੇ ਹਨ।

ਭਾਰਤ ਦੀ ਗੱਲ ਕਰੀਏ ਤਾਂ ਇਸਦਾ ਭੁੱਖਮਰੀ ਸੂਚਕ ਅੰਕ 'ਚ 101 ਵਾਂ ਨੰਬਰ ਹੈ ਤੇ ਏਥੇ 33 ਲੱਖ ਤੋਂ ਉੱਪਰ ਬੱਚਿਆਂ ਨੂੰ ਲੋੜੀਂਦਾ ਭੋਜਨ ਨਹੀਂ ਮਿਲ ਰਿਹਾ। ਇਸਦੇ 'ਚੋ 17 ਲੱਖ ਬੱਚੇ ਤਾਂ ਨਾਜੁਕ ਹਾਲਤ 'ਚ ਹਨ। ਹੋਰ ਅੱਗੇ ਦੱਸੀਏ ਭਾਰਤ ਦੀ ਹਾਲਤ ਬਾਰੇ ਇਹ ਸਰਕਾਰੀ ਰਿਪੋਰਟ ਹੈ ਪਰ ਜੇ ਅਸੀਂ ਅਸਲ ਜਮੀਨੀ ਹਾਲਤ ਵੇਖੀਏ ਤਾਂ ਹੋਰ ਵੀ ਭਿਅੰਕਰ ਹੋਵੇਗੀ। ਹੋਰ ਰਿਪੋਰਟਾਂ ਅਨੁਸਾਰ ਭਾਰਤ 'ਚ ਪੰਜ ਸਾਲ ਦੀ ਉਮਰ ਤੱਕ ਦੇ 4500 ਬੱਚੇ ਹਰ ਰੋਜ ਭੁੱਖਮਰੀ ਕਾਰਨ ਦਮ ਤੋੜਦੇ ਹਨ। ਇਹ ਹਾਲਤ ਦੁਨੀਆਂ ਦੇ ਜਿਆਦਾਤਰ ਦੇਸ਼ਾਂ ਦੀ ਹੈ।

ਅਫਰੀਕਾ ਮਹਾਂਦੀਪ ਦੀ ਹਾਲਤ ਬਿਨਾ ਸ਼ੱਕ ਬਾਕੀ ਦੁਨੀਆਂ ਨਾਲੋਂ ਜ਼ਿਆਦਾ ਭਿਆਨਕ ਬਣੀ ਹੋਈ ਹੈ। ਇਸ ਲਈ ਸਾਨੂੰ ਸਮਝਣ ਦੀ ਲੋੜ ਹੈ ਕਿ ਇਸਦੇ ਪਿੱਛੇ ਕੋਈ ਵਿਅਕਤੀ ਨਹੀਂ ਹੈ ਸਗੋਂ ਇੱਕ ਪੂਰਾ-ਸੂਰਾ ਪ੍ਰਬੰਧ ਹੈ ਜਿਹੜਾ ਮਨੁੱਖੀ ਲਹੂ 'ਤੇ ਪਲਦਾ ਹੈ ਜਿਸਨੂੰ ਪ੍ਰਸਿੱਧ ਸਾਹਿਤਕਾਰ ਮੈਕਸਿਮ ਗੋਰਕੀ ਨੇ ਪੀਲਾ ਦੈਂਤ ਆਖਿਆ ਹੈ। ਦੁਨੀਆਂ ਪੱਧਰ 'ਤੇ ਭੁੱਖਮਰੀ ਦੇ ਨਾਮ 'ਤੇ ਚੱਲਦੀਆਂ ਸੰਸਥਾਵਾਂ ਇਸ ਪੀਲੇ ਦੈਂਤ ਦੀ ਉਮਰ ਲੰਮੀ ਕਰਨ ਦਾ ਕੰਮ ਕਰਦੀਆਂ ਹਨ। ਜਿੰਨਾਂ ਚਿਰ ਇਹ ਪੀਲਾ ਦੈਂਤ ਜਿਉਂਦਾ ਹੈ ਉਦੋਂ ਤੱਕ ਇਹ ਪੀਲਾ ਦੈਂਤ ਏਦਾਂ ਹੀ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਖਾਂਦਾ ਰਹੇਗਾ ਤੇ ਬਚਦਿਆਂ ਨੂੰ ਸਿਰਫ ਜਿਉਂਦੇ ਰਹਿਣ ਜੋਗਾ ਟੁੱਕਰ ਦੇਵੇਗਾ। ਇਸ ਲਈ ਅੱਜ ਦੀ ਜਰੂਰਤ ਇਸ ਪੀਲੇ ਦੈਂਤ ਦਾ ਖਾਤਮਾ ਕਰਨ ਤੇ ਇਸਦੀ ਥਾਂ ਮਨੁੱਖ ਕੇਂਦਰਿਤ ਪ੍ਰਬੰਧ ਉਸਾਰਨ ਦੀ ਹੈ। ਜਿਹੜਾ ਬਿਨਾਂ ਲੋਕਾਈ ਦੇ ਜਥੇਬੰਦ ਹੋਇਆ ਸੰਭਵ ਨਹੀਂ ਹੈ। ਇਸ ਲਈ ਜਿੰਨਾਂ ਛੇਤੀ ਹੋ ਸਕੇ ਮਾਸੂਮਾਂ ਦੇ ਕਾਤਲ ਏਸ ਪ੍ਰਬੰਧ ਨੂੰ ਖਤਮ ਕਰ ਦੇਣਾ ਚਾਹੀਦਾ ਹੈ।

Nav Gill
RN BscN
Certified Nurse Injector
Instagram: botoxinjectoryyc_nav
Email: nav.beautybliss@gmail.com
Contact No. 587.971.0052

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ
ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign
call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Jatinder Singh
Manager
403-992-0004
Office : 416-644-8881
7270 106 Ave SE Calgary, AB T2C 4Y5

ਪੁਸਤਕ ਦੇ ਝਰੋਖੇ 'ਚੋਂ

# ਫ਼ਾਸ਼ੀਵਾਦੀ ਟੀਚਾ : ਸੰਕਟ ਦਾ ਸਮਾਂ



ਡਾ. ਕੁਲਦੀਪ ਸਿੰਘ
98151-15429

ਵਿਸ਼ਵ ਪ੍ਰਸਿੱਧੀ ਹਾਸਲ ਲੇਖਕ ਸ੍ਰ. ਖੁਸ਼ਵੰਤ ਸਿੰਘ ਨੇ ਜਿਥੇ ਆਪਣੇ ਕਲਾਸਿਕ ਨਾਵਲ 'ਟਰੇਨ ਟੂ ਪਾਕਿਸਤਾਨ' ਤੋਂ ਲੈ ਕੇ ਦੋ ਜਿਲਦਾਂ ਵਿਚ 'ਅ ਹਿਸਟਰੀ ਆਫ਼ ਦ ਸਿਖਜ਼' ਦੀ ਰਚਨਾ ਕੀਤੀ, ਉਥੇ ਉਸ ਨੇ 2002 ਵਿਚ ਜਦੋਂ ਗੁਜਰਾਤ ਦੇ ਦੰਗੇ ਹੋਏ ਤਾਂ ਉਸ ਸਮੇਂ 'ਦ ਐਂਡ ਆਫ਼ ਇੰਡੀਆ' ਉਸ ਸਮੇਂ ਦੀ ਰਾਜਨੀਤੀ ਅਤੇ ਭਾਰਤ ਦੀ ਭਵਿੱਖ ਵਿਚ ਸਥਿਤੀ ਕੀ ਬਣੇਗੀ ਪੁਸਤਕ ਲਿਖੀ। ਜਿਸ ਨੂੰ ਪ੍ਰਸਿੱਧ ਪਬਲੀਕੇਸ਼ਨ ਆਟਮਨ ਆਰਟ ਨੇ ਪੰਜਾਬੀ ਵਿਚ ਅਨੁਵਾਦ ਪ੍ਰੋ. ਗੁਰਦੀਪ ਕੌਰ ਤੋਂ ਕਰਵਾਇਆ। ਅਨੁਵਾਦਕਾਰ ਦੇ ਅਨੁਸਾਰ ਜਿਸ ਦੌਰ ਵਿਚੋਂ ਅਸੀਂ ਗੁਜ਼ਰ ਰਹੇ ਹਾਂ ਉਸ ਨੂੰ ਸਮਝਣ ਲਈ ਇਹ ਇਕ ਮੁੱਲਵਾਨ ਦਸਤਾਵੇਜ਼ ਹੈ। ਆਧੁਨਿਕ ਭਾਰਤ ਦੀਆਂ ਸਥਿਤੀਆਂ ਜੋ ਮੌਜੂਦਾ ਸਰਕਾਰ ਨੇ ਬਣਾ ਦਿੱਤੀਆਂ ਹਨ, ਉਸ ਦੀਆਂ ਬੁਨਿਆਦਾਂ ਨੂੰ ਸਮਝਣ ਲਈ ਅਹਿਮ ਭੂਮਿਕਾ ਨਿਭਾਈ। ਖੁਸ਼ਵੰਤ ਸਿੰਘ ਨੇ ਇਸ ਪੁਸਤਕ ਰਾਹੀਂ ਜਿਥੇ ਗੁਜਰਾਤ ਦੇ ਦੰਗਿਆਂ ਦੇ ਮਸਲੇ ਅਤੇ ਜਿਸ ਕਿਸਮ ਨਾਲ ਆਰ.ਐਸ.ਐਸ.ਅਤੇ ਇਸ ਦੇ ਹੋਰ ਦੈਂਤ ਦੇਸ਼ ਵਿਚ ਕਾਰਜ ਕਰ ਰਹੇ ਹਨ ਉਨ੍ਹਾਂ ਵਿਚ ਸੰਪਰਦਾਇਕਤਾ ਦੀ ਇਕ ਭਿਆਨਕ ਪੁਰਾਣੀ ਬਿਮਾਰੀ ਮੌਜੂਦ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 2002 ਵਿਚ ਜਦੋਂ ਫਿਰਕੂ ਹਿੰਸਾ ਹੋਈ ਤਾਂ ਇਸ ਤੋਂ ਪਹਿਲਾਂ 1984 ਦੇ ਸਿੱਖ ਵਿਰੋਧੀ ਦੰਗੇ, ਗ੍ਰਾਹਮ ਗਰੀਨ ਅਤੇ ਉਸਦੇ ਬੱਚਿਆਂ ਨੂੰ ਜਿੰਦਾ ਸਾੜਨਾ ਅਤੇ ਪੰਜਾਬ ਸਮੇਤ ਕਸ਼ਮੀਰ ਵਿਚ ਆਮ ਸੁਧਾਰਨ ਲੋਕਾਂ ਦੀਆਂ ਹੱਤਿਆਵਾਂ ਕਈ ਪੱਧਰ 'ਤੇ ਧਰਮ ਦੇ ਨਾਂ 'ਤੇ ਸ਼ੁਰੂ ਹੋਈ ਰਾਜਨੀਤੀ ਵਿਚਲੇ ਨਿਘਾਰਾਂ ਨੂੰ ਦਿਖਾਉਂਦੀ ਹੈ ਤੇ ਇਹ ਅਹਿਸਾਸ ਕਰਵਾਉਂਦੀ ਹੈ ਕਿ ਇਸ ਧਰਤੀ ਉਪਰ ਸਭ ਤੋਂ ਕਰੂਰ ਮਨੁੱਖ ਇਨ੍ਹਾਂ ਰਾਜਨੀਤੀਵਾਨਾਂ ਦੀਆਂ ਲਾਲਸਾਵਾਂ ਨੇ ਬਣਾ ਦਿੱਤਾ ਹੈ। ਅਸਲ ਵਿਚ ਖੁਸ਼ਵੰਤ ਸਿੰਘ ਉਂਗਲੀ ਉਠਾਉਂਦੇ ਹਨ ਕਿ ਮੂਲਵਾਦ ਦਾ ਰਾਜਨੀਤੀ ਤੋਂ ਸਿਵਾਏ ਧਰਮ ਨਾਲ ਕੋਈ ਵਾਹ-ਵਾਸਤਾ ਨਹੀਂ ਹੁੰਦਾ। ਅਸਲ ਵਿਚ ਫਿਰਕੂ ਰਾਜਨੀਤੀ ਸਾਡੇ ਅੰਦਰ ਬੈਠੇ ਸ਼ੈਤਾਨ ਨੂੰ ਪਾਲਦੀ ਪਲੋਸਦੀ ਹੈ ਅਤੇ ਵੱਡਾ ਕਰਦੀ ਹੈ। ਇਥੋਂ ਤੱਕ ਉਸ ਅੰਦਰ ਹਮਲਾਵਰ ਰੁਖ ਵਾਲਾ ਹਿੱਸਾ ਤਾਕਤਵਰ ਕਰ ਦਿੰਦੀ ਹੈ ਜੋ ਮੁੜ ਕੇ ਤਬਾਹੀ ਮਚਾਉਂਦਾ ਹੈ। ਇਸ ਕਰਕੇ ਇਸ ਪੁਸਤਕ ਵਿਚ ਬੜੇ ਦਲੇਰ ਅਤੇ ਸੰਮੇਲਨਸ਼ੀਲ ਢੰਗ ਨਾਲ ਹਰ ਇਨਸਾਨ ਨੂੰ ਇਹ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜੇ ਇਹ ਰਾਸ਼ਟਰ ਸਾਡੇ ਲਈ ਨਹੀਂ ਤਾਂ ਆਪਣੇ ਘੱਟੋ ਘੱਟ ਬੱਚਿਆਂ ਦੇ ਭਵਿੱਖ ਲਈ ਤਾਂ ਅਸੀਂ ਚਿੰਤਤ ਹੋਈਏ ਅਤੇ ਖਤਰੇ ਨੂੰ ਭਾਂਪਈਏ। ਉਨ੍ਹਾਂ ਸਪਸ਼ਟ ਰੂਪ ਵਿਚ ਪੁਸਤਕ ਦੇ ਪੰਨਾ ਨੰ. 66 ਵਿਚ ਦਰਸਾਇਆ ਕਿ ਸਾਡੀ ਹਰੇਕ ਕਾਰਵਾਈ ਅਤੇ ਕਾਰਜ ਜੋ ਧਰਮ ਨਿਰਪੱਖਤਾ ਦੇ ਸਿਧਾਂਤ ਉਪਰ ਉਸਰੇ ਸੰਵਿਧਾਨ ਰਾਹੀਂ ਕਾਰਜ ਨਹੀਂ ਕਰਾਂਗਾ ਅਤੇ ਕੋਈ ਵੀ ਸਰਕਾਰ ਜਿਹੜੀ ਥੋੜ੍ਹੀ ਬਹੁਤੀ ਫਿਰਕੂ ਹੋਵੇਗੀ ਹੌਲੀ ਹੌਲੀ ਉਹ ਆਪਣੇ ਢੰਗ ਨਾਲ ਸੰਵਿਧਾਨ ਨੂੰ ਮੋੜ ਲਵੇਗੀ। ਇਸ ਕਰਕੇ ਫਿਰਕੂ ਆਧਾਰ 'ਤੇ ਚੱਲ ਰਹੀ ਗੁਜਰਾਤ ਸਰਕਾਰ ਨੂੰ ਤੁਰੰਤ ਬਰਖਾਸਤ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਸਪਸ਼ਟ ਰੂਪ ਵਿਚ ਵਰ੍ਹਾ 2002 ਵਿਚ ਲਿਖਿਆ ਹੈ ਕਿ "ਨਹੀਂ ਤਾਂ ਮੋਦੀ ਸਰਕਾਰ ਵਰਗੀਆਂ ਸਰਕਾਰਾਂ ਹੋਣਗੀਆਂ ਜਿਹੜੀਆਂ ਉਨ੍ਹਾਂ ਅਫ਼ਸਰਾਂ ਦੀ ਇਸ ਲਈ ਬਦਲੀ ਨਹੀਂ ਕਰਨਗੇ ਕਿ ਦੰਗੇ ਰੋਕਣ ਵਿਚ ਅਸਫ਼ਲ ਰਹੇ ਹਨ ਸਗੋਂ ਇਸ ਲਈ ਕਿ ਉਹ ਦੰਗੇ ਕਰਵਾਉਣ ਅਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਵਿਚ ਅਸਫ਼ਲ ਰਹੇ ਹੋਣ। ਇਹ ਦੁਖਾਂਤ ਹੈ ਕਿ ਅਸੀਂ ਧਰਮ ਨਿਰਪੱਖਤਾ ਦੇ ਅਰਥ ਹੀ ਵਿਗਾੜ ਦਿੱਤੇ ਹਨ। ਅਸੀਂ ਉਸ ਦੀ ਉਹ ਪਰਿਭਾਸ਼ਾ ਘੜ ਲਈ ਹੈ ਜਿਹੜੀ ਸਾਡੀ ਮੁਤਾਬਕ ਠੀਕ ਹੈ। ਕਈ ਲੋਕਾਂ ਨੇ ਤਾਂ ਸੁਝਾਅ ਦਿੱਤਾ ਹੈ ਕਿ ਭਾਰਤ ਵਿਚੋਂ ਧਰਮ-ਨਿਰਪੱਖਤਾ ਨੂੰ ਕੱਢ ਦੇਣਾ ਚਾਹੀਦਾ ਹੈ। ਕੋਈ ਪੰਜ ਸਾਲ ਪਹਿਲਾਂ ਦਿੱਲੀ ਦੀ ਬੀਜੇਪੀ ਸਰਕਾਰ ਦੇ ਸਵਾਗਤੀ ਪ੍ਰੋਗਰਾਮ ਵਿਚ ਬੋਲਦਿਆਂ ਸ਼ੰਕਰਾਚਾਰੀਆ ਨੇ ਕਿਹਾ ਕਿ ਸੰਵਿਧਾਨ ਵਿਚੋਂ ਧਰਮ ਨਿਰਪੱਖ ਸ਼ਬਦ ਕੱਢ ਦੇਣਾ ਚਾਹੀਦਾ ਹੈ। ਉਹ ਨੂੰ ਬਹੁਤਾ ਕਸਟ ਕਰਨ ਦੀ ਲੋੜ ਨਹੀਂ ਹੈ, ਕਾਮਰੇਡਾਂ ਨੂੰ ਛੱਡ ਕੇ ਬਾਕੀ ਸਾਰਿਆਂ ਨੇ ਧਰਮਨਿਰਪੱਖਤਾ ਨੂੰ ਕਿਨਾਰਾ ਕਰ ਲਿਆ ਹੈ। ਧਰਮ ਤੇ ਰਾਜਨੀਤੀ ਵਿਚਲੀ ਲਛਮਣ ਰੇਖਾ ਹੁਣ ਖਤਮ ਹੋ ਚੁੱਕੀ ਹੈ। ਧਰਮ ਨੂੰ ਰਾਜਨੀਤੀ ਦੇ ਖੇਤਰ ਉਤੇ ਹਮਲਾ ਕਰ ਦਿੱਤਾ ਹੈ। ਹਕੀਕਤ ਵਿਚ ਇਸ ਨੂੰ ਪੂਰੀ ਤਰ੍ਹਾਂ ਨਿਗਲ ਲਿਆ ਹੈ। ਜਿਵੇਂ ਨਹਿਰੂ ਨੂੰ ਲੱਗਾ ਸੀ ਕਿ ਅਸੀਂ ਧਰਮ ਨਿਰਪੱਖਤਾ ਦੇ ਤਬੂਤ ਵਿਚ ਆਖਰੀ ਕਿੱਲ ਠੋਕ ਦਿੱਤਾ ਹੈ।" ਇਹ ਅਜੋਕੀ ਹਕੀਕਤ ਬਣ ਚੁੱਕੀ ਹੈ। ਪੂਰੀ ਤਰ੍ਹਾਂ ਹਿੰਦੂਤਵ ਦਾ ਰਾਜ ਹਰੇਕ ਖੇਤਰ ਵਿਚ ਫੈਲਦਾ ਜਾ ਰਿਹਾ ਹੈ। ਇਸ ਨੂੰ ਪਹਿਲਾਂ ਵਧਾਉਣ ਵਿਚ ਵੱਖ ਵੱਖ ਪਾਰਟੀਆਂ ਨੇ ਵੱਡਾ ਰੋਲ ਅਦਾ ਕੀਤਾ। ਹਾਲਾਂਕਿ ਨਹਿਰੂ ਦਾ ਵਿਚਾਰ ਸੀ ਕਿ ਕਿਸੇ ਵੀ ਮੰਤਰੀ ਨੂੰ ਕਿਸੇ ਧਾਰਮਿਕ ਪ੍ਰੋਗਰਾਮ ਵਿਚ ਨਹੀਂ ਜਾਣਾ ਚਾਹੀਦਾ। ਮੁੜ ਉਨ੍ਹਾਂ ਦੀ ਹੀ ਧੀ ਇੰਦਰਾ ਗਾਂਧੀ ਨੇ ਅਜਿਹਾ ਕਾਰਜ ਸ਼ੁਰੂ ਕੀਤਾ ਕਿ ਰਾਜਨੀਤੀ ਵਿਚ ਧਰਿੰਦਰ ਬ੍ਰਹਮਚਾਰੀ ਦਾ ਭਿਆਨਕ ਚਿਹਰਾ ਸਾਹਮਣੇ ਲਿਆਂਦਾ। ਕਈ ਕਿਸਮ ਦੇ ਜੋਤਿਸ਼ੀਆਂ ਅਤੇ ਤਾਂਤਰਿਕਾਂ ਨੇ ਵੀ ਉਸ ਦੀ ਘੇਰਾਬੰਦੀ ਕਰ ਲਈ। ਇਥੋਂ ਤੱਕ ਬੂਟਾ ਸਿੰਘ, ਬਲਰਾਮ ਜਾਖੜ ਅਤੇ ਰਾਜੀਵ ਗਾਂਧੀ ਵਰਗੇ ਦਿਓਰਾਹਾ ਬਾਬਾ ਦੇ ਦਰਬਾਰ ਵਿਚ ਜਾਣ ਲੱਗੇ। ਚੰਦਰਾ ਸਵਾਮੀ ਮੰਤਰੀਆਂ ਅਤੇ ਮੁੱਖ ਮੰਤਰੀਆਂ ਦੇ ਘਰਾਂ ਵਿਚ ਹਵਨ ਕਰਦੇ ਰਹੇ। ਮੁੜ ਬੀਜੇਪੀ ਨੂੰ ਸ਼ੰਕਰਾਚਾਰੀਆ ਵਰਗਿਆਂ ਨੂੰ ਆਪਣਾ ਸਰਕਾਰੀ ਮਹਿਮਾਨ ਕਈ ਥਾਂ 'ਤੇ ਬਣਾਇਆ। ਇਥੋਂ ਤੱਕ ਹਵਾਈ ਗੱਲਾਂ ਅਤੇ ਝੂਠੀਆਂ ਗੱਲਾਂ ਅਰੁਣ ਸ਼ੋਰੀ ਅਤੇ ਪ੍ਰਫੁਲ ਗੁਰਾਡੀਆ ਵਰਗਿਆਂ ਨੇ ਆਪਣੀਆਂ ਕਿਤਾਬਾਂ ਅਤੇ ਅਖ਼ਬਾਰਾਂ ਦਾ ਕਾਲਮਾਂ ਰਾਹੀਂ ਅਜਿਹੀਆਂ ਗੱਲਾਂ ਪ੍ਰਚਾਰੀਆਂ ਜਿਹੜੀਆਂ ਸਿਰਫ਼ ਬਹੁਗਿਣਤੀ ਫਿਰਕੇ ਨੂੰ ਆਪਣੇ ਵੱਲ ਖਿੱਚਣ ਅਤੇ ਵਖਰੇਵਿਆਂ ਨੂੰ ਵਧਾਉਣ ਅਤੇ ਚੋਣ ਜਿੱਤ ਤੱਕ ਹੀ ਸੀਮਤ ਸਨ। ਅਗਾਂਹ ਬੀਜੇਪੀ ਹਿੰਦੂਆਂ ਨੂੰ ਕਹਿਲ ਕਰਨ ਵਿਚ ਸਫ਼ਲ ਰਹੀ। ਕਈ ਵਾਰੀ ਕਾਂਗਰਸ ਨੇ ਸੱਤਾ ਵਿਚ ਰਹਿਣ ਲਈ ਇਹ ਪੱਤੇ ਵੀ ਖੇਡੇ। ਜਿਸ ਦਾ ਵੱਡਾ ਸਬੂਤ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਜਦੋਂ ਕੋਈ ਵੱਡਾ ਦਰਖਤ ਡਿੱਗਦਾ ਤਾਂ ਧਰਤੀ ਹਿੱਲਦੀ ਹੈ। ਲੇਖਕ ਦਰਜ ਕਰਦਾ ਹੈ ਕਿ ਸਿੱਖਾਂ ਲਈ 113 ਸਾਲ ਪਹਿਲਾਂ ਆਪਣੀ ਸਲਤਨਤ ਗਵਾਉਣ ਤੋਂ ਬਾਅਦ 1984 ਸਭ ਤੋਂ ਮਾੜਾ ਸਾਲ ਸੀ। ਦੇਸ਼ ਨੇ 1984 ਵਿਚ ਵੱਡੀ ਕੀਮਤ ਉਤਾਰੀ ਅਤੇ ਗੁਜਰਾਤ ਦੇ ਦੰਗਿਆਂ ਨੇ ਸਿੱਧ ਕਰ ਦਿੱਤਾ ਕਿ ਰਾਜਨੀਤਕ ਪਾਰਟੀਆਂ ਤੇ ਭਾਰਤ ਦੇ ਲੋਕਾਂ ਨੇ ਇਸ ਤੋਂ ਕੋਈ ਵੀ ਸਬਕ ਨਹੀਂ ਸਿੱਖਿਆ। ਸ਼ਾਇਦ ਸਾਨੂੰ ਇਤਿਹਾਸ ਨੂੰ ਦੁਹਰਾਉਣ ਦਾ ਸਰਾਪ ਮਿਲਿਆ ਹੋਇਆ ਹੈ। ਅਸੀਂ ਸ਼ਾਇਦ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ (1469-1539) ਦੇ ਉਸ ਦੋਹੇ ਨੂੰ ਭੁੱਲ ਗਏ ਹਾਂ ਜਿਸ ਵਿਚੋਂ ਪੰਜਾਬੀਅਤ ਦਾ ਜਨਮ ਹੋਇਆ। 'ਗੁਰੂ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ'। ਅਗਾਂਹ ਇਤਿਹਾਸ ਦੇ ਪੰਨਿਆਂ 'ਤੇ ਜਦੋਂ ਲੱਖਾਂ ਰਿਫਿਊਜੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਸਮੇਤ ਔਰਤਾਂ ਦੀ ਪੱਤ ਲੁਟਣ ਦੀ ਸਥਿਤੀ ਵੰਡ ਵੇਲੇ ਸੀ। ਅੰਮ੍ਰਿਤਾ ਪ੍ਰੀਤਮ ਨੇ ਆਜ਼ਾਦ ਭਾਰਤ ਦੇ ਡਿੱਗਦੇ ਢਹਿੰਦੇ ਸ਼ੁਰੂਆਤ ਹੋ ਰਹੇ ਸਫ਼ਲ ਦੀ ਦਾਸਤਾਨ ਲਿਖਦਿਆਂ ਕਿਹਾ, **ਅੱਖ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ, ਓ ਦਰਦਮੰਦਾਂ ਦਿਆ ਦਰਦੀਆਂ ਉੱਠ, ਤੱਕ ਆਪਣਾ ਪੰਜਾਬ, ਬੇਲੇ ਲਾਸ਼ਾ ਵਿਛੀਆਂ, ਲਹੂ ਦੀ ਭਰੀ ਚਨਾਬ।** ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਅਸੀਂ ਇਕ ਸਾਂਝੀ ਪਹਿਚਾਣ ਬਣਾਉਣੀ ਸੀ ਪ੍ਰੰਤੂ ਅੱਜ ਵੀ ਅਸੀਂ ਵੱਖ ਵੱਖ ਖੇਤਰਾਂ ਵਿਚ ਹਿੰਦੂਆਂ ਮੁਸਲਮਾਨਾਂ, ਹਿੰਦੂਆਂ ਸਿੱਖਾਂ, ਹਿੰਦੂ ਇਸਾਈ, ਹਿੰਦੂ ਜਾਤੀ ਤੇ ਹਰੀਜਨਾਂ, ਕਬਾਇਲੀ ਨਾਨ-ਕਬਾਇਲੀਆਂ, ਬੰਗਾਲੀਆਂ ਅਤੇ ਅਸਾਮੀਆਂ, ਮਹਾਂਰਾਸ਼ਟਰੀਆਂ ਤੇ ਕੰਨੜਾਂ ਵਿਚ ਵੀ ਵੰਡੇ ਹੋਏ ਹਾਂ। ਦੇਸ਼ ਦੇ ਕਈ ਹਿੱਸਿਆਂ ਵਿਚ ਦੰਗਿਆਂ ਦਾ ਰੂਪ ਅਖ਼ਤਿਆਰ ਕਰ ਲੈਂਦੇ ਹਾਂ। ਅਸਲ ਵਿਚ ਸੰਪਰਦਾਇਕ ਇਕ ਅਜਿਹੀ ਬਿਮਾਰੀ ਹੈ ਜਿਸ ਨੇ ਦੇਸ਼ ਨੂੰ ਪੂਰੀ ਤਰ੍ਹਾਂ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਹੈ। ਭਾਰਤ ਵਿਚ ਫਿਰਕਾਪ੍ਰਸਤੀ ਦੀ ਨੀਂਹ ਰੱਖਣ ਵਾਲਾ ਸੰਘ ਪਰਿਵਾਰ ਅੱਜ ਪੂਰੀ ਤਰ੍ਹਾਂ ਤਾਕਤਵਰ ਹੋ ਚੁੱਕਾ ਹੈ। ਸੰਘ ਦੀ ਅੰਗਰੇਜ਼ਾਂ ਵਾਲੀ ਨੀਤੀ ਹੀ ਹੈ ਵੰਡੋ ਤੇ ਰਾਜ ਕਰੋ। ਆਰ.ਐਸ.ਐਸ. ਦਾ ਨਿਸ਼ਾਨਾ ਰਾਸ਼ਟਰ ਨੂੰ ਧਰਮ ਦੀਆਂ ਮਜ਼ਬੂਤ ਨੀਹਾਂ 'ਤੇ ਖੜ੍ਹਾ ਕਰਨਾ ਉਸ ਵਿਚ ਆਪਣੀ ਨਵੀਂ ਊਰਜਾ ਭਰਨਾ ਇਕ ਕਿਸਮ ਨਾਲ ਹਿੰਦੂ ਸਮਾਜ ਨੂੰ ਜੋੜਨ ਦਾ ਕੰਮ ਆਪਣੇ ਮੋਢਿਆਂ 'ਤੇ ਲੈ ਕੇ ਰਾਸ਼ਟਰ ਵਿਚ ਹਿੰਦੂਤਵ ਦੀ ਨਵੀਂ ਊਰਜਾ ਭਰਨ ਦਾ ਟੀਚਾ ਰਿਹਾ ਹੈ ਜਿਸ ਵਿਚ ਅੱਜ ਉਹ ਕਾਮਯਾਬ ਹੋ ਰਹੇ ਹਨ। ਇਹ ਹਕੀਕਤ ਹੈ ਕਿ ਸਵਰਕਰ ਨੇ ਦੋ ਕੌਮਾਂ ਦਾ ਸਿਧਾਂਤ ਪੇਸ਼ ਕੀਤਾ ਸੀ ਜਿਨ੍ਹਾਂ ਵਿਚ ਹੋਰ ਹਿੰਦੂ ਮਹਾਂ ਸਭਾ ਦੇ ਡਾ. ਮੂਨਜੇ, ਹਿੰਦੂ ਯੂਨੀਵਰਸਿਟੀ ਦੇ ਸੰਸਥਾਪਕ ਪੰਡਿਤ ਮਦਨ ਮੋਹਨ ਮਾਲਵੀਆ, ਭਾਈ ਪ੍ਰਮਾਨੰਦ, ਸਵਾਮੀ ਸ਼ਰਧਾਨੰਦ ਅਤੇ ਬੰਕਿਮ ਚੰਦਰ ਚਟੋਉਪਧਿਆਇ ਆਦਿ ਵਰਗਿਆਂ ਨੇ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਸੀ। ਵਰ੍ਹਾ 1990 ਤੱਕ ਆਰ.ਐਸ.ਐਸ. ਦੇ 10 ਕਰੋੜ ਮੈਂਬਰ ਬਣ ਚੁੱਕੇ ਸਨ ਜਿਨ੍ਹਾਂ ਵਿਚ ਅਟਲ ਬਿਹਾਰੀ ਵਾਜਪਾਈ, ਐਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਓਮਾ ਭਾਰਤੀ ਸ਼ਾਮਲ ਸਨ। ਇਨ੍ਹਾਂ ਵਿਚੋਂ ਵਰ੍ਹਾ 2002 ਦੀ ਖੁਸ਼ਵੰਤ ਸਿੰਘ ਦੀ ਭਵਿੱਖਬਾਣੀ ਅਨੁਸਾਰ ਨਰਿੰਦਰ ਮੋਦੀ ਅੱਜ ਕੱਲ੍ਹ ਸੱਜੇ-ਪੱਖੀ ਹਿੰਦੂਆਂ ਦਾ ਮੁੱਖ ਚਿਹਰਾ ਹਨ ਜਿਸ ਨੇ ਗੁਜਰਾਤ ਵਿਚ ਤਾਂਡਵ ਰਚਾਇਆ। ਆਰ.ਐਸ.ਐਸ. ਮੁਸਲਮਾਨ, ਈਸਾਈਆਂ ਤੇ ਖੱਬੇਪੱਖੀਆਂ ਦੇ ਵਿਰੋਧ ਸੀ ਅਤੇ ਹੈ। ਜਿਹੜੀ ਪਾਰਟੀ 1984 ਵਿਚ ਸਿਰਫ਼ ਦੋ ਸੰਸਦ ਮੈਂਬਰ ਹੀ ਰੱਖਦੀ ਸੀ 1991 ਵਿਚ 117 'ਤੇ ਪਹੁੰਚ ਗਈ ਅਤੇ ਹੁਣ ਆਪਣੇ ਸਹਿਯੋਗੀਆਂ ਨਾਲ ਦੇਸ਼ ਚਲਾ ਰਹੀ ਹੈ। ਸ਼ਾਇਦ ਭਵਿੱਖ ਵਿਚ ਇਕੱਲੀ ਹੀ ਚਲਾਵੇ। ਹਕੀਕਤ ਵਿਚ ਇਸ ਵਧੇ ਹੋਏ ਸੰਘ ਪਰਿਵਾਰ ਦੇ ਬਹੁਤੇ ਮੈਂਬਰ ਆਪਣੇ ਆਪ ਨੂੰ ਦੇਸ਼ ਦੇ ਕਾਨੂੰਨ ਤੋਂ ਉਪਰ ਸਮਝਦੇ ਹਨ ਜਿਵੇਂ ਉਨ੍ਹਾਂ ਨੇ ਭਾਰਤੀਆਂ ਦੀ ਕਿਸਮਤ ਦਾ ਫੈਸਲਾ ਕਰਨ ਦਾ ਅਧਿਕਾਰ ਹੀ ਲੈ ਲਿਆ ਹੋਵੇ। ਵੱਖ ਵੱਖ ਪੱਧਰ ਦੇ ਵੱਖਵਾਦੀਆਂ ਭਾਵਨਾਵਾਂ, ਡਰਾਉਣੇ ਸੁਪਨੇ ਲੈ ਕੇ ਆ ਰਹੀਆਂ ਹਨ।




ਪੁਸਤਕ ਦੇ ਅੰਤਲੇ ਪੰਨਿਆਂ 'ਤੇ ਖੁਸ਼ਵੰਤ ਸਿੰਘ ਦਰਜ ਕਰਦੇ ਹਨ ਕਿ ਮੈਂ ਆਪਣੇ ਧਰਮ ਨੂੰ ਅਜਮਾਏ ਹੋਏ ਮੁਹਾਵਰੇ ਵਿਚ ਹੀ ਰਹਾਂ ਅਤੇ ਕਹਾਂਗਾ, 'ਵਧੀਆ ਜ਼ਿੰਦਗੀ ਹੀ ਅਸਲੀ ਧਰਮ ਹੈ, ਇੰਗਰਸੋਲ ਦੇ ਲਫ਼ਜ਼ਾਂ ਵਿਚ ਖੁਸ਼ੀ ਦੀ ਅਸਲੀ ਚੰਗਿਆਈ ਉਹੀ ਪਲ ਹੁੰਦੇ ਹਨ ਜਦੋਂ ਤੁਸੀਂ ਦੂਸਰਿਆਂ ਦੀ ਮਦਦ ਕਰਦੇ ਹੋ।' ਉਨ੍ਹਾਂ ਸਾਰੀਆਂ ਸਥਿਤੀਆਂ ਦਾ ਨਿਚੋੜ ਕੱਢਦਿਆਂ ਕਿਹਾ, "ਇੰਨੇ ਰੱਬ, ਇੰਨੇ ਧਰਮ, ਇੰਨੇ ਰਾਹ ਕਿ ਭਟਕਦੇ ਫਿਰੋ ਜਦੋਂ ਕਿ ਉਦਾਸ ਦੁਨੀਆ ਨੂੰ ਸਿਰਫ਼ ਦਿਆਵਾਨ ਹੋਣ ਦੀ ਕਲਾ ਦੀ ਲੋੜ ਹੈ।" ਇਸ ਕਰਕੇ ਸਮਾਂ ਵਿਅਰਥ ਨਾ ਗਵਾਉ, ਸਮਾਂ ਹੀ ਰੱਬ ਹੈ।



# ਪੰਜਾਬੀ ਪਰਿਵਾਰਕ ਪਿਕਨਿਕ 2023, ਸੀਡਰਵੁਡਪਾਰਕ ਮਾਰਖਮ



ਬੀਤੇ ਦਿਨੀਂ ਸੀਡਰਵੁਡਪਾਰਕ ਮਾਰਖਮ ਵਿਖੇ ਪਿਛਲੇ ਸਾਲ ਦੀ ਤਰ੍ਹਾਂ, ਪੰਜਾਬੀ ਪਰਿਵਾਰਕ ਪਿਕਨਿਕ ਮਨਾਈ ਗਈ। ਇਹ ਸਮਾਗਮ ਪੰਜਾਬੀ ਕਲਚਰਲ ਸੋਸਾਇਟੀ ਆਫ਼ ਟੋਰਾਂਟੋ ਦੀ ਦੇਖ ਰੇਖ ਹੇਠ ਕਰਵਾਇਆ ਗਿਆ ਜੋ 3 ਵਜੇ ਤੋਂ 6 ਵਜੇ ਤੱਕ ਚਲਿਆ। ਇਸ ਵਿਚ ਲੋਕਲ ਪਰਿਵਾਰਾਂ ਨੇ ਬੁੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਇਹ ਬੜੇ ਖ਼ੁਸ਼ਗਵਾਰ ਮਾਹੌਲ ਵਿਚ ਨੇਪਰੇ ਚੜ੍ਹਆ। ਸਮਾਗਮ ਦੌਰਾਨ ਸ. ਸੁਰਿੰਦਰ ਸਿੰਘ ਭੁੱਲਰ ਹੁਰਾਂ ਆਏ ਪਰਿਵਾਰਾਂ ਨੂੰ ਜਿੱਥੇ ਜੀ ਆਇਆ ਆਖਿਆ ਉੱਥੇ ਉਹਨਾਂ ਵੱਲੋਂ ਕੀਤੀ ਗਈ ਮਾਇਕ ਸਹਾਇਤਾ ਲਈ ਵੀ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਜ਼ੁੰਮੇਵਾਰੀ ਸ. ਅਮਰਜੀਤ ਸਿੰਘ ਚਾਹਲ ਨੇ ਨਿਵੇਕਲੇ ਢੰਗ ਨਾਲ ਨਿਭਾਈ ਜਿਸ ਵਿਚ ਉਨ੍ਹਾਂ ਬੁਲਾਰੇ ਦੇ ਬੋਲਾਂ ਤੋਂ ਬਾਦ ਉਨ੍ਹਾਂ ਦੇ ਕਥਨ ਦੀ ਪੁਸ਼ਟੀ ਢੁਕਵੇਂ ਉਰਦੂ ਦੇ ਸ਼ੇਹਰਾਂ ਦੁਆਰਾ ਕੀਤੀ। ਸ. ਪ੍ਰੇਮ ਸਿੰਘ / ਪਵਿੱਤਰ ਸਿੰਘ ਦੀ ਜੋੜੀ ਨੇ ਗੀਤਾਂ ਅਤੇ ਕਵਿਤਾਵਾਂ ਰਾਹੀਂ ਖ਼ੂਬ ਰੰਗ ਬੰਨ੍ਹ ?ਆ ਅਤੇ ਲੋਕਾਂ ਦੀ ਸਿਫ਼ਾਰਿਸ਼ ਤੇ ਬਾਰ ਬਾਰ ਸਟੇਜ ਤੇ ਹਾਜ਼ਰੀ ਲਗਵਾਈ। ਅਨੇਕ ਗਜ਼ਲਾਂ ਅਤੇ ਗੀਤ ਸ. ਸੁਰਿੰਦਰ ਸਿੰਘ ਭੁਲਰ ਹੁਰਾਂ ਗਾਏ ਅਤੇ ਉਨ੍ਹਾਂ ਦੇ ਗੀਤ ਸ. ਪ੍ਰੇਮ ਸਿੰਘ/ਪਵਿੱਤਰ ਸਿੰਘ ਦੀ ਜੋੜੀ ਨੇ ਵੀ ਪੇਸ਼ ਕੀਤੇ। ਇਕ ਛੋਟੇ ਬਚੇ ਅਮਰੀਕ ਸਿੰਘ ਨੇ ਇਕ ਛੋਟਾ ਜਿਹਾ ਸ਼ਬਦ ਗਾਇਆ। ਸ. ਹਰਪ੍ਰੀਤ ਸਿੰਘ ਅਤੇ ਸ. ਸਰਦੂਲ ਸਿੰਘ ਨੇ ਵੀ ਆਈ ਸੰਗਤ ਨੂੰ ਸੰਬੋਧਨ ਕੀਤਾ। ਸ. ਸੋਹਣ ਸਿੰਘ ਢੀਂਡਸਾ ਨੇ ਪੰਜਾਬੀ ਕਲਚਰਲ ਸੋਸਾਇਟੀ ਬਾਰੇ ਦੱਸਦਿਆਂ ਹੋਇਆਂ ਅਏ ਪਰਿਵਾਰਾਂ ਪਾਸੋਂ ਵਧ ਚੜ੍ਹ ਕੇ ਸਹਿਯੋਗ ਦੀ ਮੰਗ ਕੀਤੀ। ਇਸ ਤੋਂ ਬਾਦ ਲੇਡੀਜ਼ ਵੱਲੋਂ ਪੰਜਾਬੀ ਗਿੱਧਾ ਅਤੇ ਬੋਲੀਆਂ ਦਾ ਬਹੁਤ ਵਧੀਆ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦੀ ਹੌਸਲਾ ਅਫ਼ਜ਼ਾਈ ਸ. ਭੁੱਲਰ ਜੀ ਨੇ ਸਟੇਜ ਤੋਂ ਬੋਲੀਆਂ ਬੋਲ ਕੇ ਕੀਤੀ ਅਤੇ ਬੀਬੀਆਂ ਦਾ ਮੌਕੇ ਤੇ ਹੀ ਗਰਮ ਪਕੌੜੇ ਜਲੇਬੀਆਂ ਤਿਆਰ ਕਰਨ ਲਈ ਧੰਨਵਾਦ ਕਤਿਾ। ਅਖੀਰ ਤੇ ਸ. ਪਰੇਮ ਸਿੰਘ/ਪਵਿੱਤਰ ਸਿੰਘ ਅਤੇ ਸ. ਅਵਤਾਰ ਸਿੰਘ ਕੰਗ ਨੂੰ ਉਨ੍ਹਾਂ ਦੀਆਂ ਸੇਵਾਵਾਂ ਸਦਕਾ ਸਟੇਜ ਪ੍ਰਬੰਧਕਾਂ ਵੱਲੋਂ ਸਿਰੋਪਾਉ ਭੇਟ ਕੱਤੀ ਗਏ। ਇਕੱਤਰਤਾ ਵੱਲੋਂ ਅਗਲੇ ਸਾਲ ਫਿਰ ਪੰਜਾਬੀ ਪਰਿਵਾਰ ਪਿਕਨਿਕ ਇਸ ਸਾਲ ਨਾਲੋਂ ਵੀ ਵਧ ਚੜ੍ਹ ਕੇ ਮਨਾਉਣ ਦਾ ਫ਼ੈਸਲਾ ਲਿਆ ਗਿਆ।

# ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ

ਸੁਨਾਮ, (ਬਲਜਿੰਦਰ ਸਿੰਘ ਪਟਿਆਲਾ) : ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਵੱਲੋ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ 24 ਸਤੰਬਰ ਤੇ ਲੈਕਚਰ ਤੇ ਕਵੀ ਦਰਬਾਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਦਾ ਇੰਟਰਨੈਸ਼ਨਲ ਆਕਸਫੋਰਡ ਸਕੂਲ ਵਿੱਚ ਕਰਵਾਇਆ ਗਿਆ।









ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਦੇ ਲੜਕੇ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਭਗਤ ਸਿੰਘ ਆਪਣੇ ਸਾਥੀਆਂ ਤੋਂ ਬਿਨਾਂ ਅਧੂਰਾ ਸੀ। ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਜਿਸ ਤਰ੍ਹਾਂ ਦੀ ਆਜ਼ਾਦੀ ਦਾ ਸੁਪਨਾ ਲਿਆ ਸੀ ਉਹ ਅੱਜ ਵੀ ਅਧੂਰਾ ਹੈ। ਉਹਨਾਂ ਨੂੰ ਲੋਕਾਂ ਦੇ ਦਿਲਾਂ ਵਿਚੋਂ ਖਤਮ ਨਹੀਂ ਕੀਤਾ ਜਾ ਸਕਦਾ। ਉਹ ਅੱਜ ਵੀ ਲੋਕਾਂ ਦੇ ਦਿਲਾਂ ਵਿਚ ਜਿਉਂਦੇ ਹਨ।

ਇਸ ਸਮੇਂ ਜਮਹੂਰੀ ਅਧਿਕਾਰ ਇਕਾਈ ਸੰਗਰੂਰ ਦੇ ਪ੍ਰਧਾਨ ਸਵਰਨਜੀਤ ਸਿੰਘ ਤੇ ਮਨਧੀਰ ਸਿੰਘ, ਲੋਕ ਚੇਤਨਾ ਮੰਚ ਵੱਲੋਂ ਨਾਮਦੇਵ ਭੁਟਾਲ ਜੀ, ਦੇਸ਼ ਭਗਤ ਯਾਦਗਾਰ ਕਮੇਟੀ ਲੌਂਗੋਵਾਲ ਵੱਲੋਂ ਸਕੱਤਰ ਜੁਝਾਰ ਲੌਂਗੋਵਾਲ ਤੇ ਗੁਰਮੇਲ ਲੌਂਗੋਵਾਲ ਤੇ ਲੋਕ ਪੱਖੀ ਆਗੂ ਚਰਨਜੀਤ ਪਟਵਾਰੀ ਜੀ ਵੀ ਸ਼ਾਮਿਲ ਹੋਏ।

ਮੰਚ ਵੱਲੋ ਇੱਕ ਕਵੀ ਦਰਬਾਰ ਵੀ ਕਰਵਾਇਆ ਗਿਆ ।ਜਿਸ ਵਿਚ ਇਲਾਕੇ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਤੇ ਮੌਜੂਦ ਲੋਕਾਂ ਦੀ ਵਾਹ ਵਾਹ ਖੱਟੀ।

ਪ੍ਰਸਿੱਧ ਲੋਕ ਪੱਖੀ ਕਵੀਆਂ ਤੇ ਕਵਿਤਰੀਆਂ, ਸੱਤਪਾਲ ਭੀਖੀ, , ਡਾ. ਸੰਤੋਖ ਸਿੰਘ ਸੁੱਖੀ, ਰਾਜਵਿੰਦਰ ਕੌਰ ਜਟਾਣਾਂ, ਰਣਜੀਤ ਸਿੰਘ ਧੂਰੀ, ਨਰਿੰਦਰ ਪਾਲ ਕੌਰ, ਜਸਵੀਰ ਚੋਟੀਆਂ, ਬਲਜੀਤ ਨਮੋਲ, ਕਮਲਜੀਤ ਜਲੂਰ, ਸੰਦੀਪ ਸੋਖਲ ਬਾਦਸ਼ਾਹਪੁਰ , ਮਨਪ੍ਰੀਤ ਕੌਰ, ਸੁਪਿੰਦਰ ਭਾਰਤਵਾਜ, ਜਗਦੀਸ਼ ਪਾਪੜਾ ਪਰਮਿੰਦਰ ਸਿੰਘ, ਰੋਹਿਤ ਕੌਸ਼ਿਕ ਨੇ ਆਪਣੀ ਹਾਜ਼ਰੀ ਲਗਵਾਈ।

ਸਟੇਜ ਸਕੱਤਰ ਦੀ ਭੂਮਿਕਾ ਪ੍ਰਿੰਸੀਪਲ ਅਨਿਲ ਕੁਮਾਰ ਨੇ ਨਿਭਾਈ । ਮੰਚ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਮੰਚ ਸੰਬੰਧੀ ਤੇ ਉਸ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਸਰਗਰਮੀਆਂ ਬਾਰੇ ਦੱਸਿਆ। ਇਸ ਸਮੇਂ ਮੰਚ ਦੀ ਆਗੂ ਟੀਮ ਦੇ ਹਰਦੇਵ ਸਿੰਘ, ਨਰੇਸ਼ ਕੁਮਾਰ, ਰਾਮ ਸਰੂਪ ਢੈਪਈ, ਸੰਜੀਵ ਕੁਮਾਰ , ਸੁਖਜਿੰਦਰ ਸਿੰਘ, ਬਲਜੀਤ ਨਮੋਲਨੈਬ ਸਿੰਘ, ਗੁਰਮੇਲ ਸਿੰਘ,ਪਵਨ ਕੁਮਾਰ, ਪਦਮ ਕੁਮਾਰ, ਬੇਅੰਤ ਸਿੰਘ ,ਗਗਨਦੀਪ, ਮਨਪ੍ਰੀਤ, ਦਰਸ਼ਨ ਸਮੇਤ ਸਾਰੇ ਸਾਥੀਆਂ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੂਰਨ ਸਹਿਯੋਗ ਦਿੱਤਾ।

The Chaat Bar & Parontha Place
403-460-0405 | 403-478-8324
2030-6004 Country Hills Blvd, NE
Calgary AB T3N 1A8
info@chaatbar.ca | www.chaatbar.ca
Contact For Catering

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

We Provide Following Insurance Services
• SUPER VISA /TRAVEL INSURANCE
• DISABILITY INSURANCE
• MEDICAL AND DENTAL PLANS
• CRITICAL ILLNESS INSURANCE
• LIFE INSURANCE (TERM OR WHOLE LIFE)
• MORTGAGE OR LOAN INSURANCE
• RESP (CHILDREN EDUCATION PLANS)
• RRSP (RETIREMENT SAVING PLANS)
• INVESTMENTS (SEG FUNDS)
• NO MEDICAL OR FUNERAL INSURANCE
Aman Gill
Financial Security Advisor
2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com
Desjardins Financial Security Independent Network · CPP · Great-West · BMO · RBC Royal Bank · Equitable Life of Canada · iA Financial Group · Manulife Financial · Canada Life · Foresters · ivari

PUNJABI SWEETS House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪੰਹੁਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

# 'ਚਿੱਟਾ ਦੇ ਗਿਆ ਚਿੱਟੀਆਂ ਚੁੰਨੀਆਂ ਸਿਰ ਮੁਟਿਆਰਾਂ ਦੇ' ਗੀਤ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਸਾਹਿਤਕ ਪ੍ਰੋਗਰਾਮ ਵਿੱਚ ਪੇਸ਼

ਮਾਂ ਬੋਲੀ ਪੰਜਾਬੀ ਦੇ ਸਰਵਪੱਖੀ ਵਿਕਾਸ ਲਈ ਆਪਣੀ ਪਿਰਤ ਨੂੰ ਕਾਇਮ ਰੱਖਦਿਆਂ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਕੈਂਟ ਸਿਆਟਲ ਵਿਖੇ ਗੀਤਾਂ ਕਵਿਤਾਵਾਂ ਅਤੇ ਸ਼ੁਭ ਵਿਚਾਰਾਂ ਦਾ ਇਕ ਸਾਹਿਤਕ ਪ੍ਰੋਗਰਾਮ ਜੋ ਪੰਜਾਬੀਅਤ ਨੂੰ ਸਮਰਪਿਤ ਸੀ, ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸਰੀ ਰਹਿੰਦੇ, ਅਮਰੀਕਾ ਕੈਨੇਡਾ ਦੀ ਧਰਤੀ ਤੇ ਪੰਜਾਬੀ ਨਾਟਕ ਨੂੰ ਪ੍ਰਫੁਲਤ ਕਰਨ ਅਤੇ ਲੋਕ ਪੱਖੀ ਸੰਘਰਸ਼ਾਂ ਦੀ ਅਗਵਾਈ ਕਰਨ ਵਾਲੇ ਭੈਣ ਪਰਮਿੰਦਰ ਕੌਰ ਸਵੈਚ ਜੀ ਅਤੇ ਉਹਨਾਂ ਦੇ ਜੀਵਨ ਸਾਥੀ ਮਲਕੀਤ ਸਿੰਘ ਸਵੈਚ ਜੀ ਸਨ। ਉਹਨਾਂ ਦੇ ਨਾਲ ਵਿਸ਼ੇਸ਼ ਤੌਰ 'ਤੇ ਕਰਨੈਲ ਸਿੰਘ ਸਿੱਧੂ, ਕਮਲਜੀਤ ਕੌਰ ਸਿੱਧੂ, ਅਮਰਜੀਤ ਕੌਰ ਅਤੇ ਜੈਸਮੀਨ ਆਏ ਹੋਏ ਸਨ।

'ਆਪਣੇ ਕੰਮਾਂ ਨਾਲ ਮਿਲੀ ਪਹਿਚਾਣ ਚਿਰ ਸਥਾਈ ਹੁੰਦੀ ਹੈ' ਦੇ ਸਮਰਥਕ ਸਭਾ ਦੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਦੇ ਆਗਮਨ ਤੇ ਅਦਬੀ-ਸਤਿਕਾਰ ਕਰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਗੀਤਾਂ ਵਰਗੇ ਸ਼ਬਦਾਂ ਨਾਲ ਕੀਤੀ। ਸਭਾ ਦੇ ਪ੍ਰਧਾਨ ਬਲਿਹਾਰ ਲੇਹਲ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਵਿਰਾਸਤ 'ਚ ਮਿਲੀ ਜੁਝਾਰੂ ਅਤੇ ਸਾਹਿਤਕ ਸੋਚ ਦੀ ਮਾਲਕ ਤੇ ਇਸ ਉਪਰ ਸੁਹਿਰਦਤਾ ਨਾਲ ਪਹਿਰਾ ਦੇਣ ਵਾਲੀ ਕਵਿੱਤਰੀ ਅਤੇ ਨਾਟਕਕਾਰਾ-ਵਿਦਿਆਰਥੀ, ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ, ਪਾਖੰਡੀ ਬਾਬਿਆਂ ਦੇ ਅੰਧ ਵਿਸ਼ਵਾਸੀ ਮੱਕੜ ਜਾਲ ਤੋਂ ਲੋਕਾਂ ਨੂੰ ਸੁਚੇਤ ਕਰਨ ਵਾਲੀ ਪਰਮਿੰਦਰ ਕੌਰ ਦੀਆਂ ਛਪੀਆਂ ਪੁਸਤਕਾਂ, ਲਹਿਰਾਂ ਦੀ ਵੇਦਨਾ (ਕਾਵਿ ਸੰਗ੍ਰਹਿ), ਭਲਾ ਮੈਂ ਕੌਣ (ਨਾਟ ਸੰਗ੍ਰਹਿ), ਮੁਖੌਟਿਆਂ ਦੇ ਆਰ ਪਾਰ (ਕਾਵਿ ਸੰਗ੍ਰਹਿ), ਬਲਦੇ ਬਿਰਖ (ਲਘੂ ਨਾਟ ਸੰਗ੍ਰਹਿ), ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ (ਨਾਟਕ-ਸੰਗ੍ਰਹਿ) ਦਾ ਜ਼ਿਕਰ ਕਰਦਿਆਂ ਉਹਨਾਂ ਨੂੰ ਸਟੇਜ ਤੇ ਆਉਣ ਦਾ ਸੁਨੇਹਾ ਦਿੱਤਾ।





ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸੱਦੇ ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ, ਪਰਮਿੰਦਰ ਕੌਰ ਸਵੈਚ ਜੀ ਨੇ ਆਪਣੇ ਲੋਕ-ਪੱਖੀ ਸੰਘਰਸ਼ਾਂ ਦੀ ਜਾਣਕਾਰੀ ਦਿੱਤੀ। ਉਹਨਾਂ ਦਾ ਮੰਨਣਾ ਹੈ ਕਿ ਲੇਖਕ ਕੋਲ ਤੀਜੀ ਅੱਖ ਹੁੰਦੀ ਹੈ ਜਿਸ ਨਾਲ ਉਹ ਸਮਾਜ ਨੂੰ ਵਿਸ਼ਲੇਸ਼ਣਾਤਮਕ ਲਹਿਜ਼ੇ ਨਾਲ ਵੇਖਦਾ ਹੈ। ਕੈਨੇਡਾ ਦੇ ਸਮਾਜ ਵਿੱਚ ਵੱਧ ਰਹੇ ਨਸ਼ਿਆਂ ਦੇ ਰੁਝਾਨ, ਗੈਂਗਵਾਰਾਂ ਦਾ ਬੋਲ-ਬਾਲਾ, ਪਨਪ ਰਹੇ ਨਵੇਂ ਵਰਤਾਰੇ (ਗੇਆਂ) ਆਦਿ ਬਾਰੇ ਉਹਨਾਂ ਆਪਣਾ ਨਜ਼ਰੀਆਂ ਪੇਸ਼ ਕੀਤਾ, ਆਪਣੀਆਂ ਦੋ ਜੁਝਾਰਵਾਦੀ ਨਜ਼ਮਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਅੱਜ ਕਵੀ ਦਰਬਾਰ ਦਾ ਆਗਾਜ਼ ਪਰਿਵਾਰਕ ਗੀਤਾਂ ਦੇ ਰਚੇਤਾ, ਸਭਾ ਦੇ ਸਰਪ੍ਰਸਤ ਸ਼ਿੰਗਾਰ ਸਿੰਘ ਸਿੱਧੂ ਦੇ ਗੀਤ, 'ਮਾਪੇ ਜੱਗ ਤੇ ਜਿਉਣ ਸਦਾ, ਧੀਆਂ ਦੀ ਅਰਜ਼ੋਈ' ਨਾਲ ਹੋਇਆ। ਸਭਾ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮ ਪੁਰੀ ਨੇ ਕਵਿਤਾ (ਸ਼ਕਲੋਂ ਜੋ ਇਨਸਾਨ ਹੈ ਦਿਸਦਾ, ਅਕਲੋਂ ਕਿਵੇਂ ਹੈਵਾਨ ਹੋਇਆ ਹੈ), ਸਭਾ ਦੇ ਸਤਿਕਾਰਿਤ ਅਹੁਦੇਦਾਰ ਹਰਦਿਆਲ ਸਿੰਘ ਚੀਮਾ ਜੀ ਨੇ ਕਵਿਤਾ (ਜੱਗ ਉਤੇ ਸ਼ਾਂਤੀ ਦਾ ਮਾਹੌਲ ਜੇ ਹੋਵੇ ਤਾਂ ਦੁਨੀਆਂ ਸਵਰਗ ਸਰੂਪ ਬਣ ਜਾਵੇ), ਸ਼ਬਦ ਤ੍ਰਿੰਜਣ ਮੈਗਜ਼ੀਨ ਦੇ ਸੰਪਾਦਕ ਵਿਅੰਗਕਾਰ ਮੰਗਤ ਕੁਲਜਿੰਦ ਨੇ ਸੱਭਿਆਚਾਰਕ ਗੀਤ (ਇੱਲਾਂ ਤੇ ਕਾਵਾਂ ਰਲ ਕੇ ਪੁੱਛੇ ਸਿਰਨਾਵੇਂ ਬਈ ਕਿਧਰ ਗਏ ਬੋਹੜ ਟਾਹਲੀਆਂ ਪਿੱਪਲ ਪਰਛਾਵੇਂ ਬਈ), ਸਭਾ ਦੇ ਮੀਤ ਸਕੱਤਰ ਸਾਧੂ ਸਿੰਘ ਝੱਜ ਨੇ ਕਵਿਤਾ-ਕਿਉਂ ਮੋਇਆ ਨੂੰ ਪੂਜੀ ਜਾਂਦਾ ਏ ਜਿਉਂਦਿਆਂ ਨੂੰ ਪੁੱਛਿਆ ਨਹੀਂ", ਲੇਖਕ ਗਾਇਕ ਬਲਬੀਰ ਲਹਿਰਾ ਨੇ 'ਚਿੱਟਾ ਦੇ ਗਿਆ ਚਿੱਟੀਆਂ ਚੁੰਨੀਆਂ ਸਿਰ ਮੁਟਿਆਰਾਂ ਦੇ', ਗੀਤ ਪੇਸ਼ ਕੀਤੇ। ਪੰਜਾਬ ਪ੍ਰਤੀ ਮਨ 'ਚ ਦਰਦਾਂ ਦੀ ਕਸਕ ਜਗੀਰ ਸਿੰਘ ਦੀ ਕਵਿਤਾ ਵਿੱਚ ਉਜਾਗਰ ਹੋ ਰਹੀ ਸੀ। ਸਟੇਜ ਸਕੱਤਰ ਦੀ ਡਿਊਟੀ ਨੂੰ ਬਾਖ਼ੂਬੀ ਨਿਭਾਉਦਿਆਂ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਸਮੇਂ ਸਮੇਂ ਤੇ ਇਨਸਾਨੀਅਤ ਲਈ ਚੰਗੇ ਵਿਚਾਰਾਂ ਤੋਂ ਸਰੋਤਿਆਂ ਨੂੰ ਜਾਣੂੰ ਕਰਵਾਇਆ। ਸਮਾਜ ਅਤੇ ਮਾਨਵ ਦੇ ਸਰਵਪੱਖੀ ਵਿਕਾਸ ਲਈ ਖੋਜੀ ਪ੍ਰਵਿਰਤੀ ਅਪਨਾਉਣ ਤੇ ਨਵੀਨ ਰਾਏ ਨੇ ਜ਼ੋਰ ਦਿੱਤਾ। ਇਤਿਹਾਸ ਦੀਆਂ ਗੁੱਝੀਆਂ ਗੱਲਾਂ ਨਾਲ ਸਾਂਝ ਪਵਾਉਣ ਦਾ ਕਾਰਜ ਕਰ ਰਹੇ ਜੰਗਪਾਲ ਸਿੰਘ ਨੇ ਮੁਹੰਮਦ ਜਿਨਾਹ ਦੇ ਘਰ ਬਾਰੇ ਕੀਮਤੀ ਜਾਣਕਾਰੀ ਸਾਂਝੀ ਕੀਤੀ। ਹਰਜਿੰਦਰ ਸਿੰਘ ਸੰਧਾਵਾਲੀਆ ਨੇ ਆਪਣੀ ਆਉਣ ਵਾਲੀ ਫਿਲਮ 'ਨਾਰੀ ਨਹੀਂ ਵਿਚਾਰੀ' ਬਾਰੇ ਜਾਣਕਾਰੀ ਸਾਂਝੀ ਕੀਤੀ। ਜਸਵੀਰ ਕੌਰ ਜੀ ਨੇ ਕਵਿਤਾ, ਹਰਪਾਲ ਸਿੰਘ ਸਿੱਧੂ ਨੇ ਕਵਿਤਾ 'ਇਨਸਾਨ ਤੋਂ ਇਨਸਾਨ ਕਿਉਂ ਦੂਰ ਹੁੰਦਾ ਜਾ ਰਿਹਾ ਹੈ ਨਜ਼ਮ ਅਤੇ ਡਾ.ਜਸਬੀਰ ਕੌਰ ਜੀ ਨੇ ਬੰਦੇ ਨੂੰ ਰੱਬ ਦਾ ਸ਼ੁਕਰ ਮਨਾਉਣ ਦੀ ਨਸੀਹਤ ਆਪਣੀ ਕਵਿਤਾ ਰਾਹੀਂ ਦਿੱਤੀ। ਬਲਿਹਾਰ ਸਿੰਘ ਲੇਹਲ ਨੇ ਅਤੇ ਪ੍ਰਿਤਪਾਲ ਸਿੰਘ ਟਿਵਾਣਾ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਿਆਟਲ ਵੱਸਦੇ ਅਨੇਕਾਂ ਗੀਤਾਂ ਨੂੰ ਆਪਣੀ ਆਵਾਜ਼ 'ਚ ਰਿਕਾਰਡ ਕਰਵਾ ਚੁੱਕੇ ਅਵਤਾਰ ਬਿੱਲਾ ਨੇ ਆਪਣੀ ਕਲਮ ਸਿਰਜਣਾ ਗੀਤ 'ਬੜੀ ਸਾਂਭ ਸਾਂਭ ਕੇ ਰੱਖੀ ਮੇਰੇ ਬਾਪੂ ਦੀ ਨਿਸ਼ਾਨੀ, ਨੂੰ ਆਪਣੀ ਬੁਲੰਦ ਆਵਾਜ਼ ਵਿੱਚ ਗਾ ਕੇ ਰੰਗ ਬੰਨ੍ਹ ਦਿੱਤਾ।

ਆਏ ਹੋਏ ਮਹਿਮਾਨਾਂ ਨੂੰ ਸਭਾ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਹਰਦਿਆਲ ਸਿੰਘ ਚੀਮਾ ਜੀ ਦੇ ਨਵੇਂ ਛਪੇ ਕਾਵਿ ਸੰਗ੍ਰਹਿ 'ਕਿਰਤੀ ਸੰਘਰਸ਼ ਜਾਰੀ ਹੈ' ਨੂੰ ਲੋਕ ਅਰਪਣ ਕੀਤਾ ਗਿਆ। ਲਾਲੀ ਸੰਧੂ, ਜਸਵਿੰਦਰ ਲੇਹਲ, ਰਵਿੰਦਰ ਕੌਰ, ਸ਼ਾਹ ਨਿਵਾਜ਼ ਜੀ, ਜਸਵੀਰ ਸਿੰਘ ਸਹੋਤਾ, ਹਰਪਰੀਤ ਸਿੰਘ, ਨਵਦੀਪ ਸਿੰਘ ਹੇਅਰ, ਅਨਮੋਲ ਸਿੰਘ, ਬਘੇਲ ਸਿੰਘ ਚੀਮਾ, ਭੁਪਿੰਦਰ ਸਿੰਘ ਹੇਅਰ ਅੱਜ ਦੇ ਸਮਾਗਮ ਦੀ ਸ਼ੋਭਾ ਵਧਾ ਰਹੀਆਂ ਸ਼ਖਸ਼ੀਅਤਾਂ ਸਨ। ਅੰਤ ਵਿੱਚ ਸਭਾ ਦੇ ਖਜ਼ਾਨਚੀ ਹਰਪਾਲ ਸਿੰਘ ਸਿੱਧੂ ਨੇ ਸਮਾਗਮ ਦਾ ਹਿੱਸਾ ਬਣੇ ਸਾਰੇ ਦਰਸ਼ਕਾਂ-ਸਰੋਤਿਆਂ ਅਤੇ ਪ੍ਰੋਗਰਾਮ ਦੀ ਕਾਮਯਾਬੀ ਲਈ ਯਤਨ ਕਰ ਰਹੀਆਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਸ਼ੁਰੂ ਤੋਂ ਲੈ ਕੇ ਅੰਤ ਤੱਕ, ਚੱਲ ਰਹੇ ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਫੇਸ ਬੁਕ ਉਪਰ ਵੀ ਕੀਤਾ ਗਿਆ। ਬਲਿਹਾਰ ਸਿੰਘ ਲ੍ਹੇਲ ਪ੍ਰਧਾਨ +1 206 244 4663 ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ+1 206 765 9069 ਮੰਗਤ ਕੁਲਜਿੰਦ ਪ੍ਰੈ. ਸਕੱਤਰ +1 425 286 0163

# ਅੱਖੀਂ ਡਿੱਠਾ ਤੇ ਹੰਢਾਇਆ ਐਂਟੀ ਸੋਜੀ ਮੁਹਿੰਮ ਦਾ ਨ.ਫਰਤ ਭਰਿਆ ਵਤੀਰਾ

20 ਸਤੰਬਰ,2023 ਨੂੰ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਪਬਲਿਕ ਸਕੂਲਾਂ ਦੀ ਐਜੂਕੇਸ਼ਨ ਵਿੱਚ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬਾਰੇ ਉਸਦੇ ਵਿਰੋਧ ਵਿੱਚ ਤੇ ਹੱਕ ਵਿੱਚ ਰੈਲੀਆਂ ਤੇ ਮੁਜ਼ਾਹਰੇ ਕੀਤੇ ਗਏ। ਕਈਆਂ ਥਾਵਾਂ ਤੇ ਹੱਕ ਵਿੱਚ ਜ਼ਿਆਦਾ ਲੋਕ ਪਹੁੰਚੇ ਤੇ ਕਈਆਂ ਵਿੱਚ ਵਿਰੋਧ ਵਿੱਚ। ਸਰ੍ਹੀ ਵਿੱਚ ਇਸ ਪੜ੍ਹਾਈ ਦੇ ਵਿਰੋਧ ਵਿੱਚ ਪੰਜਾਬੀ ਭਾਈਚਾਰੇ ਵਲੋਂ ਬਹੁਤ ਵੱਡਾ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਜੋ ਬੇਅਰ ਕਰੀਕ ਪਾਰਕ ਤੋਂ ਚੱਲ ਕੇ ਰਚਨਾ ਸਿੰਘ (ਐਜੂਕੇਸ਼ਨ ਮਨਿਸਟਰ) ਦੇ ਦਫਤਰ ਤੱਕ ਪਹੁੰਚਿਆ। ਰਚਨਾ ਸਿੰਘ ਦੇ ਦਫਤਰ ਅੱਗੇ ਪਹਿਲਾਂ ਹੀ ਸੋਜੀ ਦੇ ਹੱਕ ਵਿੱਚ ਟੀਚਰ ਯੂਨੀਅਨ, LGBTQ+ ਵੱਲੋਂ ਮੁਜ਼ਾਹਰਾ ਹੋ ਰਿਹਾ ਸੀ ਜਿਸ ਵਿੱਚ ਅਸੀਂ ਪੰਜਾਬੀ ਭਾਈਚਾਰੇ ਵਿੱਚੋਂ ਕੁੱਝ ਲੋਕ ਪਹੁੰਚੇ ਸਾਂ। ਜਦੋਂ ਦੋਨਾਂ ਦਾ ਟਕਰਾਅ ਹੋਇਆ ਤਾਂ ਸੋਜੀ ਵਿਰੋਧੀ ਲੋਕਾਂ ਨੇ ਸਾਡੇ 'ਤੇ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਉਹ ਮੈਂਬਰ ਸਾਂ ਜੋ ਸਮਾਜ ਵਿੱਚ ਮਨੁੱਖੀ ਹੱਕਾਂ ਦੇ ਮਸਲਿਆਂ ਲਈ ਡਟ ਕੇ ਖੜ੍ਹਦੇ ਹਾਂ ਭਾਵੇਂ ਨਸਲਵਾਦ ਦਾ ਮੁੱਦਾ ਹੋਵੇ ਭਾਵੇਂ ਔਰਤਾਂ, ਦਲਿਤਾਂ ਜਾਂ ਘੱਟ ਗਿਣਤੀਆਂ ਉੱਤੇ ਹੋ ਰਹੇ ਤਸ਼ੱਦਦ ਦੀ ਗੱਲ ਹੋਵੇ ਜਾਂ ਮਜ਼ਦੂਰਾਂ ਕਿਸਾਨਾਂ ਦੇ ਮੁੱਦੇ ਹੋਣ ਜਾਂ ਹੁਣ LGBTQ+ ਭਾਈਚਾਰੇ ਨਾਲ ਹੋ ਰਹੇ ਨ.ਫਰਤ ਭਰੇ ਵਿਤਕਰੇ ਦੇ ਖਿਲਾਫ ਪਹੁੰਚੇ ਸਾਂ।

ਜਦੋਂ ਉਹ ਸਾਡੇ ਸਾਹਮਣੇ ਆਏ ਤਾਂ ਇਹ ਮੁੱਦਾ ਸੋਜੀ ਦਾ ਨਾ ਰਹਿ ਕੇ ਸਗੋਂ ਸਾਡੇ ਭਾਈਚਾਰੇ ਦਾ ਪੰਜ ਮੈਂਬਰਾਂ ਦੇ ਖਿਲਾਫ ਵੱਡੀ ਭੀੜ ਦਾ ਬਣ ਗਿਆ ਸੀ। ਮੇਰਾ ਉੱਥੇ







ਪਹੁੰਚਣਾ ਤਾਂ ਔਰਤ ਵਿਰੋਧੀ ਲੋਕਾਂ ਦੇ ਢਿੱਡੀਂ ਪੀੜਾਂ ਪਾ ਗਿਆ। 'ਸੋ ਕਿਉ ਮੰਦਾ ਆਖੀਐ' ਨੂੰ ਹਰ ਰੋਜ਼ ਸੁਣਨ ਵਾਲਿਆਂ ਨੇ ਮੇਰੇ ਪਾਇਆ ਪੰਜਾਬੀ ਸੂਟ ਤੇ ਸਾਡੇ ਇੱਕ ਮੈਂਬਰ ਦੇ ਬੰਨ੍ਹੀ ਪੱਗ ਦੇਖ ਕੇ ਪਹਿਲਾਂ ਬਹੁਤ ਹੈਰਾਨ ਹੋਏ ਤੇ ਸਾਨੂੰ ਮਜਬੂਰ ਕਰਨ ਲੱਗੇ ਕਿ ਐਧਰ ਆ ਜਾਓ। ਕਹਿੰਦੇ ਤੁਸੀਂ ਸੂਟ ਜਾਂ ਪੱਗ ਬੰਨ੍ਹ ਕੇ ਸਾਡੀ ਸਿੱਖੀ ਨੂੰ ਲਾਜ ਲਾ ਰਹੇ ਹੋ। ਅਸੀਂ ਉਹਨਾਂ ਨੂੰ ਬਹੁਤ ਕਿਹਾ ਕਿ ਸਾਡੀ ਮਰਜ਼ੀ ਹੈ, ਅਸੀਂ ਕਿੱਥੇ ਖੜ੍ਹੇ ਹਾਂ, ਕੀ ਪਹਿਨ ਰਹੇ ਹਾਂ, ਕੀ ਖਾ ਰਹੇ ਹਾਂ। ਸਾਨੂੰ ਤੰਗ ਨਾ ਕਰੋ। ਭੀੜ ਨੇ ਫਿਰ ਮੈਨੂੰ ਔਰਤ ਹੋਣ ਕਰਕੇ ਹਮਲਾ ਕਰਨਾ ਸ਼ੁਰੂ ਕੀਤਾ ਕਿ ਤੂੰ ਕਿੰਨੇ ਪੈਸੇ ਲੈ ਕੇ ਇਹਨਾਂ ਨਾਲ ਖੜ੍ਹੀ ਹੈਂ। ਉਦੋਂ ਹੀ ਪੋਸਟਰ ਬਣਾ ਦਿੱਤੇ-ਇਹ ਆਂਟੀ ਵਿਕਾਊ ਹੈ। ਇਹ ਆਂਟੀ ਗੇਅ ਹੈ। ਮੈਨੂੰ ਖੁਸਰਾ ਕਿਹਾ ਗਿਆ, ਮੇਰੇ ਉੱਤੋਂ ਦੋ ਸੌ ਡਾਲਰ ਵਾਰ ਰਹੇ ਸਨ। ਕਹਿ ਰਹੇ ਸਨ ਸਾਡੇ ਸਾਹਮਣੇ ਆ ਕੇ ਨੱਚ ਤੈਨੂੰ ਵਧਾਈ ਦਿੰਦੇ ਹਾਂ। ਸਾਡੇ ਖਿਲਾਫ ਸ਼ੇਮ ਸ਼ੇਮ ਦੇ ਨਾਹਰੇ ਲਗਾਏ ਗਏ। ਕਈਆਂ ਵੱਲੋਂ ਕਿਹਾ ਗਿਆ ਕਿ ਚੱਪਣੀ ਵਿੱਚ ਨੱਕ ਡੋਬ ਕੇ ਮਰ ਜਾਓ। ਇਹ ਸਾਰਾ ਕੁੱਝ ਤਕਰੀਬਨ 12 ਵਜੇ ਤੋਂ ਲੈ ਕੇ ਸਾਢੇ 5 ਵਜੇ ਤੱਕ ਚੱਲਿਆ। ਜਿੰਨੀ ਭੀੜ ਖੜ੍ਹੀ ਸੀ ਜਿਸ ਨਾਲ ਵੀ ਅੱਖ ਮਿਲਦੀ ਸੀ, ਉਹੀ ਗਾਲਾਂ ਕੱਢਣ ਲੱਗ ਜਾਂਦਾ ਸੀ। ਅਸੀਂ ਵਾਰ ਵਾਰ ਉਹਨਾਂ ਨੂੰ ਬਹੁਤ ਹੀ ਠਰ੍ਹੰਮੇ ਨਾਲ ਕਿਹਾ ਕਿ ਤੁਸੀਂ ਆਪਣਾ ਪ੍ਰੋਟੈਸਟ ਕਰ ਰਹੇ ਹੋ, ਕਰੋ ਤੇ ਅਸੀਂ ਆਪਣਾ। ਤੁਹਾਨੂੰ ਸਾਨੂੰ ਮੰਦਾ ਚੰਗਾ ਬੋਲਣ ਦੀ ਜ਼ਰੂਰਤ ਨਹੀਂ ਆਪਣੀ ਆਪਸ ਵਿੱਚ ਕੋਈ ਲੜਾਈ ਨਹੀਂ ਹੈ। ਅਗਰ ਤੁਸੀਂ ਸਹੀ ਹੋ ਤਾਂ ਬਿਹਤਰ ਤਰੀਕੇ ਨਾਲ ਅਥੌਰਟੀਜ਼ ਨਾਲ ਮਿਲ ਕੇ ਆਪਣੀਆਂ ਮੰਗਾਂ ਮਨਵਾਓ ਪਰ ਸਾਨੂੰ ਕੁੱਝ ਨਾ ਕਹੋ। ਪਰ ਭੀੜ ਨੇ ਸਾਰੀਆਂ ਹੱਦਾਂ ਪਾਰ ਕਰਕੇ ਸਾਡੀ ਬੇਇੱਜ਼ਤੀ ਕੀਤੀ। ਇੱਥੋਂ ਤੱਕ ਕੇ ਛੋਟੇ ਛੋਟੇ ਬੱਚਿਆਂ ਨੂੰ ਅੱਗੇ ਕਰਕੇ ਜੋ ਸਾਡੇ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਦੇ ਹਾਣ ਦੇ ਸਨ, ਉਹਨਾਂ ਕੋਲੋਂ ਜ਼ਲੀਲ ਕਰਵਾਇਆ ਗਿਆ।

ਉਹ ਲੋਕ ਜਿਹੜੇ ਬੱਚਿਆਂ ਦੀ ਚੰਗੀ ਪੜ੍ਹਾਈ ਲਈ ਦਾਅਵੇਦਾਰ ਬਣ ਕੇ ਆਏ ਸਨ। ਉਹਨਾਂ ਨੂੰ ਸਬਕ ਦਿਵਾ ਕੇ ਲੈ ਗਏ ਕਿ ਤੁਸੀਂ ਆਪਣੇ ਬਜ਼ੁਰਗਾਂ ਦੀ ਇਸ ਹੱਦ ਤੱਕ ਬੇਇੱਜ਼ਤੀ ਕਰ ਸਕਦੇ ਹੋ। ਬੱਚਿਆਂ ਨੂੰ ਟੀਚਰ ਦਾ ਸੋਜੀ ਬਾਰੇ ਪੜ੍ਹਾਇਆ ਹੋਇਆ ਯਾਦ ਰਹੇ ਨਾ ਰਹੇ ਪਰ ਉਸ ਦਿਨ ਇਸ ਜਲੂਸ ਰਾਹੀਂ ਜੋ ਬੱਚਿਆਂ ਨੂੰ ਸਿੱਖਿਆ ਦਿੱਤੀ ਹੈ, ਉਹ ਕਦੇ ਨਹੀਂ ਭੁੱਲਣਗੇ। ਇਸ ਤੋਂ ਸਾਫ਼ ਹੈ ਕਿ ਉਹ ਲੋਕਾਂ ਨੂੰ ਸੋਜੀ ਪ੍ਰੋਗਰਾਮ ਬਾਰੇ ਕੱਖ ਵੀ ਪਤਾ ਨਹੀਂ ਸੀ, ਨਹੀਂ ਤਾਂ ਉਹਨਾਂ ਨੂੰ ਸਾਡੇ ਨਾਲ ਖਹਿਬੜਨ ਦੀ ਜ਼ਰੂਰਤ ਨਹੀਂ ਸੀ। ਉਹਨਾਂ ਨੂੰ ਤਾਂ ਕਿਸੇ ਨੇ ਗੁੰਮਰਾਹ ਕਰਕੇ ਸੜਕਾਂ ਤੇ ਤਾਂ ਲਿਆਂਦਾ ਪਰ ਉਹਨਾਂ ਨੇ ਆਪਣੇ ਵੱਡੇ ਮੁੱਦੇ ਜਾਂ ਫਿਕਰ ਨੂੰ ਸਿਰਫ਼ ਪੰਜ ਪੰਜਾਬੀਆਂ ਨਾਲ ਨ.ਫਰਤ ਦਾ ਮੁੱਦਾ ਬਣਾ ਲਿਆ। ਅੱਜ ਮੈਂ ਇਹ ਸੋਚਦੀ ਹਾਂ ਕਿ ਮੈਨੂੰ LGBTQ+ ਭਾਈਚਾਰੇ ਦਾ ਸਿਰਫ਼ ਇੱਕ ਦਿਨ ਸਾਥ ਦੇਣ ਤੇ ਐਨਾ ਸੰਤਾਪ ਝੱਲਣਾ ਪਿਆ ਹੈ। ਪਰ ਉਹ ਭਾਈਚਾਰਾ ਜੋ ਕੁਦਰਤੀ ਜਮਾਂਦਰੂ ਹੀ ਅਜਿਹਾ ਹੈ, ਉਹਨਾਂ ਨੂੰ ਤਾਂ ਇਹ ਲੋਕ ਹਰ ਪਲ, ਹਰ ਘੜੀ, ਹਰ ਦਿਨ, ਹਰ ਸਮੇਂ ਕਿਤੇ ਵੱਧ ਜ਼ਲੀਲ ਕਰਦੇ ਹੋਣਗੇ ਤਾਂ ਹੀ ਅੰਕੜੇ ਦਰਸਾ ਰਹੇ ਹਨ ਕਿ ਉਹਨਾਂ ਲੋਕਾਂ ਦੇ ਸੂਅਸਾਈਡ ਰੇਟ ਬਹੁਤ ਵਧ ਰਹੇ ਹਨ। ਉਹ ਬੱਚੇ ਹਰ ਰੋਜ਼ ਡਿਪਰੈਸ਼ਨ ਵਰਗੀਆਂ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ। ਉਹਨਾਂ ਬੱਚਿਆਂ ਨੂੰ ਸਕੂਨ ਦੇ ਪਲ ਦੇਣ ਲਈ ਅਗਰ ਸੋਜੀ ਵਰਗੀ ਪੜ੍ਹਾਈ ਮੱਦਦ ਕਰਦੀ ਹੈ ਤਾਂ ਅਸੀਂ ਆਪਣੀ ਸੋਚ ਦੀ ਤੰਗਦਿਲੀ ਕਿਉਂ ਦਿਖਾ ਰਹੇ ਹਾਂ।

ਉਸ ਦਿਨ ਜਦੋਂ ਅਸੀਂ ਤਿੰਨ ਕੁ ਵਜੇ ਉੱਥੋਂ ਜਾਣ ਲੱਗੇ ਤਾਂ ਭੀੜ ਸਾਡੇ ਤੇ ਹਮਲਾ ਕਰਨ ਲੱਗੀ ਸੀ ਤੇ ਪੁਲੀਸ ਨੇ ਵਿੱਚ ਪੈ ਕੇ ਰੋਕਿਆ ਤੇ ਸਾਨੂੰ ਅੰਦਰ ਬਿਲਡਿੰਗ ਵਿੱਚ ਭੇਜ ਦਿੱਤਾ ਕਿ ਉਹ ਚਲੇ ਜਾਣ। ਪਰ ਉਹ ਭੀੜ ਟੱਸ ਤੋਂ ਮੱਸ ਨਾ ਹੋਈ। ਅਸੀਂ ਪੁਲੀਸ ਨੂੰ ਕਿਹਾ ਕਿ ਸਾਨੂੰ ਸਾਡੀਆਂ ਕਾਰਾਂ ਤੱਕ ਪਹੁੰਚਾ ਦਿਓ ਤਾਂ ਉਹਨਾਂ ਦਾ ਜਵਾਬ ਸੀ ਕਿ ਅਸੀਂ ਕਿਸੇ ਦਾ ਪੱਖ ਨਹੀਂ ਪੂਰ ਸਕਦੇ। ਜਦਕਿ ਪੁਲੀਸ ਦਾ ਕੰਮ ਹੈ ਜਿਸ ਨੂੰ ਸੁਰੱਖਿਆ ਦੀ ਲੋੜ ਹੈ, ਉਸ ਨੂੰ ਸੁਰੱਖਿਆ ਦਿੱਤੀ ਜਾਵੇ, ਉਹ ਚਾਹੇ ਭੀੜ ਹੁੰਦੀ ਜਾਂ ਅਸੀਂ। ਪਰ ਸਾਡੀ ਉਹਨਾਂ ਕੋਈ ਮੱਦਦ ਨਹੀਂ ਕੀਤੀ। ਇਸੇ ਤਰ੍ਹਾਂ ਹਰ ਮੀਡੀਆ ਪੰਜਾਬੀ, ਅੰਗਰੇਜ਼ੀ ਉੱਥੇ ਸਭ ਭੀੜ ਨੂੰ ਕਵਰ ਕਰ ਰਿਹਾ ਸੀ ਪਰ ਉਹਨਾਂ ਨੇ ਦੂਜੀ ਸਾਈਡ ਬਾਰੇ ਜਾਨਣ ਦਾ ਕੋਈ ਮਤਲਬ ਹੀ ਨਹੀਂ ਸਮਝਿਆ। ਅੰਤ ਵਿੱਚ ਸਾਨੂੰ LGBTQ+ ਭਾਈਚਾਰੇ ਵਿੱਚੋਂ ਹੀ ਇੱਕ ਲੜਕੀ ਨੇ ਰਾਈਡ ਦਿੱਤੀ। ਅਸੀਂ ਸਾਰੇ ਅੱਜ ਵੀ ਇਸ ਘੱਟ ਗਿਣਤੀ ਭਾਈਚਾਰੇ ਨਾਲ ਖੜ੍ਹੇ ਹਾਂ, ਹਮੇਸ਼ਾਂ ਲਈ ਉਹਨਾਂ ਦੇ ਹੱਕਾਂ ਲਈ ਖੜ੍ਹੇ ਰਹਾਂਗੇ।

# ਮੇਰਾ ਬੱਚਾ ਕੀ ਸਿੱਖੇਗਾ ?



ਪਰਮਿੰਦਰ ਕੌਰ ਸਵੈਚ
604 760 4794

ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਵਿਦਿਆਰਥੀਆਂ ਬਾਰੇ ਹੈ ਜਿਹੜੇ ਸਮਾਜ ਵਿਚ ਸੋਜੀ ਦੀ ਭਿੰਨਤਾ ਬਾਰੇ ਅਤੇ ਹਰ ਇਕ ਨਾਲ ਆਦਰ ਅਤੇ ਮਾਣ ਨਾਲ ਵਰਤਾਉ ਕਰਨ ਦੀ ਮਹੱਤਤਾ ਬਾਰੇ ਗੱਲਬਾਤ ਕਰਦੇ ਹਨ। ਟੀਚਰ ਇਹ ਫੈਸਲਾ ਕਰਨ ਲਈ ਬਿਹਤਰ ਲੈਸ ਹਨ ਕਿ ਉਨ੍ਹਾਂ ਦੀਆਂ ਕਲਾਸਾਂ ਲਈ ਉਮਰ ਮੁਤਾਬਕ ਕੀ ਢੁਕਵਾਂ ਹੈ। ਉਦਾਹਰਣ ਲਈ, ਕੁਝ ਵਿਦਿਆਰਥੀ ਸਿੰਗਲ ਡੈਡੀਆਂ, ਗਰੈਂਡਪੇਰੈਂਟਸ, ਜਾਂ ਮਤਰੇਏ ਮਾਪਿਆਂ ਵਲੋਂ ਪਾਲੇ ਗਏ ਹਨ, ਜਦ ਕਿ ਕੁਝ ਦੀ ਮਾਂ ਨਹੀਂ ਹੈ, ਅਤੇ ਕੁਝ ਦੀਆਂ ਦੋ ਮਾਵਾਂ ਹਨ। ਪਰਿਵਾਰ ਦੀ ਭਿੰਨਤਾ ਬਾਰੇ ਇਕ ਅਸਰਦਾਰ ਕੇ/1 ਲੈਸਨ ਵਿਦਿਆਰਥੀਆਂ ਨੂੰ ਇਹ ਸਿਖਾਏਗਾ ਪਰਿਵਾਰ ਸਾਰੇ ਰੂਪਾਂ ਅਤੇ ਆਕਾਰਾਂ ਦੇ ਹਨ। ਹੋਰ ਲੈਸਨ ਵਿਦਿਆਰਥੀਆਂ ਨੂੰ "ਦੈਟਸ ਸੋ ਗੇਅ" ਕਹਿਣ ਤੋਂ ਰੋਕ ਸਕਦਾ ਹੈ, ਜੋ ਕਿ ਸਕੂਲਾਂ ਦੇ ਸੁਆਗਤ ਕਰਨ ਵਾਲੇ ਮਾਹੌਲ ਉੱਪਰ ਸਿੱਧਾ ਅਸਰ ਪਾਉਂਦਾ ਹੈ। ਸੋਜੀ 1 2 3 ਲੈਸਨ ਪਲੈਨਾਂ ਅਧਿਆਪਕਾਂ ਲਈ ਇਕ ਇਖਤਿਆਰੀ ਵਸੀਲਾ ਹਨ। ਉਹ ਤੁਹਾਡੇ ਸੂਬਾਈ ਪਾਠਕ੍ਰਮ ਨਾਲ ਮੇਲ ਖਾਂਦੀਆਂ ਹਨ ਅਤੇ ਇਹ ਅਧਿਆਪਕਾਂ ਵਲੋਂ ਆਪਣੀ ਇੱਛਾ ਮਤਾਬਕ ਢਾਲਣ ਲਈ ਹਨ।

ਇਹ ਇੰਨਾ ਜ਼ਰੂਰੀ ਕਿਉਂ ਹੈ ?

ਸਾਰੇ ਵਿਦਿਆਰਥੀਆਂ ਲਈ ਸਰਗਰਮੀ ਨਾਲ ਸੁਰੱਖਿਅਤ, ਸ਼ਾਮਲ ਕਰਨ ਵਾਲੇ ਪੜ੍ਹਾਈ ਦੇ ਮਾਹੌਲ ਬਣਾਉਣਾ ਸਕੂਲਾਂ ਦੀ ਕਾਨੂੰਨੀ ਜ਼ਿੰਮੇਵਾਰੀ ਹੈ। ਕੁਝ ਵਿਦਿਆਰਥੀਆਂ ਨੂੰ ਸਰੀਰਕ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦ ਕਿ ਹੋਰ ਰੁਕਾਵਟਾਂ, ਜਿਵੇਂ ਕਿ ਕਾਮੁਕ ਰੁਚੀ ਅਤੇ ਲਿੰਗ ਪਛਾਣ ਇੰਨੀਆਂ ਪ੍ਰਤੱਖ ਨਹੀਂ ਹਨ। ਬਦਕਿਸਮਤੀ ਨਾਲ, ਐੱਲ ਜੀ ਬੀ ਟੀ ਕਿਊ+ਜਵਾਨਾਂ ਲਈ ਸਕੂਲ, ਬਾਹਰ ਜਾਂ ਆਪਣੇ ਆਪ ਵਿਚ ਹੋਣ ਲਈ ਸਦਾ ਸੁਰੱਖਿਅਤ ਨਹੀਂ ਹਨ। ਇਸੇ ਤਰ੍ਹਾਂ, ਜਿਹੜੇ ਵਿਦਿਆਰਥੀ ਆਪਣੀ ਲਿੰਗ ਪਛਾਣ ਘੱਟ ਆਮ ਤਰੀਕਿਆਂ ਰਾਹੀਂ ਜ਼ਾਹਰ ਕਰਦੇ ਹਨ ਜਾਂ ਜਿਹੜੇ ਐੱਲ ਜੀ ਬੀ ਟੀ ਕਿਊ+ ਪਰਿਵਾਰਾਂ ਤੋਂ ਹਨ, ਉਨ੍ਹਾਂ ਨੂੰ ਸਕੂਲ ਅਸੁਰੱਖਿਅਤ ਜਾਂ ਸੁਆਗਤ ਨਾ ਕਰਨ ਵਾਲਾ ਲੱਗ ਸਕਦਾ ਹੈ। ਭਾਵੇਂ ਕਿ ਇਹ ਬਦਲ ਰਿਹਾ ਹੈ, ਅਤੇ ਇਨ੍ਹਾਂ ਵਿਦਿਆਰਥੀਆਂ ਦੇ ਸਕੂਲ ਦੇ ਅਨੁਭਵ ਵਿਚ ਸੁਧਾਰ ਕਰਨ ਲਈ ਕਈ ਸਾਲਾਂ ਵਿਚ ਬਹੁਤ ਸਾਰਾ ਵਧੀਆ ਕੰਮ ਹੋਇਆ ਹੈ, ਫਿਰ ਵੀ ਇਹ ਪੱਕਾ ਕਰਨ ਦੀ ਲੋੜ ਕਾਇਮ ਹੈ ਕਿ ਟੀਚਰ, ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ, ਅਤੇ ਹੋਰ ਬਾਲਗ ਜਿਹੜੇ ਸਕੂਲਾਂ ਵਿਚ ਵਿਦਿਆਰਥੀਆਂ ਨਾਲ ਸਿੱਧਾ ਕੰਮ ਕਰਦੇ ਹਨ, ਉਨ੍ਹਾਂ ਕੋਲ ਫਰਕ ਪਾਉਣ ਲਈ ਸਾਧਨਾਂ, ਵਸੀਲਿਆਂ ਅਤੇ ਮਦਦ ਤੱਕ ਪਹੁੰਚ ਹੈ।

ਸਕੂਲ ਦੀਆਂ ਪਾਲਸੀਆਂ ਬਾਰੇ ਕੀ ਕਹਿਣਾ ਹੈ ?

ਆਪਣੇ ਸੂਬਾਈ ਹਿਊਮਨ ਰਾਈਟਸ ਕੋਡ ਨਾਲ ਮੇਲ ਖਾਂਦੀ ਸੋਜੀ ਦੀ ਸ਼ਮੂਲੀਅਤ ਵਾਲੀ ਪੜ੍ਹਾਈ ਬਾਰੇ ਆਪਣੀਆਂ ਖਾਸ ਪਾਲਸੀਆਂ ਅਤੇ ਕਾਰਵਾਈਆਂ ਤਿਆਰ ਕਰਨ ਲਈ ਹਰ ਸਕੂਲ ਡਿਸਟ੍ਰਿਕਟ ਅਤੇ ਆਜ਼ਾਦ ਸਕੂਲ ਕੋਲ ਸੁਤੰਤਰਤਾ ਹੈ। ਸੋਜੀ 1 2 3 ਪਾਲਸੀਆਂ ਅਤੇ ਕਾਰਵਾਈਆਂ ਬਾਰੇ ਅਧਿਆਪਕਾਂ ਦੇ ਅਨੁਭਵਾਂ ਨੂੰ ਇਕੱਠਾ ਕਰਦੀ ਹੈ ਅਤੇ ਸਾਂਝਾ ਕਰਦੀ ਹੈ ਅਤੇ ਇਸ ਦੇ ਨਾਲ ਨਾਲ ਸੂਬੇ ਦੇ ਵਿਦਿਆ ਮਹਿਕਮੇ ਵਲੋਂ ਕੀਤੀਆਂ ਜਾਣ ਵਾਲੀਆਂ ਕੋਈ ਵੀ ਸਿਫਾਰਸ਼ਾਂ ਨੂੰ ਸਾਂਝਾ ਕਰਦੀ ਹੈ ਤਾਂ ਜੋ ਇਸ ਕੰਮ ਵਿਚ ਸਕੂਲਾਂ ਅਤੇ ਡਿਸਟ੍ਰਿਕਟਾਂ ਦੀ ਮਦਦ ਹੋਵੇ। ਸੋਜੀ ਦੀ ਸ਼ਮੂਲੀਅਤ ਵਾਲੀਆਂ ਪਾਲਸੀਆਂ, ਇਨ੍ਹਾਂ ਵਿਸ਼ਿਆਂ ਦੀ ਸੇਫਟੀ/ਐਂਟੀ-ਹੈਰਾਸਮੈਂਟ, ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ, ਕੱਪੜਿਆਂ ਬਾਰੇ ਗਾਈਡਲਾਈਨਾਂ, ਸਵੈ-ਪਛਾਣ, ਅਤੇ ਭੇਤਦਾਰੀ ਵਜੋਂ ਗੱਲ ਕਰਦੀਆਂ ਹਨ।

ਮੈਂ ਘਰ ਵਿਚ ਕੀ ਕਰ ਸਕਦਾ/ਸਕਦੀ ਹਾਂ ?

ਅਸੀਂ ਸਾਰੇ ਇਹ ਚਾਹੁੰਦੇ ਹਾਂ ਕਿ ਸਾਡੇ ਬੱਚੇ ਅਤੇ ਵਿਦਿਆਰਥੀ ਆਪਣੇ ਆਪ ਨੂੰ ਪਿਆਰ ਕਰਨ ਅਤੇ ਆਪਣੇ ਸਕੂਲਾਂ ਅਤੇ ਭਾਈਚਾਰਿਆਂ ਵਿਚ ਕਾਮਯਾਬ ਹੋਣ। ਘਰ ਵਿਚ, ਤੁਸੀਂ ਆਪਣੇ ਬੱਚੇ ਨਾਲ ਸੋਜੀ ਦੇ ਵਿਸ਼ਿਆਂ ਬਾਰੇ ਜਾਣਕਾਰੀ ਲੈ ਸਕਦੇ ਹੋ ਅਤੇ ਸਿੱਖ ਸਕਦੇ ਹੋ। ਤੁਸੀਂ ਗੱਲਬਾਤ ਸ਼ੁਰੂ ਕਰ ਸਕਦੇ ਹੋ ਅਤੇ ਕਰਦੇ ਰਹਿ ਸਕਦੇ ਹੋ, ਅਤੇ ਉਨ੍ਹਾਂ ਨੂੰ ਉਹ ਜਿਵੇਂ ਚਾਹੁੰਦੇ ਹੋਣ ਆਪਣੇ ਆਪੇ ਬਾਰੇ ਸਵਾਲ ਕਰਨ, ਜ਼ਾਹਰ ਕਰਨ ਅਤੇ ਪਤਾ ਲਾਉਣ ਦਾ ਮੌਕਾ ਦੇ ਸਕਦੇ ਹੋ, ਅਤੇ ਉਨ੍ਹਾਂ ਨੂੰ ਸਕੂਲ ਵਿਚ ਆਪਣੇ ਅਨੁਭਵਾਂ ਬਾਰੇ ਖੁੱਲ੍ਹ ਕੇ ਗੱਲ ਕਰਨ ਦਾ ਸੱਦਾ ਦੇ ਸਕਦੇ ਹੋ। ਇਸ ਦੇ ਇਲਾਵਾ, ਤੁਸੀਂ ਆਪਣੇ ਦੋਸਤਾਂ ਅਤੇ ਗੁਆਂਢੀਆਂ ਵਿਚ ਆਪਣੇ ਖੁਦ ਦੇ ਐਕਸ਼ਨਾਂ ਰਾਹੀਂ ਲੋਕਾਂ ਦੇ ਫਰਕਾਂ ਨੂੰ ਪ੍ਰਵਾਨ ਕਰਨ ਅਤੇ ਫਰਕਾਂ ਦਾ ਆਦਰ ਕਰਨ ਦੀ ਮਹੱਤਤਾ ਬਾਰੇ ਗੱਲਬਾਤ ਕਰ ਸਕਦੇ ਹੋ ਤਾਂ ਜੋ ਤੁਹਾਡਾ ਬੱਚਾ ਤੁਹਾਡੀ ਉਦਾਹਰਣ ਤੋਂ ਸਿੱਖੇ ਅਤੇ ਸਿੱਖੇ ਗਏ ਇਹ ਲੈਸਨ ਸਕੂਲ ਨੂੰ ਵਾਪਸ ਲਿਆ ਸਕੇ। ਜਦੋਂ ਦੋਸਤ ਅਤੇ ਗੁਆਂਢੀ ਖਾਸ ਤੌਰ 'ਤੇ ਸੋਜੀ 1 2 3 ਬਾਰੇ ਉਤਸੁਕ ਹੋਣ ਤਾਂ ਇਹ ਦੋ ਪਾਸਿਆਂ ਵਾਲਾ ਬਰੋਸ਼ਰ ਪ੍ਰਿੰਟ ਕਰਨ ਅਤੇ ਉਨ੍ਹਾਂ ਨਾਲ ਸਾਂਝਾ ਕਰਨ ਬਾਰੇ ਵਿਚਾਰ ਕਰੋ।

ਨਵਜੋਤ ਨਵੀ

# ਇਤਿਹਾਸ ਦੇ ਪੰਨੇ : ਕੋਰੀਆਈ ਜੰਗ 'ਤੇ ਇਕ ਨਜ਼ਰ



*ਸਾਮਰਾਜੀ ਜੰਗਬਾਜ਼ਾਂ ਦੇ ਖਿਲਾਫ਼ ਲੜਨ ਦੀ ਪ੍ਰੰਪਰਾ ਸ਼ਾਇਦ ਕੋਰੀਅਨ ਲੋਕਾਂ ਦੇ ਹਿੱਸੇ ਹੀ ਆਈ ਹੋਵੇ ਕਿਉਂਕਿ ਜਿਸ ਕਿਸਮ ਨਾਲ ਚਾਰੇ ਪਾਸੇ ਤੋਂ ਉਨ੍ਹਾਂ ਨੂੰ ਵੱਡੇ ਉਸ ਸਮੇਂ ਦੇ ਸਾਮਰਾਜੀਆਂ ਵਲੋਂ ਦਰੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪ੍ਰੰਤੂ ਉਸ ਦੇ ਖਿਲਾਫ਼ ਜਿਸ ਪੱਧਰ ਦੀ ਚੇਤੰਨਤਾ ਚੀਨੀ ਇਨਕਲਾਬ ਰਾਹੀਂ ਕੋਰੀਅਨ ਲੋਕਾਂ ਵਿਚ ਆ ਚੁੱਕੀ ਸੀ ਉਸ ਨੇ ਇਕ ਸਮਝਦਾਰੀ ਇਹ ਵੀ ਵਿਕਸਿਤ ਕਰ ਦਿੱਤੀ ਸੀ ਕਿ ਲੋਕ ਕਮੇਟੀਆਂ, ਇਕਾਈਆਂ ਅਤੇ ਜਥੇਬੰਦੀਆਂ ਦੀ ਉਸਾਰੀ ਅਤੇ ਨਾਲ ਦੀ ਨਾਲ ਸਾਮਰਾਜੀਆਂ ਖਿਲਾਫ਼ ਜੰਗ ਲੜਨਾ ਸਾਡੀ ਜ਼ਿੰਦਗੀ ਦਾ ਅਟੁੱਟ ਅੰਗ ਬਣ ਗਿਆ ਹੈ। ਉਨ੍ਹਾਂ ਸਥਿਤੀਆਂ 'ਤੇ ਲੜਾਈਆਂ ਦੀ ਵਿਰਾਸਤ ਨੂੰ ਸਮਝਣਾ ਅਤੇ ਸਬਕ ਸਿੱਖਣੇ ਅੱਜ ਵੀ ਜ਼ਰੂਰੀ ਹਨ। ਜਦੋਂ ਦੁਨੀਆ ਮੁੜ ਸਰਮਾਏ ਅਤੇ ਸਾਮਰਾਜੀਆਂ ਦੇ ਸਿਕੰਜ਼ਿਆਂ ਵਿਚ ਫਸਦੀ ਆ ਰਹੀ ਹੈ। – ਸੰਪਾਦਕ*

ਆਪਣੇ ਕੋਝੇ ਹਿੱਤਾਂ ਦੀ ਪੂਰਤੀ ਲਈ ਸਾਮਰਾਜੀ ਤਾਕਤਾਂ ਵੱਲੋਂ, ਆਪਣੇ ਪੈਦਾ ਹੋਣ ਦੇ ਸਮੇਂ ਤੋਂ ਹੀ, ਕੁੱਲ ਦੁਨੀਆਂ ਦੇ ਲੋਕਾਂ ਉੱਤੇ ਅਕਹਿ ਜਬਰ–ਜ਼ੁਲਮ ਢਾਹੇ ਗਏ ਹਨ, ਜਿਹਨਾਂ ਦਾ ਸੰਸਾਰ ਦੇ ਲੋਕਾਂ ਨੇ ਡੱਟਕੇ ਮੁਕਾਬਲਾ ਵੀ ਕੀਤਾ ਹੈ। ਸਾਮਰਾਜੀਆਂ ਦੇ ਖ਼ੂਨ ਵਿੱਚ ਲਿਬੜੇ ਇਤਿਹਾਸ ਦਾ ਵਿਸਤਿਰਤ ਵੇਰਵਾ ਦੇਣਾ ਇੱਕ ਲੇਖ ਜਾਂ ਇਕ ਕਿਤਾਬ ਤਾਂ ਛੱਡੋ ਸਗੋਂ ਕਈ ਸੌ ਕਿਤਾਬਾਂ ਵਿੱਚ ਵੀ ਸੰਭਵ ਨਹੀਂ। ਹਰ ਦਿਨ, ਹਰ ਵਰ੍ਹੇ ਇਹ ਸਾਮਰਾਜੀ ਆਪਣੀਆਂ ਕਾਲ਼ੀਆਂ ਕਰਤੂਤਾਂ ਵਿੱਚ ਨਵੀਆਂ ਨਿਵਾਣਾਂ ਛੂੰਹਦੇ ਦਿਖਦੇ ਹਨ। ਸਾਮਰਾਜੀ ਪ੍ਰਬੰਧ ਦੀ ਇੱਕ ਅਜਿਹੀ ਕਾਲ਼ੀ ਕਰਤੂਤ 1950–1953 ਤੱਕ ਕੋਰੀਆ ਉੱਤੇ ਥੋਪੀ ਜੰਗ ਸੀ ਜਿਸਦੀ ਜੰਗਬੰਦੀ 27 ਜੁਲਾਈ 1953 ਨੂੰ ਕੀਤੀ ਗਈ ਸੀ। ਇਹ ਜੰਗਬੰਦੀ ਦਾ ਸਮਝੌਤਾ ਕੋਈ ਸ਼ਾਂਤੀ ਸਮਝੌਤਾ ਨਹੀਂ ਸਗੋਂ ਕੁੱਝ ਸਮੇਂ ਲਈ ਲੜਾਈ ਰੋਕਣ ਦਾ ਸਮਝੌਤਾ ਸੀ। ਅਧਿਕਾਰਤ ਤੌਰ ਉੱਤੇ ਦੱਖਣੀ ਤੇ ਉੱਤਰੀ ਕੋਰੀਆ ਵਿੱਚ ਇਹ ਜੰਗ ਹਾਲੇ ਵੀ ਜਾਰੀ ਹੈ। ਇਸ ਜੰਗਬੰਦੀ ਤਹਿਤ ਇੱਕ ਕੌਮ ਕੋਰੀਆ ਨੂੰ ਦੱਖਣੀ ਤੇ ਉੱਤਰੀ ਕੋਰੀਆ ਵਿੱਚ ਵੰਡਿਆ ਗਿਆ ਸੀ ਤੇ ਇੱਕ ਕੌਮ ਦੀ ਦੋ ਦੇਸ਼ਾਂ ਵਿੱਚ ਇਹ ਨਿਹੱਕੀ ਵੰਡ ਹਾਲੇ ਤੱਕ ਜਾਰੀ ਹੈ।

ਇੱਥੇ ਕੋਰੀਆ ਦੇ ਇਤਿਹਾਸ ਉੱਤੇ ਇੱਕ ਸੰਖੇਪ ਝਾਤ ਜਰੂਰੀ ਹੈ। ਭੂਗੋਲਿਕ ਤੌਰ ਉੱਤੇ ਕੋਰੀਆ ਜਪਾਨ ਤੇ ਚੀਨ ਦੇ ਵਿਚਾਲ਼ੇ ਸਥਿਤ ਹੈ ਤੇ ਰੂਸ ਦੇ ਵੀ ਕਾਫੀ ਨੇੜੇ ਹੈ। 19ਵੀਂ ਸਦੀ ਤੋਂ ਪਹਿਲਾਂ ਕੋਰੀਆ, ਚੀਨ ਤੇ ਜਪਾਨ ਤੋਂ ਅਜਾਦ ਰਾਜ ਦੇ ਤੌਰ ਉੱਤੇ ਹੋਂਦ ਰੱਖਦਾ ਸੀ ਪਰ 19ਵੀਂ ਸਦੀ ਵਿੱਚ ਇਹ ਹੌਲ਼ੀ ਹੌਲ਼ੀ, ਜੋਸ਼ੇਓ ਵੰਸ਼ ਸਮੇਂ, ਜਪਾਨੀ ਤਾਕਤਾਂ ਦੇ ਅਧੀਨ ਆਉਣ ਲੱਗਾ। ਅਗਸਤ 1910 ਤੱਕ ਉੱਭਰ ਰਹੀ ਸਾਮਰਾਜੀ ਤਾਕਤ ਜਪਾਨ ਨੇ ਲੱਗਭੱਗ ਪੂਰੇ ਕੋਰੀਆ ਨੂੰ ਆਪਣੇ ਅਧੀਨ ਕਰ ਲਿਆ ਸੀ। ਕੋਰੀਆ ਉੱਤੇ ਕਬਜਾ ਜਪਾਨੀ ਹਾਕਮਾਂ ਵੱਲੋਂ ਏਸ਼ੀਆ ਮਹਾਂਦੀਪ ਦੇ ਹੋਰਾਂ ਦੇਸ਼ਾਂ ਨੂੰ ਆਪਣੇ ਅਧੀਨ ਕਰਨ ਦੇ ਸਾਮਰਾਜੀ ਮਨਸੂਬਿਆਂ ਦਾ ਹੀ ਅੰਗ ਸੀ। ਜਪਾਨ ਦੇ ਸਾਮਰਾਜੀ ਹਾਕਮਾਂ ਵੱਲੋਂ ਕੋਰੀਆ ਉੱਤੇ ਆਪਣੀ ਹਕੂਮਤ ਜਾਰੀ ਰੱਖਣ ਲਈ ਇੱਥੋਂ ਦੀ ਲੋਕਾਈ ਉੱਤੇ ਜੋ ਜਬਰ ਢਾਹੇ ਗਏ ਉਹਦੇ ਖਿਲਾਫ ਕੋਰੀਆ ਦੀ ਲੋਕਾਈ, ਖਾਸਕਰ ਮਜਦੂਰਾਂ ਤੇ ਕਿਸਾਨਾਂ ਵੱਲੋਂ, ਸਾਮਰਾਜ ਵਿਰੋਧੀ ਲਹਿਰ ਛੇਤੀ ਹੀ ਵਿਕਸਿਤ ਹੋਣ ਲੱਗੀ।

ਦੂਜੀ ਸੰਸਾਰ ਜੰਗ ਦੇ ਖਾਤਮੇ ਸਮੇਂ ਜਪਾਨ ਸਮੇਤ ਧੁਰੀ ਤਾਕਤਾਂ ਦੀ ਹਾਰ ਨਾਲ਼ ਕੋਰੀਆ ਦੀ ਸਿਆਸੀ ਹਾਲਤ ਵਿੱਚ ਤਬਦੀਲੀ ਆਉਣ ਦੀਆਂ ਹਾਲਤਾਂ ਵਧੇਰੇ ਸਾਜਗਾਰ ਹੋਈਆਂ। ਜਪਾਨੀ ਸਾਮਰਾਜ ਦੀ ਕੋਰੀਆ ਵਿਚਲੀ ਹਕੂਮਤ ਨੂੰ ਕਮਜੋਰ ਕਰਨ ਵਿੱਚ ਮੁੱਖ ਭੂਮਿਕਾ ਇੱਥੋਂ ਦੇ ਸਥਾਨਕ ਲੋਕਾਂ, ਖਾਸਕਰ ਮਜਦੂਰਾਂ ਤੇ ਕਿਸਾਨਾਂ, ਦੀ ਸੀ ਜਿਨ੍ਹਾਂ ਨੇ ਸਾਮਰਾਜ ਤੇ ਜਗੀਰਦਾਰੀ ਵਿਰੁੱਧ ਸੰਘਰਸ਼ ਵਿੱਢਿਆ ਹੋਇਆ ਸੀ। ਅਮਰੀਕੀ ਸਾਮਰਾਜ ਆਪਣੀ ਭੂਗੋਲਿਕ ਸਥਿਤੀ ਕਰਕੇ ਦੂਜੀ ਸੰਸਾਰ ਜੰਗ ਦੇ ਸੇਕ ਤੋਂ ਮੁਕਾਬਲਤਨ ਬਚਿਆ ਰਿਹਾ ਸੀ ਪਰ ਸੋਵੀਅਤ ਯੂਨੀਅਨ ਦੀ ਧੁਰੀ ਤਾਕਤਾਂ ਉੱਪਰ ਨਿਰਣਾਇਕ ਜਿੱਤ ਤੋਂ ਬਾਅਦ ਇਹ ਹਰਕਤ ਵਿੱਚ ਆਉਂਦਾ ਹੋਇਆ ਆਪਣੇ ਅਧਾਰ ਖੇਤਰ ਫੈਲਾਉਣ ਲਈ ਪੰਖ ਖਿਲਾਰਨ ਲੱਗਿਆ। ਜਪਾਨੀ ਸਾਮਰਾਜੀ ਜਦੋਂ ਜੰਗ ਵਿੱਚ ਲੱਗਭੱਗ ਹਾਰ ਚੁੱਕੇ ਸਨ ਉਦੋਂ ਅਮਰੀਕੀ ਸਾਮਰਾਜ ਵੱਲੋਂ ਦੋ ਜਪਾਨੀ ਸ਼ਹਿਰਾਂ, ਹੀਰੋਸ਼ੀਮਾ ਤੇ ਨਾਗਾਸਾਕੀ, ਉੱਤੇ ਪਰਮਾਣੂ ਬੰਬ ਦੀ ਵਰਤੋਂ ਕੀਤੀ ਗਈ। ਇਸ ਅਣਮਨੁੱਖੀ ਕਾਰੇ ਦਾ ਮੁੱਖ ਮਕਸਦ ਅਮਰੀਕਾ ਵੱਲੋਂ ਆਪਣੀ ਸਾਮਰਾਜੀ ਧੌਂਸ ਜਮਾਉਣਾ ਤੇ ਸਮਾਜਵਾਦੀ ਸੋਵੀਅਤ ਯੂਨੀਅਨ ਨੂੰ ਆਪਣੀ ਫੌਜੀ ਤਾਕਤ ਦੇ ਵਿਖਾਵੇ ਰਾਹੀਂ ਧਮਕਾਉਣਾ ਸੀ।


ਦੂਜੀ ਸੰਸਾਰ ਜੰਗ ਸਮੇਂ ਸਮਾਜਵਾਦੀ ਸੋਵੀਅਤ ਯੂਨੀਅਨ ਨੇ ਏਸ਼ੀਆ ਵਿੱਚ ਜਪਾਨੀ ਸਾਮਰਾਜ ਵਿਰੁੱਧ ਜੂਝ ਰਹੀ ਲੋਕਾਈ ਜਿਵੇਂ ਚੀਨੀ ਤੇ ਕੋਰਿਆਈ ਲੋਕਾਂ ਦੀ ਬੇਗਰਜ ਮਦਦ ਕੀਤੀ। ਫਾਸ਼ੀਵਾਦੀ ਜਰਮਨੀ ਨੂੰ ਹਰਾਉਣ ਦੇ ਨਾਲ਼–ਨਾਲ਼ ਮੰਗੋਲੀਆ, ਉੱਤਰ ਦੱਖਣੀ ਚੀਨ ਤੇ ਉੱਤਰੀ ਕੋਰੀਆ ਵਿੱਚ ਸਥਾਨਕ ਲੋਕਾਈ ਦੀ ਮਦਦ ਨਾਲ਼ ਸੋਵੀਅਤ ਯੂਨੀਅਨ ਦੀ ਲਾਲ ਫੌਜ ਨੇ ਜਪਾਨੀ ਸਾਮਰਾਜੀਆਂ ਦਾ ਵੀ ਫਸਤਾ ਵੱਢਿਆ। ਦੂਜੀ ਸੰਸਾਰ ਜੰਗ ਵਿੱਚ ਜਪਾਨੀ ਸਾਮਰਾਜੀਆਂ ਦੀ ਹਾਰ ਨਾਲ਼ ਜਿੱਥੇ ਇਹਨਾਂ ਦੇਸ਼ਾਂ ਵਿੱਚ ਲੋਕਾਈ ਦਾ ਘੋਲ਼ ਜਗੀਰਦਾਰੀ ਤੇ ਸਾਮਰਾਜੀ ਦਾਬੇ ਨੂੰ ਖਤਮ ਕਰਨ ਵੱਲ ਵਧ ਰਿਹਾ ਸੀ ਉੱਧਰ ਅਮਰੀਕੀ ਸਾਮਰਾਜੀ ਹਾਕਮ ਇਹਨਾਂ ਦੇਸ਼ਾਂ ਨੂੰ ਆਪਣੇ ਅਧੀਨ ਲਿਆਉਣ ਤੇ ਸਮਾਜਵਾਦੀ ਸੋਵੀਅਤ ਯੂਨੀਅਨ ਦੇ ਪ੍ਰਭਾਵ ਨੂੰ ਠੱਲਣ ਲਈ ਕਾਹਲੇ ਸਨ। ਇਸੇ ਨੀਤੀ ਤਹਿਤ ਅਮਰੀਕੀ ਸਾਮਰਾਜੀਆਂ ਨੇ ਕੋਰੀਆ ਦੇ ਦੱਖਣੀ ਹਿੱਸੇ ਵਿੱਚ ਆਪਣੀਆਂ ਫੌਜਾਂ ਉਤਾਰੀਆਂ ਤੇ ਕੋਰੀਆ ਅੰਦਰ 38ਵੀਂ ਪੈਰੇਲਲ ਉੱਤੇ ਲਾਲ ਫੌਜ ਤੇ ਅਮਰੀਕੀ ਫੌਜ ਵਿੱਚ ਇੱਕ ਆਰਜੀ ਲਕੀਰ ਖਿੱਚੀ ਗਈ ਤੇ ਇੱਕ ਦੂਜੇ ਦੇ ਖੇਤਰ ਵਿੱਚ ਦਖਲ ਨਾ ਦੇਣ ਉੱਤੇ ਸਹਿਮਤੀ ਬਣੀ।

ਸੋਵੀਅਤ ਯੂਨੀਅਨ ਦੀ ਲਾਲ ਫੌਜ ਵਾਲ਼ੇ ਇਲਾਕੇ ਜਾਣੀ ਉੱਤਰੀ ਕੋਰੀਆ ਵਿੱਚ ਪਹਿਲੋਂ ਹੀ ਹੋਂਦ ਵਿੱਚ ਆਈਆਂ ਕੋਰਿਆਈ ਲੋਕਾਈ ਦੀਆਂ ਜਮਹੂਰੀ ਤਾਕਤਾਂ ਨੂੰ ਹੋਰ ਦਿ?ੜ ਕਰਨ ਉੱਤੇ ਜੋਰ ਦਿੱਤਾ ਗਿਆ। ਦੂਜੀ ਸੰਸਾਰ ਜੰਗ ਦੇ ਖਾਤਮੇ ਸਮੇਂ ਹੀ ਕੋਰੀਆ ਵਿੱਚ ਮਜਦੂਰਾਂ ਤੇ ਕਿਸਾਨਾਂ ਵੱਲੋਂ ਲੋਕ ਕਮੇਟੀਆਂ ਦੀ ਸਥਾਪਨਾ ਸ਼ੁਰੂ ਹੋ ਚੁੱਕੀ ਸੀ ਜੋ ਅੱਗੇ ਵਡੇਰੀਆਂ ਖੇਤਰੀ ਸੰਸਥਾਵਾਂ ਦਾ ਰੂਪ ਧਾਰ ਰਹੀਆਂ ਸਨ। ਇਹਨਾਂ ਰਾਹੀਂ ਜਮੀਨੀ ਸੁਧਾਰ ਤੇ ਕਈ ਤਰ੍ਹਾਂ ਦੇ ਹੋਰ ਜਗੀਰਦਾਰੀ ਵਿਰੋਧੀ ਕਨੂੰਨ ਲੋਕਾਈ ਵੱਲੋਂ ਲਿਆਂਦੇ ਜਾ ਰਹੇ ਸਨ। ਲੋਕ ਕਮੇਟੀਆਂ ਜਪਾਨੀ ਸਾਮਰਾਜੀ ਤਾਕਤਾਂ ਦੇ ਨਾਲ਼–ਨਾਲ਼ ਕੋਰਿਆਈ ਜਗੀਰਦਾਰਾਂ ਦੀ ਤਾਕਤ ਦਾ ਵੀ ਲੱਕ ਭੰਨ ਰਹੀਆਂ ਸਨ। ਉੱਤਰੀ ਕੋਰੀਆ ਵਿੱਚ ਸਮਾਜਵਾਦੀ ਸੋਵੀਅਤ ਯੂਨੀਅਨ ਤੇ ਬਾਅਦ ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਅਜਾਦ ਹੋਏ ਚੀਨੀ ਲੋਕਾਂ ਦੀ ਮਦਦ ਨਾਲ਼ ਕੋਰੀਆ ਦੇ ਜਮਹੂਰੀ ਗਣਰਾਜ ਦਾ ਨੀਂਹ–ਪੱਥਰ ਰੱਖਣ ਵੱਲ ਕਦਮ ਵਧਾਏ ਗਏ, ਜਗੀਰਦਾਰੀ ਤੇ ਸਾਮਰਾਜੀਆਂ ਦੀ ਆਰਥਿਕ, ਸਿਆਸੀ ਤੇ ਫੌਜੀ ਤਾਕਤ ਦਾ ਲੱਕ ਭੰਨਿਆ ਗਿਆ। ਦੂਜੇ ਹੱਥ ਅਮਰੀਕੀ ਸਾਮਰਾਜੀਆਂ ਨੇ ਆਪਣੇ ਕਬਜੇ ਹੇਠਲੇ ਕੋਰੀਆ ਦੇ ਹਿੱਸੇ, ਦੱਖਣੀ ਕੋਰੀਆ, ਵਿੱਚ ਇਸ ਤੋਂ ਬਿਲਕੁਲ ਉਲਟ ਨੀਤੀ ਅਪਣਾਈ। ਲੋਕ–ਪੱਖੀ ਤੇ ਜਗੀਰਦਾਰੀ ਵਿਰੋਧੀ ਜਮਹੂਰੀ ਸੁਧਾਰਾਂ ਨੂੰ ਲਾਗੂ ਕਰਨ ਦੀ ਥਾਵੇਂ, ਅਮਰੀਕੀ ਹਾਕਮਾਂ ਨੇ ਜਗੀਰੂ ਤੱਤਾਂ ਤੇ ਅਮਰੀਕੀ ਸਾਮਰਾਜ ਪੱਖੀ ਸਰਮਾਏਦਾਰਾਂ ਦੀ ਹਮਾਇਤ ਕੀਤੀ ਤੇ ਪੁਰਾਣੀ ਲੀਰੋ–ਲੀਰ ਪਈ ਹਥਿਆਰਬੰਦ ਤਾਕਤ (ਫੌਜ) ਨੂੰ ਇੱਕ ਨਵਾਂ ਜਾਬਰ ਰੂਪ ਦਿੱਤਾ, ਜਿਸ ਨੂੰ ਕੋਰਿਆਈ ਕੌਮੀ ਤਾਕਤ ਦੇ ਨਾਮ ਨਾਲ਼ ਨਿਵਾਜਿਆ ਗਿਆ। ਇਸ ਹਥਿਆਰਬੰਦ ਤਾਕਤ ਨੂੰ ਆਪਣੇ ਹਮਾਇਤੀਆਂ ਦੀ ਮਦਦ ਨਾਲ਼ ਅਮਰੀਕੀ ਸਾਮਰਾਜੀਆਂ ਨੇ ਜਮਹੂਰੀ ਤਾਕਤਾਂ, ਖਾਸ ਕਰਕੇ ਕਮਿਊਨਿਸਟਾਂ, ਨੂੰ ਦਬਾਉਣ ਲਈ ਵਰਤਿਆ। ਸਭ ਤੋਂ ਪਹਿਲਾਂ ਤੇ ਵਧੇਰੇ ਇਸ ਦੀ ਵਰਤੋਂ ਮਜਦੂਰਾਂ ਤੇ ਕਿਸਾਨਾਂ ਵੱਲੋਂ ਸਥਾਪਤ ਲੋਕ ਕਮੇਟੀਆਂ ਨੂੰ ਕੁਚਲਣ ਲਈ ਕੀਤੀ ਗਈ ਤੇ ਲੋਕਾਂ ਦਾ ਮਣਾਂ ਮੂਹੀਂ ਰੱਤ ਡੋਲ੍ਹਿਆ ਗਿਆ। ਇੱਥੋਂ ਤੱਕ ਕਿ ਅਮਰੀਕੀ ਸਾਮਰਾਜ ਨੇ ਜਪਾਨੀ ਸਾਮਰਾਜੀਆਂ ਵੱਲੋਂ ਕੋਰੀਆ ਵਿੱਚ ਸਥਾਪਤ ਫੌਜ ਵਿਚਲੇ ਪੁਰਾਣੇ ਅਫਸਰਾਂ ਨੂੰ ਵੀ 'ਕੋਰਿਆਈ ਕੌਮੀ ਤਾਕਤ' ਵਿੱਚ ਉੱਚੇ ਅਹੁਦੇ ਦਿੱਤੇ ਗਏ। ਇਹੋ ਮੁੜ ਜਥੇਬੰਦ ਕੀਤੀ ਫੌਜ ਅੱਗੇ ਚਲਕੇ ਦੱਖਣੀ ਕੋਰੀਆ ਵਿੱਚ ਸਰਮਾਏਦਾਰਾ ਹਕੂਮਤ ਦਾ ਅਧਾਰ ਬਣੀ ਜਿਸ ਦਾ ਪਹਿਲਾ ਮੁਖੀ, ਅਮਰੀਕੀ ਸਾਮਰਾਜ ਵੱਲੋਂ ਥਾਪੜਾ ਹਾਸਲ, ਸਿੰਗਮੈਨ ਰੀ, ਬਣਿਆ।

ਲੋਕ ਕਮੇਟੀਆਂ ਤੋੜਨ ਤੇ ਜਮਹੂਰੀ, ਕਮਿਊਨਿਸਟ ਤਾਕਤਾਂ ਉੱਤੇ ਜਬਰ ਕਰਨ ਦੀ ਇਹ ਨੀਤੀ ਨੂੰ ਛੇਤੀ ਹੀ ਦੱਖਣੀ ਤੋਂ ਉੱਤਰੀ ਕੋਰੀਆ ਤੱਕ ਵਿਸਥਾਰਨ ਲਈ ਅਮਰੀਕੀ ਹਾਕਮ ਕਾਹਲ਼ੇ ਪੈਣ ਲੱਗੇ। ਉੱਤਰੀ ਕੋਰੀਆ ਵਿੱਚ ਸਮਾਜਵਾਦੀ ਖੇਮੇ ਦੀ ਮਦਦ ਨਾਲ਼ ਉਸਰੇ ਜਮਹੂਰੀ ਗਣਰਾਜ ਨੂੰ ਅਮਰੀਕੀ ਹਾਕਮ ਸਮਾਜਵਾਦ ਦੇ ਵਧਦੇ ਪ੍ਰਭਾਵ ਵਜੋਂ ਦੇਖਦੇ ਸਨ। ਜੂਨ 25, 1950 ਵਿੱਚ ਸਿੰਗਮੈਨ ਰੀ ਧੜੇ ਨੂੰ ਅੱਗੇ ਲਾਕੇ ਅਮਰੀਕੀ ਸਾਮਰਾਜੀਆਂ ਨੇ ਉੱਤਰੀ ਕੋਰੀਆ ਦੇ ਜਮਹੂਰੀ ਗਣਰਾਜ ਉੱਤੇ ਹੱਲਾ ਬੋਲ ਦਿੱਤਾ ਤੇ 38ਵੇਂ ਪੈਰੇਲਲ ਉੱਤੇ ਹੋਏ ਸਮਝੌਤੇ ਨੂੰ ਇੱਕ ਤਰਫਾ ਤਰੀਕੇ ਨਾਲ਼ ਰੱਦ ਕਰ ਦਿੱਤਾ ਗਿਆ। ਇੱਥੋਂ ਹੀ ਕੋਰਿਆਈ ਜੰਗ ਦੀ ਸ਼ੁਰੂਆਤ ਹੋਈ ਮੰਨੀ ਜਾਂਦੀ ਹੈ। ਅਗਲੇ ਹੀ ਦਿਨ ਅਮਰੀਕਾ ਨੇ ਆਪਣੇ ਬੰਬਾਰੀ ਕਰਨ ਵਾਲ਼ੇ ਜਹਾਜਾਂ ਨੂੰ ਉੱਤਰੀ ਕੋਰੀਆ ਵਿੱਚ ਉਤਾਰ ਦਿੱਤਾ। ਇਸ ਜੰਗ ਵਿੱਚ ਇੱਕ ਸਮੇਂ ਅਮਰੀਕੀ ਸਾਮਰਾਜੀ ਉੱਤਰੀ ਕੋਰੀਆ ਦੇ ਵੱਡੇ ਹਿੱਸੇ ਉੱਤੇ ਕਾਬਜ ਹੋਣ ਵਿੱਚ ਕਾਮਯਾਬ ਹੋ ਚੁੱਕੇ ਸਨ ਪਰ ਕਾਮਰੇਡ ਮਾਓ ਦੀ ਅਗਵਾਈ ਵਿੱਚ ਚੀਨ ਦੀ ਫੌਜ ਨੇ ਕੋਰਿਆਈ ਲੋਕਾਂ ਦੀ ਇਸ ਸਾਮਰਾਜ ਵਿਰੋਧੀ ਲੜਾਈ ਵਿੱਚ ਮਦਦ ਕੀਤੀ ਤੇ ਆਖਰਕਾਰ ਉਹ ਅਮਰੀਕੀ ਸਾਮਰਾਜੀਆਂ ਨੂੰ ਉੱਤਰੀ ਕੋਰੀਆ ਦੇ ਇਲਾਕਿਆਂ ਤੋਂ 38ਵੀਂ ਪੈਰੇਲਲ ਤੱਕ ਖਦੇੜਨ ਤੱਕ ਸਫਲ ਹੋਏ। ਇੱਥੇ ਹੀ (ਜਾਣੀ 38ਵੀਂ ਪੈਰਲਲ ਉੱਤੇ) 27 ਜੁਲਾਈ 1953 ਨੂੰ ਉੱਤਰੀ ਤੇ ਦੱਖਣੀ ਕੋਰੀਆ ਦੀਆਂ ਸਰਕਾਰਾਂ ਵਿਚਾਲ਼ੇ ਜੰਗਬੰਦੀ ਦਾ ਸਮਝੌਤਾ ਕੀਤਾ ਗਿਆ। 1950–1953 ਤੱਕ ਚੱਲੀ ਕੋਰਿਆਈ ਜੰਗ ਵਿੱਚ 40 ਲੱਖ ਲੋਕਾਂ ਦੀ ਮੌਤ ਹੋਈ। ਅਮਰੀਕੀ ਹਵਾਈ ਸੈਨਾ ਵੱਲੋਂ ਇਸ ਅਰਸੇ ਦੌਰਾਨ ਉੱਤਰੀ ਕੋਰੀਆ ਉੱਤੇ 6.35 ਲੱਖ ਟਨ ਬੰਬ ਸੁੱਟੇ ਗਏ, ਜੋਕਿ ਦੂਜੀ ਸੰਸਾਰ ਜੰਗ ਸਮੇਂ ਪੂਰੇ ਪ੍ਰਸ਼ਾਂਤ ਖਿੱਤੇ ਵਿੱਚ ਹੋਏ ਬੰਬਾਂ ਦੀ ਵਰਤੋਂ ਤੋਂ ਵਧੇਰੇ ਸੀ।

ਇਸ ਤੋਂ ਮਗਰੋਂ ਕੋਰਿਆਈ ਕੌਮ ਨੂੰ ਇਕਜੁੱਟ ਕਰਨ ਦੀਆਂ ਕਈ ਕੋਸ਼ਿਸ਼ਾਂ, ਖਾਸਕਰ 1958 ਵਿੱਚ ਉੱਤਰੀ ਕੋਰੀਆ ਦੀ ਸਰਕਾਰ ਵੱਲੋਂ ਕੀਤੀ ਕੋਸ਼ਿਸ਼, ਨੂੰ ਅਮਰੀਕੀ ਸਾਮਰਾਜੀਆਂ ਵੱਲੋਂ ਇੱਕ ਤਰਫਾ ਤਰੀਕੇ ਨਾਲ਼ ਰੱਦ ਕੀਤਾ ਗਿਆ। ਉੱਤਰੀ ਤੇ ਦੱਖਣੀ ਕੋਰੀਆ ਵਿੱਚ ਇਹ ਵੰਡ ਉਦੋਂ ਅਮਰੀਕੀ ਸਾਮਰਾਜੀਆਂ ਦੇ ਕੋਰੀਆ ਵਿੱਚ ਅਧਾਰ ਬਚੇ ਰਹਿਣ ਲਈ ਬੇਹੱਦ ਜਰੂਰੀ ਸੀ। ਆਪਣੇ ਕੋਝੇ ਸਾਮਰਾਜੀ ਮਨਸੂਬਿਆਂ ਦੀ ਪੂਰਤੀ ਲਈ ਇੱਕ ਕੌਮ ਨੂੰ ਦੋ ਜਾਂ ਵਧੇਰੇ ਹਿੱਸਿਆਂ ਵਿੱਚ ਵੰਡਣਾ ਸਾਮਰਾਜੀ ਤਾਕਤਾਂ ਦੀ ਆਮ ਨੀਤੀ ਰਹੀ ਹੈ ਤੇ ਇਹੋ ਕੁੱਝ ਅਮਰੀਕੀ ਸਾਮਰਾਜੀਆਂ ਨੇ ਕੋਰੀਆ ਦੇ ਮਾਮਲੇ ਵਿੱਚ ਕੀਤਾ। ਕੋਰਿਆਈ ਜੰਗ, ਜੰਗਬੰਦੀ ਤੇ ਉਸ ਤੋਂ ਮਗਰਲੇ ਸਮੇਂ ਵਿੱਚ ਉੱਤਰੀ ਕੋਰੀਆ ਦੇ ਹਾਕਮ, ਸਮਾਜਵਾਦੀ ਚੀਨ ਤੇ ਸਮਾਜਵਾਦੀ ਸੋਵੀਅਤ ਯੂਨੀਅਨ ਕੋਰਿਆਈ ਕੌਮ ਦੇ ਏਕੀਕਰਨ ਤੇ ਆਪਾ ਨਿਰਣੇ ਦੇ ਹੱਕ ਦੇ ਹਮਾਇਤੀ ਸਨ ਪਰ 1956 ਵਿੱਚ ਸੋਵੀਅਤ ਯੂਨੀਅਨ ਤੇ 1976 ਵਿੱਚ ਚੀਨ ਅੰਦਰ ਸਮਾਜਵਾਦ ਨੂੰ ਲੱਗੀ ਵਕਤੀ ਪਛਾੜ ਕਾਰਨ ਇਹ ਦੇਸ਼ ਵੀ ਸਰਮਾਏਦਾਰਾ ਮੁਲਕ ਬਣ ਗਏ। ਚੀਨੀ ਤੇ ਰੂਸੀ ਹਾਕਮਾਂ ਦੇ ਵੀ ਸਾਮਰਾਜੀ ਹਿੱਤ ਹੁਣ ਕੋਰਿਆਈ ਮਸਲੇ ਦੇ ਹੱਲ ਵਿੱਚ ਅੜਿੱਕਾ ਬਣ ਰਹੇ ਹਨ। ਦੱਖਣੀ ਕੋਰੀਆ ਜਿੱਥੇ ਅਮਰੀਕੀ ਸਾਮਰਾਜ ਦੇ ਖੇਮੇ ਵਿੱਚ ਆਉਂਦਾ ਹੈ ਉੱਥੇ ਹੀ ਉੱਤਰੀ ਕੋਰੀਆ ਦੇ ਹਾਕਮ ਚੀਨ ਤੇ ਰੂਸੀ ਸਾਮਰਾਜੀ ਹਾਕਮਾਂ ਦੇ ਅਧਾਰ ਖੇਤਰ ਵਿੱਚ ਹਨ। ਇੱਕ ਪਾਸੇ ਇਹਨਾਂ ਅਮਰੀਕੀ–ਚੀਨੀ ਸਾਮਰਾਜੀ ਖੇਮਿਆਂ ਵਿਚਲੇ ਖਹਿਭੇੜ ਨੇ ਇਸ ਮਸਲੇ ਨੂੰ ਵਧੇਰੇ ਗੁੰਝਲ਼ਦਾਰ ਬਣਾਇਆ ਹੈ ਪਰ ਦੂਜੇ ਹੀ ਪਾਸੇ ਕੋਰਿਆਈ ਲੋਕਾਂ ਵਿੱਚ ਉਹਨਾਂ ਦੀ ਕੌਮ ਦੇ ਏਕੀਕਰਨ ਦੀਆਂ ਇੱਛਾਵਾਂ ਵੀ ਉੱਭਰ ਰਹੀਆਂ ਹਨ। ਕੋਰਿਆਈ ਲੋਕਾਂ ਦਾ ਇੱਕ ਗਿਣਨਯੋਗ ਹਿੱਸਾ ਸਾਮਰਾਜੀ ਖਹਿਭੇੜ ਨੂੰ, ਤੇ ਖਾਸਕਰ ਅਮਰੀਕੀ ਸਾਮਰਾਜ ਨੂੰ, ਕੋਰਿਆਈ ਕੌਮ ਦੇ ਏਕੀਕਰਨ ਵਿਚਾਲ਼ੇ ਅੜਿੱਕੇ ਵਜੋਂ ਦੇਖਣ ਲੱਗ ਪਿਆ ਹੈ। ਇਸ ਵਰ੍ਹੇ, ਕੋਰਿਆਈ ਜੰਗਬੰਦੀ ਦੇ 70 ਸਾਲ ਪੂਰੇ ਹੋਣ ਮੌਕੇ ਕਈ ਕੋਰਿਆਈ ਤੇ ਕੋਰਿਆਈ ਮੂਲ ਦੇ ਲੋਕਾਂ ਨੇ ਅਮਰੀਕਾ ਵਿੱਚ ਅਮਰੀਕੀ ਸਰਕਾਰ ਵਿਰੁੱਧ ਰੋਸ ਵਿਖਾਵੇ ਕੀਤੇ ਤੇ ਜੋ ਬਾਇਡਨ ਕੋਲ਼ੋਂ ਕੋਰਿਆਈ ਜੰਗ ਨੂੰ ਖਤਮ ਕਰਨ ਦੀ ਮੰਗ ਕੀਤੀ।

ਸਰਮਾਏਦਾਰਾ–ਸਾਮਰਾਜੀ ਪ੍ਰਬੰਧ ਦਾ ਲੋਕ ਵਿਰੋਧੀ ਖਾਸਾ ਹਰ ਰੋਜ ਵਧੇਰੇ ਤੋਂ ਵਧੇਰੇ ਨੰਗਾ ਹੋ ਰਿਹਾ ਹੈ। ਲੋਕ ਘੋਲ਼ਾਂ ਅੱਗੇ ਇਸਦੀ ਜਰਜਰਤਾ, ਕਮਜੋਰੀ ਜਗ ਪ੍ਰਮਾਣਤ ਹੈ ਪਰ ਲੋਕ ਘੋਲ਼ਾਂ ਦੀ ਅਣਹੋਂਦ ਵਿੱਚ ਇਹ ਇੱਕ ਤਾਕਤਵਰ ਲਹੂ ਪੀਣਾ ਦੈਂਤ ਹੈ। ਸਾਮਰਾਜੀ ਪ੍ਰਬੰਧ ਦਾ ਇਤਿਹਾਸ ਲੋਕਾਂ ਦੀ ਅਥਾਹ ਲੁੱਟ, ਲੋਕਾਂ ਉੱਤੇ ਅਕਹਿ ਜਬਰ–ਜੁਲਮ ਦਾ ਇਤਿਹਾਸ ਹੈ। ਇਸਦੇ ਇਤਿਹਾਸ ਦਾ ਕੱਲਾ–ਕੱਲਾ ਪੰਨਾ ਲੋਕਾਂ ਦੇ ਖ਼ੂਨ ਨਾਲ਼ ਗੜੁੱਚ ਹੈ। ਇਸ ਪ੍ਰਬੰਧ ਦਾ ਕਾਲ਼ਾ ਇਤਿਹਾਸ ਦੁਨੀਆਂ ਦੇ ਲੋਕਾਂ ਨੂੰ ਸੁਨੇਹਾ ਦਿੰਦਾ ਹੈ ਕਿ ਇਸ ਦੈਂਤ ਨੂੰ ਜਦ ਤੱਕ ਲੋਕਾਈ ਦੇ ਘੋਲਾਂ ਵੱਲੋਂ ਕਬਰ ਤੱਕ ਨਹੀਂ ਪਹੁੰਚਾਇਆ ਜਾਂਦਾ ਉਦੋਂ ਤੱਕ ਇਹ ਲੋਕਾਂ ਦਾ ਖ਼ੂਨ ਪੀਕੇ ਜੀਉਂਦਾ ਰਹੇਗਾ ਤੇ ਕੋਰਿਆਈ ਜੰਗਾਂ ਵਰਗੀਆਂ ਅਨੇਕਾਂ ਹੀ ਘਟਨਾਵਾਂ ਨੂੰ ਅੰਜਾਮ ਦਿੰਦਾ ਰਹੇਗਾ।



# 21ਵੀਂ ਸਦੀ ਵਿਚ ਗੈਰ ਮਨੁੱਖੀ ਢੰਗ ਤਰੀਕਿਆਂ ਦੀ ਹਕੀਕਤ

**ਗੁਰਪ੍ਰੀਤ ਅੰਮ੍ਰਿਤਸਰ**





ਪਿਛਲੇ ਮਹੀਨੇ ਸੰਗਰੂਰ ਦੇ ਲਹਿਰਾਗਾਗਾ ਵਿੱਚ ਸੀਵਰ ਸਾਫ ਕਰਦੇ ਸਮੇਂ ਇੱਕ ਸਫਾਈ ਮਜਦੂਰ ਦੀ ਗੈਸ ਚੜਨ ਕਾਰਨ ਮੌਤ ਹੋ ਗਈ ਅਤੇ ਦੋ ਹੋਰ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਹਨ। ਸੀਵਰੇਜ ਦੀ ਸਫਾਈ ਕਰਨ ਸਮੇਂ ਇੱਕ ਮਜਦੂਰ ਗੈਸ ਚੜਨ ਕਾਰਨ ਹੇਠਾਂ ਹੀ ਡਿੱਗ ਪਿਆ ਤੇ ਉਸਨੂੰ ਲੈਣ ਗਏ ਦੋ ਹੋਰ ਮਜਦੂਰ ਵੀ ਗੈਸ ਚੜਨ ਕਾਰਨ ਬੇਹੋਸ਼ ਹੋ ਗਏ। ਸੀਵਰੇਜ ਸਫਾਈ ਦਾ ਇਹ ਸਾਰਾ ਕੰਮ ਬਿਨਾਂ ਕਿਸੇ ਮਸ਼ੀਨ, ਮਾਸਕ ਅਤੇ ਹੋਰ ਸੁਰੱਖਿਆ ਸਹੂਲਤਾਂ ਦੇ ਹੋ ਰਿਹਾ ਸੀ। ਇਹ ਕੋਈ ਇਕੱਲੀ ਘਟਨਾ ਵੀ ਨਹੀਂ ਹੈ। ਭਾਰਤ ਵਿੱਚ 2018 ਤੋਂ ਲੈ ਕੇ 2022 ਤੱਕ ਅਜਿਹੇ ਵੱਖ-ਵੱਖ ਹਾਦਸਿਆਂ ਵਿੱਚ 308 ਸਫਾਈ ਮਜਦੂਰ ਆਪਣੀਆਂ ਜਾਨਾਂ ਗੁਆ ਚੁੱਕੇ ਹਨ ਪਰ ਥੋਥੇ ਵਾਅਦਿਆਂ, ਹਵਾਈ ਸਕੀਮਾਂ ਤੋਂ ਬਿਨਾਂ ਯੂਨੀਅਨ ਅਤੇ ਸੂਬਾ ਸਰਕਾਰਾਂ ਨੇ ਕੁੱਝ ਵੀ ਨਹੀਂ ਕੀਤਾ। ਹੱਥੀਂ ਸੀਵਰੇਜ ਸਾਫ ਕਰਨ ਦਾ ਅਣਮਨੁੱਖੀ ਰਿਵਾਜ ਹਜੇ ਵੀ ਭਾਰਤ ਵਿੱਚ ਵੱਡੇ ਪੱਧਰ 'ਤੇ ਚਾਲੂ ਹੈ। ਭਾਵੇਂ ਸਰਕਾਰ ਨੇ ਪਹਿਲਾਂ 1993 ਵਿੱਚ ਅਤੇ ਬਾਅਦ ਵਿੱਚ 2013 ਵਿੱਚ ਕਨੂੰਨ ਬਣਾ ਕੇ ਇਸਨੂੰ ਗੈਰ ਕਨੂੰਨੀ ਐਲਾਨਿਆ ਹੋਇਆ ਹੈ ਪਰ ਜਮੀਨੀ ਪੱਧਰ 'ਤੇ ਇਹ ਮਜਦੂਰ ਅੱਜ ਵੀ ਨਰਕ ਭੋਗ ਰਹੇ ਹਨ। ਇੱਕ ਸਰਕਾਰੀ ਰਿਪੋਰਟ ਮੁਤਾਬਕ ਭਾਰਤ ਵਿੱਚ ਘੱਟੋ-ਘੱਟ 58,098 ਹੱਥੀਂ ਸੀਵਰੇਜ ਅਤੇ ਮਨੁੱਖੀ ਗੰਦਗੀ ਸਾਫ ਕਰਨ ਵਾਲ਼ੇ ਮਜਦੂਰ ਹਨ। ਇਹਨਾਂ ਵਿੱਚੋਂ ਲਗਭਗ ਸਾਰੇ ਹੀ ਦਲਿਤ ਜਾਤੀਆਂ ਨਾਲ਼ ਸਬੰਧਤ ਹਨ। ਇਸੇ ਸਾਲ ਅਗਸਤ ਤੱਕ ਯੂਨੀਅਨ ਸਰਕਾਰ ਇਸ ਰਿਵਾਜ ਨੂੰ ਭਾਰਤ ਵਿੱਚੋਂ ਖਤਮ ਕਰ ਦੇਣ ਦਾ ਐਲਾਨ ਵੀ ਕਰਨ ਵਾਲ਼ੀ ਹੈ। ਸੀਵਰੇਜ ਸਾਫ ਕਰਦੇ ਸਮੇਂ ਹੋਣ ਵਾਲ਼ੀਆਂ ਜਿਆਦਾਤਰ ਮੌਤਾਂ ਦੇ ਅੰਕੜੇ ਵੀ ਸਰਕਾਰ ਚੋਰ-ਮੋਰੀਆਂ ਰਾਹੀਂ ਲੁਕਾ ਲੈਂਦੀ ਹੈ। ਬਹੁਤੇ ਮਾਮਲਿਆਂ ਵਿੱਚ ਪੁਲਿਸ ਪਰਚਾ ਵੀ ਦਰਜ ਨਹੀਂ ਕਰਦੀ। ਅਜਿਹੇ ਕੰਮ ਵਿੱਚ ਲੱਗੇ ਮਜਦੂਰਾਂ ਨੂੰ ਤਨਖਾਹ ਵੀ ਬਹੁਤ ਘੱਟ ਮਿਲ਼ਦੀ ਹੈ ਅਤੇ ਜਿਆਦਾਤਰ ਕੰਮ ਠੇਕੇ 'ਤੇ ਹੀ ਹੁੰਦਾ ਹੈ। ਅਜਿਹੇ ਹਾਦਸਿਆਂ ਸਮੇਂ ਹਮੇਸ਼ਾਂ ਇਸ ਕੰਮ ਦੇ ਮਸ਼ੀਨੀਕਰਨ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਪਰ ਜਮੀਨੀ ਹਲਾਤ ਉਵੇਂ ਦੇ ਉਵੇਂ ਹੀ ਰਹਿੰਦੇ ਹਨ।

ਸਰਕਾਰ ਸ਼ਬਦਾਂ ਦਾ ਹੇਰ-ਫੇਰ ਕਰਕੇ ਸਮਾਜ ਦੇ ਇਸ ਕਲੰਕ ਅਤੇ ਆਪਣੀ ਨਖਿੱਧ ਕਾਰਗੁਜਾਰੀ ਉੱਪਰ ਪਰਦਾ ਪਾਉਣ ਦੇ ਯਤਨ ਕਰਦੀ ਰਹਿੰਦੀ ਹੈ। ਸਰਕਾਰ ਹੱਥੀਂ ਮਨੁੱਖੀ ਗੰਦਗੀ ਸਾਫ ਕਰਨ ਅਤੇ ਹੱਥੀਂ ਸੀਵਰੇਜ ਸਾਫ ਕਰਨ ਨੂੰ ਵੱਖ-ਵੱਖ ਤਰ੍ਹਾਂ ਨਾਲ਼ ਪ੍ਰਭਾਸ਼ਿਤ ਕਰਦੀ ਹੈ। ਸਰਕਾਰ ਹੱਥੀਂ ਸੀਵਰੇਜ ਸਾਫ ਕਰਨ ਅਤੇ ਲੈਟਰੀਨਾ ਵਿੱਚੋਂ ਮਨੁੱਖੀ ਮਲ-ਮੂਤਰ ਸਾਫ ਕਰਨ ਨੂੰ ਇੱਕ ਦੂਜੇ ਨਾਲ਼ੋਂ ਵੱਖ ਕਰਕੇ ਪੇਸ਼ ਕਰਦੀ ਹੈ।

ਇਸ ਤਰ੍ਹਾਂ 1993 ਅਤੇ 2013 ਦੇ ਕਨੂੰਨ ਤਹਿਤ ਭਾਵੇਂ ਸੁੱਕੀਆਂ ਲੈਟਰੀਨਾਂ ਵਿੱਚੋਂ ਮਨੁੱਖੀ ਗੰਦਗੀ ਚੁੱਕਣਾ ਪੂਰੀ ਤਰ੍ਹਾਂ ਨਾਲ਼ ਗੈਰ-ਕਨੂੰਨੀ ਹੈ ਪਰ ਹੱਥੀਂ ਸੀਵਰੇਜ ਅਤੇ ਗਟਰ ਸਾਫ ਕਰਨਾ ਤਾਂ ਹੀ ਗੈਰ ਕਨੂੰਨੀ ਹੈ ਜੇਕਰ ਸਹੀ ਸੁਰੱਖਿਆ ਸਾਧਨ ਨਾ ਵਰਤੇ ਜਾਣ। ਪਰ ਕੀ ਸੀਵਰੇਜ/ਗਟਰ ਵਿੱਚ ਮਨੁੱਖੀ ਗੰਦਗੀ ਨਹੀਂ ਹੁੰਦੀ ਅਤੇ ਕੀ ਇਸ ਕੰਮ ਨੂੰ ਮਨੁੱਖਾਂ ਕੋਲ਼ੋਂ ਕਰਵਾਉਣਾ, ਚਾਹੇ ਕਿੰਨੇ ਵੀ ਸੁਰੱਖਿਆ ਉਪਕਰਣ ਵਰਤੇ ਜਾਣ, ਕਿਸੇ ਵੀ ਤਰ੍ਹਾਂ ਨਾਲ਼ ਵਾਜਬ ਹੈ? ਸੁਰੱਖਿਆ ਸਾਧਨਾ ਦੇ ਨਾਮ ਉੱਪਰ ਬਹੁਤੇ ਸਫਾਈ ਮਜਦੂਰਾਂ ਕੋਲ਼ ਸਿਰਫ ਇੱਕ ਰੱਸੀ ਹੁੰਦੀ ਹੈ ਜੋ ਉਹਨਾਂ ਦੇ ਲੱਕ ਨਾਲ਼ ਬੱਝੀ ਹੁੰਦੀ ਹੈ। ਇਸ ਕਨੂੰਨ ਦੀ ਵਰਤੋਂ ਕਰਕੇ ਸਰਕਾਰ ਇਸ ਤਰ੍ਹਾਂ ਮੱਕਾਰੀ ਨਾਲ਼ ਦੇਸ਼ ਵਿੱਚੋਂ ਹੱਥੀਂ ਗੰਦਗੀ ਸਾਫ ਕਰਨ ਦੇ ਕੰਮ ਦੇ ਖਾਤਮੇ ਦਾ ਐਲਾਨ ਵੀ ਕਰ ਦਿੰਦੀ ਹੈ। ਅਸਲ ਗੱਲ ਤਾਂ ਇਹ ਬਣਦੀ ਹੈ ਕਿ ਸਰਕਾਰ ਇਸ ਅਣਮਨੁੱਖੀ ਪੇਸ਼ੇ ਨੂੰ ਪੂਰੀ ਤਰ੍ਹਾਂ ਨਾਲ਼ ਖਤਮ ਕਰਕੇ ਇਹ ਕੰਮ ਮੁਕੰਮਲ ਤੌਰ 'ਤੇ ਮਸ਼ੀਨਾਂ ਨਾਲ਼ ਕਰਵਾਏ। ਭਾਰਤ ਵਿੱਚ ਸੀਵਰੇਜ ਪ੍ਰਣਾਲੀ ਦਾ ਬੁਨਿਆਦੀ ਢਾਂਚਾ ਬਹੁਤ ਹੀ ਪੁਰਾਣਾ ਅਤੇ ਕੰਮ ਚਲਾਊ ਹੈ। ਇਹਨਾਂ ਵਿੱਚੋਂ ਬਹੁਤੇ ਸੀਵਰ ਬਿਨਾਂ ਮਨੁੱਖੀ ਦਖਲ ਦੇ ਸਾਫ ਕੀਤੇ ਹੀ ਨਹੀਂ ਜਾ ਸਕਦੇ। ਸਰਕਾਰ ਦਾ ਅਜਿਹੇ ਆਧੁਨਿਕ ਸੀਵਰੇਜ ਬਣਾਉਣ ਵੱਲ ਵੀ ਕੋਈ ਧਿਆਨ ਨਹੀਂ ਹੈ ਜਿਹਨਾਂ ਨੂੰ ਮਸ਼ੀਨਾਂ ਨਾਲ਼ ਸਾਫ ਕੀਤਾ ਜਾ ਸਕੇ। ਸਰਕਾਰ ਇਸ ਨੂੰ ਖਤਮ ਕਰਨ ਲਈ ਕਿੰਨੀ ਕੁ ਪੱਬਾਂ ਭਾਰ ਹੈ ਇਸਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਫਾਈ ਮਜਦੂਰਾਂ ਨੂੰ ਹੋਰ ਰੁਜਗਾਰ ਉਪਲੱਬਧ ਕਰਵਾਉਣ ਵਾਲ਼ਾ ਬਜਟ ਜੋ 2019-20 ਵਿੱਚ 99.93 ਕਰੋੜ ਰੁਪਏ ਸੀ ਉਹ 2021-22 ਵਿੱਚ ਘਟਾ ਕੇ 43.31 ਕਰੋੜ ਰੁਪਏ ਕਰ ਦਿੱਤਾ ਗਿਆ ਹੈ। 2013 ਦੇ ਕਨੂੰਨ ਵਿੱਚ ਮਜਦੂਰਾਂ ਨੂੰ ਬਿਨਾਂ ਸੁਰੱਖਿਆ ਸਾਧਨਾ ਦੇ ਕੰਮ ਕਰਵਾਉਣ ਵਾਲ਼ੇ ਲਈ ਜੋ ਥੋੜੀ ਬਹੁਤ ਸਜਾ ਦਾ ਪ੍ਰਬੰਧ ਸੀ, ਉਹ ਵੀ ਚੰਗੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਿਆ। ਹੁਣ ਤੱਕ ਇਸ ਕਨੂੰਨ ਤਹਿਤ ਦਰਜ ਕੀਤੇ 616 ਮਾਮਲਿਆਂ ਵਿੱਚੋਂ ਸਿਰਫ 1 ਵਿਅਕਤੀ ਨੂੰ ਹੀ ਸਜਾ ਹੋਈ ਹੈ। ਸਾਲ 2014 ਵਿੱਚ ਆਏ ਸਰਵਉੱਚ ਅਦਾਲਤ ਦੇ ਹੁਕਮ ਦੇ ਬਾਅਦ 1315 ਸਫਾਈ ਮਜਦੂਰ ਸੀਵਰ ਸਾਫ ਕਰਦੇ ਸਮੇਂ ਆਪਣੀ ਜਾਨ ਗੁਆ ਚੁੱਕੇ ਹਨ ਪਰ ਉਹਨਾਂ ਵਿੱਚੋਂ ਸਿਰਫ 266 ਦੇ ਪਰਿਵਾਰਾਂ ਨੂੰ ਹੀ ਸਰਕਾਰ ਵੱਲੋਂ ਕਿਸੇ ਕਿਸਮ ਦਾ ਮੁਆਵਜਾ ਮਿਲ਼ਿਆ ਹੈ। ਸਰਕਾਰ ਮੁਤਾਬਕ 2023 ਵਿੱਚ 9 ਲੋਕਾਂ ਦੀ ਸੀਵਰੇਜ ਸਾਫ ਕਰਦੇ ਸਮੇਂ ਮੌਤ ਹੋਈ ਜਦਕਿ ਸਫਾਈ ਮੁਲਾਜਮ ਯੂਨੀਅਨ ਮੁਤਾਬਕ ਇਸ ਸਾਲ ਘੱਟੋ-ਘੱਟ 58 ਲੋਕ ਇਸ ਕੰਮ ਦੌਰਾਨ ਮਾਰੇ ਗਏ ਹਨ। ਇਹਨਾਂ ਅੰਕੜਿਆਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਰਕਾਰ ਸਫਾਈ ਮਜਦੂਰਾਂ ਦੀ ਹਾਲਤ ਸੁਧਾਰਨ ਅਤੇ ਇਸ ਰਿਵਾਜ ਨੂੰ ਖਤਮ ਕਰਨ ਦੀ ਥਾਂ ਅੰਕੜਿਆਂ ਦੇ ਹੇਰ-ਫੇਰ ਵਿੱਚ ਰੁੱਝੀ ਹੋਈ ਹੈ।

ਗਟਰ ਵਿੱਚੋਂ ਆਉਂਦੀ ਭਿਆਨਕ ਬਦਬੂ ਤੋਂ ਬਚਣ ਅਤੇ ਇਸ ਕੰਮ ਕਾਰਨ ਹੋਣ ਵਾਲ਼ੇ ਮਾਨਸਿਕ ਤਣਾਅ ਅਤੇ ਜਿੱਲਤ ਕਾਰਨ ਜਿਆਦਾਤਰ ਮਜਦੂਰ ਸ਼ਰਾਬ ਜਾਂ ਕਿਸੇ ਪ੍ਰਕਾਰ ਦੇ ਨਸ਼ੇ ਦਾ ਸੇਵਨ ਕਰਕੇ ਹੀ ਸੀਵਰੇਜ ਵਿੱਚ ਉੱਤਰਦੇ ਹਨ। ਸਰਕਾਰੀ ਅੰਕੜੇ ਆਮ ਤੌਰ 'ਤੇ ਸੀਵਰ ਵਿੱਚ ਉਤਰਨ ਕਾਰਨ ਹੋਈਆਂ ਸਿੱਧੀਆਂ ਮੌਤਾਂ ਦੀ ਹੀ ਨਿਸ਼ਾਨਦੇਹੀ ਕਰਦੇ ਹਨ ਪਰ ਅਜਿਹੀਆਂ ਹਾਲਤਾਂ ਵਿੱਚ ਕੰਮ ਕਰਨ ਨਾਲ਼ ਮਜਦੂਰਾਂ ਨੂੰ ਹੋਣ ਵਾਲ਼ੀਆਂ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਵੱਲ ਬਿਲਕੁਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਇਸ ਕੰਮ ਵਿੱਚ ਲੱਗੇ ਬਹੁਤੇ ਮਜਦੂਰਾਂ ਨੂੰ ਟੀਬੀ, ਕੈਂਸਰ, ਅਤੇ ਹੋਰ ਭਿਆਨਕ ਚਮੜੀ ਰੋਗ ਲੱਗਦੇ ਹਨ। ਹੈਜਾ, ਟਾਈਫ਼ਾਈਡ ਤਾਂ ਬਹੁਤ ਹੀ ਆਮ ਜਿਹੀ ਗੱਲ ਹੈ। ਇਸ ਤੋਂ ਬਿਨਾਂ ਮਜਦੂਰ ਸੀਵਰ ਵਿੱਚ ਮੌਜੂਦ ਖਤਰਨਾਕ ਐਂਟੀਬਾਇਓਟਿਕ ਪ੍ਰਤੀਰੋਧਕ ਬੈਕਟੀਰੀਆ, ਖਤਰਨਾਕ ਰਸਾਇਣ ਨਾਲ਼ ਰੋਜਾਨਾ ਸੰਪਰਕ ਵਿੱਚ ਆਉਂਦੇ ਹਨ। ਇਸ ਪੇਸ਼ੇ ਵਿੱਚ ਲੱਗੇ ਮਜਦੂਰਾਂ ਦੀ ਜਿੰਦਗੀ ਦੀ ਔਸਤ ਮਿਆਦ ਸਿਰਫ 40 ਸਾਲ ਹੈ!

ਇਹ ਕੰਮ ਆਮ ਤੌਰ 'ਤੇ ਠੇਕੇ ਉੱਪਰ ਕਰਵਾਇਆ ਜਾਂਦਾ ਹੈ। ਮਜਦੂਰਾਂ ਦੀ ਔਸਤ ਮਹੀਨਾਵਾਰ ਤਨਖਾਹ 10,000 ਰੁਪਏ ਤੋਂ ਵੀ ਘੱਟ ਹੁੰਦੀ ਹੈ। ਬੀਮਾ, ਸਿਹਤ ਸਹੂਲਤਾਂ ਦੀ ਤਾਂ ਗੱਲ ਹੀ ਛੱਡੋ। ਆਪਣੇ ਪੇਸ਼ੇ ਕਾਰਨ ਇਹਨਾਂ ਮਜਦੂਰਾਂ ਨੂੰ ਭਿਆਨਕ ਸਮਾਜਕ ਵਿਤਕਰੇ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਇਹ ਕੰਮ ਅੱਜ ਵੀ ਮੁੱਖ ਰੂਪ ਵਿੱਚ ਦਲਿਤਾਂ ਕੋਲ਼ੋਂ ਹੀ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਉਹ ਜਮਾਤੀ ਅਤੇ ਜਾਤੀ, ਦੋਹਾਂ ਤਰ੍ਹਾਂ ਦੇ ਦਾਬੇ ਦਾ ਸ਼ਿਕਾਰ ਹਨ। ਸਰਕਾਰੀ ਅਧਿਕਾਰੀਆਂ ਦਾ ਇਹਨਾਂ ਮਜਦੂਰਾਂ ਪ੍ਰਤੀ ਬਹੁਤ ਹੀ ਨਫ਼ਰਤ ਭਰਿਆ ਵਤੀਰਾ ਹੁੰਦਾ ਹੈ। ਇਹ ਮਜਦੂਰ ਕਿਸ ਤਰ੍ਹਾਂ ਦੀ ਮਾਨਸਿਕ ਪੀੜ ਵਿੱਚੋਂ ਗੁਜਰਦੇ ਹਨ ਇਸ ਗੱਲ ਦਾ ਅੰਦਾਜਾ ਇੱਕ ਮਜਦੂਰ ਦੀ ਉਦਾਹਰਨ ਤੋਂ ਲਗਾਇਆ ਜਾ ਸਕਦਾ ਹੈ। ਇਸ ਪੇਸ਼ੇ ਵਿੱਚ ਲੱਗੇ ਇੱਕ ਮਜਦੂਰ ਨੇ ਦੱਸਿਆ ਕਿ ਉਹ ਆਪਣੀ 8 ਸਾਲ ਦੀ ਕੁੜੀ ਨੂੰ ਇਹ ਨਹੀਂ ਦੱਸਦਾ ਕਿ ਉਹ ਕਿਸ ਤਰ੍ਹਾਂ ਦਾ ਕੰਮ ਕਰਦਾ ਹੈ ਨਹੀਂ ਤਾਂ ਉਹ ਉਸਦੇ ਕੋਲ਼ ਬੈਠ ਕੇ ਖਾਣਾ ਨਹੀਂ ਖਾਵੇਗੀ। ਸਫਾਈ ਮਜਦੂਰਾਂ ਦੇ ਪਰਿਵਾਰਾਂ, ਬੱਚਿਆਂ ਨੂੰ ਵਿੱਦਿਅਕ ਸੰਸਥਾਵਾਂ ਅਤੇ ਸਮਾਜ ਦੇ ਹੋਰ ਖੇਤਰਾਂ ਵਿੱਚ ਵੀ ਇਸ ਵਿਤਕਰੇ ਨੂੰ ਸਹਿਣਾ ਪੈਂਦਾ ਹੈ। ਇਹਨਾਂ ਮਜਦੂਰਾਂ ਦੀ ਇੱਕ ਹੋਰ ਮਜਬੂਰੀ ਇਹ ਵੀ ਹੈ ਕਿ ਉਹਨਾਂ ਲਈ ਕੋਈ ਹੋਰ ਕੰਮ ਲੱਭਣਾ ਵੀ ਬਹੁਤ ਔਖਾ ਹੈ।

ਕੀ ਭਾਰਤ ਵਿੱਚ ਸਰਕਾਰਾਂ ਨੂੰ ਇਹ ਸਭ ਨਹੀਂ ਦਿਸਦਾ? ਜਰੂਰ ਦਿੱਖਦਾ ਹੈ ਪਰ ਇਹਨਾਂ ਮਜਦੂਰਾਂ ਨੂੰ ਇਸ ਅਣਮਨੁੱਖੀ ਕੰਮ ਤੋਂ ਮੁਕਤ ਕਰਵਾ ਕੇ ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਇਹਨਾਂ ਸਰਕਾਰਾਂ ਦੀਆਂ ਤਰਜੀਹਾਂ ਵਿੱਚ ਸ਼ਾਮਲ ਨਹੀਂ ਹੈ। ਵਾਰ-ਵਾਰ ਥੋਥੇ ਕਨੂੰਨ ਬਣਾਏ ਅਤੇ ਭਾਸ਼ਣ ਦਿੱਤੇ ਜਾਂਦੇ ਹਨ ਪਰ ਕਦੀ ਵੀ ਇਹ ਨਹੀਂ ਕਿਹਾ ਜਾਂਦਾ ਕਿ ਇਹ ਕੰਮ ਹੀ ਮਨੁੱਖਾਂ ਦੇ ਕਰਨ ਯੋਗ ਨਹੀਂ ਹੈ। ਸਗੋਂ, ਮਜਦੂਰਾਂ ਦੀਆਂ ਭਿਆਨਕ ਹਾਲਤਾਂ ਦਾ ਫਾਇਦਾ ਚੁੱਕਿਆ ਜਾਂਦਾ ਹੈ। ਇਸ ਸਮੱਸਿਆ ਨੂੰ ਕਾਫੀ ਹੱਦ ਤੱਕ ਦੇਸ਼ ਵਿੱਚ ਸੀਵਰੇਜ ਢਾਂਚੇ ਦਾ ਨਵੀਨੀਕਰਨ ਕਰਕੇ, ਸੀਵਰੇਜ ਵਿੱਚੋਂ ਗੰਦਗੀ ਸਾਫ ਕਰਨ ਲਈ ਮਸ਼ੀਨਾਂ ਦਾ ਪ੍ਰਬੰਧ ਕਰਕੇ ਹੱਲ ਕੀਤਾ ਜਾ ਸਕਦਾ ਹੈ। ਸਰਕਾਰ ਇਸ ਕੰਮ ਦੇ ਮਸ਼ੀਨੀਕਰਨ ਉੱਪਰ ਹੋਣ ਵਾਲ਼ੇ ਖਰਚੇ ਤੋਂ ਹਮੇਸ਼ਾਂ ਟਾਲ਼ਾ ਵੱਟਦੀ ਆਈ ਹੈ। ਅੱਜ ਸਰਕਾਰ ਦੇਸ਼ ਵਿੱਚ ਕਰੋੜਾਂ ਰੁਪਏ ਫਾਲਤੂ ਬੁੱਤ ਬਣਾਉਣ, ਨਵੀਂ ਸੰਸਦ ਬਣਾਉਣ ਅਤੇ ਸਰਮਾਏਦਾਰਾਂ ਦੇ ਕਰੋੜਾਂ ਰੁਪਏ ਦੇ ਕਰਜੇ ਮਾਫ ਕਰਨ ਲਈ ਵਰਤ ਸਕਦੀ ਹੈ ਪਰ ਇਹਨਾਂ ਮਜਦੂਰਾਂ ਨੂੰ ਨਰਕ ਵਿੱਚੋਂ ਬਾਹਰ ਕੱਢਣ ਲਈ ਨਹੀਂ। ਇਸ ਪੇਸ਼ੇ ਵਿੱਚ ਲੱਗੇ ਮਜਦੂਰਾਂ ਦੀਆਂ ਭਿਆਨਕ ਹਾਲਤਾਂ ਦਾ ਅੰਤ ਉਹਨਾਂ ਦੇ ਜਥੇਬੰਦ ਹੋ ਕੇ ਇਸ ਵਿਤਕਰੇ ਵਿਰੁੱਧ ਸੰਘਰਸ਼ ਕਰਕੇ ਹੀ ਹੋ ਸਕਦਾ ਹੈ। ਸਫਾਈ ਮਜਦੂਰ ਭਾਰਤ ਦੀ ਵਿਸ਼ਾਲ ਮਜਦੂਰ ਜਮਾਤ ਦਾ ਹੀ ਇੱਕ ਅੰਗ ਹਨ ਅਤੇ ਉਹਨਾਂ ਦੀ ਮੁਕਤੀ ਜਥੇਬੰਦਕ ਜਮਾਤੀ ਸੰਘਰਸ਼ ਨਾਲ਼ ਹੀ ਹੋ ਸਕਦੀ ਹੈ।

ਲਲਕਾਰ 'ਚੋਂ ਧੰਨਵਾਦ ਸਹਿਤ

# ਦਰਦ ਜੋ ਛੁਪਾਏ ਨਹੀਂ ਜਾਣੇ

**ਡਾ. ਸਾਹਿਬ ਸਿੰਘ**

ਇਹਨਾਂ ਤਸਵੀਰਾਂ ਵਿਚ ਦਿਖਾਈ ਦੇ ਰਹੇ ਜੁਆਕ ਓਹੀ ਕੁੱਝ ਕਰ ਰਹੇ ਨੇ ਜੁ ਹਕੂਮਤ ਨੇ ਉਨ੍ਹਾਂ ਨਾਲ ਕੀਤਾ..ਹਕੂਮਤ ਨੇ ਇਹਨਾਂ ਪਲਾਸਟਿਕ ਦੀਆਂ ਪੱਲੀਆਂ ਨਾਲ ਉਹਨਾਂ ਦੇ 'ਘਰ' ਛੁਪਾ ਦਿਤੇ ਤਾਂ ਕਿ ਦੁਨੀਆਂ ਭਰ ਤੋਂ ਜੀ 20 ਸੰਮੇਲਨ ਲਈ ਪਹੁੰਚ ਰਹੇ 'ਜੋਅ ਬਾਈਡਨਾਂ' ਨੂੰ ਕਿਤੇ ਦਿਸ ਨਾ ਜਾਣ..ਤੇ ਇਹ ਜੁਆਕ ਉਹਨਾਂ ਹੀ ਪੱਲੀਆਂ ਨਾਲ ਆਪਣਾ ਨੰਗ ਢਕਣਗੇ!.. ਹਕੂਮਤ ਨੇ ਸਾਜਿਸ਼ੀ ਖੇਡ ਖੇਡੀ.. ਜੁਆਕ ਮਾਸੂਮ ਖੇਡ ਖੇਡਣਗੇ!..ਕਿਉਂ ਛੁਪਾ ਦਿਤਾ ਜਾਂਦਾ ਅਸਲ ਭਾਰਤ!

ਮੈਨੂੰ ਪਤਾ ਇਹ ਗੱਲਾਂ ਕਰਨਾ ਹੁਣ ਸਨਕੀਪੁਣੇ ਦੀ ਨਿਸ਼ਾਨੀ ਦੱਸਿਆ ਜਾਂਦਾ..ਉਹ ਘਟਨਾਵਾਂ ਤੇ ਵਰਤਾਰੇ ਜੁ ਸਾਡੀਆਂ ਅੱਖਾਂ 'ਚ ਮਿਰਚਾਂ ਵਾਂਗ ਲੜਨੇ ਚਾਹੀਦੇ, ਉਹਨਾਂ ਬਾਰੇ ਬੋਲਣਾ 'ਉਹਨਾਂ' ਚੁਪਚਾਪ ਦੇਸ਼ ਦੀ ਤਰੱਕੀ ਦੇ ਰਾਹ ਦਾ ਰੋੜਾ ਸਾਬਤ ਕਰਤਾ..ਤੇ ਅਸੀਂ ਸੁਖਰਹਿਣੇ ਬਣ ਕੇ ਮੀਸਣਿਆਂ ਵਾਂਗ ਗਰੀਬ ਤੇ ਮਜਬੂਰ ਲੋਕਾਂ ਨੂੰ ਦੇਸ਼ ਦੇ 'ਸੁਹਣੇ ਨਕਸ਼ੇ' ਤੋਂ ਗਾਇਬ ਕਰਨ ਦੀ ਮੁਹਿੰਮ ਦਾ ਹਿੱਸਾ ਬਣ ਗਏ..ਪਰ ਇਹ ਸਭ ਕੁੱਝ ਛੁਪ ਕਿਵੇਂ ਜਾਏਗਾ!

ਇੰਟਰਨੈੱਟ ਦਾ ਯੁਗ ਐ ਪ੍ਰਧਾਨ ਜੀ..ਆਪੇ ਤਾਂ ਕਹਿਨੇ ਓ ਕਿ ਡਿਜੀਟਲ ਇੰਡੀਆ ..ਮਾਫ ਕਰਨਾ ਡਿਜੀਟਲ ਭਾਰਤ!..ਫਿਰ ਡਿਜੀਟਲ ਸਿਰਫ ਘਰ ਦੇ ਜੀਆਂ ਲਈ ਥੋੜ੍ਹਾ..ਦੁਨੀਆਂ ਦੇਖੂ..ਛੁਪਾ ਕਿਉਂ ਰਹੇ ਓ..ਜੇ ਸਚਮੁਚ ਭਾਰਤ ਨੂੰ ਵਿਸ਼ਵ ਤਾਕਤ ਬਣਾਉਣੈ ਤਾਂ ਦੇਖਣ ਦਿਓ ਸੰਸਾਰ ਨੂੰ ਅਸਲ ਤਸਵੀਰ...ਕਹਿਣ ਜੋਗੇ ਤਾਂ ਹੋਵਾਂਗੇ ਕਿ ਕੀੜਿਆਂ ਦੀ ਤਰ੍ਹਾਂ ਕੁਰਬਲ ਕੁਰਬਲ ਕਰਦੇ ਭਾਰਤੀਆਂ 'ਚੋਂ ਹੀ ਅਸੀਂ ਚੰਦਰਮਾ ਤਕ ਵੀ ਪਹੁੰਚ ਜਾਨੇ ਆਂ..ਕਰੋ ਹਿੰਮਤ..ਕੀ ਕੀ ਛੁਪਾਓਗੇ..ਸਲਮਡੌਗ ਦਾ ਕੀ ਕਰੋਗੇ..ਪਲਾਸਟਿਕ ਪੱਲੀਆਂ ਨਾਲ ਹੰਝੂ ਨਹੀਂ ਪੂੰਝੇ ਜਾਣੇ..ਸੁਣੋ...

ਮੈਂ ਸੱਤ ਸਤੰਬਰ ਨੂੰ ਦਿੱਲੀ ਏਅਰਪੋਰਟ ਤੋਂ ਜਿਸ ਗੱਡੀ 'ਚ ਮੁਹਾਲੀ ਆ ਰਿਹਾ ਸੀ, ਉਸ ਨੂੰ ਚਲਾਉਣ ਵਾਲਾ ਯੂ ਪੀ ਤੋਂ ਸੀ..ਬੁਲੰਦ ਸ਼ਹਿਰ ਦਾ ਰਹਿਣ ਵਾਲਾ..ਨਾਮ ਛੋਟੂ!..ਦਿੱਲੀ ਆਇਆ ਸੀ ਰੁਜ਼ਗਾਰ ਲਈ ..ਬਿੰਦ ਕੁ ਪਿਛੋਂ ਉਹਦਾ ਫੋਨ ਵੱਜੇ..ਉਹ ਗਿਣਤੀ ਜਿਹੀ ਕਰ ਕੇ ਦੱਸੇ ਕਿ 11 ਕੁ ਵਜੇ ਤਕ ਵਾਪਸ ਆ ਜਾਏਗਾ..ਮੈਨੂੰ ਚਾਹ ਦੀ ਤਲਬ ਨਹੀਂ ਸੀ ਪਰ ਗੱਡੀ ਰੁਕਵਾ ਲਈ ..ਛੋਟੂ ਨੂੰ ਕੋਲ ਬਹਾ ਲਿਆ..ਉਸਦੀ ਘਰਵਾਲੀ ਦੇ ਕਿਸੇ ਵਕਤ ਵੀ ਜੁਆਕ ਹੋ ਸਕਦੈ..ਉਹ ਨਹੀਂ ਸੀ ਚਾਹੁੰਦੀ ਕਿ ਛੋਟੂ ਇਹ ਗੇੜਾ ਲਾਵੇ..ਫ਼ੋਨ ਓਸੇ ਦਾ ਆ ਰਿਹਾ ਸੀ..ਪਰ ਛੋਟੂ ਕਿਉਂ ਆਇਆ ...'ਬਾਊ ਜੀ ਉਹਨੂੰ ਕੀ ਪਤਾ ਮੇਰੀ ਜੇਬ ਦਾ..ਗੇੜਾ ਨਾ ਲਾਉਂਦਾ ਤਾਂ ਪੈਸੇ ਕਿਥੋਂ ਆਉਂਦੇ ..ਮੁੜ ਕੇ ਚਾਰ ਦਿਨ ਤਾਂ ਕਿਤੇ ਜਾ ਨਹੀਂ ਸਕਦਾ!'..ਪਰ ਕਿਉਂ!..ਛੋਟੂ ਨੇ ਮੋਟੀ ਗਾਹਲ ਕੱਢੀ , '...ਨੇ ਹੁਕਮ ਚਾੜ੍ਹਤਾ ਕਿ ਜਦ ਤਕ ਸੰਮੇਲਨ ਮੁਕ ਨਹੀਂ ਜਾਂਦਾ..ਅਵਾਰਾ ਕੀੜਿਆਂ ਦੀ ਤਰ੍ਹਾਂ ਬਾਹਰ ਨਹੀਂ ਨਿਕਲਣਾ...ਸਭ ਰਾਹ ਬੰਦ ਹੋ ਜਾਣਗੇ!'..ਛੋਟੂ ਨੇ ਚਾਹ ਵੀ ਮਸਾਂ ਪੀਤੀ!

ਅੱਜ ਜਦੋਂ ਇਹ ਤਸਵੀਰ ਦੇਖੀ ਤਾਂ ਛੋਟੂ ਯਾਦ ਆਇਆ ..ਉਹਦੀ ਘਰਵਾਲੀ ਨੇ ਮੁੰਡਾ ਜੰਮਿਆ ਹੋਊ ਜਾਂ ਕੁੜੀ ..ਜਾਂ ..ਜੇ ਹਸਪਤਾਲ ਜਾਣ ਦੀ ਲੋੜ ਪਈ ਹੋਊ ਤਾਂ ਅਵਾਰਾ ਕੀੜਿਆਂ ਨੇ ਕੀ ਕੀਤਾ ਹੋਊ..ਕਿਤੇ!..ਮਨੋ ਮਨੀ ਦੁਆ ਦਿਤੀ ਕਿ ਛੋਟੂ ਬਾਪ ਬਣ ਗਿਆ ਹੋਵੇ..ਫਿਰ ਸੋਚਿਆ ..ਇਹ ਕਿਹੋ ਜਿਹੀ ਦੁਆ ਐ..ਇਕ ਹੋਰ ਕੀੜੇ ਲਈ ਦੁਆ!..ਕੁੱਝ ਸਾਲ ਬਾਅਦ ਜਦ ਫਿਰ ਕੋਈ ਸੰਮੇਲਨ ਹੋਊਗਾ..ਰਾਜਾ ਹੋ ਸਕਦਾ ਬਦਲਿਆ ਹੋਵੇ..ਬਾਈਡਨ ਵੀ ਕੋਈ ਹੋਰ ਹੋਵੇ..ਪਲਾਸਟਿਕ ਦੀਆਂ ਪੱਲੀਆਂ ਫੇਰ ਲਹਿਰਾਉਣਗੀਆਂ..ਛੋਟੂ ਦਾ ਜੁਆਕ ਵੀ ਕੋਈ ਪੱਲੀ ਖਿਚ ਰਿਹਾ ਹੋਵੇਗਾ..ਭਾਰਤ ਹੋਰ




ਚਮਕ ਰਿਹਾ ਹੋਵੇਗਾ..ਪਰ ਦਰਦ ਕਿਦਾਂ ਛੁਪਾ ਲਓਗੇ!..

ਜਾਣਦਾ ਹਾਂ ..ਇਹ ਗੱਲਾਂ ਕਰਨੀਆਂ ਪਾਗ਼ਲਪਣ ਐ..ਪਰ ਪਤਾ ਨਹੀਂ ਕਿਉਂ ..ਜੀਅ ਕਰਦੈ ਕਿ ਕਿਸੇ ਚੌਕ ਚੁਰਾਹੇ 'ਤੇ ਖੜ੍ਹ ਕੇ ਉਚੀ ਆਵਾਜ਼ 'ਚ ਇਹ ਪਾਗ਼ਲ ਬੋਲੀ ਬੋਲਾਂ..ਸੰਘ ਪਾੜ ਕੇ..ਕੁੱਝ ਪਾਗ਼ਲ ਤਾਂ ਹੁੰਗਾਰਾ ਭਰਨ ਆ ਪਹੁੰਚਣਗੇ!..

ਪੱਲੀਆਂ ਪਾੜ ਦੇਣ ਦੇ ਮੂਡ 'ਚ

# ਵਿਨਾਸ਼ਕਾਰੀ 'ਵਿਕਾਸ' ਵਿਰੁੱਧ ਡਟੇ ਆਦਿਵਾਸੀ ਅਵਾਮ



ਬੂਟਾ ਸਿੰਘ
ਮਹਿਮੂਦਪੁਰ
94634-74342



ਇਕ ਪਾਸੇ ਭਾਰਤ ਨੂੰ ਧਰਮਤੰਤਰੀ ਹਿੰਦੂ ਰਾਜ ਬਣਾਉਣ ਲਈ ਸੰਘ ਬਰਗੇਡ ਦਾ ਹਕੂਮਤੀ ਬੁਲਡੋਜ਼ਰ ਅਵਾਮ ਨੂੰ ਦਰੜ ਰਿਹਾ ਹੈ। ਦੂਜੇ ਪਾਸੇ, ਮੁਲਕ ਦੇ ਕੁਦਰਤੀ ਵਸੀਲਿਆਂ ਉੱਪਰ ਸੰਘ ਦੇ ਚਹੇਤੇ ਕਾਰਪੋਰੇਟਾਂ ਦਾ ਮੁਕੰਮਲ ਕਬਜ਼ਾ ਕਰਾਉਣ ਲਈ ਇਸੇ ਹਕੂਮਤ ਵੱਲੋਂ ਰਾਜਕੀ ਦਹਿਸ਼ਤਵਾਦ ਦਾ ਬੇਦਰੇਗ ਇਸਤੇਮਾਲ ਪੂਰੇ ਜ਼ੋਰਾਂ 'ਤੇ ਹੈ। ਇਹ ਗੱਲ ਵੱਖਰੀ ਹੈ ਕਿ ਭਿਆਨਕ ਤੋਂ ਭਿਆਨਕ ਜਬਰ ਵੀ ਜੰਗਲਾਂ-ਪਹਾੜਾਂ ਦੀ ਰਾਖੀ ਲਈ ਜੂਝ ਰਹੇ ਆਦਿਵਾਸੀ ਅਵਾਮ ਦਾ ਮਨੋਬਲ ਤੋੜਨ 'ਚ ਕਾਮਯਾਬ ਨਹੀਂ ਹੋ ਰਿਹਾ ਕਿਉਂਕਿ ਉਨ੍ਹਾਂ ਅੱਗੇ ਆਪਣੀ ਹੋਂਦ ਨੂੰ ਬਚਾਉਣ ਦਾ ਸਵਾਲ ਹੈ। ਜੇ ਆਦਿਵਾਸੀ ਹੁਣ ਇਹ ਲੜਾਈ ਨਹੀਂ ਲੜਨਗੇ ਤਾਂ ਉਨ੍ਹਾਂ ਦੀ ਨਸਲਕੁਸ਼ੀ ਤੈਅ ਹੈ।

ਇਸੇ ਲੜੀ 'ਚ ਪਿਛਲੇ ਦਿਨੀਂ ਓੜੀਸਾ ਦੇ ਨਿਆਮਗਿਰੀ ਅਤੇ ਕਾਸ਼ੀਪੁਰ ਖੇਤਰ 'ਚ ਪੁਲਿਸ ਵੱਲੋਂ ਆਦਿਵਾਸੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਨੂੰ ਕੁਚਲਣ ਲਈ ਬੇਤਹਾਸ਼ਾ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਅਤੇ ਝੂਠੇ ਕੇਸ ਪਾਏ ਗਏ। ਅਗਸਤ ਮਹੀਨੇ ਓੜੀਸਾ ਪੁਲਿਸ ਨੇ ਨਵੀਨ ਪਟਨਾਇਕ ਹਕੂਮਤ ਦੇ ਇਸ਼ਾਰੇ 'ਤੇ ਮਾਈਨਿੰਗ ਦਾ ਵਿਰੋਧ ਕਰ ਰਹੇ ਆਦਿਵਾਸੀਆਂ ਤੇ ਦਲਿਤਾਂ ਵਿਰੁੱਧ ਸੰਗੀਨ ਧਾਰਾਵਾਂ ਲਗਾ ਕੇ ਫ਼ੌਜਦਾਰੀ ਕੇਸ ਦਰਜ ਕੀਤੇ ਅਤੇ 25 ਆਦਿਵਾਸੀ ਕਾਰਕੁਨ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਨਿਆਮਗਿਰੀ ਸੁਰਕਸ਼ਾ ਸੰਮਤੀ ਦੇ ਨੌਂ ਕਾਰਕੁਨਾਂ ਵਿਰੁੱਧ ਦਹਿਸ਼ਤਵਾਦੀ ਵਿਰੋਧੀ ਵਿਸ਼ੇਸ਼ ਕਾਨੂੰਨ ਯੂਏਪੀਏ ਸਮੇਤ ਅਤਿ ਸੰਗੀਨ ਧਾਰਾਵਾਂ ਲਗਾਈਆਂ ਗਈਆਂ ਹਨ ਜਿਨ੍ਹਾਂ ਨੇ ਵੇਦਾਂਤ ਕੰਪਨੀ ਦੀ ਬਾਕਸਾਈਟ ਮਾਈਨਿੰਗ ਵਿਰੁੱਧ ਸ਼ਾਨਦਾਰ ਸੰਘਰਸ਼ ਲੜ ਕੇ ਨਵਾਂ ਇਤਿਹਾਸ ਰਚਿਆ ਸੀ। ਆਦਿਵਾਸੀਆਂ ਦੇ ਹੱਕਾਂ ਦਾ ਇਹ ਘਾਣ ਉਸੇ ਓੜੀਸਾ ਵਿਚ ਹੋ ਰਿਹਾ ਜਿੱਥੋਂ ਦੀ 'ਆਦਿਵਾਸੀ ਔਰਤ' ਦਰੌਪਦੀ ਮੁਰਮੂ ਨੂੰ ਰਾਸ਼ਟਰਪਤੀ ਥਾਪ ਕੇ ਆਰ.ਐੱਸ.ਐੱਸ.-ਭਾਜਪਾ ਨੇ ਇਹ ਪ੍ਰਭਾਵ ਦੇਣ ਦੀ ਚਾਲ ਖੇਡੀ ਸੀ ਕਿ ਦੇਖ ਲਓ ਅਸੀਂ ਘੱਟਗਿਣਤੀਆਂ, ਆਦਿਵਾਸੀਆਂ, ਦਲਿਤਾਂ ਅਤੇ ਔਰਤਾਂ ਨੂੰ ਕਿੰਨਾ ਮਹੱਤਵ ਦਿੰਦੇ ਹਾਂ।

9 ਅਗਸਤ ਨੂੰ ਨਿਆਮਗਿਰੀ ਸੁਰਕਸ਼ਾ ਸੰਮਤੀ ਵੱਲੋਂ 'ਸੰਸਾਰ ਦੇ ਮੂਲਵਾਸੀ ਲੋਕਾਂ ਦਾ ਕੌਮਾਂਤਰੀ ਦਿਹਾੜਾ' ਮਨਾਉਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। 5 ਅਗਸਤ ਨੂੰ ਪੁਲਿਸ ਨੇ ਸੰਮਤੀ ਦੇ ਦੋ ਨੌਜਵਾਨ ਆਦਿਵਾਸੀ ਕਾਰਕੁਨ ਕਾਲਾਹਾਂਡੀ ਜ਼ਿਲ੍ਹੇ ਦੀ ਲਾਂਜੀਗੜ੍ਹ ਹਾਟ (ਮੰਡੀ) 'ਚੋਂ ਚੁੱਕ ਲਏ ਜਿੱਥੇ ਉਹ ਇਸੇ ਤਿਆਰੀ ਸੰਬੰਧੀ ਹੋਰ ਆਦਿਵਾਸੀਆਂ ਨਾਲ ਚਰਚਾ ਕਰਨ ਲਈ ਗਏ ਸਨ। ਉਨ੍ਹਾਂ ਦਾ ਇਕ ਸਾਥੀ ਪੁਸ਼ਪਾ ਸਿਕਾਕਾ ਭੱਜਣ 'ਚ ਕਾਮਯਾਬ ਹੋ ਗਿਆ ਅਤੇ ਉਸੇ ਨੇ ਅਗਵਾ ਦੀ ਖ਼ਬਰ ਆਪਣੇ ਪਿੰਡ ਵਾਸੀਆਂ ਨੂੰ ਦਿੱਤੀ। ਜਦੋਂ ਪਿੰਡ ਵਾਸੀ ਪੁਲਿਸ ਅਧਿਕਾਰੀਆਂ ਨੂੰ ਮਿਲੇ ਤਾਂ ਅਧਿਕਾਰੀ ਗ੍ਰਿਫ਼ਤਾਰੀ ਤੋਂ ਸਾਫ਼ ਮੁੱਕਰ ਗਏ। 7 ਅਗਸਤ ਨੂੰ ਹਾਈਕੋਰਟ ਵਿਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਗਈ। 8 ਅਗਸਤ ਨੂੰ ਪੁਲਿਸ ਨੇ ਬਾਰੀ ਸਿਕਾਕਾ ਨੂੰ ਤਾਂ ਛੱਡ ਦਿੱਤਾ ਜਦਕਿ ਕਰੁਸ਼ਨਾ ਸਿਕਾਕਾ ਨੂੰ 2018 ਦੇ ਇਕ ਕਥਿਤ ਬਲਾਤਕਾਰ ਕੇਸ 'ਚ ਫਸਾ ਕੇ ਜੇਲ੍ਹ ਭੇਜ ਦਿੱਤਾ।

ਪੁਲਿਸ ਅਧਿਕਾਰੀਆਂ ਦੀ ਬਦਨੀਅਤ ਤਾੜ ਕੇ ਸੰਮਤੀ ਨੇ 6 ਅਗਸਤ ਨੂੰ ਕਲਿਆਣਸਿੰਘਪੁਰ ਥਾਣੇ ਅੱਗੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਗ੍ਰਿਫ਼ਤਾਰ ਨੌਜਵਾਨਾਂ ਦਾ ਥਹੁ-ਪਤਾ ਦੱਸਣ ਦੀ ਮੰਗ ਕੀਤੀ। ਪੁਲਿਸ ਨੇ ਉੱਥੋਂ ਇਕ ਹੋਰ ਨੌਜਵਾਨ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ ਜੋ ਆਦਿਵਾਸੀ ਇਕਜੁੱਟਤਾ ਨੇ ਅਸਫ਼ਲ ਬਣਾ ਦਿੱਤੀ। ਇਸੇ ਦਿਨ ਕਲਿਆਣਸਿੰਘਪੁਰਾ ਥਾਣੇ 'ਚ ਯੂਏਪੀਏ ਅਤੇ ਆਈ.ਪੀ.ਸੀ. ਦੀਆਂ ਹੋਰ ਅਤਿ ਸੰਗੀਨ ਧਾਰਾਵਾਂ ਲਗਾ ਕੇ ਇਕ ਹੋਰ ਐੱਫ.ਆਈ.ਆਰ. ਦਰਜ ਕਰ ਲਈ ਗਈ। ਇਸ ਕੇਸ ਵਿਚ ਨਿਆਮਗਿਰੀ ਸੁਰਕਸ਼ਾ ਸੰਮਤੀ ਦੇ ਦੋ ਸੀਨੀਅਰ ਆਗੂਆਂ ਲਾਦਾ ਸਿਕਾਕਾ, ਧਰਿੰਜੂ ਕਰੁਸ਼ਕਾ, ਸੰਮਤੀ ਦੇ ਕਾਰਕੁਨਾਂ ਸਾਂਬਾ ਹਿਓਕਾ, ਮਨੂ ਸਿਕਾਕਾ, ਉਪੇਂਦਰ ਉਰਫ਼ ਦਰਾਵਿੜ ਬਾਗ ਦੇ ਨਾਲ ਨਾਲ ਕਵੀ ਲੈਨਿਨ ਕੁਮਾਰ, ਸੀਨੀਅਰ ਦਲਿਤ ਕਾਰਕੁਨ ਅਤੇ ਸੰਮਤੀ ਦੇ ਸਲਾਹਕਾਰ ਲਿੰਗਾਰਾਜ ਆਜ਼ਾਦ, ਖਾਂਡੂਆਲਾਮਾਲੀ ਸੁਰਕਸ਼ਾ ਸੰਮਤੀ ਦੇ ਕਾਰਕੁਨ ਬ੍ਰਿਤਿਸ਼ ਨਾਇਕ ਨੂੰ ਦੋਸ਼ੀ ਬਣਾਇਆ ਗਿਆ।

ਦੋਸ਼ ਇਹ ਲਾਇਆ ਗਿਆ ਕਿ ਪ੍ਰਦਰਸ਼ਨਕਾਰੀ "ਲਾਠੀਆਂ ਅਤੇ ਘਾਤਕ ਹਥਿਆਰਾਂ ਯਾਨੀ ਕੁਹਾੜੀਆਂ" ਨਾਲ ਲੈਸ ਸਨ ਅਤੇ ਉਨ੍ਹਾਂ ਨੇ ਪੁਲਸੀਆਂ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ। ਗ਼ੈਰਕਾਨੂੰਨੀ ਇਕੱਠ, ਘਾਤਕ ਹਥਿਆਰ ਲੈ ਕੇ ਦੰਗੇ-ਫ਼ਸਾਦ ਕਰਨ, ਡਿਊਟੀ ਦੇ ਰਹੇ ਸਰਕਾਰੀ ਮੁਲਾਜ਼ਮਾਂ ਉੱਪਰ ਮਿੱਥ ਕੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਡਿਊਟੀ ਕਰਨ ਤੋਂ ਰੋਕਣ ਸੰਬੰਧੀ ਵੱਖ-ਵੱਖ ਧਾਰਾਵਾਂ ਲਗਾਉਣ ਦੇ ਨਾਲ-ਨਾਲ ਹਾਸੋਹੀਣੇ ਦੋਸ਼ ਵੀ ਲਗਾਏ ਗਏ ਕਿ ਉਨ੍ਹਾਂ ਨੇ ਜਨਤਕ ਥਾਂ 'ਤੇ ਅਸ਼ਲੀਲ ਗੀਤ/ਸ਼ਬਦ ਬੋਲੇ, ਸਰਕਾਰੀ ਮੁਲਾਜ਼ਮਾਂ ਜਾਂ ਕਾਰੋਬਾਰ ਦਾ ਅਪਮਾਨ ਕੀਤਾ ਅਤੇ ਸਰਕਾਰੀ ਮੁਲਾਜ਼ਮ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ। ਯੂਏਪੀਏ ਦੀਆਂ ਧਾਰਾਵਾਂ ਇਹ ਬਹਾਨਾ ਘੜ ਕੇ ਲਗਾਈਆਂ ਗਈਆਂ ਹਨ ਕਿ ਪ੍ਰਦਰਸ਼ਨਕਾਰੀਆਂ ਕੋਲ ਲਾਠੀਆਂ ਤੇ ਕੁਹਾੜੀਆਂ ਸਨ ਅਤੇ ਉਹ "ਖੱਬੇਪੱਖੀ ਅੱਤਵਾਦ" ਵਿਰੁੱਧ ਪੁਲਿਸ ਦੀ ਕਾਰਵਾਈ 'ਚ ਅੜਿੱਕਾ ਪਾ ਰਹੇ ਹਨ ਤੇ ਉਨ੍ਹਾਂ ਨੇ ਘਾਤਕ ਹਥਿਆਰਾਂ ਨਾਲ ਪੁਲਿਸ ਉੱਪਰ ਹਮਲਾ ਕੀਤਾ। ਜਦਕਿ ਲਾਠੀ ਤੇ ਕੁਹਾੜੀ ਡੋਂਗਰੀਆ ਕੌਂਦ ਆਦਿਵਾਸੀਆਂ ਦੇ ਰਵਾਇਤੀ ਹਥਿਆਰ ਹਨ ਅਤੇ ਇਹ ਉਨ੍ਹਾਂ ਦੀ ਰੋਜ਼ਮਰਾ ਜ਼ਿੰਦਗੀ ਦਾ ਅਨਿੱਖੜ ਅੰਗ ਹਨ। ਖੱਬੇਪੱਖੀ ਅੱਤਵਾਦ ਦਾ ਠੱਪਾ ਉਨ੍ਹਾਂ ਉੱਪਰ ਜਬਰ ਨੂੰ ਵਾਜਬ ਦਰਸਾਉਣ ਲਈ ਲਗਾਇਆ ਗਿਆ ਹੈ।

10 ਅਗਸਤ ਨੂੰ ਪੁਲਿਸ ਨੇ ਦਰਾਵਿੜ ਬਾਗ ਨੂੰ ਚੁੱਕ ਲਿਆ। ਉਸ ਬਾਰੇ ਦੱਸਣ ਲਈ ਹੈਬੀਅਸ ਕਾਰਪਸ ਪਾਏ ਜਾਣ 'ਤੇ 15 ਅਗਸਤ ਨੂੰ ਪਤਾ ਲੱਗਿਆ ਕਿ ਉਸ ਨੂੰ ਰਾਇਗੜ੍ਹ ਜੇਲ੍ਹ ਵਿਚ ਰੱਖਿਆ ਗਿਆ ਹੈ ਅਤੇ ਹਿਰਾਸਤ ਵਿਚ ਉਸ ਉੱਪਰ ਤਿੰਨ ਦਿਨ ਬੇਰਹਿਮੀ ਨਾਲ ਤਸ਼ੱਦਦ ਕੀਤਾ ਗਿਆ ਹੈ। ਇਕ ਹੋਰ ਐੱਫ.ਆਈ.ਆਰ. ਕਾਸ਼ੀਪੁਰ ਥਾਣੇ 'ਚ 170 ਪਛਾਤੇ ਅਤੇ ਅਣਪਛਾਤੇ ਲੋਕਾਂ ਵਿਰੁੱਧ ਦਰਜ ਕਰ ਲਈ ਗਈ। ਇਸ ਵਿਚ ਹੁਣ ਤੱਕ 24 ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਣਪਛਾਤੇ ਅਜਿਹਾ ਬਹਾਨਾ ਹੈ ਜਿਸ ਤਹਿਤ ਕਿਸੇ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਦਹਿਸ਼ਤ ਪਾਉਣ ਲਈ ਅੱਧੀ ਰਾਤ ਨੂੰ ਪਿੰਡਾਂ ਵਿਚ ਲਗਾਤਾਰ ਛਾਪੇ ਮਾਰੇ ਜਾ ਰਹੇ ਹਨ ਅਤੇ ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਐੱਫ.ਆਈ.ਆਰ. ਵਿਚ ਉਨ੍ਹਾਂ ਦੇ ਵੀ ਨਾਮ ਸ਼ਾਮਿਲ ਹਨ ਜੋ ਇਸ ਵਿਰੋਧ ਪ੍ਰਦਰਸ਼ਨ 'ਚ ਕਦੇ ਸ਼ਾਮਿਲ ਹੀ ਨਹੀਂ ਹੋਏ। 23 ਅਗਸਤ ਨੂੰ ਸਾਦਾ ਵਰਦੀ 'ਚ ਪੁਲਿਸ ਨੇ ਮਾਲੀ ਪਰਵਤ ਸੁਰਕਸ਼ਾ ਸੰਮਤੀ ਕੋਰਾਪੁਟ ਦੇ ਦੋ ਅਹੁਦੇਦਾਰ ਅਗਵਾ ਕਰ ਲਏ ਅਤੇ ਗ਼ੈਰਕਾਨੂੰਨੀ ਹਿਰਾਸਤ 'ਚ ਰੱਖਣ ਤੋਂ ਬਾਦ 26 ਅਗਸਤ ਨੂੰ ਦੰਤੇਵਾੜਾ (ਛੱਤੀਸਗੜ੍ਹ) ਨੇੜੇ ਲਿਜਾ ਕੇ ਛੱਡ ਦਿੱਤੇ। ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਦੀਆਂ ਮਨਮਾਨੀਆਂ ਇਸ ਕਦਰ ਹਨ ਕਿ ਜਦੋਂ ਉੱਘੇ ਸਮਾਜੀ ਅਤੇ ਵਾਤਾਵਰਣ ਪ੍ਰੇਮੀ ਕਾਰਕੁਨ ਪ੍ਰਫੁਲ ਸਮਾਂਤਰਾ ਨੇ ਬਾਕਸਾਈਟ ਮਾਈਨਿੰਗ ਵਿਰੁੱਧ 29 ਅਗਸਤ ਨੂੰ ਰਾਇਗੜ੍ਹ ਵਿਖੇ ਇਕ ਪ੍ਰੈੱਸ ਕਾਨਫਰੰਸ ਕਰਨੀ ਚਾਹੀ ਤਾਂ ਪੁਲਿਸ ਨੇ ਉਸ ਨੂੰ ਹੋਟਲ 'ਚੋਂ ਚੁੱਕ ਲਿਆ। ਪ੍ਰੈੱਸ ਕਾਨਫਰੰਸ ਨੂੰ ਨਾਕਾਮ ਬਣਾਉਣ ਲਈ ਪੁਲਿਸ ਉਸ ਨੂੰ ਗੰਜਮ ਜ਼ਿਲ੍ਹੇ 'ਚ ਬਹਿਰਾਮਪੁਰ ਵਿਖੇ ਉਸ ਦੇ ਘਰ ਛੱਡ ਕੇ ਆਈ ਜੋ ਕਿ ਰਾਇਗੜ੍ਹ ਤੋਂ 200 ਕਿਲੋਮੀਟਰ ਦੂਰ ਹੈ।

ਹਕੂਮਤੀ ਜਬਰ ਆਦਿਵਾਸੀਆਂ ਲਈ ਨਵੀਂ ਗੱਲ ਨਹੀਂ ਹੈ। ਅੰਗਰੇਜ਼ੀ ਰਾਜ ਦੇ ਜ਼ਮਾਨੇ ਤੋਂ ਹੀ ਆਦਿਵਾਸੀਆਂ ਨੂੰ ਸਟੇਟ ਦੀ ਧਾੜਵੀ ਨੀਤੀ ਕਾਰਨ ਉਜਾੜੇ ਅਤੇ ਨਸਲਕੁਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਆਜ਼ਾਦ ਭਾਰਤ' ਵਿਚ ਦੇਸੀ ਹੁਕਮਰਾਨਾਂ ਵੱਲੋਂ ਅਪਣਾਏ ਵਿਸ਼ਵੀਕਰਨ-ਉਦਾਰੀਕਰਨ-ਨਿੱਜੀਕਰਨ ਆਧਾਰਿਤ 'ਵਿਕਾਸ ਮਾਡਲ' ਨੇ ਇਸ ਤਬਾਹੀ ਨੂੰ ਜ਼ਰਬਾਂ ਦੇ ਦਿੱਤੀਆਂ। ਆਦਿਵਾਸੀ ਇਹ ਹਕੀਕਤ ਚੰਗੀ ਤਰ੍ਹਾਂ ਸਮਝਦੇ ਹਨ ਕਿ ਇਹ ਕਥਿਤ ਵਿਕਾਸ ਮਹਿਜ਼ ਉਨ੍ਹਾਂ ਦੀ ਹੋਂਦ ਲਈ ਹੀ ਖ਼ਤਰਾ ਨਹੀਂ ਹੈ, ਇਹ ਕੁਦਰਤੀ ਚੌਗਿਰਦੇ ਅਤੇ ਪੌਣਪਾਣੀ ਦੀ ਵਿਆਪਕ ਪੈਮਾਨੇ 'ਤੇ ਬੇਤਹਾਸ਼ਾ ਤਬਾਹੀ ਦੀ ਆਮਦ ਵੀ ਹੈ। ਹੁਕਮਰਾਨਾਂ ਵੱਲੋਂ ਸੱਤਾ ਦੀ ਤਾਕਤ ਦੇ ਜ਼ੋਰ ਥੋਪਿਆ ਗਿਆ ਤਰਕਹੀਣ ਵਿਕਾਸ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੈ। ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਲੜਾਈ ਵਹਿਸ਼ਤ ਨਾਲ ਪਾਗਲ ਹੋਏ ਸਟੇਟ ਨਾਲ ਹੈ। ਇਸ ਦੇ ਬਾਵਜੂਦ ਉਹ ਆਪਣੇ ਜੰਗਲਾਂ-ਪਹਾੜਾਂ ਨੂੰ ਬਚਾਉਣ ਲਈ ਜਾਨ-ਹੂਲਵੀਂ ਲੜਾਈ ਲੜ ਰਹੇ ਹਨ ਜਿਨ੍ਹਾਂ ਦੀ ਕੁਦਰਤੀ ਗੋਦ 'ਚ ਉਹ ਪੁਸ਼ਤ-ਦਰ-ਪੁਸ਼ਤ ਆਪਣੀ ਜ਼ਿੰਦਗੀ ਬਸਰ ਕਰਦੇ ਆ ਰਹੇ ਹਨ। ਜੰਗਲਾਂ ਤੇ ਪਹਾੜਾਂ ਉੱਪਰ ਉਨ੍ਹਾਂ ਦਾ ਕੁਦਰਤੀ ਹੱਕ ਸੰਵਿਧਾਨਕ ਤੌਰ 'ਤੇ ਸਵੀਕਾਰ ਕੀਤਾ ਗਿਆ ਹੈ। ਪਿਛਲੇ ਦਿਨੀਂ ਜੰਗਲਾਤ ਕਾਨੂੰਨ 'ਚ ਵਿਸ਼ੇਸ਼ ਸੋਧਾਂ ਰਾਹੀਂ ਇਹ ਹੱਕ ਖੋਹ ਕੇ ਕਾਰਪੋਰੇਟ ਪ੍ਰੋਜੈਕਟਾਂ ਲਈ ਜੰਗਲਾਂ ਨੂੰ ਕਬਜ਼ੇ 'ਚ ਲੈਣ ਦਾ ਰਾਹ ਪੱਧਰਾ ਕੀਤਾ ਗਿਆ ਹੈ। ਜਨਰਲ ਆਫ਼ ਐਨਵਾਇਰਨਮੈਂਟ ਦੀ 2022 ਦੀ ਰਿਪੋਰਟ ਅਨੁਸਾਰ 2001-2019 ਦੇ ਅਰਸੇ 'ਚ ਓੜੀਸਾ ਵਿਚ ਮਾਈਨਿੰਗ ਲਈ 1655 ਸਕੇਅਰ ਕਿਲੋਮੀਟਰ ਜੰਗਲ ਸਾਫ਼ ਕਰਕੇ ਪੰਜ ਲੱਖ ਲੋਕਾਂ ਨੂੰ ਉਜਾੜਿਆ ਗਿਆ। ਆਦਿਵਾਸੀ ਅਵਾਮ ਨੂੰ ਪਤਾ ਹੈ ਕਿ ਖਣਨ ਦੇ ਕਾਰੋਬਾਰ ਨਾਲ ਜੁੜੇ ਕਾਰਪੋਰੇਟ ਘਰਾਣਿਆਂ ਅਤੇ ਕੇਂਦਰ ਤੇ ਰਾਜ ਸਰਕਾਰਾਂ ਦੇ ਗੱਠਜੋੜ ਦੇ ਉਨ੍ਹਾਂ ਲਈ ਕੀ ਮਾਇਨੇ ਹਨ ਅਤੇ ਜੰਗਲਾਂ-ਪਹਾੜਾਂ ਉੱਪਰ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਨੂੰ ਰੋਕਣਾ ਕਿਉਂ ਜ਼ਰੂਰੀ ਹੈ। ਉਹ ਭਿਆਨਕ ਜਬਰ ਝੱਲ ਕੇ ਅਤੇ ਭਾਰੀ ਜਾਨੀ ਤੇ ਆਰਥਕ ਮੁੱਲ ਤਾਰ ਕੇ ਵੀ ਇਹ ਕਬਜ਼ਾ ਰੋਕਣ ਲਈ ਦ੍ਰਿੜ ਹਨ।

ਹਕੂਮਤ ਦੀ ਉਪਰੋਕਤ ਬਦਲਾਖ਼ੋਰੀ ਦਾ ਕਾਰਨ ਓੜੀਸਾ ਦੇ ਇਸ ਖੇਤਰ ਦਾ ਬਾਕਸਾਈਟ ਨਾਲ ਭਰਪੂਰ ਹੋਣਾ ਹੈ। ਮੁਲਕ ਦੇ ਕੁਲ ਬਾਕਸਾਈਟ ਭੰਡਾਰ ਦਾ ਅੱਧੇ ਤੋਂ ਜ਼ਿਆਦਾ ਹਿੱਸਾ ਇਸੇ ਧਰਤੀ 'ਚ ਹੈ। ਇਸੇ ਕਾਰਨ ਆਲਮੀ ਤੇ ਦੇਸੀ ਕਾਰਪੋਰੇਟ ਗਿਰਝਾਂ ਦੀਆਂ ਲਲਚਾਈਆਂ ਨਜ਼ਰਾਂ ਬਾਕਸਾਈਟ ਦੇ ਭੰਡਾਰ ਉੱਪਰ ਹਨ ਅਤੇ ਉਹ ਹੁਕਮਰਾਨਾਂ ਦੀ ਮਿਲੀਭੁਗਤ ਨਾਲ ਇੱਥੋਂ ਸੈਂਕੜੇ ਪਿੰਡਾਂ ਦੇ ਆਦਿਵਾਸੀਆਂ ਨੂੰ ਹਰ ਹਾਲਤ 'ਚ ਉਜਾੜ ਕੇ ਬਾਕਸਾਈਟ ਉੱਪਰ ਕਬਜ਼ਾ ਕਰਨਾ ਚਾਹੁੰਦੇ ਹਨ। ਦੋ ਦਹਾਕਿਆਂ ਤੋਂ ਨਿਆਮਗਿਰੀ ਦੇ ਆਦਿਵਾਸੀ ਧਾੜਵੀ ਪ੍ਰੋਜੈਕਟਾਂ ਵਿਰੁੱਧ ਡੱਟੇ ਹੋਏ ਹਨ। ਹਕੂਮਤੀ ਬਲ ਤੇ ਛਲ ਦੇ ਹਰ ਵਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦੇ ਨਾਲ ਹੀ ਓੜੀਸਾ ਦੇ ਆਦਿਵਾਸੀਆਂ ਦਾ 1987 'ਚ ਭਾਰਤ ਐਲਮਿਨੀਅਮ ਕੰਪਨੀ ਵੱਲੋਂ ਕੀਤੀ ਜਾ ਰਹੀ ਮਾਈਨਿੰਗ ਰੋਕਣ, ਗੋਪਾਲਪੁਰ ਵਿਖੇ ਟਾਟਾ ਸਟੀਲ ਪਲਾਂਟ ਦੇ ਪ੍ਰੋਜੈਕਟ, ਚਿਲਿਕਾ ਝੀਲ ਉੱਪਰ ਟਾਟਾ ਸ਼ਰਿੰਪ ਦੇ ਕਬਜ਼ੇ ਅਤੇ ਕੋਰਾਪੁਟ ਵਿਖੇ ਆਦਿਤਿਯਾ ਬਿਰਲਾ ਗਰੁੱਪ ਦੀ ਹਿੰਡਾਲਕੋ ਕੰਪਨੀ ਦੇ ਬਾਕਸਾਈਟ ਮਾਈਨਿੰਗ ਪ੍ਰੋਜੈਕਟ ਵਿਰੁੱਧ ਡੱਟਣ ਦਾ ਵੀ ਸ਼ਾਨਦਾਰ ਇਤਿਹਾਸ ਹੈ।

ਡੋਂਗਰੀਆ ਕੌਂਧ ਕਬੀਲਾ ਓੜੀਸਾ ਵਿਚ ਬਾਕਸਾਈਟ ਮਾਈਨਿੰਗ ਵਿਰੁੱਧ ਨਿਆਮਗਿਰੀ ਅੰਦੋਲਨ ਦੀ ਮੋਹਰੀ ਤਾਕਤ ਹੈ। ਨਿਆਮਗਿਰੀ ਅੰਦੋਲਨ 2003 ਵਿਚ ਓੜੀਸਾ ਸਰਕਾਰ ਦੁਆਰਾ ਵੇਦਾਂਤਾ ਐਲੂਮੀਨੀਅਮ ਲਿਮਟਿਡ (ਵੀਏਐਲ) ਨਾਲ ਰਾਇਗੜ੍ਹ ਅਤੇ ਕਾਲਾਹਾਂਡੀ ਜ਼ਿਲ੍ਹਿਆਂ ਵਿਚ ਨਿਆਮਗਿਰੀ ਪਹਾੜੀਆਂ ਵਿਚ ਇਕ ਐਲੂਮਿਨਾ ਰਿਫਾਈਨਰੀ ਅਤੇ ਇਕ ਬਾਕਸਾਈਟ ਮਾਈਨਿੰਗ ਪਲਾਂਟ ਸਥਾਪਤ ਕਰਨ ਲਈ ਸਮਝੌਤੇ (ਐਮਓਯੂ) ਉੱਪਰ ਦਸਖ਼ਤ ਕੀਤੇ ਜਾਣ 'ਤੇ ਸ਼ੁਰੂ ਹੋਇਆ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਮਾਈਨਿੰਗ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਗ੍ਰਾਮ ਸਭਾਵਾਂ ਦੀ ਸਹਿਮਤੀ ਲਾਜ਼ਮੀ ਹੈ। 112 ਪਿੰਡਾਂ ਦੀਆਂ ਸਾਰੀਆਂ ਹੀ 12 ਗ੍ਰਾਮ ਸਭਾਵਾਂ ਨੇ ਮਾਈਨਿੰਗ ਪ੍ਰੋਜੈਕਟ ਨੂੰ ਨਾਮਨਜ਼ੂਰ ਕਰ ਦਿੱਤਾ। ਮਈ 2016 'ਚ ਸਰਕਾਰੀ ਮਾਲਕੀ ਵਾਲੀ ਮਾਈਨਿੰਗ ਕੰਪਨੀ ਓੜੀਸਾ ਮਾਈਨਿੰਗ ਕਾਰਪੋਰੇਸ਼ਨ ਨੇ ਨਿਆਮਗਿਰੀ ਪਹਾੜੀਆਂ ਦੀ ਚੋਟੀ 'ਤੇ ਬਾਕਸਾਈਟ ਮਾਈਨਿੰਗ ਦਾ ਫ਼ੈਸਲਾ ਕਰਨ ਲਈ ਗ੍ਰਾਮ ਸਭਾਵਾਂ ਦੇ ਆਯੋਜਨ ਦੀ ਸੰਭਾਵਨਾ ਉੱਪਰ ਨਵੇਂ ਸਿਰੇ ਤੋਂ ਵਿਚਾਰ ਕਰਨ ਲਈ ਸੁਪਰੀਮ ਕੋਰਟ ਵਿਚ ਇਕ ਨਵੀਂ ਅਰਜੀ ਦਾਇਰ ਕੀਤੀ, ਜੋ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ। ਗ੍ਰਾਮ ਸਭਾਵਾਂ ਦੁਆਰਾ ਸਹਿਮਤੀ ਦੇਣ ਤੋਂ ਇਨਕਾਰ ਕਰਨ ਤੋਂ ਬਾਅਦ ਵੇਦਾਂਤ ਕੰਪਨੀ ਦੇ ਠੇਕੇ ਨੂੰ ਰੱਦ ਕਰਨ ਦੇ ਬਾਵਜੂਦ, ਓੜੀਸਾ ਦੀ ਰਾਜ ਸਰਕਾਰ ਨੇ ਸਥਾਨਕ ਡੋਂਗਰੀਆ ਕੌਂਧ ਆਦਿਵਾਸੀਆਂ ਨੂੰ ਇਹ ਭਰੋਸਾ ਨਹੀਂ ਦਿੱਤਾ ਕਿ ਨਿਆਮਗਿਰੀ ਪਹਾੜੀਆਂ ਨੂੰ ਕੰਪਨੀ ਦੇ ਹਵਾਲੇ ਨਹੀਂ ਕੀਤਾ ਜਾਵੇਗਾ। ਅਜਿਹਾ ਕੁਝ ਹੀ ਕੋਰਾਪੁਟ ਜ਼ਿਲ੍ਹੇ ਦੇ ਮਾਲੀ ਪਰਬਤ ਇਲਾਕੇ 'ਚ ਵਾਪਰਿਆ ਜਿੱਥੇ 42 ਪਿੰਡਾਂ ਦੇ ਲੋਕ ਹਿੰਡਾਲਕੋ ਬਾਕਸਾਈਟ ਮਾਈਨਿੰਗ ਪ੍ਰੋਜੈਕਟ ਦਾ ਵਿਰੋਧ ਕਰ ਰਹੇ ਹਨ। ਉੜੀਸਾ ਹਾਈਕੋਰਟ ਨੇ ਸਟੇਟ ਪ੍ਰਦੂਸ਼ਨ ਕੰਟਰੋਲ ਬੋਰਡ ਵੱਲੋਂ ਕਰਵਾਈ ਜਨਤਕ ਸੁਣਵਾਈ ਰੱਦ ਕਰ ਦਿੱਤੀ ਅਤੇ ਮੁੜ ਸੁਣਵਾਈ ਕਰਨ ਦਾ ਆਦੇਸ਼ ਦਿੱਤਾ। ਜਨਵਰੀ 2023 ਨੂੰ ਹੋਈ ਸੁਣਵਾਈ ਵਿਚ ਲੋਕਾਂ ਨੇ ਵਿਰੋਧ ਦਰਜ ਕਰਾਇਆ। ਮਾਲੀ ਪਰਬਤ ਮਾਮਲੇ 'ਚ ਰਾਜ ਸਰਕਾਰ ਨੇ ਹਾਈਕੋਰਟ ਦੇ ਆਦੇਸ਼ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਦੀ ਕਾਰਪੋਰੇਟ ਪੱਖੀ ਦਖ਼ਲਅੰਦਾਜ਼ੀ ਦਾ ਨੋਟਿਸ ਨਹੀਂ ਲਿਆ। ਹਿੰਡਨਬਰਗ ਖ਼ੁਲਸਿਆਂ ਦੇ ਬਾਵਜੂਦ ਕੁਤਰੂਮਾਲੀ 'ਚ ਖਣਨ ਦਾ ਕਾਰੋਬਾਰ ਅਡਾਨੀ ਦੇ ਹਵਾਲੇ ਕਰ ਦਿੱਤਾ ਗਿਆ। ਸਰਕਾਰ ਤਾਂ ਜਬਰ ਅਤੇ ਹਕੂਮਤੀ ਦਹਿਸ਼ਤ ਰਾਹੀਂ ਇਹ ਯਕੀਨੀਂ ਬਣਾ ਰਹੀ ਹੈ ਕਿ ਇਹ ਵੱਖ-ਵੱਖ ਅੰਦੋਲਨ ਇਕਜੁੱਟ ਹੋ ਕੇ ਹੋਰ ਮਜ਼ਬੂਤ ਵਿਰੋਧ ਲਹਿਰ ਨਾ ਬਣ ਜਾਣ।

ਜਨਤਕ ਸੁਣਵਾਈ ਅਤੇ ਗ੍ਰਾਮ ਸਭਾ ਦੀ ਮਨਜ਼ੂਰੀ ਦਾ ਅਮਲ ਪੂਰਾ ਕੀਤੇ ਬਿਨਾਂ ਹੀ ਰਾਜ ਸਰਕਾਰ ਨੇ ਰਾਇਗੜ੍ਹ ਅਤੇ ਕਾਲਾਹਾਂਡੀ ਜ਼ਿਲ੍ਹਿਆਂ ਵਿਚਲੀ ਸਿਜੀਮਾਲੀ ਪਹਾੜੀ ਬਾਕਸਾਈਟ ਮਾਈਨਿੰਗ ਲਈ ਵੇਦਾਂਤ ਕੰਪਨੀ ਦੇ ਹਵਾਲੇ ਕਰਨ ਲਈ ਬਜ਼ਿੱਦ ਹੈ। 23 ਨਵੰਬਰ 2022 ਨੂੰ ਓੜੀਸਾ ਦੇ ਡਾਇਰੈਕਟਰ ਮਾਈਨਜ਼ ਐਂਡ ਜਿਓਆਲੋਜੀ ਨੇ ਬਾਕਸਾਈਟ ਅਤੇ ਚੂਨੇ ਦੀਆਂ ਖਾਣਾਂ ਲੀਜ਼ 'ਤੇ ਦੇਣ ਲਈ ਟੈਂਡਰ ਜਾਰੀ ਕਰਕੇ ਕਾਲਾਹਾਂਡੀ, ਰਾਇਗੜ੍ਹ ਤੇ ਕੋਰਾਪੁਟ ਵਿਚ ਤਿੰਨ ਬਾਕਸਾਈਟ ਬਲਾਕਾਂ

(ਬਾਕੀ ਸਫ਼ਾ 30 ਦੀ ਬਾਕੀ)



# ਕੈਨੇਡਾ ਸੁਪਨੇ ਬਨਾਮ ਹਕੀਕਤ

ਸੀਮਾ ਸਚਦੇਵਾ

ਕੈਨੇਡਾ ਵਿਚ ਭਾਰਤੀ ਖ਼ਾਸ ਕਰਕੇ ਪੰਜਾਬ ਦੇ ਕੌਮਾਂਤਰੀ ਵਿਦਿਆਰਥੀਆਂ ਨੂੰ ਤਿੱਖਾ ਵਿੱਤੀ ਸੰਕਟ ਦਰਪੇਸ਼ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਇਕੱਲਤਾ, ਘਰ ਦੀ ਯਾਦ, ਪੜ੍ਹਾਈ ਦੇ ਦਬਾਓ ਤੇ ਕੰਮ ਅਤੇ ਜਨਤਕ ਥਾਵਾਂ ’ਤੇ ਨਸਲੀ ਵਿਤਕਰੇ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਹਥਲੇ ਲੇਖ ਵਿਚ ਉਨ੍ਹਾਂ ਅੰਕੜਾਂ ਦੀ ਚਰਚਾ ਕੀਤੀ ਗਈ ਹੈ ਜਿਨ੍ਹਾਂ ਨਾਲ ਕੌਮਾਂਤਰੀ ਵਿਦਿਆਰਥੀਆਂ ਨੂੰ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਜੂਝਣਾ ਪੈ ਰਿਹਾ ਹੈ।

ਕੈਨੇਡਾ ਦੇ ਉੱਤਰ-ਪੂਰਬੀ ਸੂਬੇ ਓਂਟਾਰੀਓ ਦਾ ਛੋਟਾ ਜਿਹਾ ਸ਼ਹਿਰ ਨੌਰਥ ਬੇਅ ਕਈ ਗ਼ਲਤ ਕਾਰਨਾਂ ਕਰਕੇ ਸੁਰਖ਼ੀਆਂ ਵਿਚ ਬਣਿਆ ਰਿਹਾ। ਇੱਥੋਂ ਦੇ ਸਾਂਝੇ ਕੈਂਪਸ ਵਾਲੇ ਕੈਨਾਡੋਰ ਕਾਲਜ ਅਤੇ ਨਿਪਿਸਿੰਗ ਯੂਨੀਵਰਸਿਟੀ ਦੇ ਸਤੰਬਰ ਸੈਸ਼ਨ ਲਈ ਵੱਖ ਵੱਖ ਕੋਰਸਾਂ ਵਿਚ ਦਾਖ਼ਲਾ ਲੈਣ ਵਾਲੇ ਕਰੀਬ 300 ਕੌਮਾਂਤਰੀ ਵਿਦਿਆਰਥੀਆਂ ਨੂੰ ਰਾਤਾਂ ਖੁੱਲ੍ਹੇ ਆਸਮਾਨ ਹੇਠ ਕੱਟਣੀਆਂ ਪਈਆਂ ਕਿਉਂਕਿ ਇਨ੍ਹਾਂ ਸੰਸਥਾਵਾਂ ਨੇ ਉਨ੍ਹਾਂ ਲਈ ਰਿਹਾਇਸ਼ ਦਾ ਪ੍ਰਬੰਧ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਸਨ। ਇਨ੍ਹਾਂ ’ਚੋਂ ਜ਼ਿਆਦਾਤਰ ਵਿਦਿਆਰਥੀ ਪੰਜਾਬ ਤੋਂ ਹਨ। ਇਸ ਇਲਾਕੇ ਵਿਚ ਰਿਹਾਇਸ਼ੀ ਸਹੂਲਤਾਂ ਸੀਮਤ ਹੋਣ ਕਰਕੇ ਕਿਰਾਇਆ ਬਹੁਤ ਵਧ ਗਿਆ ਹੈ। ਕੁਝ ਕੁ ਵਿਦਿਆਰਥੀ ਤਾਂ ਆਪਣੇ ਲਈ ਰਿਹਾਇਸ਼ ਦਾ ਪ੍ਰਬੰਧ ਕਰਨ ਵਿਚ ਕਾਮਯਾਬ ਹੋ ਗਏ ਪਰ ਕਈ ਹੋਰਨਾਂ ਨੂੰ ਖੁੱਲ੍ਹੇ ਅੰਬਰ ਦੀ ਛੱਤ ਹੇਠ ਟੈਂਟ ਲਾ ਕੇ ਜਾਂ ਬੱਸ ਟਰਮੀਨਲਾਂ ਜਾਂ ਕਾਰਾਂ ਵਿਚ ਹੀ ਰਾਤਾਂ ਕੱਟਣੀਆਂ ਪਈਆਂ ਹਨ। ਕੁਝ ਵਿਦਿਆਰਥੀ ਭਾਰੀ ਕਿਰਾਇਆ ਦੇ ਕੇ ਟੋਰਾਂਟੋ ਤੋਂ ਆਉਂਦੇ ਹਨ ਜੋ 300 ਕਿਲੋਮੀਟਰ ਦੂਰ ਹੈ।

ਪਹਿਲਾਂ ਵਿਦਿਆਰਥੀਆਂ ਨੇ ਮਿੰਨਤਾਂ ਤਰਲੇ ਕੀਤੇ ਅਤੇ ਆਖ਼ਰ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨਾ ਪਿਆ ਜਿਸ ਲਈ ਉਨ੍ਹਾਂ ਦੀ ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜ਼ੇਸ਼ਨ (ਐਮਵਾਈਐੱਸਓ) ਵੱਲੋਂ ਹਮਾਇਤ ਕੀਤੀ ਗਈ ਅਤੇ ਹੁਣ ਅਧਿਕਾਰੀ ਪੂਰੀ ਫੀਸ ਵਾਪਸ ਕਰਨ ਤੇ ਰਿਆਇਤੀ ਦਰਾਂ ’ਤੇ ਰਿਹਾਇਸ਼ ਦਾ ਪ੍ਰਬੰਧ ਕਰਨ ਦੀਆਂ ਵਿਦਿਆਰਥੀਆਂ ਦੀ ਮੰਗਾਂ ਅੱਗੇ ਝੁਕਣ ਲਈ ਮਜਬੂਰ ਹੋ ਗਏ ਹਨ। ਇਸ ਦੌਰਾਨ, ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਦੂਰਵਰਤੀ ਸਿੱਖਿਆ ਲਈ ਸਮਾਂ ਟ ?ਰਾਂਜ਼ੀਸ਼ਨ ਪੀਰੀਅਡ ਵਧਾ ਦਿੱਤਾ ਹੈ। ਇਸ ਨੇ ਇਕ ਬਿਆਨ ਵਿਚ ਆਖਿਆ ਹੈ: “31 ਦਸੰਬਰ 2023 ਤੱਕ ਕੈਨੇਡਾ ਦੇ ਅੰਦਰੋਂ ਤੁਹਾਡੇ ਵੱਲੋਂ ਔਨਲਾਈਨ ਸਿੱਖਿਆ ਲਈ ਲਾਇਆ ਗਿਆ ਸਮਾਂ ਤੁਹਾਡੇ ਪੀਜੀਡਬਲਯੂਪੀ (ਪੋਸਟਗ੍ਰੈਜੁਏਟ ਵਰਕ ਪਰਮਿਟ) ਦੀ ਅਵਧੀ ਵਿਚ ਗਿਣਿਆ ਜਾਵੇਗਾ। 1 ਜਨਵਰੀ 2024 ਤੋਂ ਤੁਹਾਨੂੰ ਕੈਨੇਡਾ ਵਿਚ ਤੁਹਾਡੇ ਪ੍ਰੋਗਰਾਮ ਦਾ 50 ਫ਼ੀਸਦੀ ਹਿੱਸਾ ਮੁਕੰਮਲ ਕਰਨਾ ਪਵੇਗਾ।”

ਇਸ ਨਾਲ ਕੌਮਾਂਤਰੀ ਵਿਦਿਆਰਥੀਆਂ ਨੂੰ ਹਾਲ ਦੀ ਘੜੀ ਰਾਹਤ ਮਿਲ ਗਈ ਹੈ। ਉਂਝ, ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਹੋਵੇਗਾ ਕਿ ਉਨ੍ਹਾਂ ਦੇ ਸੁਪਨਿਆਂ ਦੀ ਇਸ ਧਰਤੀ ’ਤੇ ਸਭ ਅੱਛਾ ਨਹੀਂ ਹੈ। ਉਨ੍ਹਾਂ ਨੂੰ ਨਿੱਤ ਕਿਸੇ ਨਾ ਕਿਸੇ ਸੰਕਟ ਜਿਵੇਂ ਵਿੱਤੀ ਤੰਗੀ, ਇਕਲਾਪਾ, ਘਰ ਦੀ ਯਾਦ, ਪੜ੍ਹਾਈ ਦਾ ਦਬਾਓ ਅਤੇ ਵੱਖਰੇ ਸੱਭਿਆਚਾਰ ਵਿਚ ਨਸਲੀ ਫਿਕਰੇਬਾਜ਼ੀ ਆਦਿ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਮੁਕਾਮੀ ਵਿਦਿਆਰਥੀਆਂ ਦੇ ਮੁਕਾਬਲੇ ਪੰਜ ਗੁਣਾ ਵੱਧ ਫ਼ੀਸਾਂ ਤਾਰਨੀਆਂ ਪੈਂਦੀਆਂ ਹਨ। ਐਮਵਾਈਐੱਸਓ ਦੇ ਕਨਵੀਨਰ ਅਤੇ ਨੌਜਵਾਨ ਕਾਰਕੁਨ ਮਨਦੀਪ ਨੇ ਦੱਸਿਆ, “ਦਿੱਕਤ ਇਹ ਹੈ ਕਿ ਭਾਰਤ ਵਿਚ ਸਿੱਖਿਆ ਕਨਸਲਟੈਂਟਾਂ ਦਾ ਮੁੱਖ ਸਰੋਕਾਰ ਕਾਲਜਾਂ ਵੱਲੋਂ ਦਿੱਤੇ ਜਾਂਦੇ ਪ੍ਰਤੀ ਵਿਦਿਆਰਥੀ ਕਮਿਸ਼ਨ ਨਾਲ ਹੁੰਦਾ ਹੈ।



***ਸਿੱਖਿਆ ਦੇ ਸਬੰਧ ਵਿਚ ਇਹ ਹਕੀਕਤ ਹੈ ਕਿ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤਦ ਹੀ ਸੰਭਵ ਹੁੰਦੀਆਂ ਹਨ ਜੇ ਉਹ ਹੋਰ ਪੱਖਾਂ ਤੋਂ ਅਜ਼ਾਦ ਹੋਵੇ। ਸਿਰਫ਼ ਤੇ ਸਿਰਫ਼ ਉਸ ਨੂੰ ਪੜ੍ਹਨ ਅਤੇ ਗਿਆਨ ਹਾਸਲ ਕਰਨ ਲਈ ਹੀ ਸਮਾਂ ਗੁਜ਼ਾਰਨਾ ਪਵੇ। ਹਾਲਾਂਕਿ ਜੋ ਵੀ ਵਿਦਿਆਰਥੀ ਪੰਜਾਬ ਵਿਚੋਂ ਜਾਂਦੇ ਹਨ ਉਹ ਇਕ ਸੁਫਨਾ ਉਚੇਰੀ ਪੜ੍ਹਾਈ ਦਾ ਨਾਲ ਲੈ ਕੇ ਜਾਂਦੇ ਹਨ ਪ੍ਰੰਤੂ ਜਿਸ ਕਿਸਮ ਨਾਲ ਪਿਛਲੇ ਦੌਰ ਵਿਚ ਹਕੀਕਤ ਸਾਹਮਣੇ ਆ ਰਹੀ ਹੈ ਕਿ ਬਹੁਗਿਣਤੀ ਵਿਦਿਆਰਥੀਆਂ ਨੂੰ ਆਪਣੇ ਗੁਜ਼ਾਰੇ ਲਈ ਨਾਲ ਦੀ ਨਾਲ ਰੁਜ਼ਗਾਰ ਵਿਚ ਵੀ ਵੱਡਾ ਹਿੱਸਾ ਸਮਾਂ ਦਾ ਗੁਜ਼ਾਰਨਾ ਪੈਂਦਾ ਹੈ ਅਤੇ ਇਥੋਂ ਤੱਕ ਉਨ੍ਹਾਂ ਦੇ ਰੈਣ ਬਸੇਰੇ ਲਈ ਵੱਡੀਆਂ ਕੀਮਤਾਂ ਕਿਰਾਇਆਂ ਦੇ ਰੂਪ ਵਿਚ ਦੇਣੀਆਂ ਪੈਂਦੀਆਂ ਹਨ। ਕਹਿਣ ਦਾ ਭਾਵ ਕਿ ਉਹ ਇਕ ਬੇਹੱਦ ਪੀੜਾ ਭਰੀ ਜ਼ਿੰਦਗੀ ਵਿਚੋਂ ਗੁਜ਼ਰਦੇ ਹਨ ਅਤੇ ਵੱਡੀ ਪੱਧਰ ’ਤੇ ਲਗਾਤਾਰ ਤਣਾਅਗ੍ਰਸਤ ਰਹਿੰਦੇ ਹਨ। ਇਨ੍ਹਾਂ ਸਵਾਲਾਂ ਉਪਰ ਗੌਰ ਕਰਨ ਦੀ ਜ਼ਰੂਰਤ ਹੈ। – ਸੰਪਾਦਕ***

ਇਕ ਮੁਕਾਮੀ ਕਾਲਜ ਦੇ ਹਾਲੀਆ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਸਾਲ 2016-17 ਵਿਚ ਏਜੰਟ ਪਾਰਟਨਰ ਦਾ ਪ੍ਰਤੀ ਵਿਦਿਆਰਥੀ ਕਮਿਸ਼ਨ 561 ਡਾਲਰ ਹੁੰਦਾ ਸੀ ਜੋ 2020-21 ਵਿਚ ਵਧ ਕੇ 3399 ਡਾਲਰ ਹੋ ਗਿਆ ਹੈ। ਆਮ ਤੌਰ ’ਤੇ ਏਜੰਟ ਵਿਦਿਆਰਥੀਆਂ ਦੇ ਮਾਪਿਆਂ ਨੂੰ ਇੱਥੋਂ ਦੀ ਅਸਲ ਤਸਵੀਰ ਨਹੀਂ ਦਿਖਾਉਂਦੇ ਜਿਸ ਕਰਕੇ ਵਿਦਿਆਰਥੀਆਂ ਨੂੰ ਕੋਈ ਇਲਮ ਨਹੀਂ ਹੁੰਦਾ ਕਿ ਅੱਗੇ ਚੱਲ ਕੇ ਉਨ੍ਹਾਂ ਦੀ ਜ਼ਿੰਦਗੀ ਕਿਹੋ ਜਿਹੀ ਹੋਣ ਵਾਲੀ ਹੈ।”

ਕੈਲਗਰੀ ਯੂਨੀਵਰਸਿਟੀ ਦੇ ਸਾਬਕਾ ਸੈਨੇਟਰ ਰਿਸ਼ੀ ਨਾਗਰ ਨੇ ਕਿਹਾ, “ਆਪਣੇ ਬੱਚਿਆਂ ਨੂੰ ਬਾਹਰ ਭੇਜਦੇ ਸਮੇਂ ਅਕਸਰ ਮਾਪੇ ਕਿਸੇ ਏਜੰਟ ’ਤੇ ਅੱਖਾਂ ਮੀਟ ਕੇ ਭਰੋਸਾ ਕਰ ਲੈਂਦੇ ਹਨ ਅਤੇ ਕੋਈ ਘੋਖ ਪੜਤਾਲ ਨਹੀਂ ਕਰਦੇ। ਮਿਸਾਲ ਦੇ ਤੌਰ ’ਤੇ ਬਹੁਤ ਸਾਰੇ ਬੱਚੇ ਓਲਡਜ਼ ਕਾਲਜ ਵਿਚ ਦਾਖ਼ਲਾ ਲੈ ਲੈਂਦੇ ਹਨ ਜਿੱਥੇ ਖੇਤੀਬਾੜੀ ਦੇ ਕੋਰਸ ਕਰਵਾਏ ਜਾਂਦੇ ਹਨ। ਏਜੰਟ ਉਨ੍ਹਾਂ ਨੂੰ ਦੱਸਦੇ ਹਨ ਕਿ ਇਹ ਕਾਲਜ ਕੈਲਗਰੀ ਦੇ ਬਹੁਤ ਨੇੜੇ ਪੈਂਦਾ ਹੈ ਪਰ ਮਾਪਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਇਕ ਛੋਟਾ ਜਿਹਾ ਪਿੰਡ ਹੈ ਜਿੱਥੇ ਕਿਰਾਏ ’ਤੇ ਰਿਹਾਇਸ਼ ਦੀਆਂ ਸੁਵਿਧਾਵਾਂ ਬਹੁਤ ਹੀ ਘੱਟ ਹਨ। ਕੋਈ ਸਿੱਧੀ ਬੱਸ ਸੇਵਾ ਵੀ ਨਹੀਂ ਹੈ ਅਤੇ ਬੱਚਿਆਂ ਨੂੰ ਕਿਤੇ ਵੀ ਜਾਣ ਆਉਣ ਲਈ ਟੈਕਸੀ ਸੇਵਾ ਲੈਣੀ ਪਵੇਗੀ।”

ਕੌਮਾਂਤਰੀ ਵਿਦਿਆਰਥੀ ਜਦੋਂ ਕੈਨੇਡਾ ਪਹੁੰਚਦੇ ਹਨ ਤਦ ਉਨ੍ਹਾਂ ਨੂੰ ਅਸਲ ਸਥਿਤੀ ਦਾ ਪਤਾ ਲੱਗਦਾ ਹੈ ਤੇ ਕਈ ਮਾਪਿਆਂ ਨੂੰ ਤਾਂ ਇਹ ਵੀ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਦੇ ਬੱਚੇ ਦਾ ਕਿਹੜੇ ਕੋਰਸ ਵਿਚ ਦਾਖ਼ਲਾ ਹੋਇਆ। ਚਮਕੌਰ ਸਾਹਿਬ ਨੇੜਲੇ ਪਿੰਡ ਫਤਹਿਪੁਰ ਦੇ ਵਸਨੀਕ ਹਰਜੀਤ ਸਿੰਘ (53) ਦਾ ਕੇਸ ਇੱਦਾਂ ਦਾ ਹੀ ਹੈ। ਉਨ੍ਹਾਂ ਦੀ ਬੇਟੀ ਅਰਸ਼ਦੀਪ ਕੌਰ ਨੇ ਨਿਪਿਸਿੰਗ ਯੂਨੀਵਰਸਿਟੀ ਵਿਚ ਜਨਰਲ ਮੈਨੇਜਮੈਂਟ ਦੇ ਦੋ ਸਾਲਾ ਪੋਸਟ ਬੈਕਾਲੌਰੀਏਟ ਕੋਰਸ ਵਿਚ ਦਾਖ਼ਲਾ ਲਿਆ ਸੀ। ਅਰਸ਼ਦੀਪ ਅਗਸਤ ਦੇ ਅਖੀਰ ਵਿਚ ਕੈਨੇਡਾ ਪਹੁੰਚ ਗਈ ਸੀ ਤੇ ਉਸ ਨੂੰ ਪਤਾ ਚੱਲਿਆ ਕਿ ਉਸ ਦੇ ਕਾਲਜ ਦੇ ਆਸ-ਪਾਸ ਕਿਰਾਏ ’ਤੇ ਕੋਈ ਕਮਰਾ ਉਪਲਬਧ ਨਹੀਂ ਹੈ। ਉਸ ਨੇ ਦੱਸਿਆ, “ਏਜੰਟ ਨੇ ਸਾਨੂੰ ਭਰੋਸਾ ਦਿਵਾਇਆ ਸੀ ਕਿ ਯੂਨੀਵਰਸਿਟੀ ਵਿਚ ਰਿਹਾਇਸ਼ ਦਾ ਢੁਕਵਾਂ ਪ੍ਰਬੰਧ ਹੈ। ਉਦੋਂ ਉਹ ਕਹਿੰਦਾ ਸੀ ‘ਤੁਸੀਂ ਫ਼ਿਕਰ ਨਾ ਕਰੋ… ਉੱਥੇ ਬੜੀਆਂ ਮੌਜਾਂ ਨੇ। ਤੇ ਜੇ ਕੋਈ ਸਮੱਸਿਆ ਆ ਵੀ ਗਈ ਤਾਂ ਅਸੀਂ ਬੈਠੇ ਹਾਂ।’ ਹੁਣ ਜਦੋਂ ਮੇਰੀ ਬੇਟੀ ਨੂੰ ਕਮਰਾ ਨਹੀਂ ਮਿਲਿਆ ਤਾਂ ਉਨ੍ਹਾਂ (ਏਜੰਟ) ਆਪਣਾ ਪੱਲਾ ਝਾੜ ਲਿਆ।” ਹਰਜੀਤ ਸਿੰਘ ਆਪਣੀ ਬੇਟੀ ਲਈ ਫ਼ਿਕਰਮੰਦ ਹੈ ਅਤੇ ਕੁਝ ਸਮਾਂ ਮਾਯੂਸ ਰਹਿਣ ਤੋਂ ਬਾਅਦ ਉਸ ਨੇ ਸੋਸ਼ਲ ਮੀਡੀਆ ’ਤੇ ਆਪਣਾ ਦੁੱਖ ਰੋਇਆ ਹੈ। ਹੁਣ ਅਰਸ਼ਦੀਪ ਨੇ ਆਪਣਾ ਦਾਖ਼ਲਾ ਟੋਰਾਂਟੋ ਦੇ ਇਕ ਕਾਲਜ ਵਿਚ ਤਬਦੀਲ ਕਰਵਾ ਲਿਆ ਹੈ। ਬਿਜਲੀ ਵਿਭਾਗ ਵਿਚ ਕੰਮ ਕਰਦੇ ਹਰਜੀਤ ਸਿੰਘ ਨੇ ਦੱਸਿਆ, “ਮੈਂ ਆਪਣੀ ਧੀ ਦੀ ਵਿਦੇਸ਼ ਵਿਚ ਪੜ੍ਹਾਈ ਲਈ ਭਾਰੀ ਕਰਜ਼ਾ ਚੁੱਕਿਆ ਸੀ। ਅਸੀਂ ਹੋਰਨਾਂ ਖਰਚਿਆਂ ਤੋਂ ਇਲਾਵਾ 8-9 ਲੱਖ ਰੁਪਏ ਖਰਚ ਚੁੱਕੇ ਹਾਂ। ਮੈਨੂੰ ਨਹੀਂ ਪਤਾ ਕਿ ਫੀਸ ਰਿਫੰਡ ਆਉਣ ਲਈ ਅਜੇ ਕਿੰਨਾ ਸਮਾਂ ਲੱਗੇਗਾ।”

ਅਵਨੀਤ ਕੌਰ ਨੇ ਵੀ ਨਿਪਿਸਿੰਗ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ ਸੀ ਅਤੇ ਉਸ ਦੀ ਵੀ ਇਹੋ ਵਿਥਿਆ ਹੈ: “ਕੈਨਾਡੋਰ ਕਾਲਜ ਦੀ ਇਕ ਪੁਰਾਣੀ ਵਿਦਿਆਰਥਣ ਨੇ ਮੈਨੂੰ ਆਪਣੇ ਘਰ ਵਿਚ ਸਹਾਰਾ ਦਿੱਤਾ। ਆਈਆਰਸੀਸੀ ਦੇ ਹਾਲੀਆ ਨਿਰਦੇਸ਼ਾਂ ਸਦਕਾ ਰਿਹਾਇਸ਼ ਦਾ ਮਸਲਾ ਸੁਲਝ ਜਾਣ ਦੇ ਆਸਾਰ ਹਨ, ਪਰ ਇਸ ਇਲਾਕੇ ਵਿਚ ਨੌਕਰੀਆਂ ਦੀ ਬਹੁਤ ਘਾਟ ਹੈ। ਇਸ ਕਰਕੇ ਜਦੋਂ ਅਸੀਂ ਸਥਾਈ ਨਿਵਾਸ (ਪੀਆਰ) ਲਈ ਬਿਨੈ ਕਰਾਂਗੇ ਤਾਂ ਕੰਮ ਦੇ ਲੋੜੀਂਦੇ ਘੰਟਿਆਂ ਦੀ ਸ਼ਰਤ ਪੂਰੀ ਕਰਨ ਵਿਚ ਦਿੱਕਤ ਆ ਸਕਦੀ ਹੈ।”

ਜਗਰਾਓਂ ਦੇ ਵਰੁਣ ਖੰਨਾ ਨੇ ਵੀ ਕੈਨਾਡੋਰ ਕਾਲਜ ਵਿਚ ਦਾਖ਼ਲਾ ਲਿਆ ਸੀ, ਉਸ ਨੇ ਦੱਸਿਆ, “ਮੈਂ ਵੱਡੀਆਂ ਆਸਾਂ ਲੈ ਕੇ ਕੈਨੇਡਾ ਪਹੁੰਚਿਆ ਸਾਂ, ਸ਼ੁਰੂ ਵਿਚ ਕਾਲਜ ਨੇ ਸਾਨੂੰ ਸਵੀਕਾਰ ਕਰਨ ਤੋਂ ਹੀ ਨਾਂਹ ਨੁੱਕਰ ਕੀਤੀ। ਮੈਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਕੈਨੇਡਾ ਦੇ ਇਹੋ ਜਿਹੇ ਹਾਲ ਹੋ ਸਕਦੇ ਹਨ। ਮੇਰੀ ਦਾਖ਼ਲੇ ਲਈ ਪਰਿਵਾਰ ਨੇ ਆਪਣੀ ਸਾਰੀ ਬੱਚਤ ਰੋੜ੍ਹ ਦਿੱਤੀ ਹੈ ਅਤੇ ਇਸ ਤੋਂ ਇਲਾਵਾ ਪੜ੍ਹਾਈ ਲਈ ਭਾਰੀ ਕਰਜ਼ਾ ਲੈਣਾ ਪਿਆ।” ਰਿਹਾਇਸ਼ ਤੋਂ ਇਲਾਵਾ ਪੂਰੇ ਕੈਨੇਡਾ ਵਿਚ ਕਿਰਾਏ ਦਾ ਸੰਕਟ ਚੱਲ ਰਿਹਾ ਹੈ ਤੇ ਕਿਰਾਏ ਦੇ ਨਾਂ ’ਤੇ ਘਪਲੇ ਸਾਹਮਣੇ ਆ ਰਹੇ ਹਨ। ਐਡਮੰਟਨ ਦੀ ਅਲਬਰਟਾ ਯੂਨੀਵਰਸਿਟੀ ਵਿਚ ਤਿੰਨ ਸਾਲਾਂ ਦੇ ਕੰਪਿਊਟਰ ਕੋਰਸ ਦੇ ਵਿਦਿਆਰਥੀ ਸਮਰਥਜੀਤ ਸਿੰਘ ਸੰਧੂ ਨੇ ਦੱਸਿਆ, “ਮੇਰੇ ਇਕ ਮਿੱਤਰ ਨਾਲ ਹਾਲ ਹੀ ਵਿਚ ਇਹ ਘਪਲਾ ਹੋਇਆ ਹੈ ਜਿਸ ਨੂੰ ਇਕ ਔਰਤ ਨੇ 1900 ਡਾਲਰ ਲੈ ਕੇ ਚਾਰ ਮਹੀਨੇ ਲਈ ਆਪਣਾ ਅਪਾਰਟਮੈਂਟ ਸਬ-ਲੀਜ਼ ’ਤੇ ਦਿੱਤਾ ਗਿਆ ਸੀ। ਇਕ ਦਿਨ ਪਹਿਲਾਂ ਉਸ ਨੂੰ ਇਕ ਈਮੇਲ ਭੇਜ ਕੇ ਦੱਸਿਆ ਗਿਆ ਕਿ ਲੀਜ਼ ਗ਼ੈਰਕਾਨੂੰਨੀ ਹੈ ਅਤੇ ਉਸ ਨੂੰ ਪ੍ਰਸ਼ਾਸਨ ਵੱਲੋਂ ਸਕਿਓਰਿਟੀ ਦੀ ਅੱਧੀ ਰਕਮ ਹੀ ਮੁੜਵਾਈ ਗਈ।” ਸਮਰਥਜੀਤ ਨੇ ਦੱਸਿਆ ਕਿ ਜਦੋਂ ਉਹ ਇੱਥੇ ਆਇਆ ਸੀ ਤਾਂ ਤਿਆਰ-ਬਰ-ਤਿਆਰ ਕਮਰਾ 600 ਰੁਪਏ ਦੇ ਕਿਰਾਏ ’ਤੇ ਮਿਲਦਾ ਸੀ ਤੇ ਹੁਣ ਇਹੀ ਉਸ ਨੂੰ 760 ਡਾਲਰ ਵਿਚ ਪੈ ਰਿਹਾ ਹੈ। ਘਰੇਲੂ ਸਾਮਾਨ ਦਾ ਖਰਚਾ ਵਧ ਗਿਆ ਹੈ ਅਤੇ ਨੌਕਰੀਆਂ ਦੀ ਘਾਟ ਬਣੀ ਹੋਈ ਹੈ। ਆਉਣ ਸਾਰ ਰੈਫਰਲ ਨਾ ਹੋਣ ਕਰਕੇ ਘੱਟੋਘੱਟ ਉਜਰਤ ’ਤੇ ਵੀ ਕੰਮ ਨਹੀਂ ਮਿਲਦਾ ਜਿਸ ਕਰਕੇ ਕੌਮਾਂਤਰੀ ਵਿਦਿਆਰਥੀਆਂ ਦੇ ਹਾਲਾਤ ਬਹੁਤ ਔਖੇ ਬਣੇ ਪਏ ਹਨ।”

ਬਰੈਂਪਟਨ ਦੇ ਹੰਬਰ ਕਾਲਜ ਵਿਚ ਪੜ੍ਹ ਰਹੀ ਸਤੂਤੀ ਸ਼ਰਮਾ (ਕੁੱਲੂ) ਪਿਛਲੇ ਸਾਲ ਜੁਲਾਈ ਵਿਚ ਕੈਨੇਡਾ ਆਈ ਸੀ। ਉਸ ਨੇ ਦੱਸਿਆ, “ਛੇ ਮਹੀਨਿਆਂ ਵਿਚ ਹੀ ਬਿਨਾਂ ਖਿੜਕੀ ਵਾਲੇ ਬੇਸਮੈਂਟ ਦੇ ਕਮਰੇ ਦਾ ਕਿਰਾਇਆ 500 ਡਾਲਰ ਤੋਂ ਵਧ ਕੇ 650 ਡਾਲਰ ਹੋ ਗਿਆ। ਜਨਤਕ ਟਰਾਂਸਪੋਰਟ ਵੀ ਮਹਿੰਗੀ ਹੋ ਗਈ ਹੈ। ਪ੍ਰੈਸਟੋ ਟਰਾਂਜ਼ਿਟ ਕਾਰਡ ਪਹਿਲਾਂ 3.50 ਡਾਲਰ ਵਿਚ ਪੈਂਦਾ ਸੀ ਜੋ ਹੁਣ 4.50 ਡਾਲਰ ਵਿਚ ਮਿਲ ਰਿਹਾ ਹੈ। ਕਾਰਡ ਟੈਪ ਕਰਨ ਤੋਂ ਬਾਅਦ ਮੁਫ਼ਤ ਟ ?ਰਾਜ਼ਿਟ ਦੀ ਸੁਵਿਧਾ ਵੀ 2 ਘੰਟੇ ਤੋਂ ਘਟਾ ਕੇ ਡੇਢ ਘੰਟਾ ਕਰ ਦਿੱਤੀ ਗਈ ਹੈ। ਰੋਜ਼ਮਰਾ ਦਾ ਖਰਚਾ ਬਹੁਤ ਵਧ ਗਿਆ ਹੈ ਅਤੇ ਨੌਕਰੀਆਂ ਦੀ ਘਾਟ ਬਣੀ ਹੋਈ ਹੈ। ਮੈਨੂੰ ਦੋ ਮਹੀਨੇ ਕੰਮ ਨਹੀਂ ਮਿਲਿਆ ਤੇ ਕੰਮ ਦੀ ਤਲਾਸ਼ ਵਿਚ ਮੈਂ ਬਰੈਂਪਟਨ ਦਾ ਹਰ ਕੋਨਾ ਛਾਣ ਮਾਰਿਆ। ਸਟੋਰਾਂ ’ਤੇ ਕਾਮਿਆਂ ਦੀ ਲੋੜ ਵੀ ਹੋਵੇ ਤਾਂ ਵੀ ਉਹ ਭਰਤੀ ਨਹੀਂ ਕਰ ਰਹੇ। ਮੇਰੀ ਜੀਆਈਸੀ (ਗਾਰੰਟਿਡ ਇਨਵੈਸਟਮੈਂਟ ਸਰਟੀਫਿਕੇਟ) ਮੁੱਕਣ ਕੰਢੇ ਹੈ। ਮੈਂ ਭਾਰਤ ਵਿਚ ਆਪਣੇ ਮਾਪਿਆਂ ਨੂੰ ਪੈਸੇ ਭਿਜਵਾਉਣ ਲਈ ਆਖਿਆ ਹੈ।”

ਘਰਾਂ ਦੇ ਕਿਰਾਏ ਵਧਣ ਨਾਲ ਹੋਰ ਵਰਗ ਵੀ ਪ੍ਰਭਾਵਿਤ ਹੋ ਰਹੇ ਹਨ। ਵੈਨਕੂਵਰ ਦੇ ਸਰੀ ਇਲਾਕੇ ਵਿਚ ਰਹਿਣ ਵਾਲੇ ਰਾਕੇਸ਼ ਕੁਮਾਰ ਨੇ ਕਿਹਾ, “ਵਿਆਜ ਦਰਾਂ ਵਿਚ ਵਾਧਾ ਹੋਣ ਨਾਲ ਘਰਾਂ ਦਾ ਸੰਕਟ ਪੈਦਾ ਹੋਇਆ ਹੈ। ਪਿਛਲੇ ਦੋ ਸਾਲਾਂ ਦੌਰਾਨ ਘਰਾਂ ਦੇ ਕਰਜ਼ੇ ’ਤੇ ਫਲੋਟਿੰਗ ਵਿਆਜ ਦਰ 1.45 ਫ਼ੀਸਦ ਤੋਂ ਵਧ ਕੇ ਕਰੀਬ 7 ਫ਼ੀਸਦ ’ਤੇ ਪਹੁੰਚ ਗਈ ਹੈ। ਦੋ ਸਾਲ ਪਹਿਲਾਂ ਬੇਸਮੈਂਟ ਦਾ ਦੋ ਕਮਰਿਆਂ ਦੇ ਸੈੱਟ ਦਾ ਕਿਰਾਇਆ 1200 ਡਾਲਰ ਹੁੰਦਾ ਸੀ ਜੋ ਅੱਜ 2000 ਡਾਲਰ ਹੋ ਗਿਆ ਹੈ।”

ਕੈਨੇਡਾ ਦੇ ਸਾਰੇ ਪ੍ਰਾਂਤਾਂ ਅਤੇ ਖੇਤਰਾਂ ਵਿਚ ਮਹਿੰਗਾਈ ਦਰ ਦਾ ਇਹੋ ਹਾਲ ਚੱਲ



ਰਿਹਾ ਹੈ। ਅਪਰੈਲ 2021-2022 ਦੌਰਾਨ ਕੈਨੇਡਾ ਖਪਤਕਾਰ ਕੀਮਤ ਸੂਚਕ ਅੰਕ ਵਿਚ 6.8 ਫ਼ੀਸਦ ਵਾਧਾ ਦਰਜ ਕੀਤਾ ਗਿਆ ਸੀ। ਖਾਣ ਪੀਣ ਦੇ ਸਾਮਾਨ ਦੀਆਂ ਕੀਮਤਾਂ ਵਿਚ ਅਜੇ ਵੀ ਵਾਧਾ ਹੋ ਰਿਹਾ ਹੈ ਅਤੇ ਇਸ ਅਰਸੇ ਦੌਰਾਨ ਖ਼ੁਰਾਕੀ ਵਸਤਾਂ ਦੀ ਮਹਿੰਗਾਈ ਦਰ ਵਿਚ 9.7 ਫ਼ੀਸਦੀ ਦਾ ਵਾਧਾ ਹੋਇਆ ਹੈ ਜੋ ਸਤੰਬਰ 1981 ਤੋਂ ਲੈ ਕੇ ਹੁਣ ਤੱਕ ਸਭ ਤੋਂ ਵੱਡਾ ਵਾਧਾ ਹੈ।" ਆਈ.ਪੀ. ਅਰੋੜਾ ਵੀਹ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ ਅਤੇ ਬਰੈਂਪਟਨ ਇਲਾਕੇ ਵਿਚ ਊਬਰ ਚਲਾਉਣ ਕਰਕੇ ਉਨ੍ਹਾਂ ਨੂੰ ਬਹੁਤ ਸਾਰੇ ਵਿਦਿਆਰਥੀਆਂ ਨੂੰ ਮਿਲਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਆਖਿਆ, "ਕੌਮਾਂਤਰੀ ਵਿਦਿਆਰਥੀਆਂ ਦੀ ਜ਼ਿੰਦਗੀ ਬਹੁਤ ਔਖੀ ਹੈ। ਬਹੁਤੇ ਮਾਲਕ 40 ਘੰਟਿਆਂ ਦੇ ਕੰਮ ਨੂੰ ਤਰਜੀਹ ਦਿੰਦੇ ਹਨ ਪਰ ਕੌਮਾਂਤਰੀ ਵਿਦਿਆਰਥੀਆਂ ਨੂੰ ਵੀਹ ਘੰਟੇ ਦੇ ਕੰਮ ਦੀ ਇਜਾਜ਼ਤ ਹੈ, ਹਾਲਾਂਕਿ ਸਰਕਾਰ ਕੰਮ ਦੇ ਘੰਟੇ ਵਧਾਉਣ ਬਾਰੇ ਸੋਚ ਰਹੀ ਹੈ। ਬਹੁਤ ਸਾਰੇ ਵਿਦਿਆਰਥੀ ਕੈਸ਼ 'ਤੇ ਕੰਮ ਕਰ ਕੇ ਗੁਜ਼ਾਰ ਕਰਦੇ ਹਨ ਜਿੱਥੇ ਉਨ੍ਹਾਂ ਨੂੰ ਮਾਲਕ ਦੇ ਰਹਿਮੋ ਕਰਮ 'ਤੇ ਕੰਮ ਕਰਨਾ ਪੈਂਦਾ ਹੈ।"

ਬਰੈਂਪਟਨ ਵਿਚ ਕੰਮਕਾਜੀ ਥਾਵਾਂ 'ਤੇ ਵਿਦਿਆਰਥੀਆਂ ਦੇ ਸ਼ੋਸ਼ਣ ਖਿਲਾਫ਼ ਜੂਝਣ ਵਾਲੀ ਜਥੇਬੰਦੀ ਨੌਜਵਾਨ ਸਪੋਰਟ ਨੈੱਟਵਰਕ ਕਾਰਜਸ਼ੀਲ ਹੈ। ਇਸ ਦੇ ਕਾਰਕੁਨ ਗੜ੍ਹਸ਼ੰਕਰ ਦੇ ਵਸਨੀਕ ਬਿਕਰਮ ਸਿੰਘ ਕੁੱਲੇਵਾਲ ਨੇ ਆਖਿਆ, "ਹਾਲਾਂਕਿ ਹਰੇਕ ਸੂਬੇ ਵਿਚ ਮਾਲਕਾਂ ਲਈ ਸੋਸ਼ਲ ਇੰਸੋਰੈਂਸ ਨੰਬਰ (ਸਿਨ) ਮੁਤਾਬਿਕ 14 ਡਾਲਰ ਫੀ ਘੰਟੇ ਦੀ ਘੱਟੋਘੱਟ ਉਜਰਤ ਦੇਣਾ ਜ਼ਰੂਰੀ ਹੈ ਪਰ ਅਕਸਰ ਅਦਾਇਗੀ ਦੇਰ ਨਾਲ ਕੀਤੀ ਜਾਂਦੀ ਹੈ। ਬਹੁਤੀ ਵਾਰ ਉਹ ਤਨਖ਼ਾਹਾਂ ਦੇਣ ਤੋਂ ਬਚਣ ਲਈ ਆਪਣੇ ਆਪ ਨੂੰ ਦੀਵਾਲੀਆ ਐਲਾਨ ਦਿੰਦੇ ਹਨ।"

ਪੰਜਾਬੀ ਪੱਤਰਕਾਰ ਸ਼ਮੀਲ ਪਿਛਲੇ 16 ਸਾਲਾਂ ਤੋਂ ਟੋਰਾਂਟੋ ਵਿਚ ਰਹਿ ਰਹੇ ਹਨ ਜਿਨ੍ਹਾਂ ਦਾ ਕਹਿਣਾ ਹੈ, "ਜ਼ਿਆਦਾਤਰ ਵਿਦਿਆਰਥੀਆਂ ਦਾ ਮੁੱਖ ਮੰਤਵ ਸਥਾਈ ਨਿਵਾਸ ਹਾਸਲ ਕਰਨਾ ਹੁੰਦਾ ਹੈ ਅਤੇ ਕੈਨੇਡਾ ਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸਬਜ਼ਬਾਗ਼ ਦਿਖਾਏ ਹੁੰਦੇ ਹਨ। ਨੌਕਰੀਆਂ ਦੀ ਘਾਟ ਅਤੇ ਉੱਚ ਮਹਿੰਗਾਈ ਦਰ ਤੋਂ ਕੋਈ ਵੀ ਅਛੂਤਾ ਨਹੀਂ ਹੈ। ਨਸ਼ਿਆਂ ਅਤੇ ਹਥਿਆਰਾਂ ਦੀ ਆਸਾਨ ਉਪਲਬਧਤਾ ਕਰਕੇ ਅਪਰਾਧਿਕ ਵਾਰਦਾਤਾਂ ਵਿਚ ਵਾਧਾ ਹੋ ਰਿਹਾ ਹੈ। ਇਸ ਸ਼ਹਿਰ ਵਿਚ ਰੋਜ਼ਾਨਾ 20 ਕਾਰਾਂ ਦੀ ਚੋਰੀ ਦੀਆਂ ਘਟਨਾਵਾਂ ਵਾਪਰਦੀਆਂ ਹਨ। ਪਹਿਲਾਂ ਕਾਲੇ ਵਿਦਿਆਰਥੀਆਂ ਨੂੰ ਕਸੂਰਵਾਰ ਦੱਸਿਆ ਜਾਂਦਾ ਸੀ ਅਤੇ ਹੁਣ ਭਾਰਤੀ ਵਿਦਿਆਰਥੀਆਂ ਵੱਲ ਉਂਗਲ ਉਠਾਈ ਜਾਣ ਲੱਗੀ ਹੈ।"

ਦਿਮਾਗ਼ੀ ਸਿਹਤ ਦੇ ਮੁੱਦੇ ਵੱਲ ਅਜੇ ਤਾਈਂ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ। ਮੌਂਟਰੀਅਲ ਆਧਾਰਿਤ ਵਿਦਿਆਰਥਣ ਮਖੂ ਦੀ ਵਸਨੀਕ ਗੀਆ ਟੱਕਰ ਨੇ ਦੱਸਿਆ, "ਭਾਰਤੀ ਵਿਦਿਆਰਥੀ ਪਰਿਵਾਰਕ ਢਾਂਚੇ ਵਿਚ ਰਹਿਣ ਦੇ ਆਦੀ ਹੁੰਦੇ ਹਨ ਪਰ ਇੱਥੋਂ ਦੇ ਸੱਭਿਆਚਾਰ ਵਿਚ ਵੱਡਾ ਫ਼ਰਕ ਹੈ। ਜਦੋਂ ਤੁਸੀਂ ਬਿਲਕੁਲ ਇਕੱਲੇ ਹੁੰਦੇ ਹੋ ਤਾਂ ਇਕਲਾਪਾ, ਘਰ ਦੀ ਯਾਦ ਅਤੇ ਸਮਾਜਿਕ ਇਮਦਾਦ ਦੀ ਘਾਟ ਬਹੁਤ ਰੜਕਦੀ ਹੈ।" ਤਣਾਓ ਦਾ ਪੱਧਰ ਵਧਣ ਕਰਕੇ ਵਿਦਿਆਰਥੀਆਂ ਅੰਦਰ ਨਸ਼ਾਖੋਰੀ ਦੀ ਲ ?ਤ ਵਧ ਰਹੀ ਹੈ। ਬਰੈਂਪਟਨ ਵਿਚ ਰਹਿੰਦੇ ਪਟਿਆਲਾ ਵਾਸੀ ਗਗਨਦੀਪ ਸਿੰਘ ਨੇ ਦੱਸਿਆ, "ਬਹੁਤੇ ਪੰਜਾਬੀ ਮਾਪੇ ਆਪਣੇ ਬੱਚਿਆਂ ਨੂੰ ਨਸ਼ਿਆਂ ਦੀ ਲਤ ਤੋਂ ਬਚਾਉਣ ਲਈ ਕੈਨੇਡਾ ਭੇਜਦੇ ਹਨ ਪਰ ਇੱਥੇ ਚਿੱਟੇ ਜਿਹੇ ਨਸ਼ੇ ਆਮ ਮਿਲਦੇ ਹਨ ਅਤੇ ਉਨ੍ਹਾਂ ਨੂੰ ਰੋਕਣ ਟੋਕਣ ਵਾਲਾ ਵੀ ਕੋਈ ਨਹੀਂ ਹੁੰਦਾ।" ਦਿੱਲੀ ਤੋਂ ਅਗਮ ਸਿੰਘ ਵਿਨੀਪੈੱਗ ਦੀ ਮੈਨੀਟੋਬਾ ਯੂਨੀਵਰਸਿਟੀ ਵਿਚ ਕੰਪਿਊਟਰ ਸਾਇੰਸ ਦੀ ਪੜ੍ਹਾਈ ਕਰ ਰਿਹਾ ਹੈ। ਉਸ ਨੇ ਕਿਹਾ, "ਠੰਢੇ ਮੌਸਮ ਵਿਚ ਰਹਿਣ ਦਾ ਆਦੀ ਹੋਣ ਲਈ ਕੁਝ ਸਮਾਂ ਲੱਗਦਾ ਹੈ। ਇੱਥੇ ਸਾਲ ਵਿਚ ਛੇ ਮਹੀਨੇ ਬਰਫ਼ਬਾਰੀ ਹੁੰਦੀ ਹੈ। ਇਹ ਆਮ ਤੌਰ 'ਤੇ ਗੋਰਿਆਂ ਦਾ ਇਲਾਕਾ ਹੈ ਅਤੇ ਭਾਰਤੀ ਮੂਲ ਦੇ ਥੋੜ੍ਹੇ ਜਿਹੇ ਲੋਕ ਹੀ ਰਹਿੰਦੇ ਹਨ। ਕਿਰਤ ਮੰਡੀ ਵਿਚ ਨਸਲੀ ਵਿਤਕਰਾ ਸਾਫ਼ ਜ਼ਾਹਿਰ ਹੁੰਦਾ ਹੈ। ਮੈਨੂੰ ਇੱਥੇ ਆ ਕੇ ਕੰਮ ਲੱਭਣ ਲਈ ਛੇ ਮਹੀਨੇ ਲੱਗ ਗਏ ਸਨ। ਸ਼ਹਿਰ ਦੇ ਧੁਰ ਅੰਦਰਲੇ ਖੇਤਰਾਂ ਵਿਚ ਲੁੱਟ ਖੋਹ, ਚਾਕੂਬਾਜ਼ੀ ਅਤੇ ਨਸਲੀ ਗਾਲੀ-ਗਲੋਚ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।"

ਘਰਾਂ ਦੇ ਕਿਰਾਏ ਤੋਂ ਇਲਾਵਾ, ਟਰੱਕਿੰਗ ਸਨਅਤ ਦੇ ਸੰਕਟ, ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਵਧਣ ਕਰਕੇ ਸਰਕਾਰ ਦੀਆਂ ਨੀਤੀਆਂ ਖ਼ਾਸਕਰ ਸਟੂਡੈਂਟ ਵੀਜ਼ਾ ਪ੍ਰੋਗਰਾਮ ਨੂੰ ਲੈ ਕੇ ਕਾਫ਼ੀ ਨੁਕਤਾਚੀਨੀ ਹੋ ਰਹੀ ਹੈ। ਸ੍ਰੀ ਨਾਗਰ ਨੇ ਕਿਹਾ, "ਜਦੋਂ ਵਿਦਿਆਰਥੀਆਂ ਦੇ ਮਾਪੇ ਇੱਥੇ ਆ ਕੇ ਗ਼ੈਰਕਾਨੂੰਨੀ ਢੰਗ ਨਾਲ ਕੈਸ਼ 'ਤੇ ਕੰਮ ਕਰਦੇ ਹਨ ਤਾਂ ਇਸ ਨਾਲ ਮੁਕਾਮੀ ਕਿਰਤ ਮੰਡੀ 'ਤੇ ਅਸਰ ਪੈਂਦਾ ਹੈ। ਸਾਬਕਾ ਆਵਾਸ ਮੰਤਰੀ ਸ਼ੀਆਨ ਫ਼ਰੇਜ਼ਰ ਜੋ ਹੁਣ ਮਕਾਨ ਉਸਾਰੀ ਮੰਤਰੀ ਹਨ, ਨੇ ਹਾਲ ਹੀ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਦੀ ਹੱਦ ਮੁਕੱਰਰ ਕਰਨ ਦਾ ਇਸ਼ਾਰਾ ਦਿੱਤਾ ਸੀ। ਕੈਲਗਰੀ ਵਿਚ ਰਹਿੰਦੇ ਸਮਾਚਾਰ ਵਿਸ਼ਲੇਸ਼ਕ ਰਮਨਜੀਤ ਸਿੰਘ ਸਿੱਧੂ ਨੇ ਆਖਿਆ, "ਸਮੱਸਿਆ ਇਹ ਹੈ ਕਿ ਹਰ ਕੋਈ ਸਫ਼ਲਤਾ ਦੀਆਂ ਕਹਾਣੀਆਂ ਹੀ ਵੇਚ ਰਿਹਾ ਹੈ। ਕੋਈ ਵੀ ਅਸਲ ਸਮੱਸਿਆ ਦੀ ਗੱਲ ਨਹੀਂ ਕਰਦਾ। ਜਦੋਂ ਵਿਦਿਆਰਥੀ ਕੈਨੇਡਾ ਦੀ ਧਰਤੀ 'ਤੇ ਪੈਰ ਪਾਉਂਦੇ ਹਨ ਤਾਂ ਉਨ੍ਹਾਂ ਨੂੰ ਸਮਝ ਪੈਂਦੀ ਹੈ ਕਿ ਇੱਥੇ ਕਮਾਈਆਂ ਕਰਨੀਆਂ ਸੌਖੀਆਂ ਨਹੀਂ।"

**ਅੰਕੜਿਆਂ ਦੀ ਜ਼ੁਬਾਨੀ:** ਸਾਲ 2022 ਦੇ ਅੰਤ 'ਚ ਕੈਨੇਡਾ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖ਼ਲੇ 808,000 ਦੀ ਰਿਕਾਰਡ ਉਚਾਈ 'ਤੇ ਪਹੁੰਚ ਗਏ ਸਨ ਜਿਸ ਵਿਚ ਪਿਛਲੇ ਦਹਾਕੇ ਦੇ ਮੁਕਾਬਲੇ 170 ਫ਼ੀਸਦੀ ਵਾਧਾ ਹੋਇਆ ਹੈ। ਹਰੇਕ ਦਸ ਕੌਮਾਂਤਰੀ ਵਿਦਿਆਰਥੀਆਂ 'ਚੋਂ ਚਾਰ ਵਿਦਿਆਰਥੀ ਭਾਰਤੀ ਹੁੰਦੇ ਹਨ। ਆਈਆਰਸੀਸੀ ਦੀ ਰਿਪੋਰਟ ਮੁਤਾਬਿਕ ਕੌਮਾਂਤਰੀ ਵਿਦਿਆਰਥੀ ਕੈਨੇਡੀਆਈ ਅਰਥਚਾਰੇ ਵਿਚ ਹਰ ਸਾਲ 22.3 ਅਰਬ ਡਾਲਰ ਦਾ ਯੋਗਦਾਨ ਪਾਉਂਦੇ ਹਨ। ਇਹ ਰਕਮ ਵਾਹਨਾਂ ਦੇ ਪੁਰਜ਼ਿਆਂ, ਲੱਕੜ ਜਾਂ ਹਵਾਈ ਜਹਾਜ਼ ਦੀ ਕੁੱਲ ਬਰਾਮਦ ਨਾਲੋਂ ਵੀ ਜ਼ਿਆਦਾ ਹੈ। ਓਂਟਾਰੀਓ ਦੇ ਆਡੀਟਰ ਜਨਰਲ ਦੇ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਹਾਲੀਆ ਅੰਕੜਿਆਂ ਵਿਚ ਕਿਹਾ ਗਿਆ ਹੈ ਕਿ ਸਾਲ 2012-13 ਅਤੇ 2020-21 ਦੌਰਾਨ ਘਰੇਲੂ ਵਿਦਿਆਰਥੀਆਂ ਦੇ ਦਾਖ਼ਲਿਆਂ ਵਿਚ 15 ਫ਼ੀਸਦੀ ਕਮੀ ਆਈ ਹੈ ਜਦੋਂਕਿ ਕੌਮਾਂਤਰੀ ਵਿਦਿਆਰਥੀਆਂ ਦੇ ਦਾਖ਼ਲਿਆਂ ਵਿਚ 342 ਫ਼ੀਸਦੀ ਵਾਧਾ ਹੋਇਆ ਹੈ। ਇਨ੍ਹਾਂ 'ਚੋਂ 62 ਫ਼ੀਸਦੀ ਭਾਰਤ ਤੋਂ ਆਉਂਦੇ ਹਨ। ਸਰਕਾਰੀ ਕਾਲਜਾਂ ਲਈ ਵਿੱਤੀ ਤੌਰ 'ਤੇ ਹੰਢਣਸਾਰ ਬਣੇ ਰਹਿਣ ਲਈ ਕੌਮਾਂਤਰੀ ਵਿਦਿਆਰਥੀਆਂ ਦੀਆਂ ਟਿਊਸ਼ਨ ਫ਼ੀਸਾਂ 'ਤੇ ਨਿਰਭਰਤਾ ਵਧਦੀ ਜਾ ਰਹੀ ਹੈ। ਸਾਲ 2020-21 ਵਿਚ ਸਮੁੱਚੇ ਓਂਟਾਰੀਓ ਵਿਚ ਟਿਊਸ਼ਨ ਫੀਸਾਂ ਦੇ ਰੂਪ ਵਿਚ ਆਉਣ ਵਾਲੇ ਕੁੱਲ ਮਾਲੀਏ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਯੋਗਦਾਨ 1.7 ਅਰਬ ਡਾਲਰ ਰਿਹਾ ਜੋ 68 ਫ਼ੀਸਦੀ ਬਣਦਾ ਸੀ। ਕੌਮਾਂਤਰੀ ਵਿਦਿਆਰਥੀਆਂ ਨੂੰ ਔਸਤਨ 14306 ਡਾਲਰ ਸਾਲਾਨਾ ਟਿਊਸ਼ਨ ਦੇਣੀ ਪੈਂਦੀ ਹੈ ਜਦੋਂਕਿ ਘਰੇਲੂ ਵਿਦਿਆਰਥੀ ਔਸਤਨ 3228 ਡਾਲਰ ਫੀਸ ਅਦਾ ਕਰਦੇ ਹਨ। ਕੁੱਲ ਦਾਖਲਿਆਂ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਹਿੱਸਾ ਕਰੀਬ 30 ਫ਼ੀਸਦੀ ਬਣਦਾ ਹੈ।ਆਈਆਰਸੀਸੀ ਦੀ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਕੈਨੇਡੀਅਨ ਸੰਸਥਾਵਾਂ ਅਤੇ ਸਕੂਲਾਂ ਦੇ ਵਿਕਾਸ ਵਿਚ ਸਾਲਾਨਾ 31 ਫ਼ੀਸਦੀ ਵਾਧਾ ਦਰਜ ਕੀਤਾ ਗਿਆ ਹੈ।

## ਭਾਰਤੀ ਮੂਲ ਦੇ ਕੈਨੇਡੀਅਨਾਂ ਨੂੰ ਵੀਜ਼ਾ ਜਾਰੀ ਕਰਨ ਦੇ ਮੁਅੱਤਲ ਆਰਡਰ ਨੂੰ ਵਾਪਸ ਲਓ

ਕੇਂਦਰ ਸਰਕਾਰ ਨੇ ਭਾਰਤੀ ਮੂਲ ਦੇ ਕੈਨੇਡੀਅਨਾਂ ਸਮੇਤ ਕੈਨੇਡੀਅਨਾਂ ਨੂੰ ਵੀਜ਼ਾ ਜਾਰੀ ਕਰਨ 'ਤੇ ਰੋਕ ਲਾ ਦਿੱਤੀ ਹੈ। ਭਾਰਤੀ ਡਿਪਲੋਮੈਟਿਕ ਸਟਾਫ਼ ਨੂੰ ਧਮਕੀਆਂ ਨੂੰ ਇਸ ਦਾ ਕਾਰਨ ਦੱਸਿਆ ਗਿਆ ਹੈ।

ਵੀਜ਼ਾ 'ਤੇ ਇਹ ਪਾਬੰਦੀ (ਸਸਪੈਂਸ਼ਨ) ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਨੂੰ ਮੁਸ਼ਕਲਾਂ ਅਤੇ ਸਮੱਸਿਆਵਾਂ ਦਾ ਕਾਰਨ ਬਣੇਗੀ। ਇੱਥੇ ਭਾਰਤੀ ਮੂਲ ਦੇ ਕਰੀਬ 20 ਲੱਖ ਕੈਨੇਡੀਅਨ ਹਨ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਪੰਜਾਬ ਤੋਂ ਹੈ। ਉਨ੍ਹਾਂ ਦੇ ਭਾਰਤ ਵਿੱਚ ਉਨ੍ਹਾਂ ਦੇ ਰਿਸ਼ਤੇਦਾਰ, ਨਜ਼ਦੀਕੀ ਅਤੇ ਪਿਆਰੇ ਹਨ ਅਤੇ ਉਨ੍ਹਾਂ ਨੂੰ ਮਿਲਣ ਦੀ ਜ਼ਰੂਰਤ ਹੈ। ਭਾਰਤ ਵਿੱਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਨੇੜਲਿਆਂ ਨੂੰ ਹੋਈ ਮਾਨਸਿਕ ਪੀੜਾ ਅਤੇ ਪ੍ਰੇਸ਼ਾਨੀ ਨੂੰ ਕੋਈ ਆਸਾਨੀ ਨਾਲ ਸਮਝ ਸਕਦਾ ਹੈ। ਸੀਪੀਆਈ (ਐਮਐਲ) ਨਿਊ ਡੈਮੋਕਰੇਸੀ ਇਸ ਮੁਅੱਤਲੀ ਦੀ ਨਿਖੇਧੀ ਕਰਦੀ ਹੈ ਅਤੇ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੀ ਹੈ। ਇਹ ਆਦੇਸ਼ ਸਪੱਸ਼ਟ ਤੌਰ 'ਤੇ ਕੈਨੇਡਾ ਸਰਕਾਰ ਦੁਆਰਾ ਕਾਰਵਾਈ ਦੀ ਘਾਟ ਨਾਲ ਸਬੰਧਤ ਹੈ। ਖਾਲਿਸਤਾਨੀਆਂ ਦੇ ਖਿਲਾਫ ਪਰ ਇਹ ਸੌਖਿਆਂ ਅਤੇ ਜਾਣਬੁੱਝ ਕੇ ਭੁਲਾ ਦਿੱਤਾ ਜਾਂਦਾ ਹੈ ਕਿ ਕੈਨੇਡਾ ਵਿੱਚ ਵਸਦੇ ਪੰਜਾਬੀ ਡਾਇਸਪੋਰਾ ਦੀ ਇੱਕ ਬਹੁਤ ਘੱਟ ਗਿਣਤੀ ਖਾਲਿਸਤਾਨੀਆਂ ਦੀਆਂ ਗਤੀਵਿਧੀਆਂ ਦਾ ਸਮਰਥਨ ਕਰਦੀ ਹੈ। ਇਸ ਲਈ ਸਾਰੇ ਭਾਰਤੀ ਕੈਨੇਡੀਅਨਾਂ ਵਿਰੁੱਧ ਕਾਰਵਾਈ ਕਰਨਾ ਗਲਤ ਹੈ। ਇਹ ਉਹੀ ਗਲਤ ਅਤੇ ਖ਼ਤਰਨਾਕ ਰਵੱਈਆ ਹੈ ਜੋ ਕਾਂਗਰਸ ਦੇ ਸ਼ਾਸਨ ਦੌਰਾਨ 1980 ਅਤੇ 1990 ਦੇ ਦਹਾਕੇ ਵਿੱਚ ਪੰਜਾਬ ਵਿੱਚ ਬਹੁਤ ਦੁੱਖਾਂ ਦਾ ਕਾਰਨ ਬਣਿਆ ਸੀ। ਖਾਲਿਸਤਾਨੀ ਕੱਟੜਪੰਥੀਆਂ ਦੁਆਰਾ ਸਾਡੀ ਪਾਰਟੀ ਅਤੇ ਹੋਰ ਸੀ.ਆਰ. ਅਤੇ ਖੱਬੇ-ਪੱਖੀ ਜਥੇਬੰਦੀਆਂ ਦੇ ਨੇਤਾਵਾਂ ਅਤੇ ਅਗਾਂਹਵਧੂ ਵਿਅਕਤੀਆਂ ਨੂੰ ਮਾਰਿਆ ਗਿਆ ਸੀ ਅਤੇ ਸਾਰਾ ਪੰਜਾਬ ਜਮਹੂਰੀ ਅਧਿਕਾਰਾਂ ਦੇ ਪੂਰੀ ਤਰ੍ਹਾਂ ਦਮਨ ਵਿੱਚ ਘਿਰ ਗਿਆ ਸੀ। ਘਟਨਾਵਾਂ ਦਾ ਇਹ ਚੱਕਰ ਨਿੰਦਣਯੋਗ ਸਾਕਾ ਨੀਲਾ ਤਾਰਾ ਅਤੇ ਦਿੱਲੀ ਅਤੇ ਕੁਝ ਹੋਰ ਸ਼ਹਿਰਾਂ ਵਿੱਚ ਸਿੱਖਾਂ ਦੀ ਨਸਲਕੁਸ਼ੀ ਦਾ ਗਵਾਹ ਰਿਹਾ ਸੀ। ਸੀ.ਪੀ.ਆਈ.(ਐਮ.ਐਲ.) ਨਿਊ ਡੈਮੋਕਰੇਸੀ ਅਪੀਲ ਕਰਦੀ ਹੈ ਕਿ ਥੋੜ੍ਹੇ ਸਮੇਂ ਦੇ ਸਿਆਸੀ ਲਾਭ ਲਈ, ਹਾਕਮ ਜਮਾਤੀ ਪਾਰਟੀਆਂ ਅਤੇ ਸਰਕਾਰਾਂ। ਅਜਿਹੇ ਨਾਪਾਕ ਮਨਸੂਬਿਆਂ ਦਾ ਸਹਾਰਾ ਨਹੀਂ ਲੈਣਾ ਚਾਹੀਦਾ। ਸਾਡਾ ਦੇਸ਼, ਖਾਸ ਕਰਕੇ ਪੰਜਾਬ, ਵਧਦੀ ਜਮਹੂਰੀ ਲਹਿਰ ਦਾ ਗਵਾਹ ਹੈ। ਇਸ ਲਈ ਇਸ ਮਾਹੌਲ ਨੂੰ ਖਰਾਬ ਕਰਨ ਦੇ ਕਿਸੇ ਵੀ ਉਪਾਅ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

*ਬਰਸੀ ਮੌਕੇ*

# ਗ਼ਦਰੀ ਬਾਬਾ ਹਰਨਾਮ ਸਿੰਘ ਗੁੱਜਰਵਾਲ (ਕਾਮਾਗਾਟਾਮਾਰੂ)

ਜਸਦੇਵ ਸਿੰਘ ਲਲਤੋਂ
96464-02470

ਹਰਨਾਮ ਸਿੰਘ ਜੀ ਦਾ ਜਨਮ, ਪਿਤਾ ਜੀ ਨਰਾਇਣ ਸਿੰਘ ਦੇ ਘਰੇ ਸੰਨ 1884 'ਚ ਪਿੰਡ ਗੁਜਰਵਾਲ (ਜਿਲ੍ਹਾ ਲੁਧਿਆਣਾ) ਦੀ ਧਰਤੀ ਤੇ ਹੋਇਆ। ਮੁਢਲੀ ਵਿਦਿਆ ਪਿੰਡ ਦੇ ਸਕੂਲ 'ਚੋਂ ਪ੍ਰਾਪਤ ਕਰਨ ਉਪਰੰਤ ਆਪ ਜੀ ਪਿਤਾ ਪੁਰਖੀ ਧੰਦੇ-ਖੇਤੀ ਬਾੜੀ 'ਚ ਪਰਿਵਾਰ ਨਾਲ ਹੱਥ ਵਟਾਉਣ ਲੱਗੇ। ਘਰ ਦੀ ਗਰੀਬੀ ਨੂੰ ਚੱਕਣ ਲਈ ਆਪ ਨੂੰ ਪਿਤਾ ਜੀ ਨੇ ਵਿਦੇਸ਼ ਭੇਜਿਆ। ਆਪ ਨੇ ਪਹਿਲਾਂ ਮਲਾਇਆ, ਫਿਰ ਸਿੰਘਾਪੁਰ ਤੇ ਅੱਗੇ ਬਰਮਾ 'ਚ ਵੱਖ-ਵੱਖ ਨੌਕਰੀਆਂ ਕੀਤੀਆਂ। ਇਸ ਤੋ ਬਾਅਦ ਆਪ ਅੰਗਰੇਜ਼ੀ ਤੋਪਖਾਨੇ 'ਚ ਭਰਤੀ ਹੋ ਗਏ। ਲੇਕਿਨ ਅਣਖੀਲੇ ਹੋਣ ਕਰਕੇ, ਆਪ ਨੂੰ ਗੋਰੇ ਅਫਸਰਾਂ ਦੀ ਗੁਲਾਮੀ ਰਾਸ ਨਾ ਆਈ ਤੇ ਇਸ ਨੌਕਰੀ ਨੂੰ ਲੱਤ ਮਾਰ ਦਿਤੀ।

ਬੇਹਤਰ ਜ਼ਿੰਦਗੀ ਦੀ ਭਾਲ ਲਈ ਆਪ 4-4-1914 ਨੂੰ ਹਾਂਗਕਾਂਗ ਤੋ ਕੌਮਾਗਾਟਾਮਾਰੂ ਜਹਾਜ਼ ਰਾਹੀਂ ਵੈਨਕੂਵਰ (ਕੈਨੇਡਾ) ਲਈ 376 ਮੁਸਾਫਰਾਂ ਦਾ ਸੰਗੀ ਬਣ ਕੇ ਚੱਲ ਪਏ। ਦਰਅਸਲ ਹਾਂਗਕਾਂਗ ਵਿਚ ਗਦਰ ਪਾਰਟੀ ਨਾਲ ਪਿਆਰ ਰੱਖਣ ਵਾਲੇ ਮੁਖੀ ਬੰਦੇ, ਜੋ ਗੁਰਦੁਆਰਾ ਕਮੇਟੀ ਦੇ ਮੁਖੀਏ ਸਨ, ਜਹਾਜ਼ ਨੂੰ ਤੋਰਨ ਵਿਚ ਸਿੱਧਾ ਹਿੱਸਾ ਲੈ ਰਹੇ ਸਨ। ਇਨ੍ਹਾਂ ਵਿੱਚ ਭਾਈ ਹਰਨਾਮ ਸਿੰਘ ਕਹੂਟਾ ਤੇ ਭਾਈ ਹਰਨਾਮ ਸਿੰਘ ਗੁਜਰਵਾਲ ਵਰਨਣ ਯੋਗ ਹਨ। ਜੋ ਆਪ ਵੀ ਮੁਸਾਫਰ ਬਣ ਕੇ ਚੱਲੇ। 23 ਮਈ 1914 ਨੂੰ ਕੌਮਾਗਾਟਾਮਾਰੂ ਜਹਾਜ਼ ਵੈਨਕੂਵਰ ਨੇੜੇ ਪੁੱਜਿਆ। ਸਾਮਰਾਜੀ ਹਕੂਮਤ ਨੇ ਜਹਾਜ਼ ਨੂੰ ਬੰਦਰਗਾਹ 'ਤੇ ਲੱਗਣ ਨਾ ਦਿਤਾ। ਰਾਸ਼ਨ-ਪਾਣੀ ਤਕਰੀਬਨ ਮੁਕਣ ਦੀ ਸੂਰਤ 'ਚ ਅਰਧ-ਭੁਖਮਰੀ ਦੇ ਭੰਨੇ ਮੁਸਾਫਰਾਂ 'ਤੇ 20 ਜੁਲਾਈ ਨੂੰ 'ਸੀ-ਲਾਇਨ' ਨਾਂ ਦੇ ਟੱਗ ਜਹਾਜ਼ ਰਾਹੀਂ ਸਾਮਰਾਜੀ ਪੁਲਿਸ ਨੇ ਹੱਲਾ ਬੋਲ ਦਿਤਾ ਮੁਸਾਫਰਾਂ ਨੇ ਡੰਡੇ,ਸੋਟਿਆਂ, ਰਾਡਾਂ, ਮਸ਼ੀਨਾਂ ਦੇ ਪੁਰਜਿਆਂ ਅਤੇ ਪੱਥਰ ਦੇ ਕੋਇਲਿਆਂ ਨਾਲ ਦੁਸ਼ਮਣ ਦਾ ਜੰਮ ਕੇ ਟਾਕਰਾ ਕੀਤਾ। ਹਰਨਾਮ ਸਿੰਘ ਗੁਜਰਵਾਲ ਤੇ ਗੁਰਮੁਖ ਸਿੰਘ ਲਲਤੋਂ ਵਰਗੇ ਖਾੜਕੂ ਯੋਧੇ ਮੂਹਰੇ ਹੋ ਕੇ, ਹਿਕਾਂ ਡਾਹ ਕੇ ਲੜੇ। 20 ਗੋਰੇ ਪੁਲਸੀਏ ਸਖਤ ਫੱਟੜ ਹੋਏ। ਇਕ ਮੁਸਾਫਰ ਦੇ ਮੱਥੇ 'ਤੇ ਗੋਲੀ ਦੀ ਝਰੀਟ ਵੱਜੀ। ਬਾਅਦ 'ਚ ਵੱਡਾ ਖੂਨੀ ਹਮਲਾ ਕਰਨ ਲਈ ਜੰਗੀ ਜਹਾਜ਼ 'ਰੇਨਬੋ' ਲਿਆਂਦਾ। ਲੇਕਿਨ ਇਸ ਮਿਸਾਲੀ ਲੜਾਈ ਤੇ ਕੈਨੇਡਾ ਵਸਦੀ ਭਾਰਤੀ ਜਨਤਾ ਦੇ ਤਿਖੇ ਸੰਘਰਸ਼ ਦੇ ਸਿਟੇ ਵਜੋਂ ਮੁਸਾਫਰਾਂ ਦੀ ਵਾਪਸੀ ਲਈ ਰਾਸ਼ਨ-ਪਾਣੀ, ਕਿਰਾਏ-ਭਾੜੇ ਤੇ 2 ਦਿਨ ਮੁਲਾਕਾਤਾਂ ਦੀ ਆਗਿਆ ਦੇਣੀ ਪਈ। ਜਹਾਜ਼ ਵਾਪਸ ਆ ਕੇ ਬੱਜ-ਬੱਜ ਘਾਟ ਕਲਕੱਤੇ ਆ ਲੱਗਿਆ। 29 ਸਤੰਬਰ ਦਾ ਜ਼ੁਲਮੀ ਸਾਕਾ ਇਉਂ ਵਾਪਰਿਆ:- ਗੋਰੇ ਅਫਸਰ-ਈਸਟ ਬਾਰਡਰ ਨੇ ਪਿਸਤੌਲ ਕੱਢ ਕੇ ਦੋ ਗੋਲੀਆਂ ਚਲਾਈਆਂ। ਇਕ ਹਰਨਾਮ ਸਿੰਘ ਗੁਜਰਵਾਲ ਦੀ ਪੱਗ ਵਿੱਚ ਤੇ ਦੂਸਰੀ ਠਾਕਰ ਸਿੰਘ ਉਦੋਨੰਗਲ (ਅੰਮ੍ਰਿਤਸਰ) ਦੀ ਬਾਂਹ ਵਿੱਚ ਲੰਘ ਗਈ। ਅੰਗਰੇਜ਼ੀ ਪੁਲਿਸ ਨੇ ਬੇਤਹਾਸ਼ਾ ਗੋਲੀਆਂ ਚਲਾ ਕੇ 19 ਯਾਤਰੀ ਤੇ 2 ਹੋਰ ਸ਼ਹੀਦ ਕੀਤੇ ਅਤੇ 23 ਫੱਟੜ ਕੀਤੇ। ਮੁਸਾਫਰਾਂ ਨਾਲ ਟਾਕਰੇ 'ਚ 2 ਗੋਰੇ ਅਫਸਰ ਮਾਰੇ ਅਤੇ 11 ਪੁਲਸੀਏ ਜਖਮੀ ਹੋਏ (6 ਗੋਰੇ ਤੇ 5 ਪੰਜਾਬੀ)।

ਦਸਾਂ ਮੁਸਾਫਰਾਂ ਦਾ ਇਕ ਜੱਥਾ ਹੁਗਲੀ ਟੱਪ ਗਿਆ। ਜਿਸ ਵਿਚੋਂ ਸੁੰਦਰ ਸਿੰਘ ਚੀਮਨਾ, ਕਾਬਲ ਸਿੰਘ, ਪੂਰਨ ਸਿੰਘ ਘੋਲੀਆ, ਠਾਕੁਰ ਸਿੰਘ ਉਦੋਨੰਗਲ ਤੇ



ਹਰਨਾਮ ਸਿੰਘ ਗੁਜਰਵਾਲ ਦੇ ਨਾਵਾਂ ਦਾ ਪਤਾ ਲੱਗਿਆ। ਉਹ ਦਿਨੇਂ ਲੁਕਦੇ ਤੇ ਰਾਤ ਤੁਰਦੇ ਹੋਏ, ਬੰਕੂਰੇ ਲਾਗੇ ਪੁਲਿਸ ਨੇ ਫੜ ਲਏ। ਕੁਝ ਮਹੀਨਿਆਂ ਬਾਅਦ ਰਿਹਾ ਕੀਤੇ ਗਏ।

ਗ਼ਦਰ ਪਾਰਟੀ ਦੇ ਪ੍ਰੋਗਰਾਮ ਮੁਤਾਬਕ ਲੁਧਿਆਣੇ ਜਿਲੇ ਦੇ ਪਿੰਡਾਂ ਵਿੱਚ ਸੰਤ ਰਣਧੀਰ ਸਿੰਘ ਨਾਰੰਗਵਾਲ ਦਾ ਜੱਥਾ ਆਪਣੇ ਦੀਵਾਨਾਂ ਤੇ ਅਖੰਡ-ਪਾਠਾਂ ਦੇ ਜੋੜ ਮੇਲਿਆਂ ਉੱਤੇ, ਗੁਰਦੁਆਰਾ ਰਕਾਬਗੰਜ਼ ਦਿੱਲੀ ਦੀ ਕੰਧ ਢਾਹੁਣ ਵਿਰੁਧ ਰੋਸ ਪ੍ਰਗਟ ਕਰਦੇ ਹੋਏ, ਸੰਗਤਾਂ ਨੂੰ ਗ਼ਦਰ ਪਾਰਟੀ ਦਾ ਉਦੇਸ਼ ਦਿੰਦੇ। ਅਜਿਹੇ ਦੀਵਾਨ 14 ਫਰਵਰੀ 1915 ਨੂੰ ਗੁਜਰਵਾਲ ਵੀ ਲਾਏ ਗਏ ਹੋਰਨਾ ਤੋ ਇਲਾਵਾ, ਹਰਨਾਮ ਸਿੰਘ ਗੁਜਰਵਾਲ ਵੀ ਇਨ੍ਹਾਂ ਸਮਾਗਮਾਂ 'ਚ ਕਵਿਤਾਵਾਂ/ ਕਵੀਸ਼ਰੀਆਂ ਪੇਸ਼ ਕਰਨ ਤੋ ਇਲਾਵਾ ਜੋਸ਼ੀਲੀਆਂ ਤਕਰੀਰਾਂ ਕਰਦੇ। ਗ਼ਦਰ ਪਾਰਟੀ ਦੀ ਵਿਉਂਤ ਬੰਦੀ ਅਨੁਸਾਰ, ਆਪ ਉਪਰੋਕਤ ਜੱਥੇ ਦੇ ਸੰਗ 19 ਫਰਵਰੀ 1915 ਨੂੰ ਗ਼ਦਰ ਕਰਨ ਲਈ ਫੀਰੋਜ਼ਪੁਰ ਪਹੁੰਚੇ, ਲੇਕਿਨ ਮੁਖਬਰਾਂ ਦੀ ਮਾਰ ਪੈਣ ਸਦਕਾ ਇਹ ਪ੍ਰੋਗਰਾਮ ਧਰਿਆ-ਧਰਾਇਆ ਰਹਿ ਗਿਆ।

ਆਪ ਜੀ 25 ਜੂਨ 1915 ਨੂੰ ਫੜੇ ਗਏ ਅਤੇ ਮਾਰਚ 1916 'ਚ ਦੂਸਰੇ ਲਾਹੌਰ ਮੁਕੱਦਮੇ ਅਧੀਨ ਫੀਰੋਜਪੁਰ ਛਾਉਣੀ 'ਤੇ ਹਮਲੇ ਅਤੇ ਦੋਰਾਹਾ ਪੁਲ ਗਾਰਡ ਕੇਸ ਵਿੱਚ ਕਾਲੇ ਪਾਣੀ ਬਾਮੁਸ਼ੱਕਤ ਉਮਰ ਕੈਦ ਤੇ ਜ਼ਮੀਨ-ਜਾਇਦਾਦ ਦੀ ਜ਼ਬਤੀ ਦੀ ਸਜਾ ਹੋਈ। ਆਪ ਕਾਲੇ ਪਾਣੀ ਤੋ ਇਲਾਵਾ ਵੇਲੂਰ, ਹਜ਼ਾਰੀ ਬਾਗ, ਪੂਨੇ ਆਦਿ ਜੇਲ੍ਹਾਂ ਵਿੱਚ ਵੀ ਰਹੇ। ਮਈ 1930 'ਚ ਰਿਹਾਈ ਮੌਕੇ ਆਪ ਨੂੰ ਪਿੰਡ 'ਚ 3 ਸਾਲ ਦੀ ਸਖਤ ਨਿਗਰਾਨੀ ਹੇਠ ਰੱਖਣ ਦਾ ਹੁਕਮ ਜ਼ਾਰੀ ਕੀਤਾ ਗਿਆ। ਪਰੰਤੂ 1932 'ਚ ਸੈਕਸ਼ਨ 326 ਆਈ.ਪੀ.ਸੀ ਅਧੀਨ ਇਕ ਕੇਸ 'ਚ ਮੁੜ ਗ੍ਰਿਫਤਾਰ ਕੀਤਾ ਗਿਆ।

ਮੁੜ ਰਿਹਾਈ ਉਪਰੰਤ ਆਪ ਨੇ ਦੇਸ਼ 'ਚ ਖਰੀ ਆਜ਼ਾਦੀ ਤੇ ਕੌਮੀ ਜਮਹੂਰੀ ਰਾਜ ਪ੍ਰਬੰਧ ਦੀ ਸਥਾਪਨਾ ਦੇ ਪਵਿਤਰ ਮਕਸਦ ਅਧੀਨ ਸਿਰੇ ਦਾ ਸਾਦਾ ਤੇ ਲੋਕ-ਸੇਵਾ ਵਾਲਾ ਜੀਵਨ ਬਤੀਤ ਕਰਦਿਆਂ ਵੱਖ-ਵੱਖ ਆਜ਼ਾਦੀ ਲਹਿਰਾਂ 'ਚ ਅਹਿਮ ਰੋਲ ਨਿਭਾਉਣਾ ਜਾਰੀ ਰੱਖਿਆ। ਦੇਸ਼ ਦੀ ਆਜ਼ਾਦੀ ਤੇ ਲੋਕਾਂ ਦੀ ਮੁਕਤੀ ਲਈ ਸਮਰਪਿਤ ਹੋ ਕੇ ਜੂਝਦਿਆਂ, ਆਪ ਜੀ ਨੇ ਵਿਆਹ ਤੱਕ ਨਹੀਂ ਕਰਵਾਇਆ। 1947 'ਚ ਅੰਗਰੇਜ਼ਾਂ ਦੇ ਚਲੇ ਜਾਣ ਪਿਛੋਂ, ਕਾਂਗਰਸ ਪਾਰਟੀ ਵੱਲੋ ਕੀਤੇ ਵਾਅਦਿਆਂ ਅਨੁਸਾਰ ਅਤੇ ਦੇਸ਼ ਭਗਤਾਂ ਦੇ ਆਦਰਸ਼ਾਂ ਮੁਤਾਬਕ ਨਾ ਚੱਲਣ ਕਰਕੇ, ਆਪ ਜੀ ਸਾਂਝੀ ਕਮਿਊਨਿਸਟ ਪਾਰਟੀ 'ਚ ਸ਼ਾਮਲ ਹੋ ਕੇ ਲੋਕ ਲਹਿਰ ਨੂੰ ਅੱਗੇ ਤੋਰਨ ਦੇ ਕਾਰਜਾਂ 'ਚ ਜੁਟ ਗਏ। ਗੁਰਦੁਆਰਿਆਂ ਦੇ ਪ੍ਰਬੰਧਾਂ 'ਚ ਸੁਧਾਰਾਂ ਦੇ ਮਕਸਦ ਹਿਤ, ਆਪ ਜੀ 1953 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਬਣੇ।

ਲੋਕ ਹਿਤਾਂ ਲਈ ਭਾਰੀ ਤਿਆਗ ਤੇ ਕੁਰਬਾਨੀਆਂ ਭਰਿਆ ਜੀਵਨ ਜਿਉਂਦੇ ਹੋਏ, ਆਪ ਜੀ 1967 'ਚ ਦੇਸ਼ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਕੇ ਸਦਾ ਲਈ ਅਮਰ ਹੋ ਗਏ। ਆਪ ਜੀ ਦੀ 30 ਸਤੰਬਰ 2023 ਨੂੰ ਸਲਾਨਾ ਬਰਸੀ ਸਬੰਧੀ ਦੇਸ਼ ਭਗਤ ਸਮਾਗਮ ਉਨ੍ਹਾਂ ਦੀ ਯਾਦਗਾਰ ਗੁਜਰਵਾਲ ਵਿਖੇ (ਦਰਵਾਜ਼ਾ ਪੂਰਨ ਦਾਸ ਦੇ ਨੇੜੇ) ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਸਰਪ੍ਰਸਤੀ ਹੇਠ, ਕੌਮਾਗਾਟਾਮਾਰੂ ਯਾਦਗਾਰ ਕਮੇਟੀ ਜ਼ਿਲਾ ਲੁਧਿਆਣਾ ਦੀ ਪਹਿਲਕਦਮੀ ਨਾਲ, ਪਿੰਡ ਕਮੇਟੀ ਅਤੇ ਸਮੂਹ ਗੁਜਰਵਾਲ ਨਿਵਾਸੀਆਂ ਦੇ ਸਹਿਯੋਗ ਨਾਲ ਰਚਿਆ ਜਾਵੇਗਾ।

# Canada rental house shortage, costs to the tenants

## International students, new Immigrants feeling heat of rental crisis



-Dr Hardeep Singh Atwal, Toronto

Canadian rental housing demand and supply have lost the balance. International students, new immigrants and poor tenants are sufferer who are seeker for rental houses. The large influx of immigrants and students has also added in this large number of rental house seekers. All these are facing difficulty in getting rental accommodations. Many cases of Frauds, scams and harassment has been faced by new international students, in the process of tenant contracts. Many landlords are making fool of the tenants and ignoring laws about rental agreement. So many controversies of tenants and landlords can be seen in social media. Neither Canadian Government nor concerned management of colleges, are doing enough to provide affordable rental houses to the new international students. Some of the students has protested on this issue. Recent protest of collage students in city of North Bay, Ontario for rental accommodation was in the media.

So many controverses of un-controlled rental price by landlords can be seen in the media. Rent control is a crucial policy that ensures fairness and stability in the rental market, protecting tenants from exorbitant rent increases and providing them with a sense of security in their homes. However, the current system falls short of meeting these needs, leaving tenants vulnerable to exploitation by landlords.

On the other side, landlords are also demanding change in Ontario Landlord and Tenant laws and provincial government legislation to better protect the most basic financial rights and financial security of landlords from problem renters who fail to pay the rent, refuse to be evicted, cause extensive damages, or otherwise create assorted problems for their landlords. This controversy of tenants and landlords is part of the shortage of the rental units and recent crisis of housing market.

Recently, the story of tenants Sister Yumna and Khadeja who live in a Toronto rental unit is an eye opener to the community. Who were shocked to receive a $7,000 monthly rent increase. The building they live in was built after November 15, 2018 - which means rent control does not apply. Now Yumna and Khadeja are calling for rent control for all rental units in Ontario, not just those built before 2018. They have initiated a public campaign for the tenants to get more protection from rising rents. In a public appeal they talked about recently experienced unjust rent increase of $7000 per month after we exercised our rights as tenants. This personal experience has highlighted the urgent need to establish real rent control measures in Ontario.

They called upon the Legislative Assembly of Ontario to take immediate action by implementing the measures. Rent control for all buildings: update Ontario rent regulations to enact rent control for all buildings, not just those built prior to Nov 2018. Same Rent for New Tenants: Introduce legislation that mandates new tenants pay the same rent as former tenants within a building. This will prevent arbitrary increases and ensure affordability for all.

This appeal also demands Allowable Annual Rental Increases: Calculate annual rental increases based on inflation rates determined by the Government of Ontario. By tying rental hikes to economic indicators such as inflation, we can strike a balance between protecting tenant rights and allowing landlords reasonable adjustments. Public Rent Registry: Establish a publicly accessible rent registry where tenants can find out what previous occupants paid in rent for specific units or buildings. Transparency is key to preventing unfair practices and empowering renters with information they need during negotiations.

They demanded an Accessible Legal Aid: Provide access to legal aid services specifically tailored for tenants who wish to contest illegal rent hikes or address other housing-related issues through proper legal channels. This support will level the playing field between landlords with resources at their disposal and vulnerable renters seeking justice. Stronger Enforcement & Tougher Penalties: Strengthen enforcement mechanisms against landlords who neglect their maintenance responsibilities or fail to comply with established regulations regarding fair rents and habitable living conditions within their properties. By implementing these vital changes, we can restore balance to the rental market, protect tenants' rights, and ensure that everyone has access to safe and affordable housing in Ontario.



Landlords of rental houses has also initiated a public campaign in the community for their problems. These landlords expressed that government officials constantly put more burden on housing providers (real estate investor' and 'Landlords' in Canada) with unrealistic and biased rental regulations and tighter rules on rental property financing. They told that housing providers "Landlords" in Canada have been left with no financial or legal support. They are even expected to assume full financial responsibility for their Tenants and their Mortgage / loan payments plus all other carrying costs associated with owning their properties (Such as; Property tax, Insurance, Utilities, On going Repairs and Maintenance)

This campaign of Landlord's demanded that need to be addressed and revised on the Ontario landlord and tenant act and government housing regulation. They feel that in case of Late/None Rent Payments, Evictions for nonpayment of rent in Ontario should not be a very lengthy and costly process for landlords. This process currently takes months. Landlords not only have to pay for filing fees for Application, but also need to pay for all the carrying costs and mortgage payments while waiting to get their Eviction claim approved while the tenant stays in the property rent free. Even then it takes months to be able to evict the tenant. Landlords also demanded change in Eviction rules. They feel that Ontario Eviction rules totally overlook and violate the basic rights of the landlords as legal owners of properties. Currently even If the landlord wants to use the unit for themselves (or for their family) they must give the tenant the equivalent of one month's rent or offering of another unit. Even if the landlord gives the tenant written notice, they don't have to move out. The landlord must first get an order to end the tenancy from the Landlord and Tenant Board - this usually includes a hearing which makes a very lengthy process.

For Property Damage and Repairs of the property, Landlords should be legally able to require tenants to pay a damage deposit, to cover the expensive repair costs that tenants are liable for. Currently When tenants damage the rental property, the landlord has to go through a long, uncertain and costly process of applying to the LTB to have a hearing scheduled for an order to either evict the tenant, or to make them pay the costs for repairing. As a result of this lengthy process majority of the time landlord fail to collect any money from their long-gone tenants and end up paying out of pocket for all the repairs costs. For Renewing a lease / Fixed term lease, they talked that at end of the fixed leased term should mean the tenant has to move out unless otherwise agreed on. Currently If a new agreement is not reached, the tenant still has the right to stay as a monthly, weekly tenant. This is totally disregarding the basic rights of landlords as legal owners of their properties. They have opinion that landlords should be legally able to require tenants to pay rent by either Post-dated cheque and automatic payments, just like is required to make pre-authorized payments, for car purchases, insurance premiums, phone bills, and even gym memberships. For the rent increase limits, they feel that the rent increase guidelines should be in par with inflation rate and ever-increasing carrying costs associated with owning rental properties (Such as; Property tax, Insurance, Utilities, On going Repairs and Maintenance) For the Pets and Smoking, they feel that The Residential Tenancies Act (RTA) does not address matters relating to pets and smoking. A landlord should be able to legally evict a tenant because they have a pet in violation of a "no pets" or "No Smoking" clause in the rental agreement. Smoking and pets can seriously damage the property or infringes on the rights of other tenants and the owners and raise serious health issues. These landlords has demanded for the correction of Ontario Landlord and Tenant laws and provincial government rental housing regulations. They demanded to protect their basic rights as landlords, and property owners who have been providing shelters and accommodations to our fellow citizens who would have otherwise faced with a very serious rental crisis.


Amid of such rental market crisis, we can not address to this problem without addressing the broader housing crisis in Canada. The organization 'Canadian Centre for alternative policies' suggested an alternative federal budget proposals for the upcoming budget of 2024 for efforts to make the housing affordable for every common family living in Canada. For the housing market the organization has suggested some actions to be taken by the federal Government. They demanded to support the community housing sector, Government should acquire existing affordable rental buildings to bring them into the non-profit world. They suggested to create a $20 billion Housing Acquisition Fund to support this goal of maintaining the supply of affordable housing for low- and modest-income households. Funds can be provided to non-profit providers as a low-interest mortgage that can be repaid over a 50-year period. This will support the acquisition of up to 60,000 rental units.

Neuroscience and Education

# Insights into Brain Based Teaching

- Prof. (Dr) Zaved Ahmed Khan





Brain-based teaching is an approach to education that focuses on understanding how the brain works and using that knowledge to improve teaching and learning outcomes. This approach recognizes that the brain is a complex and dynamic organ that can be influenced by various factors, including environment, emotions, and experiences. The basic premise of brain-based teaching is that when educators understand how the brain works, they can create learning environments and experiences that are more engaging, effective, and meaningful for students. The approach is grounded in neuroscience research, which has shown that the brain is capable of growth and change throughout life, and that it is highly adaptable to new experiences and environments.

**Some of the key principles of brain-based teaching include:**

Creating a positive and safe learning environment: When students feel safe and supported, their brains are more open to learning. Educators can create a positive learning environment by fostering a sense of belonging, providing clear expectations and feedback, and promoting social and emotional learning.

Using active and experiential learning strategies: The brain is wired to learn through experience and exploration. Brain-based teaching emphasizes the use of hands-on activities, group work, and other experiential learning strategies that engage multiple senses and encourage active participation.

Making connections between new and existing knowledge: The brain is better able to remember new information when it is connected to prior knowledge and experiences. Brain-based teaching encourages educators to help students make connections between new information and what they already know, using analogies, metaphors, and other techniques.

Providing opportunities for reflection and feedback: The brain needs time to process and consolidate new information. Brain-based teaching includes opportunities for students to reflect on their learning, receive feedback from peers and teachers, and revise their understanding based on new information.

Promoting novelty and challenge: The brain is stimulated by novelty and challenge, which can help promote learning and growth. Brain-based teaching encourages educators to provide opportunities for students to explore new topics and ideas, take risks, and challenge themselves.

Overall, brain-based teaching is an approach that recognizes the importance of understanding how the brain works in order to improve teaching and learning outcomes. By creating a positive and safe learning environment, using active and experiential learning strategies, making connections between new and existing knowledge, providing opportunities for reflection and feedback, and promoting novelty and challenge, educators can help students reach their full potential and become lifelong learners.

Research has shown that brain-based teaching can have a positive impact on student learning outcomes (Willis & Willis, 2011). By understanding how the brain works and using that knowledge to inform teaching practices, educators can help students develop important cognitive and socio-emotional skills that are essential for success in school and in life (Wolfe, 2010).

Brain-based teaching is used in various educational settings, including K-12 schools, colleges and universities, and professional development programs for educators. This approach to teaching is not limited to any particular subject or discipline and can be applied to a wide range of academic areas, including math, science, language arts, social studies, and more. Brain-based teaching is particularly useful for educators who are interested in creating more engaging and effective learning experiences for their students. By understanding how the brain works and using that knowledge to inform teaching practices, educators can help students develop important cognitive and socio-emotional skills that are essential for success in school and in life.

Many schools and educational organizations offer training and professional development programs for educators who are interested in learning more about brain-based teaching. These programs can provide teachers with the tools and strategies they need to create more effective learning environments and improve student outcomes. Additionally, there are many resources available online that educators can use to learn more about brain-based teaching, including books, articles, and webinars.While there may be variations in how it is implemented, the principles of brain-based teaching are applicable in any educational setting and can be adapted to suit the needs and cultural context of different regions and communities.

I have been able to generate interest in brain-based teaching in India, as educators and policymakers recognize the importance of using evidence-based practices to improve teaching and learning outcomes. Many schools and educational organizations in India have started to incorporate brain-based teaching principles into their curricula after my training programs and workshops across India. Baba Farid Group of Institution has introduced Brain Based Teaching into curriculum of Bachelor of Education (Teacher Training). I am sure this will set the precedence in other colleges in India. In conclusion, brain-based teaching is a powerful approach to education that has the potential to transform teaching and learning outcomes. By using evidence-based practices that are grounded in neuroscience research, educators can create learning environments and experiences that are more engaging, effective, and meaningful for students.

**Professor & Dean**
**Faculty of Science, Baba Farid Group of Institutions**

# Don't pack bags yet, plan session for next fall: Canada universities to students

HYDERABAD: Representatives of Canadian universities, who are in Hyderabad for an education fair, have cautioned that the ongoing political turmoil between the two nations could lead to visa delays for Indian students and potentially disrupt the spring academic session scheduled to start in January.

They advised students interested in Canadian colleges to consider planning their academic session for next fall/ autumn, which is August 2024.

"With just three months left for students to travel for the spring batch, there is apprehension that visa processing times may pose challenges," said a representative on Thursday. Several of them indicated that they might wait for a week or so to assess the situation before deciding whether to issue admission letters for spring or for fall 2024. "We have been counselling students and telling them not to leave for

Canada immediately," said the representative of a university in Vancouver, underscoring the potential delays in securing study permits.

Will wait another week before finalising admission plans, says Ontario university

Given the daily reports of political developments, a representative from an Ontario university said the institution would wait another week before finalising plans. Depending on the on-ground situation, they would decide whether to issue admission letters for January, May, or for fall 2024, ensuring that students do not have to defer admissions due to visa delays.

Some participants noted



a lower turnout at the education fair compared to previous years, which they interpreted as a potential fallout of bilateral tensions. They emphasised that despite current concerns, Canada remains an excellent destination for higher education, and political issues shouldn't be a long-term concern.

# ਵਿਨਾਸ਼ਕਾਰੀ 'ਵਿਕਾਸ' ਵਿਰੁੱਧ ਡਟੇ ਆਦਿਵਾਸੀ ਅਵਾਮ

(ਸਫ਼ਾ 24 ਦੀ ਬਾਕੀ)

ਲਈ ਅਤੇ ਨੂਆਪਾੜਾ ਤੇ ਮਲਕਾਨਗਿਰੀ ਵਿਚ ਚੂਨੇ ਦੇ ਦੋ ਬਲਾਕਾਂ ਲਈ ਟੈਂਡਰ ਮੰਗੇ ਸਨ। 21 ਫਰਵਰੀ ਨੂੰ ਪ੍ਰੈੱਸ ਬਿਆਨ ਜਾਰੀ ਕਰਕੇ ਵੇਦਾਂਤ ਨੇ ਦਾਅਵਾ ਕੀਤਾ ਕਿ ਸਿਜੀਮਾਲੀ ਬਾਕਸਾਈਟ ਬਲਾਕ (ਅੰਦਾਜ਼ਨ 3110 ਲੱਖ ਟਨ ਬਾਕਸਾਈਟ ਦਾ ਭੰਡਾਰ) ਦਾ ਤਰਜ਼ੀਹੀ ਬੋਲੀ 'ਚ ਉਨ੍ਹਾਂ ਦੀ ਕੰਪਨੀ ਨੂੰ ਤਰਜੀਹ ਦਿੱਤੀ ਗਈ ਹੈ। 12 ਅਗਸਤ 2023 ਨੂੰ ਮੈਤਰੀ ਇਨਫ੍ਰਾਸਟਰਕਚਰ ਐਂਡ ਮਾਈਨਿੰਗ ਇੰਡੀਆ ਪ੍ਰਾ. ਲਿ. ਦੇ ਅਧਿਕਾਰੀ ਇਹ ਦਾਅਵਾ ਕਰਦੇ ਹੋਏ ਪਹਾੜੀ ਦੀ ਚੋਟੀ ਦਾ ਦੌਰਾ ਕਰਨ ਲਈ ਗਏ ਕਿ ਵੇਦਾਂਤ ਨੇ ਇੱਥੇ ਮਾਈਨਿੰਗ ਸ਼ੁਰੂ ਕਰਨ ਦਾ ਅਧਿਕਾਰ ਉਨ੍ਹਾਂ ਨੂੰ ਦੇ ਦਿੱਤਾ ਹੈ। ਮੈਤਰੀ ਅਧਿਕਾਰੀਆਂ ਨੇ ਮੁਕਾਮੀ ਥਾਣੇ ਤੋਂ ਪੁਲਿਸ ਦੀ ਸੁਰੱਖਿਆ ਟੁਕੜੀ ਲੈ ਕੇ ਪਹਾੜੀ ਦਾ ਸਰਵੇ ਕਰਨ ਦੀ ਕੋਸ਼ਿਸ਼ ਕੀਤੀ। ਇਹ ਪਤਾ ਲੱਗਣ 'ਤੇ ਆਦਿਵਾਸੀ ਗੁੱਸੇ 'ਚ ਆ ਗਏ ਅਤੇ ਉਨ੍ਹਾਂ ਨੇ ਕੰਪਨੀ ਅਧਿਕਾਰੀਆਂ ਨੂੰ ਘੇਰ ਕੇ ਕਾਰਪੋਰਟ ਆਮਦ ਦਾ ਵਿਰੋਧ ਕੀਤਾ। ਅਧਿਕਾਰੀਆਂ ਨੂੰ ਵਾਪਸ ਮੁੜਨਾ ਪਿਆ। ਇਸ ਵਿਰੋਧ ਨੂੰ ਘਾਤਕ ਹਥਿਆਰਾਂ ਨਾਲ ਲੈਸ ਹੋ ਕੇ ਪੁਲਿਸ ਤੇ ਕਾਰੋਬਾਰੀਆਂ ਉੱਪਰ ਹਮਲਾ ਬਣਾ ਲਿਆ ਗਿਆ। ਸਿਜੀਮਾਲੀ ਮਾਮਲੇ 'ਚ ਸਰਕਾਰ ਮੈਤਰੀ ਕੰਪਨੀ ਦੀ ਜਵਾਬ ਤਲਬੀ ਨਹੀਂ ਕਰ ਰਹੀ ਕਿ ਉਹ ਕਾਨੂੰਨੀ ਮਨਜ਼ੂਰੀ ਤੋਂ ਬਿਨਾਂ ਇਲਾਕੇ ਵਿਚ ਕਿਵੇਂ ਦਾਖ਼ਲ ਹੋਏ। ਇਸ ਦੀ ਬਜਾਏ, ਹਕੂਮਤ ਤੇ ਖਣਨ ਮਾਫ਼ੀਆ ਗੱਠਜੋੜ ਨੇ ਨਾਬਰ ਆਦਿਵਾਸੀਆਂ ਨੂੰ ਦਹਿਸ਼ਤਜ਼ਦਾ ਕਰਨ ਤੇ ਉਨ੍ਹਾਂ ਦੇ ਵਿਰੋਧ ਨੂੰ ਕੁਚਲਣ ਲਈ ਪੁਲਿਸ ਦਾ ਕਟਕ ਚਾੜ੍ਹ ਦਿੱਤਾ ਅਤੇ ਇਸ ਇਲਾਕੇ ਤੋਂ 21 ਸਿਰਕੱਢ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਹੁਣ ਇਕ ਹੋਰ ਮੁੱਖ ਕਾਰਕੁਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਨ੍ਹਾਂ ਝੂਠੇ ਕੇਸਾਂ ਅਤੇ ਧੜਾਧੜ ਗ੍ਰਿਫ਼ਤਾਰੀਆਂ ਦਾ ਮਨੋਰਥ ਨਿਆਮਗਿਰੀ ਅਤੇ ਮਾਲੀ ਪਰਬਤ ਦੇ ਮਜ਼ਬੂਤ ਅੰਦੋਲਨਾਂ ਵੱਲੋਂ ਹੋਰ ਛੋਟੇ ਅੰਦੋਲਨਾਂ ਦੀ ਹਮਾਇਤ ਕਰਨ ਤੋਂ ਰੋਕਣਾ ਅਤੇ 16 ਅਕਤੂਬਰ ਦੀ ਕਥਿਤ ਜਨਤਕ ਸੁਣਵਾਈ ਲਈ ਰਾਹ ਪੱਧਰਾ ਕਰਨਾ ਹੈ ਜੋ ਦਰਅਸਲ ਖਣਨ ਵਿਰੋਧੀ ਸਰਗਰਮ ਹਿੱਸਿਆਂ ਨੂੰ ਬਾਹਰ ਕਰਕੇ ਪ੍ਰੋਜੈਕਟ ਲਈ ਜਾਅਲੀ ਸਹਿਮਤੀ ਲੈਣ ਦੀ ਸਾਜ਼ਿਸ਼ ਹੈ।

ਯੂਏਪੀਏ ਅਤੇ ਹੋਰ ਕਾਲੇ ਕਾਨੂੰਨਾਂ ਤਹਿਤ ਬੇਗੁਨਾਹਾਂ ਵਿਰੁੱਧ ਝੂਠੇ ਕੇਸ ਅਦਾਲਤਾਂ ਵਿਚ ਸਾਬਤ ਨਾ ਹੋਣ ਦੇ ਬਾਵਜੂਦ ਅਵਾਮ ਵੱਲੋਂ ਕਾਰਪੋਰੇਟ ਪ੍ਰੋਜੈਕਟਾਂ ਦੇ ਪੂਰੀ ਤਰ੍ਹਾਂ ਜਾਇਜ਼ ਵਿਰੋਧ ਨੂੰ ਕੁਚਲਣ ਲਈ ਨਵੇਂ ਕੇਸ ਬਣਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪੀਪਲਜ਼ ਯੂਨੀਅਨ ਆਫ਼ ਸਿਵਲ ਲਿਬਰਟੀਜ਼ ਦੀ ਸਤੰਬਰ 2022 ਦੀ ਰਿਪੋਰਟ ਅਨੁਸਾਰ, ਜੋ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ 'ਤੇ ਆਧਾਰਿਤ ਹੈ, 2015 ਤੋਂ ਲੈ ਕੇ 2020 ਦਰਮਿਆਨ ਯੂਏਪੀਏ ਤਹਿਤ ਗ੍ਰਿਫ਼ਤਾਰ ਕੀਤੇ 8371 ਵਿਅਕਤੀਆਂ ਵਿੱਚੋਂ ਸਿਰਫ਼ 235 (ਯਾਨੀ 3%) ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਬਾਕੀ ਸਾਰੇ ਬੇਗੁਨਾਹ ਸਾਬਤ ਹੋਏ। ਪਿਛਲੇ ਸਾਲ ਜੁਲਾਈ ਮਹੀਨੇ ਦੰਤੇਵਾੜਾ (ਛੱਤੀਸਗੜ੍ਹ) ਦੀ ਵਿਸ਼ੇਸ਼ ਅਦਾਲਤ ਨੇ 121 ਆਦਿਵਾਸੀਆਂ ਨੂੰ ਬੇਗੁਨਾਹ ਕਰਾਰ ਦੇ ਕੇ ਰਿਹਾਅ ਕਰ ਦਿੱਤਾ ਸੀ। ਉਨ੍ਹਾਂ ਨੂੰ 2017 'ਚ ਇਕ ਮਾਓਵਾਦੀ ਹਮਲੇ ਦੇ ਕੇਸ 'ਚ ਗ੍ਰਿਫ਼ਤਾਰ ਕਰਕੇ ਯੂਏਪੀਏ ਲਗਾ ਦਿੱਤਾ ਗਿਆ ਸੀ ਅਤੇ ਬੇਗੁਨਾਹਾਂ ਨੂੰ ਪੰਜ ਸਾਲ ਜੇਲ੍ਹ ਦਾ ਸੰਤਾਪ ਝੱਲਣਾ ਪਿਆ ਸੀ।

ਇਸ ਹਮਲੇ ਦਾ ਮੁਕਾਬਲਾ ਕਰਨ ਲਈ ਨਿਆਮਗਿਰੀ, ਸਿਜੀਮਾਲੀ, ਕੁਤਰੂਮਾਲੀ, ਮਾਝਿੰਗਮਾਲੀ, ਖਾਂਡੂੰਆਮਾਲੀ, ਕੋਡਿੰਗਾਮਾਲੀ, ਮਾਲੀ ਪਰਬਤ, ਸੇਰੂਬੰਧ, ਕਰਨਕਕੌਂਡਾਮਾਲੀ ਤੇ ਨਾਗੇਸ਼ਵਰੀ ਮਾਲੀ ਦੇ ਸੰਘਰਸ਼ਸ਼ੀਲ ਆਦਿਵਾਸੀ ਆਪਸੀ ਏਕਤਾ ਅਤੇ ਇਕਜੁੱਟਤਾ ਉਸਾਰਨ ਅਤੇ ਅੰਦੋਲਨਾਂ ਦਾ ਤਾਲਮੇਲ ਮਜ਼ਬੂਤ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਯੂਏਪੀਏ ਲਗਾਏ ਜਾਣ ਤੇ ਗ੍ਰਿਫ਼ਤਾਰੀਆਂ ਵਿਰੁੱਧ ਬੁੱਧੀਜੀਵੀ ਅਤੇ ਜਮਹੂਰੀ ਹਲਕਿਆਂ ਨੇ ਆਵਾਜ਼ ਉਠਾਈ ਹੈ ਅਤੇ ਆਦਿਵਾਸੀਆਂ ਦੀ ਹੱਕ-ਜਤਾਈ ਨੂੰ ਕੁਚਲਣ ਲਈ ਢਾਹਿਆ ਜਾ ਰਿਹਾ ਜਬਰ ਬੰਦ ਕੀਤੇ ਜਾਣ ਦੀ ਜ਼ੋਰਦਾਰ ਮੰਗ ਕੀਤੀ ਹੈ। ਇਹ ਤਸੱਲੀ ਵਾਲੀ ਗੱਲ ਤਾਂ ਹੈ ਪਰ ਰਾਜਕੀ ਦਹਿਸ਼ਤਵਾਦ ਨੂੰ ਰੋਕਣ ਲਈ ਇਹ ਕਾਫ਼ੀ ਨਹੀਂ ਹੈ। ਇਸ ਲਈ ਪੂਰੇ ਮੁਲਕ 'ਚ ਵਿਆਪਕ ਪੈਮਾਨੇ 'ਤੇ ਲੋਕ ਰਾਇ ਲਾਮਬੰਦੀ ਹੋਣੀ ਚਾਹੀਦੀ ਹੈ ਅਤੇ ਇਸ ਅਖਾਉਤੀ ਵਿਕਾਸ ਦੇ ਨਾਂ ਹੇਠ ਦੂਰ-ਦਰਾਜ ਇਲਾਕਿਆਂ 'ਚ ਕੀਤੇ ਜਾ ਰਹੇ ਵਿਨਾਸ਼ ਦੀ ਹਕੀਕਤ ਹਰ ਨਾਗਰਿਕ ਤੱਕ ਪਹੁੰਚਣੀ ਚਾਹੀਦੀ ਹੈ।


# ਬਾਲ ਮਜਦੂਰਾਂ ਨਾਲ਼ ਹੁੰਦਾ ਅਣਮਨੁੱਖੀ ਤਸ਼ੱਦਦ ਅਤੇ ਦਮ ਤੋੜਦੇ ਕਨੂੰਨ

ਪਿਛਲੇ ਦਿਨੀਂ ਅਖਬਾਰ ਵਿੱਚ ਇੱਕ ਖਬਰ ਪੜ੍ਹੀ ਕਿ ਦਿੱਲੀ ਦੇ ਦੁਆਰਕਾ ਇਲਾਕੇ ਦੇ ਰਹਿਣ ਵਾਲ਼ੇ ਪਾਇਲਟ ਪਰਿਵਾਰ ਨੇ ਘਰ ਦੇ ਕੰਮ ਕਰਵਾਉਣ ਲਈ ਲਿਆਂਦੀ ਇੱਕ 10 ਸਾਲ ਦੀ ਮਾਸੂਮ ਬੱਚੀ, ਜੋ ਝਾੜੂ-ਪੋਚਾ, ਸਾਫ ਸਫਾਈ, ਭਾਂਡੇ ਤੇ ਕੱਪੜੇ ਧੋਣ ਦਾ ਕੰਮ ਕਰਦੀ ਸੀ, ਨੂੰ ਬੁਰੀ ਤਰ੍ਹਾਂ ਕੁੱਟਿਆ ਤੇ ਉਸਦੀਆਂ ਬਾਹਾਂ ਅਤੇ ਪੈਰਾਂ ਨੂੰ ਗਰਮ ਪ੍ਰੈੱਸ ਨਾਲ਼ ਸਾੜ ਦਿੱਤਾ। ਖਬਰ ਮੁਤਾਬਕ ਇਹ ਮਾਸੂਮ ਬੱਚੀ ਪਾਇਲਟ ਪਰਿਵਾਰ ਦੇ ਘਰ ਪਿਛਲੇ 6 ਮਹੀਨਿਆਂ ਤੋਂ ਕੰਮ ਕਰ ਰਹੀ ਸੀ। ਉਹ ਜਦੋਂ ਸਾਰਾ ਦਿਨ ਕੰਮ ਕਰਦੀ ਥੱਕ ਜਾਂਦੀ ਤੇ ਹੌਲ਼ੀ-ਹੌਲ਼ੀ ਕੰਮ ਕਰਨ ਲੱਗਦੀ ਤਾਂ ਉਸ ਨੂੰ ਬੇਰਹਿਮੀ ਨਾਲ਼ ਕੁੱਟਿਆ ਜਾਂਦਾ, ਖਾਣ ਲਈ ਵੀ ਬਚਿਆ-ਖੁਚਿਆ ਖਾਣਾ ਦਿੱਤਾ ਜਾਂਦਾ। ਜਦੋਂ ਇਹ ਖਬਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਾਂ ਹਰ ਵਾਰ ਦੀ ਤਰ੍ਹਾਂ ਅਪਣੀ ਸਾਖ ਬਚਾਉਣ ਲਈ ਪੁਲਸ ਵੀ ਕੁੰਭਕਰਨੀ ਨੀਂਦ ਤੋਂ ਉੱਠ ਖੜ੍ਹੀ ਹੋਈ ਤੇ ਪਾਇਲਟ ਪਾਰਿਵਾਰ ਖਿਲਾਫ ਮਜਬੂਰੀ ਵੱਸ ਕੇਸ ਦਰਜ ਕੀਤਾ।

ਪਾਠਕ ਸਾਥੀਓ ਇਹ ਕੋਈ 'ਕੱਲੀ ਘਟਨਾ ਨਹੀਂ ਜਿੱਥੇ ਇੱਕ ਮਾਸੂਮ ਬੱਚੀ ਉੱਤੇ ਬੇਰਹਿਮ ਤਰੀਕੇ ਨਾਲ਼ ਤਸ਼ੱਦਦ ਢਾਹਿਆ ਗਿਆ, ਅਜਿਹੀਆਂ ਸੈਂਕੜੇ ਘਟਨਾਵਾਂ ਹਰ ਰੋਜ ਹੁੰਦੀਆਂ ਹਨ। ਦੇਸ਼ ਵਿੱਚ ਲੱਗਭੱਗ ਸਵਾ ਕਰੋੜ ਬਾਲ ਮਜਦੂਰ ਹਨ। ਅੱਗੇ ਇਹਨਾਂ ਵਿੱਚੋਂ ਵੀ 1.50 ਲੱਖ ਤੋਂ ਵੱਧ ਬੱਚੇ ਅਜਿਹੀਆਂ ਥਾਵਾਂ 'ਤੇ ਕੰਮ ਕਰਦੇ ਹਨ ਜਿੱਥੇ ਪਲ-ਪਲ ਉਹਨਾਂ ਦੀ ਜਾਨ ਨੂੰ ਖਤਰਾ ਬਣਿਆ ਰਹਿੰਦਾ ਹੈ। ਕੋਲਾ ਖਾਣ, ਉਸਾਰੀ ਦਾ ਕੰਮ, ਭਾਰ ਚੁੱਕਣਾ, ਭੱਠੇ 'ਤੇ ਕੰਮ ਕਰਨਾ, ਸੀਵਰੇਜ ਦੀ ਸਫਾਈ ਆਦਿ ਜੋਖਮ ਭਰੇ ਕੰਮਾਂ ਵਿੱਚ ਲੱਖਾਂ ਬੱਚੇ ਲੱਗੇ ਹੋਏ ਹਨ।

**ਬਾਲ ਮਜਦੂਰੀ ਕਿਉ ?**

ਇਹ ਸਰਮਾਏਦਾਰਾ ਪ੍ਰਬੰਧ ਜੋ ਮੁਨਾਫੇ ਖਾਤਰ ਮਜਦੂਰਾਂ ਦੀ ਅੰਨ੍ਹੀ ਲੁੱਟ 'ਤੇ ਟਿਕਿਆ ਹੋਇਆ ਹੈ, ਉਸ ਲਈ ਬੱਚੇ ਸਸਤੀ ਕਿਰਤ ਸ਼ਕਤੀ ਦਾ ਵੱਡਾ ਸਰੋਤ ਹਨ। ਦੂਸਰਾ ਬੱਚਿਆਂ ਨੂੰ ਬਹੁਤ ਹੀ ਅਸਾਨੀ ਨਾਲ਼ ਡਰਾ ਧਮਕਾ ਕੇ ਕੰਮ ਕਰਵਾਇਆ ਜਾ ਸਕਦਾ ਹੈ, ਉਹਨਾਂ ਦੇ ਵਿਰੋਧ ਕਰਨ ਦੇ ਮੌਕੇ ਘੱਟ ਹੁੰਦੇ ਹਨ। ਦੇਸ਼ ਦੇ ਜਿਆਦਾਤਰ ਗੈਰ-ਜਥੇਬੰਦਕ ਖੇਤਰ ਵਿੱਚ ਇਹਨਾਂ ਬੱਚਿਆਂ ਤੋਂ 14-14 ਘੰਟੇ ਜਾਨਵਰਾਂ ਵਾਂਗੂੰ ਕੰਮ ਕਰਵਾਇਆ ਜਾਂਦਾ ਹੈ ਤੇ ਨਿਗੂਣੀ ਜਿਹੀ 5000 ਜਾਂ ਇਸਤੋਂ ਵੀ ਘੱਟ ਤਨਖਾਹ ਦਿੱਤੀ ਜਾਂਦੀ ਹੈ।



**ਸਰਕਾਰ ਕੀ ਕਰ ਰਹੀ ਹੈ ?**

ਕੁੱਝ ਵੀ ਨਹੀਂ। 1980 ਤੋਂ ਬਾਅਦ ਦੇਸ਼ ਵਿੱਚ ਬਾਲ ਮਜਦੂਰੀ ਰੋਕਣ ਲਈ ਲੋਕ ਦਬਾਅ ਹੇਠ ਕਈ ਕਨੂੰਨ ਬਣਾਏ ਗਏ ਪਰ ਉਹਨਾਂ ਨਾਲ਼ ਕਿੰਨਾ ਕੁ ਸੁਧਾਰ ਹੋਇਆ, ਇਹ ਅਸੀਂ ਸਾਰੇ ਆਪਣੇ ਆਲ਼ੇ-ਦੁਆਲ਼ੇ ਦੇਖ ਕੇ ਅੰਦਾਜਾ ਲਗਾ ਸਕਦੇ ਹਾਂ। ਹੋਰ ਬਾਰੀਕੀ 'ਚ ਜਾਣਨਾ ਚਾਹੁੰਦੇ ਹੋ ਤਾਂ ਕਿਸੇ ਵੀ ਕੋਰਟ-ਕਚਿਹਰੀ ਜਾ ਕੇ ਦੇਖੋ ਕਿ ਕਿਵੇਂ ਬਾਹਰ ਚਾਹ ਦੇ ਖੋਖਿਆਂ ਉੱਤੇ ਮਾਸੂਮ ਬੱਚੇ ਕਨੂੰਨ ਦੀਆਂ ਕਿਤਾਬਾਂ ਪੜ੍ਹਨ ਵਾਲ਼ਿਆਂ ਨੂੰ ਚਾਹ ਪਿਆਉਂਦੇ ਆਮ ਹੀ ਨਜਰ ਆਉਣਗੇ।

ਲਿਖਤੀ ਰੂਪ ਵਿੱਚ ਕਈ ਕਨੂੰਨ ਹਨ ਜਿਵੇਂ ਸੰਵਿਧਾਨ ਦੀ ਧਾਰਾ 24 ਦੇ ਤਹਿਤ ਬੱਚਿਆਂ ਤੋਂ ਖਤਰਨਾਕ ਥਾਵਾਂ ਉੱਤੇ ਕੰਮ ਕਰਵਾਉਣਾ ਕਨੂੰਨੀ ਜੁਰਮ ਹੈ ਤੇ ਇਸਦੀ ਉਲੰਘਣਾ ਕਰਨ 'ਤੇ ਤਿੰਨ ਮਹੀਨੇ ਦੀ ਸਜਾ ਅਤੇ 10 ਤੋਂ 20 ਹਜਾਰ ਰੁਪਏ ਜੁਰਮਾਨਾ ਤੈਅ ਕੀਤਾ ਗਿਆ ਹੈ। ਕਨੂੰਨ ਕਿਤਾਬਾਂ ਵਿੱਚ ਬੰਦ ਹਨ ਪਰ ਲਾਗੂ ਕਿਤੇ ਵੀ ਨਹੀਂ ਤੇ ਨਾ ਹੀ ਇਹਨਾਂ ਨੂੰ ਲਾਗੂ ਕਰਨਾ ਕਿਸੇ ਸਰਕਾਰ ਦੇ ਏਜੰਡੇ ਉੱਪਰ ਹੈ। ਸੰਵਿਧਾਨ ਦੀ ਧਾਰਾ 21 ਤੇ 45 ਅਨੁਸਾਰ 6 ਤੋਂ 14 ਸਾਲ ਤੱਕ ਦੇ ਬੱਚਿਆਂ ਨੂੰ ਮੁਫਤ ਤੇ ਲਾਜਮੀ ਸਿੱਖਿਆ ਅਤੇ ਮੁਫਤ ਸਿਹਤ ਸਹੂਲਤਾਂ ਉਪਲੱਬਧ ਹਨ ਪਰ ਅਸਲ ਵਿੱਚ ਲਾਗੂ ਕਿਤੇ ਨਹੀਂ। ਇਸਤੋਂ ਵੀ ਵੱਡੀ ਸ਼ਰਮ ਦੀ ਗੱਲ ਇਹ ਹੈ ਕਿ ਦੇਸ਼ ਦੇ ਲੱਗਭੱਗ 9 ਕਰੋੜ ਬੱਚਿਆਂ ਨੂੰ ਸਕੂਲ ਜਾਣਾ ਵੀ ਨਸੀਬ ਨਹੀਂ। ਪੂਰੀ ਦੁਨੀਆਂ ਦੇ ਮੁਕਾਬਲੇ ਬੱਚਿਆਂ ਦੀ ਗਿਣਤੀ ਭਾਰਤ 'ਚ ਸਭ ਤੋਂ ਵੱਧ ਹੈ ਪਰ ਬੱਚਿਆਂ ਲਈ ਸਹੂਲਤਾਂ ਨਿਗੂਣੀਆਂ ਹਨ।

ਅਖੌਤੀ ਕਰੋਨਾ ਮਹਾਮਾਰੀ ਨੇ ਬੱਚਿਆਂ ਦੇ ਭਵਿੱਖ ਨੂੰ ਹੋਰ ਵੀ ਡੂੰਘੇ ਹਨੇਰੇ ਵਿੱਚ ਸੁੱਟ ਦਿੱਤਾ। ਦੇਸ਼ ਵਿੱਚ ਤਕਰੀਬਨ 15 ਲੱਖ ਬੱਚੇ ਕੋਵਿਡ-19 ਤੋਂ ਬਾਅਦ ਕਦੇ ਵੀ ਵਾਪਸ ਸਕੂਲ ਨਹੀਂ ਪਰਤੇ। ਸਰਕਾਰੀ ਅੰਕੜਿਆਂ ਮੁਤਾਬਕ ਹਰ ਸਾਲ ਦੇਸ਼ ਵਿੱਚ 10ਵੀਂ ਕਲਾਸ ਤੱਕ ਆਉਂਦੇ-ਆਉਂਦੇ ਕੁੱਲ ਵਿਦਿਆਰਥੀਆਂ 'ਚੋਂ 12.8 ਫੀਸਦੀ ਬੱਚੇ ਸਕੂਲ ਛੱਡ ਜਾਂਦੇ ਹਨ ਤੇ ਇਸ ਤੋਂ ਵੀ ਵੱਡਾ ਹਿੱਸਾ ਬਾਹਰਵੀਂ ਕਰਕੇ ਪੜ੍ਹਾਈ ਛੱਡ ਜਾਂਦਾ ਹੈ ਜਾਂ ਕਹਿ ਲਵੋ ਇਹ ਢਾਂਚਾ ਉਹਨਾਂ ਤੋਂ ਪੜ੍ਹਨ ਦਾ ਹੱਕ ਖੋਹ ਲੈਂਦਾ ਹੈ।

**ਫੇਰ ਸਮੱਸਿਆ ਦਾ ਹੱਲ ਕੀ ਹੈ ?**

ਬਾਲ ਮਜਦੂਰੀ ਦਾ ਹੱਲ ਅਜਿਹਾ ਸਮਾਜ ਸਿਰਜਕੇ ਹੀ ਸੰਭਵ ਹੈ ਜਿਹੜਾ ਸਮਾਜ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰੇ ਤੇ ਜਿੱਥੇ ਬੱਚਿਆਂ ਨੂੰ ਸਮਾਜ ਦਾ ਅਣਮੁੱਲਾ ਅੰਗ ਮੰਨਿਆ ਜਾਵੇ। ਅਜਿਹੇ ਸਮਾਜ ਵਿੱਚ ਬੱਚਿਆਂ ਨੂੰ ਮੁਨਾਫੇ ਦੇ ਸੰਦ ਵਜੋਂ ਨਹੀਂ ਸਗੋਂ ਮਨੁੱਖਤਾ ਦੇ ਨਵੇਂ ਚਾਨਣ ਮੁਨਾਰੇ ਵਜੋਂ ਸਿੱਖਿਆ ਦਿੱਤੀ ਜਾਵੇਗੀ ਪਰ ਇਹ ਸਭ ਕਿਰਤੀ ਲੋਕਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਹੀ ਹੋਵੇਗਾ ਇਸ ਲਈ ਅੱਜ ਸਾਰੀ ਲੋਕਾਈ ਨੂੰ ਇਕੱਠੇ ਹੋ ਕੇ ਇਸ ਮਨੁੱਖ ਦੋਖੀ ਸਰਮਾਏਦਾਰਾ ਢਾਂਚੇ ਖਿਲਾਫ ਇਕੱਠੇ ਹੋਣ ਦੀ ਲੋੜ ਹੈ। **-ਪੁਸ਼ਪਿੰਦਰ**

## ਕਵਿਤਾ: ਨਗਨ ਹੋਣਾ

ਨਗਨ ਹੋਣਾ
ਨਹੀਂ ਹੁੰਦਾ
ਨਿਰਵਸਤਰ ਹੋਣਾ
ਨਗਨ ਹੋਣਾ
ਕੁਸ਼ ਹੋਰ ਹੁੰਦੈ

ਨਗਨ ਹੋਣਾ
ਬੇਸ਼ਰਮ ਹੋਣਾ ਹੈ
ਬੇਸ਼ਰਮੀਆਂ ਨਾਲ
ਲਬਰੇਜ਼ ਹੋਣਾ
ਹੈ ਨਗਨ ਹੋਣਾ

ਮਹਾਵੀਰ ਦਾ
ਨਿਰਵਸਤਰ ਹੋਣਾ
ਨਹੀਂ ਹੈ ਨਗਨ ਹੋਣਾ

ਦ੍ਰੋਣ ਵੱਲੋਂ
ਅੰਗੂਠਾ ਮੰਗ ਲੈਣਾ
ਇਕਲੱਵਿਆ ਤੋਂ
ਹੈ ਨਗਨ ਹੋਣਾ

ਦ੍ਰੋਪਦੀ ਨੂੰ
ਨਿਰਵਸਤਰ ਕਰ ਦੇਣਾ
ਨਹੀਂ ਹੋ ਜਾਂਦਾ
ਦ੍ਰੋਪਦੀ ਦਾ
ਨਗਨ ਹੋਣਾ

ਦਾਅ 'ਤੇ ਲਾ ਦਿੱਤੀ
ਪਤਨੀ ਜਿਨ੍ਹਾਂ ਨੇ

ਬੰਨ੍ਹੇ ਰਹੇ ਹੱਥ ਜਿਨ੍ਹਾਂ ਦੇ
ਪ੍ਰਤਿੱਗਿਆ ਦੀ
ਪਾਲਣਾ 'ਚ

ਮਾਰਦੇ ਰਹੇ
ਥਾਪੀਆਂ ਪੱਟਾਂ 'ਤੇ
ਜਿਹੜੇ ਬੇਸ਼ਰਮੀ ਨਾਲ

ਜੋ ਘਿਗਆਉਂਦੇ ਰਹੇ
ਪਰ ਨਹੀਂ ਆ ਸਕੇ
ਬਚਾਉਣ
ਦ੍ਰੋਪਦੀ ਨੂੰ
ਉਹ ਸਭ ਨਗਨ ਸਨ

ਜਿਨ੍ਹਾਂ ਨੇ
ਕੱਢ ਦਿੱਤੀਆਂ ਘਰੋਂ
ਆਪਣੀਆਂ ਔਰਤਾਂ
ਲਾ ਕੇ ਦੂਸ਼ਣ
ਚਰਿੱਤਰ ਦਾ

ਜਿਨ੍ਹਾਂ ਨੇ
ਘਰ ਕੈਦ ਕਰ ਰੱਖੀਆਂ
ਆਪਣੀਆਂ ਔਰਤਾਂ
'ਤੇ ਖ਼ੁਦ ਭਰਦੇ ਰਹੇ
ਉਡਾਣਾਂ ਬੈਂਕਾਕ ਦੀਆਂ

ਜਿਹੜੇ
ਛੱਡ ਛੱਡ ਭੱਜ ਗਏ
ਆਪਣੀਆਂ ਔਰਤਾਂ ਨੂੰ
ਵੱਡੇ ਬੰਦੇ ਬਣਨ ਲਈ
ਉਹ ਸਭ ਨਗਨ ਸਨ

ਜਿਨ੍ਹਾਂ ਨੇ
ਨਹੀਂ ਸੁਣੀ ਚੀਕ
ਦੁਖੀ ਆਵਾਮ ਦੀ

ਜਿਨ੍ਹਾਂ ਨੂੰ
ਨਹੀਂ ਦਿਸੀ ਔਰਤ
ਗਰਭ ਡੇਗਦੀ ਸੜਕ'ਤੇ
ਜਿਨ੍ਹਾਂ ਨੂੰ
ਨਹੀਂ ਦਿਸੇ
ਮਰ ਰਹੇ ਮਜ਼ਦੂਰ
ਦਫ਼ਨ ਹੁੰਦੇ ਕਿਸਾਨ

ਉਹ ਸਭ ਨਗਨ ਹਨ
ਜਿਸ ਨੂੰ
ਨਹੀਂ ਦਿਸੀ ਪਰਜਾ
ਸਾਹ ਲੈਣ ਲਈ ਜੂਝਦੀ

ਉਹ ਰਾਜਾ ਨਗਨ ਹੈ
ਨਿਰਵਸਤਰ ਹੋਣਾ
ਨਹੀਂ ਹੁੰਦਾ
ਨਗਨ ਹੋਣਾ

ਗਹਿਣੇ-ਗੱਟਿਆਂ ਨਾਲ ਸਜੇ
ਪਰ ਬੇਸ਼ਰਮੀਆਂ ਨਾਲ
ਲਬਰੇਜ਼ ਲੋਕ ਵੀ
ਨਗਨ ਹੁੰਦੇ ਨੇ
ਤੇ ਦੁਰਕਾਰੇ ਜਾਂਦੇ ਨੇ
ਆਪਣੀ ਨਗਨਤਾ ਲਈ

**ਮੂਲ ਲੇਖਕ:**
**ਹਿੰਦੀ ਕਵੀ: ਵਿਰੇਂਦਰ ਭਾਟੀਆ**
**ਹਿੰਦੀ ਤੋਂ ਅਨੁਵਾਦ:**
**ਯਸ਼ ਪਾਲ ਵਰਗ ਚੇਤਨਾ**

## ਅੰਤਰਰਾਸ਼ਟਰੀ ਗੀਤ

ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ

ਬੱਝੀਆਂ ਨਾ ਰਹਿਣ ਵੇ ਰਵਾਇਤੀ ਲੜੀਆਂ
ਉੱਠੋ ਵੋ ਗੁਲਾਮੀ ਦੀਆਂ ਤੋੜੋ ਕੜੀਆਂ
ਕਿਰਤਾਂ ਦਾ ਜੋਸ਼ ਜੁਸਿਆਂ ਚ ਭਰ ਕੇ
ਲੁੱਟ ਦਾ ਇਹ ਰਾਜ ਜੜ੍ਹਾਂ ਤੋਂ ਉਖਾੜਿਓ

ਬੁੱਢਾ ਹੋ ਪੁਰਾਣਾ ਢਾਂਚਾ ਜਦੋਂ ਥੰਮ ?ਹਦਾ
ਉਹਨੂੰ ਤੋੜ ਨਵਾਂ ਸੰਸਾਰ ਜੰਮਦਾ
ਨਵਾਂ ਤੇ ਉਸਾਰੂ ਜਗ ਰੱਚਣੇ ਲਈ
ਗਲ਼ੀ ਸੜੀ ਹਰ ਚੀਜ਼ ਨੂੰ ਨਕਾਰਿਓ

ਨਵੀਂਆਂ ਹੀ ਲੀਹਾਂ ਤੇ ਉਸਾਰ ਹੋਊਗਾ
ਸਾਰਾ ਜੱਗ ਸਾਡਾ ਪਰਿਵਾਰ ਹੋਊਗਾ
ਲੋਟੂਆਂ ਦੇ ਹੱਥਾਂ ਨੇ ਤੁਹਾਥੋਂ ਖੋਹਿਆ ਜੋ
ਸਭ ਹੋਊ ਤੁਹਾਡਾ ਸਿਰਜਣਹਾਰਿਓ

ਮਹਿਲਾਂ ਤੋਂ ਨਾ ਸਾਡੇ ਤੇ ਕੋਈ ਰਾਜ ਵੇ ਕਰੇ
ਰਾਜਿਆਂ ਦੀ ਸਾਨੂੰ ਹੁਣ ਵਫ਼ਾ ਨਾ ਫੜੇ
ਧੁੱਖ ਰਿਹੋ ਮੱਚੋ ਹੁਣ ਲਾਟਾਂ ਬਣ ਕੇ
ਤਖ਼ਤਾਂ ਨੂੰ ਢਾਹੋ ਤਾਜਾਂ ਨੂੰ ਉਛਾਲਿਓ

ਉੱਠੋ ਹਾਕਮਾਂ ਦੇ ਲਾਰਿਆਂ ਨੂੰ ਤੋੜ ਕੇ
ਸਮਾਂ ਲੰਘ ਜਾਵੇ ਨਾ ਤੁਹਾਨੂੰ ਰੋਲ਼ ਕੇ
ਰਾਜ ਮਹਿਲਾਂ ਤਾਈਂ ਦੇਵੇ ਕਾਂਬਾ ਛੇੜ ਜੋ
ਐਸੀ ਤੋਰ ਤੁਰੋ ਕੁੱਲੀਓ ਤੇ ਢਾਰਿਓ

ਆਖਰੀ ਹੈ ਆਪਣੀ ਲੜਾਈ ਸਾਥੀਓ
ਥਾਂ ਥਾਂ ਉੱਠੋ ਕਰ ਦਓ ਚੜ੍ਹਾਈ ਸਾਥੀਓ
ਲੁੱਟ ਦੇ ਮਸੀਹੇ ਤਾਈਂ ਰੱਦ ਕਰ ਕੇ
ਹੁਕਮ ਕਾਨੂੰਨ ਪੈਰਾਂ ਚ ਲਿਤਾੜਿਓ

ਲੋਟੂਆਂ ਤੋਂ ਲੁੱਟ ਵਾਲ਼ਾ ਮਾਲ ਖੋਹਣ ਲਈ
ਕੈਦ ਹੋਈਆਂ ਰੂਹਾਂ ਦੇ ਆਜ਼ਾਦ ਹੋਣ ਲਈ
ਸਾਂਝਿਆਂ ਦੁੱਖਾਂ 'ਚ ਸ਼ਰੀਕ ਹੋਇ ਕੇ
ਮੁਕਤੀ ਦਾ ਰਾਹ ਸੋਚਿਓ ਵਿਚਾਰਿਓ

ਖ਼ੁਦ ਆਪਣੇ ਹੀ ਕੰਮ ਕਾਰ ਮਿੱਥਾਂਗੇ
ਕਿਦਾਂ ਦਾ ਇਹ ਹੋਊ ਸੰਸਾਰ ਮਿੱਥਾਂਗੇ
ਮਿਹਨਤ ਚੋਂ ਉਸਰੀ ਹੈ ਹਰ ਰਚਨਾ
ਦੁਨੀਆਂ ਤੁਹਾਡੀ ਦੁਨੀਆਂ ਦੇ ਘਾੜਿਓ

ਧਰਤੀ ਜਾਗੀਰ ਨਹੀਂ ਇੱਲਾਂ ਜੋਕਾਂ ਦੀ
ਧਰਤੀ ਹੈ ਮਾਂ ਧਰਤੀ ਦੇ ਲੋਕਾਂ ਦੀ
ਇੱਲਾਂ ਕਾਵਾਂ ਜੋਕਾਂ ਦਾ ਸਫ਼ਾਇਆ ਕਰ ਕੇ
ਕਿਰਤਾਂ ਦਾ ਝੰਡਾ ਸੂਰਜਾਂ ਤੇ ਚਾੜਿਓ

ਫ਼ੌਜੀਓ ਸਿਪਾਹੀਓ ਜਾਣੋ ਹਲਚਲ ਨੂੰ
ਮੋੜ ਲਓ ਬੰਦੂਕਾਂ ਹਾਕਮਾਂ ਦੇ ਵੱਲ ਨੂੰ
ਜੀਹਨਾਂ ਦੀਆਂ ਗੋਦਾਂ ਵਿੱਚ ਜੰਮੇ ਪਲ਼ੇ ਓ
ਲੋਕਾਂ ਦਿਓ ਜਾਇਓ ਲੋਕਾਂ ਨੂੰ ਨਾ ਮਾਰਿਓ

ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ

**ਲੇਖਕ ਯੂਜੀਨ ਪੋਤੀਏ,**
**ਪੰਜਾਬੀ ਰੂਪ: ਸੁਖਪਾਲ**

ਇਨਕਲਾਬੀ, ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ, ਤਰਕਸ਼ੀਲ, ਵਿਗਿਆਨਕ, ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

ਇਕ ਸ਼ਰਧਾਂਜਲੀ

# ਕਾਮਰੇਡ ਠਾਣਾ ਸਿੰਘ ਨੂੰ ਯਾਦ ਕਰਦਿਆਂ



*ਜ਼ਿਦਗੀ ਨੂੰ ਸਮਾਜ ਦੇ ਲੇਖੇ ਲਾਉਣਾ ਆਪਣੇ ਆਪ ਵਿਚ ਅਹਿਮ ਕਾਰਜ ਹੈ। ਬਿਨਾ ਕਿਸੇ ਲੋਭ ਲਾਲਚ ਦੇ ਇਸ ਪ੍ਰਕਿਰਿਆ ਵਿਚ ਬਹੁਤ ਘੱਟ ਲੋਕ ਕਦਮ ਰੱਖਦੇ ਹਨ। ਜਿਸ ਕਿਸਮ ਨਾਲ ਠਾਣਾ ਸਿਘ ਨੇ ਆਪਣੀ ਜ਼ਿਦਗੀ ਸਮਰਪਿਤ ਕੀਤੀ ਉਸ ਪ੍ਰਤੀ ਅਸੀਂ ਸ਼ਰਧਾ ਰੱਖਦੇ ਹਾਂ। ਪ੍ਰੰਤੂ ਜਿਸ ਕਿਸਮ ਦੀ ਤੌਰ ਭਾਰਤੀ ਸਮਾਜ ਦੀ ਬਣੀ ਅਤੇ ਪੂੰਜੀਵਾਦ ਨੇ ਵੱਡੀਆਂ ਤਬਦੀਲੀਆਂ ਸਮਾਜ ਵਿਚ ਲਿਆਂਦੀਆਂ ਇਕ ਬਦਲਵੀਂ ਇਨਕਲਾਬੀ ਰਾਜਨੀਤੀ ਅਤੇ ਪ੍ਰੋਗਰਾਮ ਦੀ ਘਾਟ ਅੱਜ ਵੀ ਰੜਕ ਰਹੀ ਹੈ। ਵੱਖ ਵੱਖ ਟੁਕੜਿਆਂ ਵਿਚ ਵੰਡੀ ਅਤੇ ਵਿਖਰੀ ਹੋਈ ਲਹਿਰ ਭਲਾ ਕੁਰਬਾਨੀਆਂ ਦੇਣ ਵਿਚ ਕਿਸੇ ਤੋਂ ਵੀ ਘੱਟ ਨਹੀਂ। ਪਰ ਜੋ ਪ੍ਰੋਗਰਾਮ, ਸੋਚ ਅਤੇ ਸਮਝਦਾਰੀ ਇਕ ਸਾਂਝੀ ਸਿਆਸੀ ਪਾਰਟੀ ਦੀ ਉਸਾਰੀ ਅਤੇ ਪ੍ਰੋਗਰਾਮ ਨਾਲ ਜੋੜ ਕੇ ਬਣਨੀ ਹੁੰਦੀ ਹੈ ਉਸ ਦੀ ਅੱਜ ਵੀ ਘਾਟ ਕਾਮਰੇਡ ਠਾਣਾ ਸਿਘ ਦੇ ਜਾਣ ਤੋਂ ਬਾਅਦ ਰੜਕਦੀ ਹੈ। – ਸੰਪਾਦਕ*




ਕਮਿਊਨਿਸਟ ਇਨਕਲਾਬੀ ਲਹਿਰ 'ਚੋਂ ਵਿਛੜ ਗਏ ਕਾਮਰੇਡ ਠਾਣਾ ਸਿੰਘ ਨੂੰ ਸ਼ਰਧਾਜਲੀ ਦੇਣ ਲਈ ਅੱਜ ਪੰਜਾਬ ਭਰ 'ਚੋਂ ਇਨਕਲਾਬੀ ਕਾਰਕੁੰਨ ਪਿੰਡ ਭਲਾਈਆਣਾ ਪੁੱਜੇ। ਪਿੰਡ ਦੇ ਕਮਿਊਨਿਟੀ ਹਾਲ ਵਿੱਚ ਹੋਈ ਵਿਸ਼ਾਲ ਇਕੱਤਰਤਾ ਦੀ ਸ਼ੁਰੂਆਤ ਸਮੁੱਚੇ ਇਕੱਠ ਵੱਲੋਂ ਖੜੇ ਹੋ ਕੇ ਵਿਛੜੇ ਕਾਮਰੇਡ ਨੂੰ ਕੌਮਾਂਤਰੀ ਮਜ਼ਦੂਰ ਗੀਤ ਦੀ ਧੁਨ 'ਤੇ ਸ਼ਰਧਾਂਜਲੀ ਦੇਣ ਰਾਹੀਂ ਹੋਈ। ਸਮਾਗਮ ਨੂੰ ਸੰਬੋਧਨ ਕਰਦਿਆਂ ਕਾਮਰੇਡ ਠਾਣਾ ਸਿੰਘ ਸ਼ਰਧਾਂਜਲੀ ਸਮਾਗਮ ਕਮੇਟੀ ਦੇ ਕਨਵੀਨਰ ਜਸਪਾਲ ਜੱਸੀ ਨੇ ਉਨ੍ਹਾਂ ਦੀ ਕਮਿਊਨਿਸਟ ਸਿਆਸਤ ਤੇ ਵਿਚਾਰਧਾਰਾ 'ਚ ਡੂੰਘੀ ਨਿਹਚਾ ਨੂੰ ਸਲਾਮ ਕੀਤੀ। ਉਹਨਾਂ ਨੇ ਠਾਣਾ ਸਿੰਘ ਦੇ ਇਨਕਲਾਬੀ ਅਮਲ ਦੇ ਨਿਭਾਅ 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਮੁਕਤੀ ਦੇ ਮਹਾਨ ਮਿਸ਼ਨ ਵਿੱਚ ਉਨ੍ਹਾਂ ਦਾ ਯਕੀਨ ਅੰਤਿਮ ਸਾਹਾਂ ਤਕ ਕਾਇਮ ਰਿਹਾ। ਇਹ ਜੀਵਨ ਅਮਲ ਇਨਕਲਾਬੀ ਸੰਗਰਾਮ ਵਿੱਚ ਜੁਟੇ ਲੋਕਾਂ ਲਈ ਸਦਾ ਪ੍ਰੇਰਨਾ ਬਣਿਆ ਰਹੇਗਾ। ਇਨਕਲਾਬੀ ਮੈਗਜ਼ੀਨ ਲਾਲ ਪਰਚਮ ਦੇ ਸੰਪਾਦਕ ਮੁਖਤਿਆਰ ਪੂਹਲਾ ਨੇ ਕਾਮਰੇਡ ਠਾਣਾ ਸਿੰਘ ਵੱਲੋਂ ਕਮਿਊਨਿਸਟ ਇਨਕਲਾਬੀ ਲਹਿਰ ਦੇ ਵੱਖ ਵੱਖ ਮੋੜਾਂ 'ਤੇ ਦਿੱਤੀ ਦਰੁਸਤ ਅਗਵਾਈ ਦੇ ਹਵਾਲਿਆਂ ਨਾਲ ਉਹਨਾਂ ਦੇ ਰੋਲ ਦੀ ਚਰਚਾ ਕੀਤੀ। ਉਹਨਾਂ ਕਿਹਾ ਕਿ ਉਹ ਨਕਸਲਵਾੜੀ ਬਗਾਵਤ ਦੇ ਅਸਲ ਤੱਤ ਨੂੰ ਬੁੱਝਣ ਵਾਲੇ ਚੋਣਵੇਂ ਮੋਢੀ ਸਾਥੀਆਂ 'ਚ ਸ਼ੁਮਾਰ ਸਨ ਜਿਨ੍ਹਾਂ ਨੇ ਇਨਕਲਾਬੀ ਜਨਤਕ ਲੀਹ ਨੂੰ ਸਫ਼ਲਤਾ ਨਾਲ ਲਾਗੂ ਕੀਤਾ।

ਕਮੇਟੀ ਮੈਂਬਰ ਪਾਵੇਲ ਕੁੱਸਾ ਦੀ ਮੰਚ ਸੰਚਾਲਨਾ 'ਚ ਹੋਏ ਇਸ ਸਮਾਗਮ ਦੌਰਾਨ ਉਹਨਾਂ ਦੇ ਨਿੱਜੀ ਮਿੱਤਰ ਡਾ.ਪਰਮਿੰਦਰ ਸਿੰਘ ਨੇ ਉਨਾਂ ਦੀ ਸਿਆਸੀ ਸਰਗਰਮੀ ਦੀ ਸ਼ੁਰੂਆਤ ਵੇਲੇ ਦੇ ਸਫ਼ਰ ਦੀ ਚਰਚਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਉੱਚ ਪੱਧਰੀ ਲਿਆਕਤ ਨੂੰ ਵਿਅਕਤੀਗਤ ਸੁਖ ਆਰਾਮ ਹਾਸਲ ਲਈ ਜਟਾਉਣ ਦੀ ਥਾਂ ਕਿਰਤ ਦੀ ਮੁਕਤੀ ਅਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਲਈ ਜਟਾਉਣ ਨੂੰ ਆਪਣਾ ਮਿਸ਼ਨ ਬਣਾਇਆ। ਡਾ. ਪਰਮਿੰਦਰ ਨੇ ਅਜਿਹੇ ਦੋਸਤ ਦੇ ਚਲੇ ਜਾਣ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਤੇ ਦੋਸਤੀ 'ਤੇ ਮਾਣ ਵੀ ਕੀਤਾ। ਇਹਨਾਂ ਤੋਂ ਇਲਾਵਾ ਅਦਾਰਾ ਪ੍ਰਤੀਬੱਧ ਵੱਲੋਂ ਲਖਵਿੰਦਰ ਨੇ ਵੀ ਲਹਿਰ ਵਿਚ ਉਹਨਾਂ ਦੀ ਦੇਣ ਨੂੰ ਉਚਿਆਇਆ। ਕਾਮਰੇਡ ਠਾਣਾ ਸਿੰਘ ਦੀ ਬੇਟੀ ਨਵਰਾਜ ਕੌਰ ਨੇ ਆਪਣੇ ਪਿਤਾ ਦੀ ਘਾਲਣਾ 'ਤੇ ਮਾਣ ਕਰਦਿਆਂ ਉਨ੍ਹਾਂ ਦੀ ਅੰਡਰਗਰਾਊਂਡ ਜ਼ਿੰਦਗੀ ਕਾਰਨ ਝੱਲੀਆਂ ਦੁਸ਼ਵਾਰੀਆਂ ਬਾਰੇ ਕੁਝ ਸ਼ਬਦ ਕਹੇ। ਕਮੇਟੀ ਦੇ ਮੈਂਬਰ ਅਤੇ ਪਿੰਡ ਦੇ ਵਾਸੀ ਗੁਰਭਗਤ ਸਿੰਘ ਭਲਾਈਆਣਾ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਠਾਣਾ ਸਿੰਘ ਦੀ ਇਨਕਲਾਬੀ ਕਰਨੀ ਨਾਲ ਪਿੰਡ ਦਾ ਮਾਣ ਵਧਿਆ ਹੈ। ਇਸ ਮੌਕੇ ਕਾ.ਠਾਣਾ ਸਿੰਘ ਦੀ ਜਥੇਬੰਦੀ ਸੀ ਪੀ ਆਰ ਸੀ ਆਈ ਐਮ ਐਲ, ਸੀ ਪੀ ਆਈ ਐਮ ਐਲ ਨਿਊ ਡੈਮੋਕਰੇਸੀ, ਅਦਾਰਾ ਲਾਲ ਪਰਚਮ ਸਮੇਤ ਕਈ ਜਥੇਬੰਦੀਆਂ ਤੇ ਸਖਸ਼ੀਅਤਾਂ ਵੱਲੋਂ ਆਏ ਸ਼ੋਕ ਸੁਨੇਹੇ ਮੰਚ ਤੋਂ ਪੜ੍ਹੇ ਗਏ। ਤਕਰੀਰਾਂ ਦੇ ਦਰਮਿਆਨ ਇਨਕਲਾਬੀ ਗੀਤਾਂ ਕਵੀਸ਼ਰੀਆਂ ਦਾ ਸਿਲਸਿਲਾ ਵੀ ਚਲਦਾ ਰਿਹਾ। ਸਮਾਗਮ ਵਿਚ ਇਨਕਲਾਬੀ ਜਨਤਕ ਲਹਿਰ ਦੀਆਂ ਕਈ ਉੱਘੀਆਂ ਸਖਸ਼ੀਅਤਾਂ ਅਤੇ ਕਾਰਕੁੰਨ ਸ਼ਾਮਲ ਸਨ। ਪੰਡਾਲ ਚ ਠਾਣਾ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਨਾਅਰਿਆਂ ਦੀਆਂ ਫਲੈਕਸਾਂ ਸਨ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Tri-City Professional Realty Inc. Brokerage
"Aiming Straight with Honesty and Integrity"
Since 1987 on Full Time Basis

Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555

# ਬੇਕਰੀ ਕਾਮਿਆਂ ਦਾ ਧਰਨਾ ਜਾਰੀ





**ਬਿਕਰਮਜੀਤ ਸਿੰਘ ਕੁੱਲੇਵਾਲ**

ਟੋਰੌਂਟੋ (ਮਿਸੀਸਾਗਾ) ਦੇ ਡਿਕਸੀ ਰੋਡ ਨਜ਼ਦੀਕ ਇੱਕ ਬੇਕਰੀ ਜਿਸਦਾ ਨਾਮ ਲਾਇਵ ਫਰੀਲੀ ਫੂਡ ਹੈ ਵੱਲੋਂ 40 ਦੇ ਕਰੀਬ ਕਾਮਿਆਂ ਦੀ ਪਿਛਲੇ ਤਿੰਨ ਮਹੀਨਿਆਂ ਤੋ ਕੋਈ ਤਨਖਾਹ ਨਹੀਂ ਦਿੱਤੀ ਅਤੇ ਇੱਕ ਦਿਨ ਬਿਨਾ ਕੋਈ ਨੋਟਿਸ ਦੇ ਬੈਂਕ ਕਰਪਸੀ ਦਾ ਨੋਟਿਸ ਲਗਾ ਕੇ ਬੇਕਰੀ ਬੰਦ ਕਰ ਦਿੱਤੀ ਗਈ। ਜਿਸ ਦਾ ਪਤਾ ਕਾਮਿਆਂ ਨੂੰ ਉਦੋਂ ਲੱਗਿਆ ਜਦੋਂ ਉਹ ਰੋਜ ਵਾਂਗ ਆਪਣੀ ਸ਼ਿਫਟ ਲਗਾਉਣ ਆਏ ਤਾ ਬੇਕਰੀ ਦਾ ਮੁੱਖ ਦਰਵਾਜ਼ਾ ਬੰਦ ਸੀ । ਜਿਸਦੇ ਖਿਲਾਫ ਉਸੇ ਦਿਨ ਤੋ ਉਹ ਮੁੱਖ ਗੁੱਟ ਤੇ ਧਰਨਾ ਲਗਾ ਕੇ ਬੈਠ ਗਏ।

ਇੰਨਾਂ ਸਾਰੇ ਕਾਮਿਆਂ ਵਿੱਚ ਅੱਧੇ ਬਜ਼ੁਰਗ ਅੱਧੇ ਵਿਦਿਆਰਥੀ ਨੇ। ਜਿਹੜੇ ਪਿਛਲੇ ਲੰਬੇ ਸਮੇਂ ਤੋ ਇੱਥੇ ਕੰਮ ਕਰ ਰਹੇ ਨੇ। ਉਨ੍ਹਾਂ ਦੱਸਿਆ ਕੇ ਪਹਿਲਾ ਵੀ ਕਈ ਵਾਰੀ ਤਨਖਾਹ ਲੇਟ ਮਿਲਦੀ ਸੀ ਜਾ ਥੋੜੀ ਦੇ ਕੇ ਥੋੜੀ ਰੱਖ ਲਈ ਜਾਂਦੀ ਸੀ, ਜਦੋਂ ਮਾਲਕ ਨੂੰ ਪੁੱਛਿਆ ਜਾਂਦਾ ਸੀ ਤਾ ਉਹ ਲਾਰਾ ਲਗਾ ਦਿੰਦਾ ਸੀ ਅਤੇ ਵਾਅਦਾ ਕਰਦਾ ਸੀ ਕੇ "ਮੈ ਇੱਕੱਲੇ ਇੱਕਲੇ ਕਾਮੇ ਦਾ ਪੈਸਾ ਦੇਵਾਂਗਾ ਤੁਸੀ ਮੇਰੇ ਪਰਿਵਾਰ ਵਾਂਗ ਹੋ" ਸੋ ਤਾਂ ਅਸੀਂ ਯਕੀਨ ਕਰ ਕੇ ਕੰਮ ਕਰਦੇ ਰਹੇ। ਉਸਨੇ ਆਪਣੇ ਪਰਿਵਾਰ ਨਾਲ ਧੋਖਾ ਕੀਤਾ ਤੇ ਸਾਡਾ ਯਕੀਨ ਤੋੜਿਆ। ਸਾਰੇ ਕਾਮਿਆਂ ਦੀ ਕੁੱਲ ਅਨੁਮਾਨਿਤ ਤਨਖਾਹ $200000 (ਦੋ ਲੱਖ ਡਾਲਰ) ਦੇ ਕਰੀਬ ਬਣਦੀ ਹੈ। ਇਸ ਬੇਕਰੀ ਦੇ ਮਾਲਕ ਪਾਕਿਸਤਾਨੀ ਮੂਲ ਦਾ ਪੰਜਾਬੀ ਜਿਸਦਾ ਨਾਮ ਗ਼ਾਲਿਬ ਬਾਜਵਾ ਅਤੇ ਉਸਦੀ ਪਤਨੀ ਹੈ। ਧਰਨੇ ਤੇ ਬੈਠੇ ਕਾਮਿਆਂ ਵੱਲੋਂ ਜਦੋਂ ਫ਼ੋਨ ਤੇ ਲਗਾਤਾਰ ਉਸ ਨਾਲ ਸੰਪਰਕ ਕੀਤਾ ਗਿਆ ਤਾ ਉਸਨੇ ਕੋਈ ਜਵਾਬ ਨਹੀਂ ਦਿੱਤਾ ਪਰ ਇੱਕ ਕਾਮੇ ਨਾਲ ਗੱਲਬਾਤ ਕਰ ਕੇ ਕਿਹਾ ਕੇ "ਮੇਰੇ ਕੋਲ ਕੋਈ ਪੈਸਾ ਨਹੀਂ ਹੈ ਮੈਂ ਉੱਜੜ ਚੁੱਕਿਆ ਹਾਂ ਮੈਂ ਤਾਂ ਆਪ ਇਸ ਬੇਕਰੀ ਦਾ ਕਰਮਚਾਰੀ ਸੀ ਤੁਸੀ ਮਾਲਕ ਨੂੰ ਲੱਭੋ ਜਾ ਕੇ। ਇੱਥੇ ਦੱਸਣਾ ਬਣਦਾ ਹੈ ਕਿ ਇੰਨਾਂ ਕਾਮਿਆਂ ਨੂੰ ਸਿਰਫ $14 ਪ੍ਰਤੀ ਘੰਟਾ ਮਿਲਦੇ ਸੀ 12 ਘੰਟੇ ਦੀ ਸ਼ਿਫਟ ਸੀ ਤੇ ਸਿਰਫ 30 ਮਿੰਟ ਦੀ ਬ੍ਰੇਕ ਸੀ। ਕਾਮਿਆਂ ਨੂੰ ਕੋਈ ਓਵਰ ਟਾਈਮ, ਕੋਈ ਵਕੇਸ਼ਨ ਪੇਅ ਅਤੇ ਕੋਈ ਵੀ ਹੋਰ ਮੈਡੀਕਲ ਸਹੂਲਤ ਤੱਕ ਵੀ ਨਹੀਂ ਦਿੱਤੀ ਜਾਂਦੀ ਸੀ।

ਇਸ ਧਰਨੇ ਦੀ ਖਬਰ ਦੂਜੇ ਸ਼ੋਸ਼ਲ ਮੀਡੀਆ ਤੇ ਵਾਇਰਲ ਹੋਈ ਤਾ "ਨੌਜਵਾਨ ਸੁਪੋਰਟ ਨੈੱਟਵਰਕ" ਜਥੇਬੰਦੀ ਨੇ ਇਸਦਾ ਨੋਟਿਸ ਲਿਆ ਅਤੇ ਅਗਲੇ ਹੀ ਦਿਨ ਕਾਮਿਆਂ ਨਾਲ ਬੇਕਰੀ ਜਾ ਕੇ ਮੁਲਾਕਾਤ ਕੀਤੀ। ਕਾਮਿਆਂ ਨੂੰ ਉਨ੍ਹਾਂ ਦੇ ਹੱਕਾਂ ਦੀ ਜਾਣਕਾਰੀ ਦਿੱਤੀ ਉਨ੍ਹਾਂ ਦੇ ਕਨੇਡਾ ਦੇ ਕਨੂੰਨ ਬਾਰੇ ਤਰਾ ਤਰਾ ਦੇ ਭੁਲੇਖੇ ਦੂਰ ਕੀਤੇ ਤੇ ਉਨ੍ਹਾਂ ਨੂੰ ਜਥੇਬੰਦ ਹੋ ਕੇ ਲੜਾਈ ਲੜਨ ਲਈ ਪ੍ਰੇਰਿਤ ਕੀਤਾ। ਸਾਰੇ ਕਾਮੇ ਜਥੇਬੰਦੀ ਦੇ ਨਾਮ ਅਤੇ ਪਿੱਛੇ ਲੜੇ ਸ਼ੰਘਰਸ਼ਾਂ ਬਾਰੇ ਜਾਣੂ ਸਨ ਤਾ ਉਨ੍ਹਾਂ ਨੇ ਜਥੇਬੰਦੀ ਦੇ ਮੈਂਬਰਾਂ ਤੇ ਯਕੀਨ ਕੀਤਾ ਅਤੇ ਆਪਣੀ ਤਾਕਤ ਦਾ ਅਹਿਸਾਸ ਕਰ ਕੇ ਪੂਰੇ ਹੌਸਲੇ ਨਾਲ ਲੜਨ ਦਾ ਪ੍ਰਣ ਕੀਤਾ।

ਧਰਨੇ ਦਾ ਟਾਈਮ ਸਵੇਰੇ 11 ਤੋ ਸ਼ਾਮੀਂ 8 ਵਜੇ ਤੱਕ ਤਹਿ ਕੀਤਾ ਅਤੇ ਨਾਲ ਹੀ ਬੇਕਰੀ ਮਾਲਕਾ ਅਤੇ ਡਾਇਰੈਕਟਰ ਦੇ ਘਰ ਦੇ ਪਤੇ ਲੱਭੇ ਗਏ । ਧਰਨੇ ਚੌਥੇ ਦਿਨ ਉਨ੍ਹਾਂ ਦੇ ਘਰ ਆਪਣਾ ਮੰਗ ਪੱਤਰ ਅਤੇ ਨਾਲ ਹੀ ਚੇਤਾਵਨੀ ਦਿੱਤੀ ਕਿ ਦਿੱਤੇ ਹੋਏ ਸਮੇਂ ਵਿੱਚ ਸਾਡੇ ਨਾਲ ਗੱਲਬਾਤ ਕਰਕੇ ਮੰਗਾ ਪੂਰੀਆਂ ਕਰੋ ਨਹੀਂ ਤਾ ਤੁਹਾਡੇ ਖਿਲਾਫ ਸ਼ੰਘਰਸ਼ ਤੇਜ ਕੀਤਾ ਜਾਵੇਗਾ। ਸਾਰੇ ਸਮਾਜ ਨੂੰ ਤੁਹਾਡੀਆਂ ਤਸਵੀਰਾਂ ਸ਼ੋਸ਼ਲ ਮੀਡੀਆ ਤੇ ਦਿਖਾਵਾਂਗੇ ਕੇ ਆਹ ਚੋਰ ਨੇ ਅਤੇ ਤੁਹਾਡੇ ਘਰਾਂ ਅੱਗੇ ਰੋਸ ਪਰਦਰਸ਼ਨ ਕੀਤੇ ਜਾਣਗੇ। ਇਸਤੋਂ ਬਾਅਦ ਮਾਲਕ ਹਰਕਤ ਵਿੱਚ ਆਇਆ ਤੇ ਕਾਮਿਆਂ ਨਾਲ ਬੇਕਰੀ ਪਹੁੰਚ ਕੇ ਗੱਲਬਾਤ ਕੀਤੀ ਤੇ ਸਿਰਫ $50000 ਦੀ ਪੇਸ਼ਕਸ਼ ਕੀਤੀ ਜਿਸਦਾ ਕਾਮਿਆਂ ਨੇ ਵਿਰੋਧ ਕੀਤਾ ਫਿਰ ਲਗਾਤਾਰ ਗੱਲਬਾਤ ਦਾ ਦੌਰ ਚੱਲਿਆ ਜਿਸ ਵਿੱਚ ਮਾਲਕ ਨੇ ਤਿੰਨ ਕਿਸ਼ਤਾਂ ਵਿੱਚ ਡੇਢ ਲੱਖ ਡਾਲਰ ਅਦਾ ਕੀਤਾ ਅਤੇ ਬਾਕੀ ਦੇ 39000 ਦੇ ਕਰੀਬ ਬਚਦੀ ਰਕਮ ਲਈ ਕੁਜ ਦਿਨ ਦਾ ਸਮਾ ਮੰਗਿਆ। ਉਸਨੇ ਅਪੀਲ ਕੀਤੀ ਕੇ ਧਰਨਾ ਖਤਮ ਕੀਤਾ ਜਾਵੇ ਪਰ ਕਾਮੇ ਅੜੇ ਹੋਏ ਨੇ ਕਿ ਸਾਰੇ ਡਾਲਰ ਮਿਲਣ ਤੱਕ ਲੜਾਈ ਜਾਰੀ ਰਹੇਗੀ।

ਹੋਰ ਜਾਣਕਾਰੀ ਤੋਂ ਇਹ ਪਤਾ ਲੱਗਾ ਕਿ ਬੇਕਰੀ ਮਾਲਕ ਇਸ ਕਰ ਕੇ ਧਰਨਾ ਜਲਦੀ ਚੁੱਕਣਾ ਚਾਹੁੰਦਾ ਸੀ ਕਿ ਬੇਕਰੀ ਕਿਸੇ ਹੋਰ ਨੇ ਖਰੀਦ ਲਈ ਸੀ ਤੇ ਉਹ ਜਲਦੀ ਤੋ ਜਲਦੀ ਕੰਮ ਸ਼ੁਰੂ ਕਰਨਾ ਚਾਹੁੰਦੇ ਸੀ ਨਵੇ ਬਿਜਨਸ ਵਿੱਚ ਪੁਰਾਣਾ ਮਾਲਕ ਵੀ ਹਿੱਸੇਦਾਰ ਬਣਿਆ ਹੋਇਆ ਹੈ। ਤਨਖਾਹ ਦਾ ਘਪਲਾ ਕਰਨ ਵੇਲੇ ਉਸਨੇ ਕਦੇ ਸੋਚਿਆ ਨਹੀਂ ਸੀ ਕੇ ਕਾਮੇ ਇੱਥੇ ਇੰਨਾਂ ਦਿਨਾਂ ਲਈ ਅੜ ਕੇ ਬੈਠ ਜਾਣਗੇ ਅਤੇ ਇੱਹ ਅੱਗ ਦਾ ਸੇਕ ਉਸਦੇ ਘਰ ਵੀ ਪੁੱਜੇਗਾ। ਪਰ ਕਾਮਿਆਂ ਦੀ ਜੱਥੇਬੰਦਕ ਏਕਤਾ ਅਤੇ ਸਬਰ ਨੇ ਉਸਨੂੰ ਝੁਕਣ ਲਈ ਮਜਬੂਰ ਕੀਤਾ।

ਜ਼ਿਕਰਯੋਗ ਹੈ ਕੇ ਇਸ ਸ਼ੰਘਰਸ਼ ਨੂੰ ਸ਼ੁਰੂ ਕਰਨ ਵਾਲੇ ਪਹਿਲੇ ਬਜ਼ੁਰਗ ਦਿੱਲੀ ਕਿਸਾਨ ਮੋਰਚੇ ਵਿੱਚ ਕਈ ਮਹੀਨੇ ਲੱਗਾ ਕੇ ਆਏ ਸੀ ਉਨ੍ਹਾਂ ਨੇ ਆਪਣੀ ਸਮਝ ਅਤੇ ਤਜੁਰਬੇ ਮੁਤਾਬਕ ਸਾਰਿਆਂ ਨੂੰ ਬੈਠਣ ਲਈ ਪ੍ਰੇਰਿਤ ਕੀਤਾ। ਸਾਡੀ ਜਥੇਬੰਦੀ ਦਾ ਨਾਮ ਉਨ੍ਹਾਂ ਸੁਣਿਆ ਸੀ ਅਤੇ ਸੰਪਰਕ ਲੱਭਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਸ਼ੋਸ਼ਲ ਮੀਡੀਆ ਦੀ ਜਾਣਕਾਰੀ ਘੱਟ ਹੋਣ ਕਰਕੇ ਸਫਲ ਨਹੀਂ ਹੋਏ ਪਰ ਉਨ੍ਹਾਂ ਦੀ ਆਸ ਮੁਤਾਬਕ "ਨੌਜਵਾਨ ਸੁਪੋਰਟ ਨੈੱਟਵਰਕ ਜਥੇਬੰਦੀ" ਦੇ ਮੈਂਬਰ ਖੁਦ ਉਨ੍ਹਾਂ ਤੱਕ ਪੁੱਜ ਗਏ ਤੇ ਉਨ੍ਹਾਂ ਦੀ ਹੋਂਸਲਾ ਅਫਜਾਈ ਕੀਤੀ

ਰਿਪੋਰਟ ਲਿਖੇ ਜਾਣ ਤੱਕ ਧਰਨਾ ਉਸੇ ਸਮੇਂ ਅਤੇ ਸਥਾਨ ਤੇ ਚੱਲ ਰਿਹਾ ਹੈ ਮਾਲਕ ਨੇ ਵਾਅਦਾ ਕੀਤਾ ਕੇ 27 ਸਤੰਬਰ ਤੱਕ ਬਾਕੀ ਬਚਦੀ ਤਨਖਾਹ ਵੀ ਅਦਾ ਕਰੇਗਾ। ਕਾਮਿਆਂ ਵੱਲੋਂ ਐਲਾਨ ਕੀਤਾ ਕੇ ਉਸੇ ਦਿਨ ਬੇਕਰੀ ਮੂਹਰੇ ਜੇਤੂ ਰੈਲੀ ਕਰ ਕੇ ਸੰਗਤ ਨਾਲ ਲੰਗਰ ਸ਼ਕਿਆ ਜਾਵੇਗਾ। ਜਿਸ ਵਿੱਚ ਸਾਰੇ ਇਨਸਾਫ਼ ਪਸੰਦ ਲੋਕਾ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇਗਾ। ਇਸ ਸਾਰੇ ਸ਼ੰਘਰਸ਼ ਵਿੱਚ ਸਾਰੇ ਕਾਮਿਆਂ ਦਾ ਮੁੱਖ ਰੋਲ ਰਿਹਾ ਅਤੇ ਜਥੇਬੰਦੀ ਦੇ ਵਲੰਟੀਅਰਾਂ ਅਰੀਨ ਗੋਸਵਾਮੀ, ਅਨਮੋਲ ਸਨੋਤਰਾ, ਅਭੀਸ਼ੇਕ ਚੌਹਾਨ, ਅਮਰਦੀਪ, ਹਰਵਿੰਦਰ, ਪਰਮਵੀਰ ਗਿੱਲ, ਗੁਰਜੀਤ, ਮਹਿਕਦੀਪ, ਅਕਾਸ਼ੀਪ ਦਾ ਮੁੱਖ ਰੋਲ ਰਿਹਾ।













**ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ**

# ਲੋਕ ਕਲਾ ਦੀ ਜਗਦੀ ਮਸ਼ਾਲ ਗੁਰਸ਼ਰਨ ਭਾਜੀ







ਕੈਲਗਰੀ (ਹਰਚਰਨ ਪਰਹਾਰ): "ਇਤਿਹਾਸ ਦੇ ਪੰਨਿਆਂ 'ਤੇ ਵੱਖ ਵੱਖ ਖੇਤਰਾਂ ਵਿਚ ਤਾਉਮਰ ਕਾਰਜ ਕਰਨ ਵਾਲੇ ਵਿਅਕਤੀਆਂ ਦਾ ਨਾਂ ਹੀ ਦਰਜ ਹੁੰਦਾ ਹੈ। ਇਸ ਕੜੀ ਵਿਚ ਗੁਰਸ਼ਰਨ ਭਾਅ ਜੀ ਦਾ ਨਾਂ ਵੀ ਜੁੜਦਾ ਹੈ। ਕਿਉਂਕਿ ਉਨ੍ਹਾਂ ਨੇ ਲੋਕ ਪੱਖੀ ਕਲਾ ਰਾਹੀਂ ਸਮਾਜਿਕ ਤਬਦੀਲੀ ਦਾ ਨਾਅਰਾ ਹੀ ਨਹੀਂ ਦਿੱਤਾ ਬਲਕਿ ਪੰਜਾਬ ਦੀ ਹਰੇਕ ਸਿਆਸੀ ਅਤੇ ਸਮਾਜਿਕ ਸਥਿਤੀ ਉਪਰ ਵਿਅੰਗ ਕਰਦਿਆਂ ਇਕ ਬਦਲਵੇਂ ਸਮਾਜ ਦੀ ਵਕਾਲਤ ਕੀਤੀ ਹੈ ਜੋ ਅੱਜ ਵੀ ਸਾਡੇ ਲਈ ਪ੍ਰੇਰਨਾ ਸਰੋਤ ਹਨ।" ਉਪਰੋਕਤ ਸ਼ਬਦ ਮਾਸਟਰ ਭਜਨ ਸਿੰਘ ਹੋਰਾਂ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਗੁਰਸ਼ਰਨ ਭਾਜੀ ਅਤੇ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਨਾਟਕ ਮੇਲੇ ਵਿਚ ਬੋਲਦਿਆਂ ਕਹੇ। ਇਸ ਨਾਟਕ ਮੇਲੇ ਵਿੱਚ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਤਿਆਰ ਕੀਤਾ ਗਿਆ ਨਾਟਕ ਸੁਪਨਿਆਂ ਦੀ ਧਰਤੀ ਹੋਈ ਅਲੂਣੀ ਪੇਸ਼ ਕੀਤਾ ਗਿਆ। ਕੈਨੇਡਾ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ 250 ਦੇ ਕਰੀਬ ਦਰਸ਼ਕਾਂ ਨੇ ਨੁੱਕੜ ਨਾਟਕ ਦੀ ਸ਼ੈਲੀ ਵਿਚ ਮੰਚ ਦੀ ਪਲੇਠੀ ਨੂੰ ਭਰਵਾਂ ਹੁੰਗਾਰਾ ਦਿੱਤਾ ਪੇਸ਼ਕਾਰੀ ਇਸ ਸਫ਼ਲ ਪ੍ਰੋਗਰਾਮ ਦੀ ਸ਼ੁਰੂਆਤ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਨੇ ਕਰਦਿਆਂ ਸਰੋਤਿਆਂ ਨੂੰ ਦੱਸਿਆ ਕਿ 30 ਸਾਲ ਪਹਿਲਾਂ ਬਣੀ ਇਹ ਸੰਸਥਾ ਲੋਕਾਂ ਦੇ ਸਹਿਯੋਗ ਨਾਲ 14 ਸਾਲਾਂ ਤੋਂ ਨਾਟਕਾਂ ਰਾਹੀਂ ਸ਼ਹੀਦ ਭਗਤ ਸਿੰਘ ਅਤੇ ਗੁਰਸ਼ਰਨ ਭਾਅ ਤੋਂ ਪ੍ਰੇਰਨਾ ਲੈ ਕੇ ਉਹਨਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਹੈ। ਇਸ ਨਾਟਕ ਵਿਚ ਕਮਲਪ੍ਰੀਤ, ਕਮਲ ਸਿੱਧੂ, ਹਰਪ੍ਰੀਤ ਕੌਰ, ਸੰਦੀਪ ਗਿੱਲ, ਸਫਲ ਮਾਲਵਾ, ਜਸ ਲੰਮੇ, ਸੁਖਮਨੀ ਸਿੱਧੂ, ਸੰਨੀ ਆਦਿ ਕਲਾਕਾਰਾਂ ਨੇ ਨਾਟਕ ਵਿੱਚ ਵਧੀਆ ਕਲਾਕਾਰੀ ਕੀਤੀ। ਕੈਨੇਡਾ ਦੀ ਅਸਲ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਪੇਸ਼ ਕਰਦਾ ਇਹ ਨਾਟਕ ਕੌਰਨ ਸਟੋਨ ਨਾਰਥ ਈਸਟ ਕੈਲਰਗੀ ਵਿਖੇ ਸਫਲਤਾਪੂਰਵਕ ਹੋ ਨਿਬੜਿਆ। ਪ੍ਰਬੰਧਕਾਂ ਦੀ ਟੀਮ ਅਤੇ ਸਭ ਲੋਕਾਂ ਦਾ ਧੰਨਵਾਦ ਕਰਦਿਆਂ ਕਮਲਪ੍ਰੀਤ ਨੇ ਕਿਹਾ ਕਿ ਤੁਹਾਡਾ ਇਸ ਭਰਵੇ ਹੁੰਗਾਰੇ ਨੇ ਸਾਡੀ ਟੀਮ ਦਾ ਹੌਸਲਾ ਵਧਾਇਆ ਹੈ। ਅਸੀਂ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਇਸ ਨੂੰ ਜਾਰੀ ਰਖਾਂਗੇ।

















# ਇੱਕ ਰੋਜ਼ਾ ਪੁਸਤਕ ਮੇਲਾ

15 ਅਕਤੂਬਰ 2023 ਐਤਵਾਰ ਨੂੰ




ਸਥਾਨ:
ਗਰੀਨ ਪਲਾਜ਼ਾ (ਡਾ. ਭੁੱਲਰ)
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ
(ਟੈੱਲਸ/ਕੂਡੋ ਸਟੋਰ ਦੇ ਮੂਹਰੇ ਵਰਾਂਡੇ ਵਿੱਚ)

4818 WESTWINDS DR. (NE) CALGARY AB. T3J 3Z5
(Infront of Telus/koodo Store)

## ਰਿਸ਼ੀ ਨਾਗਰ

(ਸੀਨੀਅਰ ਪੱਤਰਕਾਰ ਅਤੇ ਰੇਡੀਓ ਹੋਸਟ)





ਵੱਲੋਂ ਪੁਸਤਕ ਮੇਲੇ ਦਾ ਉਦਘਾਟਨ ਸਵੇਰੇ 11 ਵਜੇ ਕੀਤਾ ਜਾਵੇਗਾ।

ਨੋਟ: ਪਾਠਕਾਂ ਦੀ ਮੰਗ 'ਤੇ ਬਹੁਤ ਸਾਰੀਆਂ ਨਵੀਂਆਂ ਅਤੇ ਸਟਾਕ ਵਿੱਚੋਂ ਖ਼ਤਮ ਪੁਰਾਣੀਆਂ ਕਿਤਾਬਾਂ ਦੀ ਸ਼ਿਪਮੈਂਟ ਸਾਡੇ ਕੋਲ ਪਹੁੰਚ ਚੁੱਕੀ ਹੈ।

ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**Shaheed Bhagat Singh Book Centre Calgary**

Master Bhajan Singh: 403-455-4220, Harcharan Parhar: 403-681-8689



ਸਾਮਰਾਜੀ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼
ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ

# 31ਵਾਂ ਮੇਲਾ ਗ਼ਦਰੀ ਬਾਬਿਆਂ ਦਾ

**30 ਅਕਤੂਬਰ 2022**
- ਸ਼ਮ੍ਹਾ ਰੌਸ਼ਨ ਸਵੇਰੇ 10 ਵਜੇ
- ਗਾਇਨ ਤੇ ਭਾਸ਼ਣ ਮੁਕਾਬਲੇ
- ਸ਼ਾਮ 7 ਤੋਂ 10 ਵਜੇ ਤੱਕ: ਵੰਨ-ਸੁਵੰਨੀਆਂ ਕਲਾ ਵੰਨਗੀਆਂ


**31 ਅਕਤੂਬਰ 2022**
- ਕੁਇਜ਼ ਅਤੇ ਪੇਂਟਿੰਗ ਮੁਕਾਬਲਾ
- ਦੁਪਹਿਰ ਵੇਲੇ: ਵਿਗਿਆਨਕ ਚੇਤਨਾ ਸਮਾਗਮ, ਇਨਾਮ-ਸਨਮਾਨ
- ਸ਼ਾਮ 4 ਵਜੇ : ਕਵੀ ਦਰਬਾਰ
- ਸ਼ਾਮ 7 ਤੋਂ 9 ਵਜੇ ਤੱਕ: ਫ਼ਿਲਮ ਸ਼ੋਅ

**1 ਨਵੰਬਰ 2022 ਦਿਨ ਵੇਲੇ**
- ਝੰਡਾ ਲਹਿਰਾਉਣ ਦੀ ਰਸਮ ਸਵੇਰੇ 10 ਵਜੇ ਅਦਾ ਕਰਨਗੇ ਕਮੇਟੀ ਮੈਂਬਰ: ਸੁਵਰਨ ਸਿੰਘ ਵਿਰਕ
- ਜੀ ਆਇਆਂ ਨੂੰ: ਜਨਰਲ ਸਕੱਤਰ
- ਝੰਡੇ ਦਾ ਗੀਤ (ਰਚਨਾ: ਅਮੋਲਕ ਸਿੰਘ)
- ਪ੍ਰਧਾਨਗੀ ਭਾਸ਼ਣ: ਅਜਮੇਰ ਸਿੰਘ (ਪ੍ਰਧਾਨ)
- ਕਲਾ ਵੰਨਗੀਆਂ, ਭਾਸ਼ਣ ਅਤੇ ਵਿਚਾਰ-ਚਰਚਾ

ਲਹਿੰਦੇ ਪੰਜਾਬ ਤੋਂ ਬਾਬਾ ਨਜ਼ਮੀ, ਅਜੋਕਾ ਥੀਏਟਰ ਅਤੇ ਸਾਂਝਾ ਵਿਹੜਾ ਰੰਗ ਮੰਚ ਨੂੰ ਵਿਸ਼ੇਸ਼ ਬੁਲਾਵਾ ਭੇਜਿਆ ਹੈ

1 ਨਵੰਬਰ ਦੀ ਰਾਤ: ਨਾਟਕਾਂ ਅਤੇ ਗੀਤਾਂ ਭਰੀ ਰਾਤ

ਪੁਸਤਕ ਪ੍ਰਦਰਸ਼ਨੀ: 30 ਅਕਤੂਬਰ ਤੋਂ 2 ਨਵੰਬਰ ਸਵੇਰ ਤੱਕ




**ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ**
ਫੋਨ : 0181-2458224
web: www.ghadarmemorial.net email: dbycjal@gmail.com





HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated

**Harbans Singh**
Sales Representative
416-817-7142
905-913-8500
dharbans@hotmail.com

11775 Bramalea Rd., Unit #201, Brampton L6R3S7



EXPERIOR FINANCIAL GROUP INC

Representing Many financial institutions



**SuperVisa, Life Insurance**
**Disability, Critical Illness, Health**

SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS

LOWEST RATES FREE QUOTE Call Protect your family

Call: 416.209.6363
Hardeep Atwal
Sr. Financial Advisor




Kirei Sales Inc

HARJIT S. SAHOTA
Sales Manager



Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada



**Wholesaler : Plumbing & Kitchen Fixtures**



# Galaxy Kitchen Cabinets Ltd

Residential & Commercial



* Custom Cabinets
* Countertops
* Vanities Bars
* Entertainment Units

Call for Free Estimate :
Sarbjit S Mangat 778-549-4740
#12 -13325 - 76 Ave. Surrey BC V2W 2V8 | F. 604-503-0058



# KENNEDY MECHANICAL LTD.

Plumbing & Radiant Heat

| Bob Dhesi | Sukhi Johal |
|---|---|
| 778-709-1115 | 604-339-8717 |

7985 133 A Street Surrey, BC V3W 4R4

Plumbing . Gas Fitting . Radiant Heat



Kulwant S. Dhesi ( Kelly)
President & CEO

# DHESI Enterprises

Specialize in: Flatbed, Stepdeck RGN & Multiple Axle

: (604) 501-3934
: (604) 501-3953
: (604) 780-6115
: kelly@dhesient.com
: www.dhesient.com

12454 - 110 Avenue
Surrey, BC V3V 3J6
Toll Free 1-866-501-3101
Fax Free 1-866-501-3102


# ਅਫਰੀਕੀ ਮੁਲਕਾਂ ਵਿੱਚ ਫੌਜੀ ਪਲਟੇ ਤੇ ਪੱਛਮੀ ਸਾਮਰਾਜੀਆਂ ਖਿਲਾਫ ਨਫਰਤ

**ਮਾਨਵ**

30 ਅਗਸਤ ਦੇ ਦਿਨ ਪੱਛਮੀ ਅਫਰੀਕੀ ਮੁਲਕ ਗਾਬੋਨ ਵਿੱਚ ਫੌਜ ਨੇ ਤਖਤਾਪਲਟ ਕਰਦਿਆਂ ਸਦਰ ਅਲੀ ਬੌਂਗੋ ਨੂੰ ਗੱਦੀਓਂ ਲਾਹ ਦਿੱਤਾ। ਇਸ ਤਰ੍ਹਾਂ ਬੌਂਗੋ ਪਰਿਵਾਰ ਦਾ ਇਸ ਛੋਟੇ ਦੇਸ਼ ਦੀ ਰਾਜਸੱਤਾ 'ਤੇ 56 ਸਾਲਾਂ ਤੋਂ ਚੱਲਿਆ ਆ ਰਿਹਾ ਰਾਜ ਖਤਮ ਹੋ ਗਿਆ। ਗਾਬੋਨ ਦੇਸ਼ ਵਿੱਚ ਰਾਜਪਲਟਾ ਪੱਛਮੀ ਤੇ ਕੇਂਦਰੀ ਅਫਰੀਕੀ ਮੁਲਕਾਂ ਵਿੱਚ 2020 ਤੋਂ ਸ਼ੁਰੂ ਹੋਏ ਪਲਟਿਆਂ ਦੀ ਲੜੀ ਦਾ ਹੀ ਹਿੱਸਾ ਹੈ ਜਿਸ ਤਹਿਤ ਹੁਣ ਤੱਕ ਕੁੱਲ ਅੱਠ ਮੁਲਕਾਂ ਵਿੱਚ ਓਥੋਂ ਦੀਆਂ ਪੱਛਮ ਪ੍ਰਸਤ ਸਰਕਾਰਾਂ ਨੂੰ ਫੌਜ ਵੱਲ਼ੋਂ ਪਲਟਾਕੇ ਸੱਤਾ ਆਪਣੇ ਹੱਥਾਂ ਵਿੱਚ ਲਈ ਗਈ ਹੈ। ਇਸ ਤੋਂ ਪਹਿਲਾਂ ਜੁਲਾਈ ਮਹੀਨੇ ਦੇ ਅਖੀਰ ਵਿੱਚ ਨੇੜਲੇ ਮੁਲਕ ਨਾਇਜਰ ਵਿੱਚ ਵੀ ਫੌਜ ਨੇ ਤਖਤਾਪਲਟ ਕਰ ਦਿੱਤਾ ਸੀ। ਇਹ ਰਾਜਪਲਟੇ ਖਾਸਕਰ ਸਾਮਰਾਜੀ ਫਰਾਂਸ ਦੀਆਂ ਸਾਬਕਾ ਬਸਤੀਆਂ ਰਹੇ ਅਫਰੀਕੀ ਮੁਲਕਾਂ ਵਿੱਚ ਹੋਏ ਹਨ ਤੇ ਫਰਾਂਸੀਸੀ ਸਾਮਰਾਜ ਦੀ ਹੁਣ ਤੱਕ ਜਾਰੀ ਲੁੱਟ ਖਿਲਾਫ ਲੋਕਾਂ ਦੇ ਗੁੱਸੇ ਦਾ ਸਪੱਸ਼ਟ ਸੰਕੇਤ ਹਨ। ਇਸ ਮਸਲੇ ਨੂੰ ਸਮਝਣ ਲਈ ਸੰਖੇਪ ਵਿੱਚ ਅਫਰੀਕੀ ਮਹਾਂਦੀਪ ਦੀ ਹੋਈ ਬਸਤੀਵਾਦੀ ਲੁੱਟ ਦੇ ਇਤਿਹਾਸ ਨੂੰ ਜਾਨਣਾ ਜਰੂਰੀ ਹੈ।

ਅਫਰੀਕੀ ਮਹਾਂਦੀਪ ਦੇ ਲੋਕਾਂ ਨੇ ਲੰਬਾ ਸਮਾਂ ਯੂਰਪੀ ਮੁਲਕਾਂ ਦੀ ਥੋਪੀ ਬਸਤੀਵਾਦੀ ਗੁਲਾਮੀ ਦਾ ਸੰਤਾਪ ਭੋਗਿਆ ਹੈ। 1885 ਵਿੱਚ ਹੋਈ ਬਰਲਿਨ ਕਾਨਫਰੰਸ ਵਿੱਚ ਯੂਰਪੀ ਬਸਤੀਵਾਦੀਆਂ ਨੇ ਪੂਰੇ ਅਫਰੀਕੀ ਮਹਾਂਦੀਪ ਨੂੰ ਆਪਸ ਵਿੱਚ ਵੰਡ ਲਿਆ ਸੀ ਜਿਸ ਮਗਰੋਂ ਇਹਨਾਂ ਯੂਰਪੀ ਬਸਤੀਵਾਦੀਆਂ (ਫਰਾਂਸ, ਜਰਮਨੀ, ਬੈਲਜੀਅਮ, ਇੰਗਲੈਂਡ, ਪੁਰਤਗਾਲ, ਇਟਲੀ ਆਦਿ) ਦਾ ਪੂਰੇ ਮਹਾਂਦੀਪ 'ਤੇ ਲੱਗਭੱਗ ਮੁਕੰਮਲ ਕਬਜਾ ਹੋ ਗਿਆ ਸੀ। ਇਹਨਾਂ ਬਸਤੀਵਾਦੀ ਹਾਕਮਾਂ ਨੇ ਅਫਰੀਕੀ ਮਹਾਂਦੀਪ ਨੂੰ ਰੱਜਕੇ ਲੁੱਟਿਆ ਤੇ ਐਥੋਂ ਇਕੱਠੀ ਕੀਤੀ ਦੌਲਤ ਨਾਲ਼ ਆਪਣੇ ਘਰ ਭਰੇ।

ਵੀਹਵੀਂ ਸਦੀ ਦੇ ਅੱਧ ਤੋਂ ਸ਼ੁਰੂ ਹੋਈਆਂ ਕੌਮੀ ਮੁਕਤੀ ਲਹਿਰਾਂ ਦੇ ਨਤੀਜੇ ਵਜੋਂ ਬਹੁਤ ਸਾਰੇ ਅਫਰੀਕੀ ਮੁਲਕ ਅਗਲੇ ਦੋ-ਤਿੰਨ ਦਹਾਕਿਆਂ ਅੰਦਰ ਸਿਆਸੀ ਤੌਰ 'ਤੇ ਤਾਂ ਅਜਾਦ ਹੋ ਗਏ ਪਰ ਆਰਥਿਕ ਤੌਰ 'ਤੇ ਇਹਨਾਂ ਦੀ ਵੱਧ-ਘੱਟ ਨਿਰਭਰਤਾ ਸਾਮਰਾਜੀ ਪ੍ਰਬੰਧ 'ਤੇ ਬਣੀ ਰਹੀ। ਮਿਸਾਲ ਦੇ ਤੌਰ 'ਤੇ ਸਿਆਸੀ ਅਜਾਦੀ ਮਿਲ਼ਣ ਤੋਂ ਬਾਅਦ ਵੀ ਦੱਖਣੀ ਅਫਰੀਕੀ ਮੁਲਕ ਸਵਾਜੀਲੈਂਡ ਦੇ ਲੋਹ ਖਣਿਜਾਂ ਦੀ ਮਾਲਕੀ ਅਮਰੀਕੀ ਤੇ ਅੰਗਰੇਜ ਸਰਮਾਏਦਾਰਾਂ ਦੀ ਸਾਂਝੀ ਮਲਕੀਅਤ ਵਾਲ਼ੀ ਕੰਪਨੀ ਕੋਲ਼ ਰਹੀ। ਇਸੇ ਤਰ੍ਹਾਂ ਸਵਿਟਜਰਲੈਂਡ ਅਧਾਰਿਤ ਖਣਨ ਕੰਪਨੀ ਗਲੈਨਕੋਰ ਕੋਬਾਲਟ ਧਾਤ ਦੀ ਸਭ ਤੋਂ ਵੱਡੀ ਵਪਾਰਕ ਹੈ ਤੇ ਜਮਹੂਰੀ ਗਣਰਾਜ ਕਾਂਗੋ ਦੇ ਕੋਬਾਲਟ ਵਪਾਰ ਉੱਪਰ ਇਸਦਾ ਪੂਰਾ ਦਬਦਬਾ ਹੈ ਭਾਵੇਂ ਪਿਛਲੇ ਸਾਲਾਂ ਵਿੱਚ ਇਸ ਨੂੰ ਚੀਨੀ ਕੰਪਨੀਆਂ ਕੋਲ਼ੋਂ ਤਕੜਾ ਮੁਕਾਬਲਾ ਮਿਲ਼ ਰਿਹਾ ਹੈ।



*ਅਫਰੀਕੀ ਮੁਲਕਾਂ ਵਿੱਚ ਯੂਰਪੀ, ਖਾਸਕਰ ਫਰਾਂਸੀਸੀ, ਤੇ ਅਮਰੀਕੀ ਸਾਮਰਾਜੀਆਂ ਵੱਲੋਂ ਕੀਤੀ ਤਬਾਹੀ ਕਾਰਨ ਆਮ ਲੋਕਾਂ ਵਿੱਚ ਇਹਨਾਂ ਪੱਛਮੀ ਸਾਮਰਾਜੀਆਂ ਖਿਲਾਫ ਅੰਤਾਂ ਦੀ ਨਫਰਤ ਹੈ ਜਿਹੜੀ ਗਾਹੇ-ਬਗਾਹੇ ਦਿਸ ਵੀ ਰਹੀ ਹੈ। ਪਰ ਰੂਸ-ਚੀਨ ਦੇ ਅਫਰੀਕਾ ਨਾਲ਼ "ਸਹਿਯੋਗ ਤੇ ਵਿਕਾਸ" ਦੀਆਂ ਗੱਲਾਂ ਪਿੱਛੇ ਆਪਣੇ ਸਾਮਰਾਜੀ ਹਿੱਤ ਲੁਕੇ ਹੋਏ ਹਨ।*

ਅਫਰੀਕੀ ਮਹਾਂਦੀਪ ਦੀ ਲੁੱਟ ਵਿੱਚ ਫਰਾਂਸੀਸੀ ਤੇ ਅਮਰੀਕੀ ਸਾਮਰਾਜੀਆਂ ਦਾ ਵੱਡਾ ਹਿੱਸਾ ਰਿਹਾ ਹੈ ਜਿਸ ਉੱਪਰ ਥੋੜ੍ਹੀ ਚਰਚਾ ਕਰਨੀ ਜਰੂਰੀ ਹੈ ਕਿਉਂਜੋ ਜਿਹਨਾਂ ਮੁਲਕਾਂ ਵਿੱਚ ਹਾਲੀਆ ਰਾਜਪਲਟੇ ਹੋਏ ਹਨ ਇਹ ਸਾਰੇ ਫਰਾਂਸ ਦੀਆਂ ਸਾਬਕਾ ਬਸਤੀਆਂ ਰਹੇ ਹਨ।

ਅਫਰੀਕੀ ਮਹਾਂਦੀਪ ਵਿੱਚ ਫਰਾਂਸੀਸੀ ਬਸਤੀਵਾਦੀਆਂ ਦੇ ਜੁਲਮ ਅਕਹਿ ਹਨ। ਅਲਜੀਰੀਆ ਦੇ ਅਜਾਦੀ ਘੋਲ਼ 'ਤੇ ਇਹਨਾਂ ਸਾਮਰਾਜੀਆਂ ਵੱਲ਼ੋਂ ਕੀਤਾ ਜਬਰ ਕਿਸੇ ਨਸਲਕੁਸ਼ੀ ਤੋਂ ਘੱਟ ਨਹੀਂ ਸੀ। ਇਸੇ ਤਰ੍ਹਾਂ ਬਰਕੀਨਾ ਫਾਸੋ, ਜਿੱਥੇ ਪਿਛਲੇ ਸਮੇਂ ਵਿੱਚ ਰਾਜਪਲਟਾ ਹੋਇਆ ਹੈ, ਦੇ ਉੱਘੇ ਸਿਆਸੀ ਆਗੂ ਥਾਮਸ ਸੰਕਾਰਾ ਨੂੰ ਵੀ ਫਰਾਂਸੀਸੀ ਸਾਮਰਾਜੀਆਂ ਨੇ 1987 ਵਿੱਚ ਤਖਤਾਪਲਟ ਰਾਹੀਂ ਕਤਲ ਕਰਵਾ ਦਿੱਤਾ ਸੀ। ਸੰਕਾਰਾ ਨੇ ਬਰਕੀਨਾ ਫਾਸੋ ਦਾ ਸਦਰ ਬਣਦਿਆਂ ਫਰਾਂਸੀਸੀ ਦਾਬੇ ਦਾ ਵਿਰੋਧ ਕੀਤਾ ਤੇ ਪੱਛਮੀ ਸਾਮਰਾਜ ਖਿਲਾਫ ਅਫਰੀਕੀ ਏਕੇ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਅਫਰੀਕਾ ਨੂੰ ਅਨਾਜ, ਊਰਜਾ, ਕੱਪੜੇ ਆਦਿ ਹਰ ਮਾਮਲੇ ਵਿੱਚ ਆਤਮ-ਨਿਰਭਰ ਬਣਾਉਣ ਦੀ ਵਕਾਲਤ ਕਰਨੀ ਸ਼ੁਰੂ ਕੀਤੀ ਤੇ ਕੌਮਾਂਤਰੀ ਮੁਦਰਾ ਕੋਸ਼ ਜਿਹੀਆਂ ਸੰਸਥਾਵਾਂ ਵੱਲੋਂ "ਰਾਹਤ" ਦੇ ਨਾਂ 'ਤੇ ਕੀਤੀ ਜਾਂਦੀ ਤੀਜੀ ਦੁਨੀਆਂ ਦੇ ਮੁਲਕਾਂ ਦੀ ਲੁੱਟ ਦਾ ਵੀ ਵਿਰੋਧ ਕੀਤਾ। ਜਾਹਰ ਹੈ ਇਹ ਸਭ ਪੱਛਮੀ ਸਾਮਰਾਜੀਆਂ ਨੂੰ ਵਾਰਾ ਨਹੀਂ ਸੀ ਖਾਂਦਾ, ਇਸ ਲਈ ਉਹਨਾਂ 1987 ਵਿੱਚ ਇਸ ਆਗੂ ਨੂੰ ਕਤਲ ਕਰਵਾ ਦਿੱਤਾ ਤੇ ਰਾਜਪਲਟੇ ਰਾਹੀਂ ਆਪਣਾ ਹਮਾਇਤੀ ਬਰਕੀਨਾ ਫਾਸੋ ਦੀ ਗੱਦੀ ਉੱਪਰ ਬਿਠਾ ਦਿੱਤਾ।

ਫਰਾਂਸ ਵੱਲੋਂ ਆਪਣੀਆਂ ਸਾਬਕਾ ਅਫਰੀਕੀ ਬਸਤੀਆਂ ਦੀ ਲੁੱਟ ਲਈ ਮੁਦਰਾ ਨੀਤੀ ਦੀ ਖਾਸ ਵਰਤੋਂ ਕੀਤੀ ਜਾਂਦੀ ਸੀ। ਪਹਿਲਾਂ ਮੁਦਰਾ ਸੀਐੱਫਏ ਫਰੈਂਕ (ਤੇ ਹੁਣ ਯੂਰੋ) ਦੀ ਦਰ ਨੂੰ ਕੰਟਰੋਲ ਕਰਕੇ ਫਰਾਂਸੀਸੀ ਹਾਕਮ ਇਸ ਨੂੰ ਆਪਣੀ ਲੁੱਟ ਦੇ ਸੰਦ ਵਜੋਂ ਵਰਤਦੇ ਸਨ। ਇਸ ਮੁਦਰਾ 'ਤੇ ਦੋ ਬੈਂਕਾਂ ਕੇਂਦਰੀ ਅਫਰੀਕੀ ਰਾਜਾਂ ਦੀ ਬੈਂਕ ਤੇ ਪੱਛਮੀ ਅਫਰੀਕੀ ਰਾਜਾਂ ਦੀ ਕੇਂਦਰੀ ਬੈਂਕ ਦੀ ਇਜਾਰੇਦਾਰੀ ਹੈ ਜਿਹਨਾਂ ਨੂੰ ਸਮਝੌਤੇ ਤਹਿਤ ਆਪਣੇ ਮੁਦਰਾ ਭੰਡਾਰ ਫਰਾਂਸੀਸੀ ਖਜਾਨੇ ਵਿੱਚ ਜਮ੍ਹਾਂ ਕਰਵਾਉਣੇ ਪੈਂਦੇ ਹਨ। ਪਹਿਲਾਂ-ਪਹਿਲ ਤਾਂ ਅਫਰੀਕੀ ਮੁਲਕਾਂ ਨੂੰ ਆਪਣੇ 100% ਰਾਖਵੇਂ ਮੁਦਰਾ ਅਸਾਸੇ ਇਸ ਵਿੱਚ ਜਮ ?ਹਾਂ ਕਰਵਾਉਣੇ ਪੈਂਦੇ ਸਨ ਪਰ ਹੌਲ਼ੀ-ਹੌਲ਼ੀ ਇਹਨਾਂ ਪੱਛਮੀ ਤੇ ਉੱਤਰੀ ਅਫਰੀਕੀ ਮੁਲਕਾਂ ਵੱਲ਼ੋਂ ਅੜਨ ਕਰਕੇ ਇਹ ਦਰ 1973 ਵਿੱਚ 65% ਤੇ ਫੇਰ 2005 ਵਿੱਚ 50% 'ਤੇ ਲਿਆਂਦੀ ਗਈ। ਇਸ ਵਿੱਤੀ ਪ੍ਰਬੰਧ ਦਾ ਅਨੇਕਾਂ ਆਗੂਆਂ ਨੇ 1960ਵਿਆਂ ਦੇ ਦਹਾਕੇ ਤੋਂ ਹੀ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਫਰੈਂਕ ਮੁਦਰਾ ਖੇਤਰ ਤੋਂ ਬਾਹਰ ਆਉਣ ਦੀ ਵਕਾਲਤ ਕੀਤੀ ਸੀ। ਇਹਨਾਂ ਆਗੂਆਂ ਵਿੱਚ ਗਿਨੀ ਦੇ ਅਹਿਮਦ ਟੋਰੇ, ਟੋਗੋ ਦੇ ਸਿਲਵਾਨੁਸ ਓਲੰਪਿਓ, ਮਾਲੀ ਦੇ ਮੋਡੀਬੋ ਕੀਟਾ ਤੇ ਕਈ ਹੋਰ ਸ਼ਾਮਲ ਸਨ। ਕਹਿਣ ਦੀ ਲੋੜ ਨਹੀਂ ਕਿ ਇਹਨਾਂ ਵਿੱਚੋਂ ਬਹੁਤੇ ਆਗੂਆਂ ਨੂੰ ਫਰਾਂਸੀਸੀ ਸਾਮਰਾਜੀਆਂ ਨੇ ਗ੍ਰਿਫਤਾਰ ਕੀਤਾ ਜਾਂ ਕਤਲ ਕਰਵਾ ਦਿੱਤਾ ਤੇ ਅਜਿਹੀ ਹਰ ਕੋਸ਼ਿਸ਼ ਨੂੰ ਠੱਪ ਕੀਤਾ। ਇਸੇ ਤਰ੍ਹਾਂ ਇਸ ਮਹਾਂਦੀਪ ਵਿੱਚ ਸਾਮਰਾਜੀ ਅਮਰੀਕਾ ਨੇ ਵੀ ਆਪਣੀ ਦਖਲਅੰਦਾਜੀ ਲਗਾਤਾਰ ਰੱਖੀ ਹੈ। ਮਹਾਂਦੀਪ ਦੇ 15 ਮੁਲਕਾਂ ਵਿੱਚ ਸੰਯੁਕਤ ਰਾਜ ਅਮਰੀਕਾ ਦੇ ਪੱਕੇ ਫੌਜੀ ਅੱਡੇ ਹਨ ਜਦਕਿ ਫਰਾਂਸ ਦੇ ਦਸ ਮੁਲਕਾਂ ਵਿੱਚ ਅਜਿਹੇ ਅੱਡੇ ਹਨ। ਅਮਰੀਕੀ ਅਗਵਾਈ ਵਿੱਚ ਨਾਟੋ ਫੌਜਾਂ ਵੱਲੋਂ ਲੀਬੀਆ ਦੀ ਕੀਤੀ ਤਬਾਹੀ ਇਹਨਾਂ ਸਾਮਰਾਜੀਆਂ ਦੀਆਂ ਕਰਤੂਤਾਂ ਦੀ ਉੱਘੀ ਗਵਾਹੀ ਹੈ।

ਅਸਲ ਵਿੱਚ ਪੱਛਮੀ ਤੇ ਕੇਂਦਰੀ ਅਫਰੀਕੀ ਖਿੱਤੇ (ਜਿਸ ਨੂੰ ਸਾਹਿਲ ਖੇਤਰ ਵੀ ਕਿਹਾ ਜਾਂਦਾ ਹੈ) ਦੀ ਕੁਦਰਤੀ ਸਰੋਤਾਂ ਪੱਖੋਂ ਬਹੁਤ ਮਹੱਤਤਾ ਹੈ। ਮਾਲੀ ਤੇ ਬਰਕੀਨਾ ਫਾਸੋ ਅਫਰੀਕਾ ਦੇ ਤੀਜੇ ਤੇ ਚੌਥੇ ਨੰਬਰ ਦੇ ਵੱਡੇ ਸੋਨ ਪੈਦਾਕਾਰ ਹਨ ਤੇ ਇਸ ਤੋਂ ਬਿਨਾਂ ਤਾਂਬਾ ਤੇ ਹੋਰ ਦੁਰਲੱਭ ਖਣਿਜ ਵੀ ਐਥੇ ਭਰਪੂਰ ਮਾਤਰਾ ਵਿੱਚ ਹਨ। ਬਰਕੀਨਾ ਫਾਸੋ ਦੀ ਸੋਨ ਸਨਅਤ ਇਕੱਲੀ ਹੀ ਸਲਾਨਾ 2 ਅਰਬ ਡਾਲਰ ਦਾ ਮੁਨਾਫਾ ਦਿੰਦੀ ਹੈ ਜਿਹੜਾ ਮੋਟੇ ਤੌਰ ਉੱਤੇ ਕਨੇਡੀਆਈ ਤੇ ਆਸਟਰੇਲੀਆਈ ਖਣਨ ਕੰਪਨੀਆਂ ਨੂੰ ਜਾਂਦਾ ਹੈ। ਇਸੇ ਤਰ੍ਹਾਂ ਨਾਈਜਰ ਵਿੱਚ ਯੂਰੇਨੀਅਮ ਦੇ ਭਰਪੂਰ ਭੰਡਾਰ ਹਨ ਜਿਹਨਾਂ ਨਾਲ਼ ਫਰਾਂਸ ਦੀ ਬਿਜਲੀ ਦਾ ਵੱਡਾ ਹਿੱਸਾ ਚੱਲਦਾ ਹੈ। ਇਸ ਪੂਰੇ ਮਹਾਂਦੀਪ ਵਿੱਚ ਦੁਨੀਆਂ ਦੇ 30% ਖਣਿਜ ਸਰੋਤ, 12% ਤੇਲ, 8% ਕੁਦਰਤੀ ਗੈਸ ਭੰਡਾਰ, 10% ਤਾਜੇ ਪਾਣੀ ਦੇ ਸਰੋਤ ਮੌਜੂਦ ਹਨ ਪਰ ਕੁਦਰਤ ਪੱਖੋਂ ਐਨਾ ਜਰਖੇਜ ਹੋਣ ਦੇ ਬਾਵਜੂਦ ਇਕੱਲੇ ਸਾਹਿਲ ਇਲਾਕੇ ਵਿੱਚ ਤਕਰੀਬਨ 2 ਕਰੋੜ ਲੋਕ ਭੁੱਖਮਰੀ ਦੇ ਕੰਢੇ ਜਿਉਂ ਰਹੇ ਹਨ।

2008-2021 ਦਰਮਿਆਨ ਇਸ ਖਿੱਤੇ ਵਿੱਚ ਜਿਹੜੇ ਫੌਜੀ ਪਲਟੇ ਹੋਏ ਉਹਨਾਂ ਨੇ ਮੁੱਖ ਤੌਰ ਉੱਤੇ ਪੱਛਮ ਪ੍ਰਸਤ ਸੱਤਾਵਾਂ ਨੂੰ ਤਾਕਤ ਵਿੱਚ ਲਿਆਂਦਾ। ਪਰ ਪਿਛਲੇ ਦੋ ਸਾਲਾਂ ਤੋਂ ਮਾਲੀ, ਬਰਕੀਨਾ ਫਾਸੋ, ਨਾਈਜਰ ਤੇ ਹੁਣ ਗਾਬੋਨ ਵਿੱਚ ਸੱਤਾ ਵਿੱਚ ਆਏ ਧੜੇ ਨੇ ਸਪੱਸ਼ਟ ਤੌਰ ਉੱਤੇ ਰੂਸ-ਚੀਨ ਸਾਮਰਾਜੀ ਧੜੇ ਵੱਲ ਝੁਕਾਅ ਜਾਹਰ ਕੀਤਾ ਹੈ ਜਿਸ ਤੋਂ ਪੱਛਮੀ ਸਾਮਰਾਜੀਆਂ ਦੀਆਂ ਫਿਕਰਾਂ ਵੱਧ ਗਈਆਂ ਹਨ। ਇਸੇ ਲਈ ਫਰਾਂਸ ਤੇ ਸੰਯੁਕਤ ਰਾਜ ਅਮਰੀਕਾ ਨੇ ਕੋਝਾ ਹੱਥਕੰਡਾ ਅਪਣਾਉਂਦਿਆਂ ਨਾਈਜਰ ਦੀ ਨਵੀਂ ਸੱਤਾ ਨੂੰ ਰਾਹਤ ਬੰਦ ਕਰ ਦਿੱਤੀ ਹੈ ਤਾਂ ਜੋ ਹੋਰਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਵੀ ਤਾੜਿਆ ਜਾ ਸਕੇ। ਬਦਲੇ ਵਿੱਚ ਨਾਈਜਰ ਨੇ ਵੀ ਅੜਦਿਆਂ ਫਰਾਂਸ ਨੂੰ ਯੂਰੇਨੀਅਮ ਤੇ ਸੋਨੇ ਦੀ ਸਾਰੀ ਬਰਾਮਦ ਉੱਤੇ ਰੋਕ ਲਾ ਦਿੱਤੀ ਹੈ। ਦੂਜੇ ਪਾਸੇ ਸ਼ਾਤਰ ਕੂਟਨੀਤੀ ਖੇਡਦਿਆਂ ਰੂਸ ਤੇ ਚੀਨ ਨੇ ਅਫਰੀਕੀ ਮੁਲਕਾਂ ਵੱਲ ਆਪਣੇ ਹੱਥ ਵਧਾਏ ਹਨ। ਰੂਸ ਨੇ ਪਹਿਲਾਂ ਅਫਰੀਕੀ ਮੁਲਕਾਂ ਵੱਲ ਆਪਣੇ ਕਰਜੇ ਨੂੰ ਟਾਲਣ ਦਾ ਐਲਾਨ ਕੀਤਾ ਤੇ ਮਗਰੋਂ ਅਨਾਜ ਤੇ ਤਕਨੀਕ ਦੇ ਖੇਤਰ ਵਿੱਚ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਦੂਸਰਾ, ਯੂਕਰੇਨ ਜੰਗ ਮਗਰੋਂ ਵਧੀਆਂ ਅਨਾਜ ਕੀਮਤਾਂ ਨੂੰ ਦੇਖਦਿਆਂ ਰੂਸ ਨੇ ਛੇ ਅਫਰੀਕੀ ਮੁਲਕਾਂ ਨੂੰ 50 ਹਜਾਰ ਟਨ ਮੁਫਤ ਅਨਾਜ ਵੀ ਭੇਜਿਆ। ਦੂਜੇ ਪਾਸੇ ਚੀਨ ਨੇ ਅਗਸਤ ਅਖੀਰ ਵਿੱਚ ਦੱਖਣੀ ਅਫਰੀਕਾ ਵਿੱਚ ਮੁਕੰਮਲ ਹੋਏ ਬਰਿਕਸ ਸੰਮੇਲਨ ਦੌਰਾਨ ਦਰਜਨ ਭਰ ਅਫਰੀਕੀ ਮੁਲਕਾਂ ਦੇ ਆਗੂਆਂ ਨਾਲ਼ ਮੁਲਾਕਾਤ ਕਰਦਿਆਂ ਚੀਨ-ਅਫਰੀਕਾ ਸਹਿਯੋਗ ਤੇ ਵਪਾਰ ਨੂੰ ਹੋਰ ਹੁਲਾਰਾ ਦੇਣ ਦੀ ਗੱਲ ਦੁਹਰਾਈ।

ਕਹਿਣ ਦਾ ਭਾਵ ਇਹ ਕਿ ਪੱਛਮੀ ਸਾਮਰਾਜੀਆਂ ਤੇ ਰੂਸ-ਚੀਨ ਦੀ ਸਾਮਰਾਜੀ ਧੁਰੀ ਦਰਮਿਆਨ ਚੱਲ ਰਿਹਾ ਖਹਿਭੇੜ ਇਸ ਸਮੇਂ ਅਫਰੀਕਾ ਦੇ ਸਾਹਿਲ ਇਲਾਕੇ ਵਿੱਚ ਵੀ ਸਪੱਸ਼ਟ ਰੂਪ ਵਿੱਚ ਖੇਡਿਆ ਜਾਂਦਾ ਨਜਰ ਆਉਂਦਾ ਹੈ। ਅਫਰੀਕੀ ਮੁਲਕਾਂ ਵਿੱਚ ਯੂਰਪੀ, ਖਾਸਕਰ ਫਰਾਂਸੀਸੀ, ਤੇ ਅਮਰੀਕੀ ਸਾਮਰਾਜੀਆਂ ਵੱਲੋਂ ਕੀਤੀ ਤਬਾਹੀ ਕਾਰਨ ਆਮ ਲੋਕਾਂ ਵਿੱਚ ਇਹਨਾਂ ਪੱਛਮੀ ਸਾਮਰਾਜੀਆਂ ਖਿਲਾਫ ਅੰਤਾਂ ਦੀ ਨਫਰਤ ਹੈ ਜਿਹੜੀ ਗਾਹੇ-ਬਗਾਹੇ ਦਿਸ ਵੀ ਰਹੀ ਹੈ। ਪਰ ਰੂਸ-ਚੀਨ ਦੇ ਅਫਰੀਕਾ ਨਾਲ਼ "ਸਹਿਯੋਗ ਤੇ ਵਿਕਾਸ" ਦੀਆਂ ਗੱਲਾਂ ਪਿੱਛੇ ਆਪਣੇ ਸਾਮਰਾਜੀ ਹਿੱਤ ਲੁਕੇ ਹੋਏ ਹਨ। ਅਸਲ ਹਕੀਕਤ ਇਹ ਹੈ ਕਿ ਜਰਖੇਜ ਅਫਰੀਕਾ ਦੀ ਸਾਮਰਾਜੀ ਲੁੱਟ ਉਦੋਂ ਹੀ ਮੁਕੰਮਲ ਬੰਦ ਹੋ ਸਕਦੀ ਹੈ ਜਦੋਂ ਐਥੇ ਇਨਕਲਾਬੀ ਤਬਦੀਲੀ ਰਾਹੀਂ ਸਾਮਰਾਜ ਤੋਂ ਮੁਕਤ ਸਮਾਜਵਾਦੀ ਸੱਤ ?ਹਾ ਆਵੇ। ਸਾਮਰਾਜੀਆਂ ਦੇ ਇੱਕ ਜਾਂ ਦੂਜੇ ਧੜੇ ਨਾਲ਼ ਰਹਿਕੇ ਅਫਰੀਕਾ ਦੇ ਕਿਰਤੀ ਲੋਕਾਂ ਦੇ ਨਾ ਤਾਂ ਦੁੱਖ ਕੱਟੇ ਜਾਣੇ ਹਨ ਤੇ ਨਾ ਇਸ ਖਿੱਤੇ ਵਿੱਚ ਅਮਨ ਸ਼ਾਂਤੀ ਕਾਇਮ ਹੋਣੀ ਹੈ।







# ਵਾਇਰਸ



ਜਸਵੀਰ ਮੰਗੂਵਾਲ
+1 (204) 881-4955



ਮੈਂ ਗਲੱਵਜ਼ ਲਾਹ ਕੇ ਗਾਰਬੇਜ਼ 'ਚ ਸੁੱਟ, ਚੰਗੀ ਤਰ੍ਹਾਂ ਟੈਪ ਤੋਂ ਸਾਬਣ ਨਾਲ ਹੱਥ ਧੋਤੇ, ਲੰਚ ਕਿੱਟ ਚੁੱਕ, ਕੈਫੇਟੀਰੀਏ ਵੱਲ ਚੱਲ ਪਈ। ਲੰਚ ਰੂਮ ਵਿੱਚ ਪਹੁੰਚੀ ਤਾਂ ਸਾਰੇ ਥੋੜ੍ਹੀ ਥੋੜ੍ਹੀ ਦੂਰੀ 'ਤੇ ਬੈਠੇ ਸਨ। ਮੈਨੂੰ ਆਉਂਦੀ ਦੇਖ ਜੋਤੀ ਬੋਲੀ, "ਹਾਏ ਦੀਦੀ ਆ ਗਏ।"

"ਜੋਤੀ ਕਿਵੇਂ ਠੀਕ ਆ?" ਕਹਿ ਮੈਂ ਬਾਕੀਆਂ ਨੂੰ ਵੀ ਉੱਚੀ ਦੇਣੀ ਹੈਲੋ ਕੀਤੀ। ਲੰਚ ਕਿੱਟ ਟੇਬਲ ਤੇ ਰੱਖ ਟਿਫਨ ਕੱਢ ਮੈਂ ਸਾਗ ਤੇ ਰੋਟੀ ਮਾਈਕ੍ਰੋਵੇਵ ਵਿੱਚ ਰੱਖ ਗਰਮ ਕਰਨ ਲੱਗ ਪਈ।

"ਦੀਦੀ ਕੀ ਲੈ ਕੇ ਆਏ ਹੋ ਸਮੈੱਲ ਬਹੁਤ ਵਧੀਆ ਆ ਰਹੀ'' ਜੋਤੀ ਨੇ ਪੁੱਛਿਆ। ਮੈਂ ਸਾਗ ਤੇ ਮੱਕੀ ਦੀ ਰੋਟੀ ਉਸ ਦੀ ਪਲੇਟ ਵਿੱਚ ਰੱਖ ਦਿੱਤੀ। ਮੈਂ ਸੁਰਜੀਤ ਅੰਟੀ ਤੇ ਸਿੱਧੂ ਅੰਟੀ ਨੂੰ ਵੀ ਪੁੱਛਿਆ ਪਰ ਉਨ੍ਹਾਂ ਨੇ ਲੈਣ ਤੋਂ ਨਾਂਹ ਕਰ ਦਿੱਤੀ। ਸਿੱਧੂ ਅੰਟੀ ਜੋਤੀ ਨੂੰ ਹੜਬ ਹੜਬ ਕਰਕੇ ਖਾਂਦੀ ਨੂੰ ਦੇਖ ਹੱਸਣ ਲੱਗ ਪਈ। ਉਹ ਘਰੋਂ ਲਿਆਂਦੇ ਸੈਂਡਵਿਚ ਤੇ ਨਾਲ ਸਾਗ ਤੇ ਮੱਕੀ ਦੀ ਰੋਟੀ ਬੜੇ ਸਵਾਦ ਨਾਲ ਖਾਹ ਰਹੀ ਸੀ। ਦੇਸੀ ਘਿਉ ਨੇ ਚਾਰੇ ਪਾਸੇ ਮਹਿਕਾਂ ਖਿੰਡਾਈਆਂ ਪਏ ਰੋਜ਼ ਯੂ ਟਿਊਬ ਤੋਂ ਨਵੇਂ ਨਵੇਂ ਖਾਣੇ ਬਣਾਉਣੇ ਸਿੱਖਦੀ, ਬਣਾ ਕੇ ਲਿਆਉਂਦੀ ਤੇ ਚਾਂਈ ਚਾਂਈ ਸਾਰਿਆਂ ਨੂੰ ਪੁੱਛਦੀ, "ਤੁਸੀਂ ਲੈਣਾ? ਤੁਸੀਂ ਲੈਣਾ?" ਸਾਗ, ਕੜ੍ਹੀ ਤੇ ਮਾਂਹ ਦੀ ਦਾਲ ਉਹਨੂੰ ਮੇਰੇ ਹੱਥ ਦੀ ਪਸੰਦ ਆਉਂਦੀ।

ਅੱਜ ਲੰਚ ਰੂਮ ਵਿੱਚ ਪਹਿਲਾਂ ਵਰਗੀ ਚਹਿਲ ਪਹਿਲ ਨਹੀਂ ਸੀ। ਇਹ ਉਹੀ ਥਾਂ ਹੈ ਜਿੱਥੇ ਵਿਆਹ ਵਰਗਾ ਮਹੌਲ ਹੁੰਦਾ ਸੀ। ਕੋਈ ਬੇਸਣ, ਕੋਈ ਲੱਡੂ-ਜਲੇਬੀਆਂ, ਕੋਈ ਖੋਏ ਦੀਆ ਪਿੰਨੀਆਂ। ਤਰ੍ਹਾਂ ਤਰ੍ਹਾਂ ਦੇ ਆਲੂ, ਗੋਭੀ, ਬਰੌਕਲੀ ਤੇ ਕਈ ਹੋਰ ਚੀਜ਼ਾਂ ਦੇ ਪਰਾਉਂਠੇ ਬਣਾ ਕੇ ਲਿਆਉਂਦੇ ਤੇ ਸਾਰੇ ਵੰਡ ਕੇ ਖਾਂਦੇ। ਪੰਜਾਬੀ ਖਾਣੇ ਦੇ ਨਾਲ ਨਾਲ ਅਸੀਂ ਨਲਨੀ ਅੰਟੀ ਕੋਲੋਂ ਗੁਜਰਾਤੀ ਖਾਣਾ ਬਣਾਉਣਾ ਵੀ ਸਿੱਖ ਲਿਆ ਸੀ। ਕੋਈ ਮਨਚੂਰੀਅਨ ਤੇ ਕੋਈ ਇਡਲੀ ਸਾਂਬਰ ਬੜੇ ਬਣਾ ਕੇ ਲਿਆਉਂਦਾ, ਇੱਕ ਦੂਜੇ ਦੇ ਸਮਾਨ ਨਾਲ ਸਾਡੀਆਂ ਪਲੇਟਾਂ ਭਰੀਆਂ ਰਹਿੰਦੀਆਂ। ਗੋਰੀਆਂ ਖਾਣੇ ਦੀ ਸਮੈੱਲ ਦੀ ਤਾਰੀਫ ਕਰਦੀਆਂ। ਜਦੋਂ ਅਸੀਂ ਕਹਿਣਾ ਤੁਸੀਂ ਲੈ ਲਵੋ ਤਾਂ ਕਹਿੰਦੀਆਂ, "ਤੁਹਾਡਾ ਫੂਡ ਸਪਾਇਸੀ ਬਹੁਤ ਹੁੰਦਾ।" ਕਈ ਵਾਰੀ ਜੋਤੀ ਬਟਰ ਚਿਕਨ ਤੇ ਰਾਈਸ ਬਣਾ ਕੇ ਲਿਆਉਂਦੀ ਤਾਂ ਘੱਟ ਸਪਾਇਸੀ ਦੇਖ ਖਾ ਵੀ ਲੈਂਦੀਆਂ। ਉਹ ਸਮੋਸੇ ਬਹੁਤ ਪਸੰਦ ਕਰਦੀਆਂ ਪਰ ਕਈ ਵਾਰੀ ਦੂਜੇ ਦਿਨ ਢਿੱਡ ਫੜ ਫੜ ਸ਼ਿਕਾਇਤ ਵੀ ਕਰਦੀਆਂ। ਉਹ ਲੰਚ ਵਿੱਚ ਸੈਂਡਵਿਚ, ਇੱਕ ਫਿਸ਼ ਜਾਂ ਚਿਕਨ ਦਾ ਪੀਸ ਤੇ ਸਲਾਦ ਹੀ ਲੈ ਕੇ ਆਉਂਦੀਆਂ। ਸਲਾਦ ਖਾਂਦੀਆਂ ਦੇਖ, ਅਸੀਂ ਹੱਸਦੀਆਂ ਕਿ ਪਤਾ ਨਹੀਂ ਹਰ ਰੋਜ਼ ਘਾਹ ਫੂਸ ਹੀ ਕਿਵੇਂ ਖਾਈ ਜਾਂਦੀਆਂ ਨੇ।

ਸਾਨੂੰ ਗੋਰੀਆਂ ਨੂੰ ਫੂਡ ਲੈਣ ਲਈ ਪੁੱਛਦੀਆਂ ਦੇਖ ਜੋਗਿੰਦਰ ਦੀਦੀ ਅਕਸਰ ਕਹਿੰਦੀ, "ਵੀਹ ਸਾਲ ਹੋ ਗਏ ਮੈਂਨੂੰ ਇੱਥੇ ਕੰਮ ਕਰਦੀ ਨੂੰ ਸੁੱਕੀ ਸਾਦੀ ਹੈਲੋ ਹਾਏ ਰੱਖੀਦੀ ਏਹਨਾਂ ਨਾਲ। ਐਵੇਂ ਨਾ ਪੁੱਛੀ ਜਾਇਆ ਕਰੋ ਜੇ ਕਿਸੇ ਨੂੰ ਤੁਹਾਡੇ ਫੂਡ ਤੋਂ ਅਲਰਜ਼ੀ ਹੋ ਗਈ ਤਾਂ ਲੈਣੇ ਦੇ ਦੇਣੇ ਪੈ ਜਾਣਗੇ।" ਖਾਣਾ ਖਾਂਦਿਆਂ ਅਸੀਂ ਹਾਸਾ ਠੱਠਾ ਕਰਦੀਆਂ ਵੱਟਸ ਅੱਪ ਤੇ ਟਿਕ ਟੋਕ ਦੇ ਵੀਡੀਓ ਸ਼ੇਅਰ ਕਰਦੀਆਂ। ਗੋਰੀਆਂ ਸਾਨੂੰ ਪੰਜਾਬੀ ਬੋਲਦੀਆਂ ਦੇਖ ਇਤਰਾਜ਼ ਕਰਦੀਆਂ। ਉਨ੍ਹਾਂ ਨੂੰ ਲਗਦਾ ਕਿ ਅਸੀਂ ਉਹਨਾਂ ਦਾ ਮਜ਼ਾਕ ਉਡਾਉਂਦੀਆਂ ਹਾਂ। ਉਹ ਸਾਡੀ ਮੈਨੇਜਰ ਕੋਲ ਸ਼ਿਕਾਇਤ ਕਰਦੀਆਂ।

''ਵਰਕ ਪਲੇਸ ਤੇ ਅੰਗਰੇਜ਼ੀ ਹੀ ਬੋਲਣੀ ਹੈ ਪੰਜਾਬੀ ਬੋਲਣੀ ਅਲਾਊਡ ਨਹੀਂ ਹੈ" ਦੀਦੀ ਸਾਨੂੰ ਮਿੱਠਾ ਜਿਹਾ ਝਿੜਕਦੇ। ਅਸੀਂ ਥੋੜ੍ਹਾ ਚਿਰ ਅਮਲ ਕਰਦੀਆਂ, ਫਿਰ ਪੰਜਾਬੀ ਬੋਲਣ ਲੱਗ ਪੈਂਦੀਆਂ। ਕਈ ਵਾਰੀ ਤਾਂ ਅਸੀਂ ਟਿੱਕ ਟੋਕ ਤੇ ਸ਼ਿਲਪਾ ਸ਼ੈਟੀ ਦੇ ਵੀਡੀਓ ਦਿਖਾ, ਦੀਦੀ ਨੂੰ ਵੀ ਨਾਲ ਰਲਾ ਲੈਂਦੀਆਂ। ਪਰ ਜਦ ਉਸਨੂੰ ਯਾਦ ਆਉਂਦਾ ਤਾਂ ਉਹ ਸਖ਼ਤੀ ਨਾਲ ਸਾਨੂੰ ਰੋਕਦੀ।

ਇਸ ਕੇਅਰ ਹੋਮ ਵਿੱਚ ਇੱਕ ਪਾਕਿਸਤਾਨੀ, ਇੱਕ ਗੁਜਰਾਤੀ ਤੇ ਕੁਝ ਗੋਰੀਆਂ ਤੋਂ ਬਿਨ੍ਹਾਂ ਬਾਕੀ ਸਾਰਾ ਸਟਾਫ਼ ਪੰਜਾਬੀ ਸੀ। ਗੋਰੀਆਂ ਇਸ ਟਾਊਨ ਦੀਆਂ ਰਹਿਣ ਵਾਲੀਆਂ ਸਨ। ਬਾਕੀ ਡਾਕਟਰ, ਨਰਸਾਂ, ਮੈਨੇਜਰ, ਹੈਲਥ ਕੇਅਰ ਵਰਕਰ ਲਾਂਡਰੀ, ਹਾਊਸ ਕੀਪਿੰਗ ਸਾਰਾ ਸਟਾਫ ਬਾਹਰੋਂ ਆਉਂਦਾ ਸੀ। ਇਹ ਇੱਕ ਪ੍ਰਾਈਵੇਟ ਕੇਅਰ ਹੋਮ ਹੋਣ ਕਰਕੇ ਮਹਿੰਗਾ ਸੀ, ਇੱਥੇ ਰਹਿਣ ਲਈ ਵੀ ਵੱਡੀਆਂ ਵੱਡੀਆਂ ਜੌਬਾਂ ਤੋਂ ਰਿਟਾਇਡ ਜਾਂ ਵੱਡੇ ਵੱਡੇ ਫਾਰਮਰ ਹੀ ਆਉਂਦੇ ਸਨ।

ਅੱਜਕਲ੍ਹ ਕੇਅਰ ਹੋਮ ਵਿੱਚ ਅਜੀਬ ਤਰ੍ਹਾਂ ਦੀ ਦਹਿਸ਼ਤ ਪਸਰੀ ਪਈ ਸੀ। ਕਰੋਨਾ ਵਾਇਰਸ ਚੀਨ ਤੋਂ ਹੁੰਦਾ ਹੋਇਆ ਇਟਲੀ, ਫਰਾਂਸ, ਇੰਗਲੈਂਡ ਤੇ ਹੋਰ ਦੁਨੀਆਂ ਦੇ ਦੇਸ਼ਾਂ ਵਿੱਚ ਬਹੁਤ ਤੇਜ਼ੀ ਨਾਲ ਫੈਲ ਰਿਹਾ ਸੀ। ਕੈਨੇਡਾ ਵਿੱਚ ਵੀ ਜਿਹੜੇ ਪ੍ਰੋਵਿੰਨਸਿਜ਼ ਵਿੱਚ ਇੰਟਰਨੈਸ਼ਨਲ ਫਲਾਈਟਸ ਆਉਂਦੀਆਂ ਸਨ ਉੱਥੇ ਬਹੁਤ ਤੇਜ਼ੀ ਨਾਲ ਕੇਸ ਵੱਧ ਰਹੇ ਸਨ। ਜਿਵੇਂ ਵੈਨਕੂਵਰ, ਟਰੋਂਟੋ, ਮੌਂਟਰੀਅਲ, ਕੈਲਗਿਰੀ ਆਦਿ। ਸਾਡੇ ਇੱਥੇ ਜਿੰਨੇ ਕੇਸ ਸਨ ਸਾਰੇ ਟ੍ਰੈਵਲ ਹਿਸਟਰੀ ਵਾਲੇ ਹੀ ਸਨ। ਲੰਚ ਬ੍ਰੇਕ ਖ਼ਤਮ ਹੋ ਚੁੱਕੀ ਸੀ ਸਾਰੇ ਆਪਣੇ ਆਪਣੇ ਕੰਮ ਤੇ ਜਾ ਚੁੱਕੇ ਸਨ। ਕੰਮ ਖ਼ਤਮ ਕਰ, ਮੈਂ ਗਲੱਵ ਗਾਰਬੇਜ਼ ਵਿੱਚ ਸੁੱਟ ਟੈਪ ਤੇ ਚੰਗੀ ਤਰ੍ਹਾਂ ਸ਼ੋਪ ਨਾਲ ਹੱਥ ਧੋਤੇ, ਚੇਂਜ਼ ਰੂਮ ਵਿੱਚ ਕੱਪੜੇ ਬਦਲੇ, ਲੰਚ ਕਿੱਟ ਚੁੱਕ, ਬਾਹਰ ਵੱਲ ਜਾਂਦਿਆਂ ਹੱਥਾਂ ਤੇ ਸੈਨੇਟਾਇਜ਼ਰ ਲਾਇਆ ਤੇ ਬਾਹਰ ਨਿਕਲ ਗਈ।

ਬਾਹਰ ਸਨੋਅ ਪੈ ਰਹੀ ਸੀ। ਜਦੋਂ ਨਵੀਂ ਨਵੀਂ ਕਨੇਡਾ ਆਈ ਸੀ ਤਾਂ ਮੈਂ ਬੜੇ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਸੀ ਇੱਥੇ ਤਿੰਨ ਡਬਲਜ਼ੂ ਵਰਕ, ਵੈਦਰ ਤੇ ਵਾਈਫ ਦਾ ਪਤਾ ਨਹੀਂ ਕਦੋਂ ਖ਼ਰਾਬ ਹੋ ਜਾਵੇ। ਮੈਨੂੰ ਇਹ ਗੱਲ ਚੰਗੀ ਨਾ ਲਗਦੀ। ਮੈਂ ਭੱਜ ਕੇ ਆਪਣੀ ਕਾਰ ਵਿੱਚ ਬੈਠ ਗਈ। ਲੰਚ ਕਿੱਟ 'ਚੋਂ ਕੱਢ ਫ਼ੋਨ ਚੈੱਕ ਕੀਤਾ। ਸਰੀ ਤੋਂ ਦੀਪੀ ਦੀਆਂ ਵੀ ਕਈ ਮਿਸ ਕਾਲਾਂ ਸਨ। ਘਰ ਤੋਂ ਵੀ ਕਈ ਕਾਲਾਂ ਆ ਚੁੱਕੀਆਂ ਸਨ। ਰੋਜ਼ ਵਾਂਗ ਪਹਿਲਾਂ ਮੈਂ ਬੱਚਿਆਂ ਨੂੰ ਫੋਨ ਕੀਤਾ ਤਾਂ ਰਵਨੀਤ ਨੇ ਫ਼ੋਨ ਚੁੱਕਿਆ। ਅਜੇ ਗੱਲ ਕਰਨ ਲੱਗੀ ਹੀ ਸੀ ਕਿ ਅਰਮਾਨ ਨੇ ਫ਼ੋਨ ਖੋਹ ਲਿਆ ਕਿ ਪਹਿਲਾਂ ਮੈਂ ਗੱਲ ਕਰਨੀ। ਪਰਦੀਪ ਪਿੱਛੇ ਬੋਲ ਰਹੇ ਸੀ ਕਿ ਲੜੋ ਨਾ ਵਾਰੀ ਵਾਰੀ ਗੱਲ ਕਰ ਲਵੋ। ਮੰਮਾ ਘਰ ਹੀ ਆ ਰਹੇ ਹਨ। ਘਰ ਆਣ ਤੇ ਗੱਲ ਕਰ ਲੈਣਾ। ਦੋਵਾਂ ਨੇ "ਲਵ ਜੂ, ਲਵ ਜੂ ਮੰਮਾ" ਕਹਿ ਫੋਨ ਕੱਟ ਦਿੱਤਾ। ਕਾਰ ਗਰਮ ਹੋ ਚੁੱਕੀ ਸੀ। ਮੈਂ ਦੀਪੀ ਨੂੰ ਕਾਲ ਲਾ, ਕਾਰ ਤੋਰ ਲਈ।

"ਦੀਦੀ ਹੋ ਗਈ ਛੁੱਟੀ? ਬੱਚੇ ਕਿੱਦਾਂ, ਭਾਜੀ ਕਿੱਦਾਂ, ਤੁਹਾਡੀ ਸੇਹਤ ਕਿੱਦਾਂ?" ਇੱਕੋ ਸਾਹ ਕਿੰਨੇ ਸਵਾਲ ਦਾਗ ਦਿੱਤੇ। ਉਸ ਨੂੰ ਮੇਰੀ ਛੁੱਟੀ ਦਾ ਟਾਈਮ ਪਤਾ ਹੋਣ ਕਰਕੇ, ਇਸ ਸਮੇਂ ਰੋਜ਼ ਫੋਨ ਕਰਦੀ। ਉਸ ਨਾਲ ਗੱਲ ਕਰਦਿਆਂ ਮੇਰਾ ਸਫ਼ਰ ਵੀ ਕੱਟ ਜਾਂਦਾ। ਉਹ ਆਲੇ ਦੁਆਲੇ ਤੇ ਸਾਰੀਆਂ ਰਿਸ਼ਤੇਦਾਰੀਆਂ ਦੀਆਂ ਖਬਰਾਂ ਦੇ ਦਿੰਦੀ।

''ਦੀਦੀ ਤੁਹਾਨੂੰ ਪਤਾ ਕਰੋਨਾ ਵਾਇਰਸ ਕਰਕੇ ਕਿੰਨੀਆਂ ਮੌਤਾਂ ਹੋਈਆਂ?"

''ਹਾਂ ਮੈਨੂੰ ਪਤਾ, ਮੈਂ ਸੀ.ਬੀ.ਸੀ ਤੇ ਬੀ.ਬੀ.ਸੀ. ਤੇ ਰੋਜ਼ ਖ਼ਬਰਾਂ ਦੇਖਦੀ ਹਾਂ।" ਉਹ ਪੁੱਛਣਾ ਚਾਹੁੰਦੀ ਸੀ ਕਿ ਮੈਂ ਉਸ ਵੱਲੋਂ ਭੇਜੀਆਂ ਸਾਰੀਆਂ ਵੀਡੀਓ ਦੇਖੀਆਂ?

''ਹਾਂ ਸੱਚ ਦੀਦੀ ਸਾਡੇ ਇੱਥੇ ਤਾਂ ਪੰਜਾਬੀ ਸਟੋਰਾਂ ਤੋਂ ਗਰੌਸਰੀ ਹੀ ਖ਼ਤਮ ਹੋ ਗਈ ਹੈ। ਲੋਕਾਂ ਨੇ ਆਟੇ ਦੇ ਕਿੰਨੇ ਕਿੰਨੇ ਬੈਗ ਇਕੱਠੇ ਕਰ ਲਏ। ਗੱਲ ਕੀ ਆਟਾ, ਚੌਲ, ਬੇਸਣ, ਮੈਦਾ, ਖੰਡ ਹਰ ਚੀਜ਼ ਜਮ੍ਹਾਂ ਕਰ ਲਈ। ਕਈ ਮਹੀਨਿਆਂ ਦਾ ਰਾਸ਼ਨ ਇਕੱਠਾ ਕਰ ਲਿਆ। ਕਹਿੰਦੇ ਜੇ ਚੀਨ ਵਾਂਗ ਬੰਦ ਹੋ ਗਿਆ ਤਾਂ ਫੇਰ ਕੀ ਕਰਾਂਗੇ। ਸਰੀ, ਟਰੋਂਟੋ, ਕੈਲਗਿਰੀ-ਲੋਕਾਂ ਦੀਆਂ ਬਹੁਤ ਲੰਬੀਆਂ ਲੰਬੀਆਂ ਲਾਈਨਾਂ ਸਟੋਰਾਂ ਤੇ ਲੱਗੀਆਂ ਹੋਈਆਂ। ਲੋਕੀ ਆਪਸ ਵਿੱਚ ਲੜ ਪਏ। ਕਈ ਪੰਜਾਬੀ ਸਟੋਰਾਂ ਵਾਲਿਆਂ ਨੇ ਤਾਂ ਕੀਮਤਾਂ ਹੀ ਵਧਾ ਦਿੱਤੀਆਂ। ਕਈ ਲੋਕ ਵੀਡੀਓ ਬਣਾ ਕੇ ਪਾ ਰਹੇ ਹਨ ਕਿ ਜਿਨ੍ਹਾਂ ਲੋਕਾਂ ਔਖੇ ਸਮੇਂ ਕੀਮਤਾਂ ਵਧਾਈਆਂ ਉਨ੍ਹਾਂ ਨੂੰ ਜ਼ੁਰਮਾਨਾ ਹੋਵੇਗਾ ਪਰ ਪਤਾ ਨੀ ਦੀਦੀ ਲੋਕੀ ਤਾਂ ਕਮਲੇ ਹੋਏ ਪਏ ਨੇ। ਉੱਧਰ ਗੋਰਿਆਂ ਨੇ ਵੀ ਦੇਖੋ ਦੇਖੀ ਆਂਡੇ ਬਰੈਡ ਤੇ ਟੋਆਲਿਟ ਪੇਪਰਾਂ ਦੀਆਂ ਬੱਗੀਆਂ ਭਰ ਲਈਆਂ। ਸਾਡੇ ਤਾਂ ਸਾਰੇ ਸਟੋਰਾਂ ਤੇ ਸੈਨੇਟਾਇਜ਼ਰ ਖ਼ਤਮ ਹੋ ਗਿਆ। ਹੁਣ ਤਾਂ ਕਾਸਕੋ ਵਾਲੇ ਵੀ ਪਰ ਫੈਮਲੀ ਦੋ ਦੋ ਟੋਆਲਿਟ ਪੇਪਰ ਤੇ ਪੇਪਰ ਟਾਵਲ ਦਿੰਦੇ ਹਨ'' ਉਹ ਸਾਰਾ ਕੁੱਝ ਇੱਕੋ ਸਾਹੇ ਕਹਿ ਗਈ।

ਬਾਹਰ ਪੁਲਿਸ ਦੀ ਕਾਰ ਲੰਘ ਕੇ ਗਈ ਤਾਂ ਮੈਂ ਆਪਣੀ ਸਪੀਡ ਦੇਖਣ ਲੱਗ ਪਈ। ਸਪੀਡ ਠੀਕ ਸੀ।

"ਪੁਲਿਸ ਦੀ ਕਾਰ ਨੇ ਪਾਸ ਕੀਤਾ। ਡਰ ਜਾਈਦਾ, ਕਿਤੇ ਟਿਕਟ ਈ ਨਾ ਮਿਲ ਜਾਵੇ, ਸਾਰੇ ਦਿਨ ਦੀ ਦਿਹਾੜੀ ਲੱਗੀ ਖੂਹ 'ਚ ਪੈ ਜਾਂਦੀ ਹੈ। ਟਿਕਟ ਦੇਣ ਜਾਣਾ ਪੈਂਦਾ, ਡਾਲਰ ਵੀ ਜਾਂਦੇ ਤੇ ਪੁਆਂਇਟ ਕੱਟੇ ਜਾਣ ਦਾ ਡਰ ਵੱਖਰਾ ਰਹਿੰਦਾ।"

"ਗੱਲ ਤਾਂ ਤੁਸੀ ਬਲੂ ਟੁੱਥ ਨਾਲ ਹੀ ਕਰਦੇ ਹੋਵੇਗੇ?"

''ਖਿਆਲ ਰੱਖਿਆ ਕਰੋ ਦੀਦੀ ਕਮਾਈਆਂ ਕਰਨੀਆਂ ਕਿਹੜਾ ਸੌਖੀਆਂ ਹਨ।"

"ਹਾਂ ਭੈਣੇ ਸਵੇਰੇ ਪੰਜ ਵਜੇ ਉੱਠਦੀ ਹਾਂ, ਬੱਚਿਆਂ ਨੂੰ ਸੁੱਤਿਆਂ ਛੱਡ ਛੇ ਵਜੇ ਇੱਥੇ ਪਹੁੰਚ ਜਾਂਦੀ ਹਾਂ।

ਮੈਂ ਘਰ ਵੜਦੀ ਹਾਂ, ਪਰਦੀਪ ਘਰੋਂ ਤੁਰ ਪੈਂਦੈ। ਹੁਣ ਕਰੋਨਾ ਕਰਕੇ ਕਿੰਨਾ ਡਰ ਬਣਿਆ ਹੋਇਆ ਹੈ।" ਮੈਂ ਫਿਕਰਮੰਦੀ ਨਾਲ ਕਿਹਾ।

''ਹਾਂ ਦੀਦੀ ਇਹ ਚੀਨੇ ਮਰ ਜਾਣ ਆਪ ਤਾਂ ਗੰਦ ਮੰਦ ਖਾਈ ਜਾਂਦੇ ਨੇ, ਪੂਰੀ ਦੁਨੀਆਂ ਨੂੰ ਵਖ਼ਤ ਪਾਇਆ ਹੋਇਆ।"

"ਏਦਾਂ ਨਹੀਂ ਕਹੀਦਾ, ਹਰ ਦੇਸ਼ ਦਾ ਆਪਣਾ ਫੂਡ ਹੁੰਦਾ। ਜ਼ਰੂਰੀ ਤਾਂ ਨਹੀਂ ਉਨ੍ਹਾਂ ਨੂੰ ਸਾਡਾ ਫੂਡ ਪਸੰਦ ਆਵੇ" ਮੈਂ ਉਸ ਨੂੰ ਟੋਕਦਿਆਂ ਕਿਹਾ।

''ਤੁਹਾਨੂੰ ਨਹੀਂ ਪਤਾ ਦੀਦੀ, ਇਹ ਜਿਉਂਦੇ ਜਾਨਵਰ ਹੀ ਖਾਈ ਜਾਂਦੇ ਨੇ। ਕੀੜੇ, ਮਕੌੜੇ, ਸੱਪ, ਡੱਡੂ, ਕੁੱਤੇ, ਬਿੱਲੇ ਪਤਾ ਨਹੀਂ, ਕੀ ਕੀ ਖਾਈ ਜਾਂਦੇ। ਤੁਸੀਂ ਸੁਪਰ ਸਟੋਰ ਨੀ ਦੇਖਿਆ ਕਿਵੇਂ ਸ਼ੀਸ਼ੇ 'ਚ ਜਿਉਂਦੇ ਜੀਵ ਪਏ ਹੁੰਦੇ ਨੇ। ਉਹ ਸਾਰੇ ਇਹ ਹੀ ਖਾਂਦੇ ਹਨ ਤਾਂ ਹੀ ਤਾਂ ਇਹ ਬਿਮਾਰੀ ਫੈਲੀ ਹੈ।" ਉਸ ਨੇ ਯਕੀਨ ਨਾਲ ਜ਼ੋਰ ਦੇ ਕੇ ਕਿਹਾ। ਮੈਂ ਗੱਲ ਨੂੰ ਹੋਰ ਪਾਸੇ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਤਾਂ ਚੀਨਿਆਂ ਪ੍ਰਤੀ ਗੁੱਸੇ ਨਾਲ ਭਰੀ ਪੀਤੀ ਪਈ ਸੀ।

''ਹਰ ਸਾਲ ਹੀ ਕੋਈ ਨਾ ਕੋਈ ਵਾਇਰਸ ਆਉਂਦਾ। ਪਿਛਲੇ ਸਾਲ ਇਬੋਲਾ ਸੀ। ਕਦੇ ਸਵਾਇਨ ਫਲੂ, ਕਦੇ ਸਾਰਸ ਤੇ ਕਦੇ ਸਪੇਨਿਸ਼ ਫਲੂ।" ਮੈਂ ਫੇਰ ਗੱਲ ਹੋਰ ਪਾਸੇ ਪਾ ਦਿੱਤੀ, "ਚੱਲ ਛੱਡ ਤੂੰ ਦੱਸ ਮੰਮੀ ਡੈਡੀ ਠੀਕ ਨੇ? ਤੁਹਾਡੇ ਬਹੁਤ ਕੇਸ ਆ ਰਹੇ ਨੇ। ਬਹੁਤ ਮੌਤਾਂ ਹੋ ਰਹੀਆਂ। ਸਾਰੇ ਖਿਆਲ ਰੱਖਿਆ ਕਰੋ, ਖਾਸ ਕਰਕੇ ਮੰਮੀ ਡੈਡੀ ਨੂੰ ਜ਼ਿਆਦਾ ਖ਼ਤਰਾ ਹੈ।"

"ਸਾਰੇ ਠੀਕ ਨੇ ਦੀਦੀ ਸਾਡੀ ਕਿੱਥੇ ਸੁਣਦੇ ਆਪਣੀ ਮਰਜ਼ੀ ਕਰਦੇ ਨੇ।"

"ਚੱਲ ਮੈ ਵੀ ਫੋਨ ਕਰਾਂਗੀ ਉਨ੍ਹਾਂ ਨੂੰ ਕਿ ਉਹ ਬਾਹਰ ਨਾ ਜਾਣ ਸ਼ਾਇਦ ਮੇਰੀ ਮੰਨ ਲੈਣ।"

"ਮੰਮੀ ਕਹਿੰਦੀ ਸੀ ਕਿ ਆਪਣੀ ਦੀਦੀ ਨੂੰ ਕਹੀਂ ਉਹ ਵੀ ਗਰੌਸਰੀ ਕਰ ਲਵੇ, ਪਤਾ ਨਹੀਂ ਕਿੰਨਾ ਚਿਰ ਇੱਦਾਂ ਰਹੇ।"

"ਕੋਈ ਨਾ ਕਰ ਲਵਾਂਗੀ।"

"ਦੀਦੀ ਸੁਣਿਆ ਚੀਨ ਜਿਨ੍ਹਾਂ ਲੋਕਾਂ ਨੂੰ ਕਰੋਨਾ ਹੁੰਦਾ ਗੌਰਮਿੰਟ ਉਨ੍ਹਾਂ ਨੂੰ ਮਾਰੀ ਜਾਂਦੀ ਆ। ਗੱਲ ਬਾਹਰ ਨੀ ਆਉਣ ਦਿੰਦੇ।" ਉਸ ਦੀ ਸੂਈ ਮੁੜ ਚੀਨ ਤੇ ਚਲੀ ਗਈ।

"ਤੂੰ ਡਬਲਯੂ. ਟੀ. ਓ. 'ਚ ਲੱਗੀ ਏਂ, ਜਿਹੜੀ ਅੰਦਰ ਦੀਆਂ ਖਬਰਾਂ ਰੱਖਦੀ ਏਂ। ਐਵੇਂ ਨਾ ਵੱਟਸਅੱਪ ਤੇ ਆਈਆਂ ਵੀਡੀਓ ਦੇਖ ਕੇ ਦਿਮਾਗ ਖ਼ਰਾਬ ਕਰਿਆ ਕਰ। ਬਾਕੀ ਹਰ ਗੌਰਮਿੰਟ ਦੀਆਂ ਕੁਝ ਪੌਲਸੀਆਂ ਹੁੰਦੀਆਂ। ਸਾਡੇ ਦੇਸ਼ ਵਿੱਚ ਘੱਟ ਗਿਣਤੀਆਂ ਨਾਲ ਕੀ ਹੁੰਦਾ, ਆਉਂਦਾ ਬਾਹਰ ਕਿਤੇ? ਮੀਡੀਆ ਦਬਾ ਦਿੰਦਾ। ਤੈਨੂੰ ਪਤਾ ਚੀਨ ਨੇ ਕੁਝ ਦਿਨਾਂ 'ਚ ਹੀ ਬਹਤ ਵੱਡਾ ਹਸਪਤਾਲ ਬਣਾ ਦਿੱਤਾ। ਭਾਰਤ ਤਾਂ ਬੱਸ ਥਾਲੀਆਂ, ਤਾਲੀਆਂ ਵਜਾਉਣ ਜੋਗਾ ਹੀ ਹੈ। ਏਨੀ ਛੇਤੀ ਅਮਰੀਕਾ ਕਨੇਡਾ ਵੀ ਨਹੀਂ ਬਣਾ ਸਕਦੇ।"

ਮੈਨੂੰ ਘਰੋਂ ਕਾਲ ਆਉਣ ਲੱਗੀ। ਮੈਂ ਦੀਪੀ ਨੂੰ ਅਗਲੇ ਦਿਨ ਫੋਨ ਕਰਨ ਦਾ ਆਖ ਫੋਨ ਘਰੋਂ ਆ ਰਹੀ ਕਾਲ ਅਟੈਂਡ ਕੀਤੀ।

ਘਰ ਪਹੁੰਚ ਮੈਂ ਕਿਚਨ ਵਿੱਚ ਲੰਚ ਕਿੱਟ ਰੱਖ, ਉੱਥੇ ਹੀ ਸਾਬਣ ਨਾਲ ਹੱਥ ਧੋਤੇ ਅੰਦਰੋਂ ਧੋਤੇ ਕੱਪੜੇ ਲੈ, ਨਹਾਉਣ ਲਈ ਜਾਣ ਲੱਗੀ ਤਾਂ ਰਵਰੀਤ ਤੇ ਅਰਮਾਨ ਰੋਜ਼ ਵਾਂਗ ਮੇਰੇ ਕੋਲ ਭੱਜੇ ਆਏ। ਮੈਂ ਖਿੱਝ ਕੇ ਕਿਹਾ, ''ਪਰ੍ਹੇ ਰਹੋ ਮੈਂ ਨਹਾ ਕੇ ਆਉਂਦੀ ਹਾਂ।" ਪਰਦੀਪ ਮੇਰੇ ਘਰ ਪਹੁੰਚਦਿਆਂ ਹੀ ਚਲਾ ਗਿਆ। ਮੈਂ ਨਹਾ ਕੇ ਬਾਹਰ ਆਈ ਤਾਂ ਦੋਵੇਂ ਬੱਚੇ ਕਾਰਡ ਲੈ ਕੇ ਮੇਰੇ ਵੱਲ ਭੱਜੇ ਆਏ, "ਇਟਸ ਫਾਰ ਯੂ ਮੰਮਾ।" ਮੈਂ ਕਾਰਡ ਫੜ ਦੋਹਾਂ ਨੂੰ ਪਿਆਰ ਕੀਤਾ। ਨਵਰੀਤ ਰੋਜ਼ ਮੇਰੇ ਲਈ ਕਾਰਡ ਤੇ ਅਰਮਾਨ ਡਰਾਇੰਗ ਬਣਾਉਂਦਾ। ਆਉਂਦਿਆ ਹੀ ਮੈਨੂੰ ਕਾਰਡ ਦੇਣ ਲਈ ਲੜਦੇ। ਮੈਂ ਚਾਹ ਰੱਖ ਉਨ੍ਹਾਂ ਨੂੰ ਖਾਣ ਲਈ ਸਨੈਕ ਦਿੱਤੇ। ਚਾਹ ਪੀਦੀ ਮੈਂ ਫ਼ੋਨ 'ਚੋਂ ਛੋਟੀ ਵਲੋਂ ਭੇਜੀਆਂ ਵੀਡੀਓ ਦੇਖਣ ਲੱਗੀ। ਵੈਨਕੂਵਰ, ਟਰੋਂਟੋ, ਕੈਲਗਿਰੀ ਲੋਕ ਗਰੌਸਰੀ ਪਿੱਛੇ ਕਿਵੇਂ ਲੜ ਰਹੇ ਸਨ। ਸਾਰਿਆਂ ਨੂੰ ਆਪੋ ਧਾਪੀ ਪਈ ਹੋਈ ਸੀ। ਕੀ ਇਹ ਬਾਬੇ ਨਾਬਕ ਦੇ ਸਿੱਖ ਨੇ? ਸਟੋਰਾਂ ਵਾਲਿਆਂ ਦੀ ਮਾਨਸਿਕਤਾ ਬਾਰੇ ਸੋਚਦਿਆਂ ਵੀ ਦੁੱਖ ਹੋਣ ਲੱਗਾ।

ਮੇਰਾ ਖਿਆਲ ਮਨਜੀਤ ਵੱਲ ਚਲਾ ਗਿਆ। ਉਹ ਪਿਛਲੇ ਕਈ ਦਿਨਾਂ ਤੋਂ ਕੰਮ ਤੇ ਨਹੀਂ ਸੀ ਆਈ। ਉਸ ਨੇ ਸਿੱਕ ਲੀਵ ਲਈ ਹੋਈ ਸੀ। ਫੋਨ ਚੁੱਕਦਿਆਂ ਹੀ ਉਸਦੀ ਢਿੱਲੀ ਜਿਹੀ ਅਵਾਜ਼ ਵਿੱਚ 'ਹੈਲੋ' ਸੁਣਾਈ ਦਿੱਤੀ।

''ਕੀ ਹੋਇਆ ਕੰਮ ਤੇ ਕਿਉਂ ਨਹੀਂ ਆਉਂਦੀ?"

"ਕੀ ਦੱਸਾਂ ਭੈਣੇ, ਚੌਥੇ ਜਦੋਂ ਕੰਮ ਤੋਂ ਆਈ ਤਾਂ ਮੈਨੂੰ ਲੱਗਿਆ, ਜਿਵੇਂ ਮੈਨੂੰ ਬੁਖ਼ਾਰ ਹੋਵੇ। ਗਲ਼ਾ ਵੀ ਖ਼ਰਾਬ ਸੀ, ਸਿਰ ਵੀ ਭਾਰਾ ਭਾਰਾ ਸੀ। ਮੈਂ ਆਉਂਦੀ ਆਉਂਦੀ ਵਾਕ ਇਨ ਕਲੀਨਿਕ ਤੇ ਚਲੀ ਗਈ। ਮਸਾਂ ਵਾਰੀ ਆਈ। ਡਾਕਟਰ ਨੇ ਚੱਜ ਨਾਲ ਚੈੱਕ ਵੀ ਨਹੀਂ ਕੀਤਾ, ਕਹਿੰਦਾ ਆਮ ਫਲੂ ਹੈ, ਚਾਰ ਚਾਰ ਘੰਟੇ ਬਾਅਦ ਟੈਲੀਨੋਲ ਐਕਸਟਰਾ ਲੈ ਲੈਣੀ, ਠੀਕ ਹੋ ਜਾਵੋਂਗੇ। ਜੇ ਘਰ ਹੈਗੀ ਤਾਂ ਠੀਕ ਹੈ ਨਹੀ ਤਾਂ ਓਵਰ ਦਾ ਕਾਉਂਟਰ ਮਿਲ ਜਾਂਦੀ ਹੈ। ਮੇਰੀ ਤਸੱਲੀ ਨਾ ਹੋਈ ਤਾਂ ਪੁੱਛ ਹੀ ਲਿਆ, 'ਡਾਕਟਰ ਸਾਬ ਕਿਤੇ ਮੈਨੂੰ ਕਰੋਨਾ ਤਾਂ ਨਹੀਂ ਹੋ ਗਿਆ?' ਉਹ ਹੱਸ ਕੇ ਕਹਿੰਦਾ, 'ਤੁਸੀਂ ਬਾਹਰ ਗਏ ਸੀ ਜਾਂ ਤੁਹਾਡੇ ਘਰ ਕੋਈ ਬਾਹਰੋਂ ਆਇਆ ਸੀ?' ਮੇਰੇ ਨਾਂਹ ਕਹਿਣ 'ਤੇ ਬੋਲਿਆ, 'ਫਿਰ ਫ਼ਿਕਰ ਦੀ ਕੋਈ ਗੱਲ ਨਹੀਂ ਠੀਕ ਹੋ ਜਾਵੋਂਗੇ।' ਮੇਰੀ ਤਸੱਲੀ ਜਿਹੀ ਨਾ ਹੋਈ। ਆਉਂਦੀ ਆਉਂਦੀ ਅਰਜੈਂਟ ਕੇਅਰ ਵਿਕਟੋਰੀਆ ਹਸਪਤਾਲ ਚਲੀ ਗਈ। ਉੱਥੇ ਵੀ ਮਸਾਂ ਵਾਰੀ ਆਈ। ਉਨ੍ਹਾਂ ਨੇ ਵੀ ਟੈਲੀਨੋਲ ਖਾਣ ਲਈ ਕਹਿ ਘਰ ਭੇਜ ਦਿੱਤਾ। ਆਏਂ ਤੁਰਦਿਆਂ ਫਿਰਦਿਆਂ ਸ਼ਾਮ ਪੈ ਗਈ। ਘਰ ਆ ਮਾੜਾ ਮੋਟਾ ਖਾਧਾ। ਗੱਲ ਕੀ-ਕੁਝ ਖਾਣ ਨੂੰ ਦਿਲ ਈ ਨਾ ਕਰੇ। ਸਾਰੀ ਰਾਤ ਕਰੋਨਾ ਵਾਇਰਸ ਬਾਰੇ ਵੀਡੀਓ ਦੇਖਦੀ ਰਹੀ ਕਿਵੇਂ ਚੀਨ ਦਾ ਬੁਰਾ ਹਾਲ ਸੀ। ਯੂ ਟਿਊਬ ਦੇ ਨੁਸ਼ਖਿਆਂ ਮੁਤਾਬਕ ਗਰਮ ਪਾਣੀ ਪੀਤਾ ਤੇ ਕਾੜ੍ਹਾ ਵੀ ਲਿਆ। ਕੁਦਰਤੀ ਮਿਲ ਗਿਆ। ਪੰਜਾਬੀ ਸਟੋਰ ਤੋਂ ਲਿਆਂਦਾ ਸੀ ਕੁੱਝ ਦਿਨ ਪਹਿਲਾਂ। ਪਰ ਦਿਲ ਟਿਕੇ ਨਾ। ਫਿਰ ਟੈਲੀਨੋਲ ਖਾਹ ਥੋੜ੍ਹਾ ਬੈਟਰ ਫੀਲ ਹੋਇਆ। ਸਾਰੀ ਰਾਤ ਅੱਖਾਂ ਵਿੱਚ ਕੱਢੀ। ਸਵੇਰੇ ਚਾਹ ਪੀ ਸੈਵਨ ਓਕ ਹਸਪਤਾਲ ਚਲੀ ਗਈ। ਉੱਥੇ ਵੀਸ਼।"

''ਹੁਣ ਠੀਕ ਹੈ'' ਮੈਂ ਗੱਲ ਵਿੱਚੋਂ ਟੋਕਣੀ ਚੰਗੀ ਸਮਝੀ।

"ਆਹੋ ਹੁਣ ਪਹਿਲਾ ਨਾਲੋਂ ਬੈਟਰ ਫੀਲ ਕਰਦੀ ਹਾਂ।"

"ਆਪਣਾ ਖਿਆਲ ਰੱਖੀਂ।" ਕਹਿ ਮੈਂ ਫੋਨ ਬੰਦ ਕਰ ਦਿੱਤਾ।

ਲੀਵਿੰਗ ਰੂਮ ਵਿੱਚੋਂ ਫਿਰ ਰੋਣ ਦੀਆਂ ਅਵਾਜਾਂ ਆਉਣ ਲੱਗੀਆਂ। ਦੋਵੇਂ ਲੜ ਪਏ ਸਨ। ਕੋਲ ਗਈ ਤਾਂ ਰਵਨੀਤ ਰੋ ਰਹੀ ਸੀ। ਅਰਮਾਨ ਨੇ ਉਸਤੋਂ ਰਿਮੋਟ ਖੋਹ ਲਿਆ ਸੀ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਹ ਬੁਸ-ਬੁਸ ਕਰਨ ਲੱਗ ਪਿਆ, "ਤੁਸੀਂ ਵੀ ਪਾਪਾ ਵਾਂਗ ਕਹੋਗੇ ਕਿ ਛੋਟੀਆਂ ਭੈਣਾਂ ਨਾਲ ਨ੍ਹੀ ਲੜੀਦਾ। ਜੇ ਇਹ ਛੋਟੀ ਹੈ ਤਾਂ ਇਹ ਘਰ ਦੀ ਬੌਸ ਹੈ? ਘਰ ਦੀ ਹਰ ਚੀਜ਼ ਇਹਦੀ ਹੈ। ਸਾਰਾ ਦਿਨ ਆਪਣੇ ਕੋਲ ਹੀ ਰਿਮੋਟ ਰੱਖਦੀ ਹੈ।"

"ਨਹੀਂ ਪੁੱਤ, ਤੂੰ ਵੀ ਬੌਸ ਹੈਂ, ਏਦਾਂ ਕਿਉ ਸੋਚਦਾ?" ਮੈਂ ਉਸ ਨੂੰ ਆਪਣੇ ਨਾਲ ਲਾ ਲਿਆ। ਰਵਨੀਤ ਦੇ ਰੋਣ ਦੀ ਅਵਾਜ਼ ਹੋਰ ਉੱਚੀ ਹੋ ਗਈ। ਮੈਂ ਦੋਹਾਂ ਨੂੰ ਆਪਣੇ ਕਲਾਵੇ 'ਚ ਲੈ ਲਿਆ।

"ਤੇਰੀ ਟੈਬਲਿਟ ਕਿੱਥੇ ਹੈਂ ਰਵਨੀਤ?"

"ਚਾਰਜ਼ ਨਹੀਂ ਹੈ ਮੰਮਾ"

"ਚਾਰਜ਼ ਕਿਉਂ ਨਹੀਂ ਕੀਤਾ, ਚੱਲ ਲੈ ਕੇ ਆ, ਚਾਰਜ਼ ਲਾਈਏ।" ਮੈਂ ਉਸ ਦਾ ਟੈਬਲਿਟ ਚਾਰਜ਼ ਲਾ ਆਪਣਾ ਫ਼ੋਨ ਉਸ ਨੂੰ ਦੇ ਦਿੱਤਾ। ਉਹ ਵੀਡੀਓ ਦੇਖਣ ਲੱਗ ਪਈ। ਅਰਮਾਨ ਟੀ.ਵੀ. ਦੇਖਣ ਲੱਗ ਪਿਆ।

ਮੈਂ ਧੋਣ ਵਾਲੇ ਕੱਪੜੇ ਮਸ਼ੀਨ ਵਿੱਚ ਪਾ, ਕਿਚਨ ਵਿੱਚ ਕੰਮ ਕਰਨ ਲੱਗ ਪਈ। ਮੈਨੂੰ ਲੱਗਿਆ ਕਿ ਕਿਸੇ ਦਾ ਫ਼ੋਨ ਆਇਆ। ਏਨੇ ਨੂੰ ਘਰ ਵਾਲੇ ਫ਼ੋਨ ਤੇ ਬੈੱਲ ਵੱਜ ਪਈ।

ਮੈਂ ਫ਼ੋਨ ਚੁੱਕਿਆ ਜਿੰਦਰ ਦਾ ਸੀ ਸਾਸਰੀ ਕਾਲ ਬੁਲਾਉਣ ਉਪਰੰਤ ਕਹਿੰਦੀ, "ਭਾਬੀ ਤੁਹਾਡਾ ਫ਼ੋਨ ਕਿੱਥੇ ਹੈ ? ਮੈਂ ਕਿੰਨੀ ਵਾਰੀ ਫ਼ੋਨ ਕੀਤਾ, ਤੁਸੀਂ ਕੱਟੀ ਜਾਂਦੇ।" ਮੈਂ ਕਿਹਾ,

"ਸੌਰੀ ਜਿੰਦਰ, ਉਹ ਤਾਂ ਰਵਨੀਤ ਕੋਲ ਹੈ, ਅੱਛਾ ਤਾਂ ਹੀ ਉਹ ਕੱਟੀ ਜਾਂਦੀ ਸੀ, ਮੈਂ ਵੀ ਸੋਚਿਆ ਕਿ ਭਾਬੀ ਮੇਰਾ ਫ਼ੋਨ ਕਿਉਂ ਕੱਟੀ ਜਾਂਦੀ ਆ।"

"ਇਹ ਤਾਂ ਇੱਦਾਂ ਹੀ ਕਰਦੇ ਨੇ ਕਈ ਵਾਰੀ ਮੈਨੂੰ ਕਈ ਰਿਸ਼ਤੇਦਾਰਾਂ ਨੇ ਕਿਹਾ, ਹੋਰ ਤੂੰ ਸੁਣਾ ਸੁੱਖਾ ਤੇ ਹੈਰੀ ਕਿਵੇਂ ਨੇ ?

"ਸੁੱਖਾ ਟਰੋਂਟੋ ਲੋਡ ਲੈ ਕੇ ਗਿਆ ਅੱਜ ਆਉਣਾ, ਹੈਰੀ ਅੰਦਰ ਰੁੱਸਿਆ ਬੈਠਾ।"

"ਹੈਅ ਕੀ ਹੋਇਆ ? ਉਹ ਕਾਹਤੋਂ ਰੁੱਸਿਆ ਬੈਠਾ ? ਉਹ ਤਾਂ ਬਹੁਤ ਸਾਊ ਮੁੰਡਾ ਆ।"

"ਕੀ ਦੱਸਾਂ ਭਾਬੀ, ਦੁਪਹਿਰੇ ਸਕੂਲੋਂ ਆਇਆ। ਕਹਿੰਦਾ ਮੰਮਾ ਮੈਂ ਆਪਣੇ ਦੋਸਤ ਦੇ ਘਰ ਜਾ ਸਕਦਾਂ, ਮੈਂ ਸੋਚਿਆ ਕੋਈ ਸਾਂਝਾ ਪ੍ਰੋਜੈਕਟ ਹੋਣਾ ਜਾਂ ਹੋਮ ਵਰਕ ਕਰਨ ਜਾਣਾ ਹੋਣਾ। ਮੈਂ ਕਿਹਾ ਕੋਈ ਨਾ ਪੁੱਤ ਜਾ ਸਕਦਾ। ਅਚਾਨਕ ਮੇਰੇ ਦਿਮਾਗ 'ਚ ਆਇਆ, ਮੈਂ ਕਿਹਾ ਪੁੱਤ ਕਿਹੜੇ ਫਰੈਂਡ ਦੇ ਘਰ ਜਾਣਾ ? ਕਹਿੰਦਾ ਜੈਂਗ ਦੇ। ਮੇਰੇ ਮੂੰਹੋਂ ਨਿਕਲ ਗਿਆ- ਉਹ ਚੀਨ ਤੋਂ ਤਾਂ ਨਹੀਂ ? ਕਹਿੰਦਾ ਹਾਂ ਫਿਰ ਕੀ ਹੋਇਆ ? ਮੈਂ ਕਿਹਾ ਅਸੀਂ ਨਹੀਂ ਜਾਣਾ। ਇੰਨੀ ਗੱਲ ਤੋਂ ਹੀ ਮੇਰੇ ਨਾਲ ਲੜ ਪਿਆ, ਕਹਿੰਦਾ ਤੁਸੀਂ ਇੰਡੀਅਨ ਲੋਕ ਰੇਸਿਸਟ ਬਹੁਤ ਹੋ। ਜਦੋਂ ਤੁਹਾਡੇ ਨਾਲ ਗੋਰੇ ਫ਼ਰਕ ਕਰਦੇ ਤੁਸੀਂ ਬਹੁਤ ਰੌਲਾ ਪਾਉਂਦੇ ਹੋ। ਮੈਂ ਨਹੀਂ ਤੁਹਾਡੇ ਨਾਲ ਗੱਲ ਕਰਨੀ, ਉਦੋਂ ਦਾ ਅੰਦਰ ਬੈਠਾ। ਮਨਾਉਣ ਵੀ ਗਈ ਸੀ ਮੰਨਿਆ ਨਹੀਂ, ਮੈਂ ਕੀ ਕਰਾਂ ਭਾਬੀ, ਇੱਕ ਇਨ੍ਹਾਂ ਦਾ ਫ਼ਿਕਰ ਲੱਗਾ ਹੋਇਆ ਟਰੱਕ ਲੈ ਕੇ ਟਰੋਂਟੋ ਜਾਂਦੇ ਨੇ। ਇੱਥੇ ਆਪਣੇ ਵੀ ਕਰੋਨੇ ਦੇ ਬਹੁਤ ਕੇਸ ਵੱਧ ਰਹੇ ਨੇ।" ਉਸਨੇ ਇੱਕ ਵਾਰ ਵਿੱਚ ਹੀ ਸਾਰਾ ਗੁੱਭ ਗੁਆਟ ਕੱਢ ਮਾਰਿਆ।

"ਜਾ ਲੈਣ ਦੇਣਾ ਸੀ ਜਿੰਦਰ, ਜੈਂਗ ਤਾਂ ਇੱਥੇ ਹੀ ਰਹਿੰਦਾ। ਉਹ ਕਿਹੜਾ ਚੀਨ ਗਿਆ ?"

"ਕੀ ਪਤਾ ਭਾਬੀ ਉਨ੍ਹਾਂ ਦੇ ਘਰ ਕੋਈ ਚੀਨ ਤੋਂ ਆਇਆ ਹੋਵੇ ? ਮੈਨੂੰ ਤਾਂ ਡਰ ਲੱਗਦਾ, ਲਾ ਪਾ ਕੇ ਇਹੀ ਤਾਂ ਹੈ ਮੇਰੇ ਕੋਲ। ਮੈਂ ਕਦੀ ਟੀ. ਵੀ. ਦੇਖੀ ਜਾਂਦੀ, ਕਦੀ ਫ਼ੋਨ ਦੇਖੀ ਜਾਂਦੀ। ਸੋਚਿਆ ਭਾਬੀ ਨੂੰ ਹੀ ਫ਼ੋਨ ਕਰ ਲਵਾਂ-ਮਨ ਹੋਦਰੇ ਪੈਜੂ, ਨਾਲੇ ਤੁਹਾਡੀ ਖ਼ਬਰ ਸਾਰ ਪੁੱਛ ਲਵਾਂ।"

"ਚੰਗਾ ਜਿੰਦਰ ਤੂੰ ਮੁੰਡੇ ਨੂੰ ਮਨਾ ਲੈ- ਬਹੁਤਾ ਚਿਰ ਬੱਚੇ ਨੂੰ ਗੁੱਸੇ ਨਹੀਂ ਰਹਿਣ ਦੇਈਦਾ।" ਚੰਗਾ ਕਹਿ ਮੈਂ ਕੱਪੜਿਆਂ ਦਾ ਲੋਡ ਕੱਢ ਡਰਾਇਰ ਵਿੱਚ ਪਾ ਇੱਕ ਹੋਰ ਲੋਡ ਧੋਣ ਲਈ ਪਾ ਦਿੱਤਾ।

ਮੈਂ ਸੋਫੇ ਤੇ ਬੈਠਣ ਲੱਗੀ ਤਾਂ ਰਵਨੀਤ ਮੇਰੀ ਗੋਦੀ ਵਿੱਚ ਟੈਬਲਿਟ ਲੈ ਕੇ ਬੈਠ ਗਈ। ਮੈਂ ਅਰਮਾਨ ਤੋਂ ਰਿਮੋਟ ਲੈ ਟੀ.ਵੀ. ਦੇਖਣ ਲੱਗੀ। ਜ਼ੀ. ਟੀਵੀ ਤੇ 'ਨਮਸਤੇ ਟਰੰਪ' ਦਿਖਾਇਆ ਜਾ ਰਿਹਾ ਸੀ। ਐਂਕਰ ਤਿੰਘ ਰਿਹਾ ਸੀ ਜਿਵੇਂ ਟਰੰਪ ਦੇ ਆਉਣ ਨਾਲ ਇੰਡੀਆ ਦੇ ਸਾਰੇ ਧੋਣੇ ਧੋਤੇ ਜਾਣਗੇ। ਮੈਂ ਸੋਚ ਰਹੀ ਸੀ ਇਨ੍ਹਾਂ ਦੋਹਾਂ ਮਸਖ਼ਰਿਆਂ ਨੂੰ ਕੋਈ ਫ਼ਰਕ ਨਹੀਂ ਕਿ ਦੁਨੀਆਂ 'ਤੇ ਕੀ ਹੋ ਰਿਹਾ। ਮੈਂ ਚੈਨਲ ਚੇਂਜ਼ ਕਰ ਦਿੱਤਾ। ਉੱਥੇ ਪ੍ਰੋਗਰਾਮ ਚੱਲ ਰਿਹਾ ਸੀ ਕਿਵੇਂ ਟਰੰਪ ਦੇ ਆਉਣ 'ਤੇ ਮੋਦੀ ਨੇ ਵੱਡੀ ਸਾਰੀ ਦੀਵਾਰ ਬਣਾ ਕੇ ਸਾਰੀਆਂ ਝੁੱਗੀਆਂ ਝੌਂਪੜੀਆਂ ਲੁਕਾ ਦਿੱਤੀਆਂ ਹਨ। ਦੇਸ਼ ਦਾ ਕਿੰਨਾ ਪੈਸਾ ਟਰੰਪ ਦੀ ਫੇਰੀ 'ਤੇ ਖਰਚ ਆਵੇਗਾ ਜਿਸ ਨਾਲ ਦੇਸ਼ ਦੇ ਬਹੁਤ ਸਾਰੇ ਲੋਕਾਂ ਲਈ ਰੁਜ਼ਗਾਰ ਤੇ ਹੋਰ ਲੋੜਾਂ ਪੂਰੀਆਂ ਕੀਤੀਆ ਜਾ ਸਕਦੀਆਂ ਹਨ। ਮੈਂ ਅੱਜ ਕੱਲ ਇਹੋ ਚੈਨਲ ਖ਼ਾਸ ਕਰਕੇ 'ਪਰਾਈਮ ਟਾਈਮ' ਹੀ ਦੇਖਦੀ ਹਾਂ। ਬਾਕੀ ਚੈਨਲਾਂ ਵਾਲੇ ਤਾਂ ਸੱਤਾ ਧਿਰ ਦੀ ਦਲਾਲੀ ਕਰਦੇ ਮਸਖਰੇ ਜਾਪਦੇ ਹਨ।

ਮੈਂ ਟਾਇਮ ਦੇਖ, ਬੱਚਿਆਂ ਲਈ ਖਾਣਾ ਬਣਾਇਆ। ਤਿੰਨਾ ਨੇ ਖਾਣਾ ਖਾਧਾ। ਭਾਂਡੇ ਮਸ਼ੀਨ 'ਚ ਪਾ, ਰਸੋਈ ਸਾਫ਼ ਕਰ ਦੁੱਧ ਨੂੰ ਜੰਮਣ ਲਾ, ਹਫ਼ਤੇ ਭਰ ਦੇ ਕੰਮ ਨਿਬੇੜ, ਲਾਂਡਰੀ 'ਚੋਂ ਕੱਪੜੇ ਲਿਆ ਬੈਡ 'ਤੇ ਸੁੱਟ ਦਿੱਤੇ। ਅਰਮਾਨ ਨੂੰ ਕਿਤਾਬ ਪੜ੍ਹਨ ਲਾ ਦਿੱਤਾ। ਉਹ ਹਰ ਰੋਜ਼ ਸੌਣ ਲੱਗਿਆਂ ਕਿਤਾਬ ਪੜ੍ਹਦਾ ਹੈ। ਮੈਂ ਬੱਚਿਆਂ ਨਾਲ ਬੈੱਡ 'ਤੇ ਪੈ ਗਈ। ਪਰਦੀਪ ਨੇ ਗਿਆਰਾਂ ਵਜੇ ਕੰਮ ਖ਼ਤਮ ਕਰਕੇ ਬਾਰ੍ਹਾਂ ਵਜੇ ਘਰ ਪਹੁੰਚਣਾ ਸੀ। ਅਸੀਂ ਤਾਂ ਉਨ੍ਹਾਂ ਦੇ ਆਉਣ ਤੱਕ ਅੱਧੀ ਨੀਂਦ ਕੱਢ ਲੈਂਦੇ। ਕਈ ਵਾਰੀ ਬੱਚੇ ਫਰਾਈ ਡੇਅ ਮੂਵੀ ਨਾਈਟ ਲੈਣ ਲਈ ਜ਼ਿੱਦ ਕਰਦੇ, ਜੇ ਮੇਰਾ ਵੀਕਐਂਡ ਫਰੀ ਹੋਵੇ ਤਾਂ ਮੈਂ ਮੰਨ ਜਾਂਦੀ ਹਾਂ। ਇਹ ਪਰਦੀਪ ਦੇ ਆਉਣ ਤੱਕ ਮੂਵੀ ਦੇਖਦੇ ਤੇ ਉਹਦੇ ਆਉਣ 'ਤੇ ਸੌਣ ਦੀ ਐਕਟਿੰਗ ਕਰਦੇ।

ਅਗਲੇ ਦਿਨ ਕਾਸਕੋ ਗਈ ਤਾਂ ਬਹੁਤ ਲੰਬੀ ਲਾਈਨ ਸੀ। ਮਸਾਂ ਵਾਰੀ ਆਈ, ਕੁੱਝ ਸਮਾਨ ਮਿਲਿਆ ਕੁੱਝ ਨਹੀਂ। ਸੁਪਰ ਸਟੋਰ 'ਚ ਵੀ ਇਹੀ ਹਾਲ ਸੀ ਸਾਰੀਆਂ ਆਇਲਾਂ ਲਗਭਗ ਖ਼ਾਲੀ ਸਨ। ਚਾਇਨੀ ਲੋਕਾਂ ਨੇ ਮਾਸਕ ਪਾਏ ਹੋਏ ਸਨ। ਲੋਕ ਉਨ੍ਹਾਂ ਵੱਲ ਦੇਖ ਨੱਕ ਬੁੱਲ ਕੱਢ ਰਹੇ ਸਨ। ਜੇ ਉਹ ਕਿਸੇ ਚੀਜ਼ ਨੂੰ ਹੱਥ ਲਾਉਂਦੇ ਲੋਕੀ ਏਦਾਂ ਕਰਦੇ ਜਿਵੇਂ ਉਹ ਭਿੱਟ ਗਈ ਹੋਵੇ। ਬਿੱਲ ਕਰਾਉਣ ਵੇਲੇ ਵੀ ਲਾਈਨ ਦੁੱਧ ਦੇ ਖ਼ਾਨਿਆਂ ਤੱਕ ਲੱਗੀ ਹੋਈ ਸੀ। ਜਦੋਂ ਕੋਈ ਚੀਨਾ ਲਾਈਨ ਵਿੱਚ ਲਗਦਾ ਤਾਂ ਲੋਕੀਂ ਇੱਦਾਂ ਦੇਖਦੇ ਜਿਵੇਂ ਕਿਸੇ ਹੋਰ ਹੀ ਦੁਨੀਆਂ ਤੋਂ ਆਇਆ ਹੋਵੇ। ਸਗੀ ਤਾਂ ਸੁਣਿਆ ਇੱਕ ਬਜ਼ੁਰਗ ਜੋੜੇ ਨੂੰ ਸਟੋਰ ਚੋਂ ਧੱਕਾ ਦੇ ਕੇ ਬਾਹਰ ਸੁੱਟ ਦਿੱਤਾ ਸੀ। ਬਿੱਲ ਕਰਦੀ ਇੱਕ ਗੋਰੀ ਕੁੜੀ ਦੂਜੀ ਨੂੰ ਚੀਨਿਆਂ ਵੱਲ ਦੇਖ ਕੇ ਇਸ਼ਾਰੇ ਕਰਦੀ। ਮੇਰੇ ਵਾਲੀ ਲਾਈਨ 'ਚ ਪੰਜਾਬਣ ਕੁੜੀ ਸੀ, ਹਰ ਹਫ਼ਤੇ ਇੱਥੋਂ ਗਰੌਸਰੀ ਕਰਦੀ ਹੋਣ ਕਰਕੇ ਮੈਨੂੰ ਜਾਣਦੀ ਸੀ। ਮੈਨੂੰ ਸੁਣਾ ਕੇ ਪੰਜਾਬੀ 'ਚ ਕਹਿੰਦੀ, "ਇਨ੍ਹਾਂ ਨੂੰ ਅੱਤ ਆਈ ਪਈ ਹੈ। ਇਨ੍ਹਾਂ ਤੋਂ ਘਰ ਨੀ ਬਹਿ ਹੁੰਦਾ।"

"ਕੋਈ ਨਾ ਇਨ੍ਹਾਂ ਨੂੰ ਵੀ ਸਮਾਨ ਦੀ ਲੋੜ ਹੈ।" ਮੈਨੂੰ ਉਸ ਦਾ ਇਸ ਤਰ੍ਹਾਂ ਕਰਨਾ ਚੰਗਾ ਨਾ ਲੱਗਾ ਦਿਲ ਕੀਤਾ ਕਿ ਇਹਦੀ ਮੈਨੇਜਰ ਨੂੰ ਸ਼ਕਾਇਤ ਲਗਾਈ ਜਾਵੇ ਪਰ ਮਨ ਸਮਝਾ ਲਿਆ। ਪੰਜਾਬੀਆਂ ਦੇ ਜਾਣਾ ਬਹੁਤ ਜ਼ਰੂਰੀ ਸੀ। ਆਟਾ, ਬੇਸਣ, ਸਬਜ਼ੀਆਂ ਤੇ ਹਰੀਆਂ ਮਿਰਚਾਂ ਲੈਣੀਆਂ ਸਨ। ਉੱਥੇ ਕੀਮਤਾਂ ਅਸਮਾਨੀ ਛੋਹ ਰਹੀਆਂ ਸਨ ਪਰ ਕੀ ਕੀਤਾ ਜਾਵੇ, ਲਏ ਬਿਨਾਂ ਸਰਦਾ ਵੀ ਨਹੀਂ ਸੀ।

ਸਟੋਰ ਤੋਂ ਚੱਲਣ ਲੱਗੀ ਨੇ ਮੈਂ ਫ਼ੋਨ ਕਰ ਦਿੱਤਾ ਸੀ। ਲੰਚ ਪਰਦੀਪ ਨੇ ਬਣਾ ਲਿਆ ਸੀ। ਉਸ ਨੇ ਕੈਨੇਡਾ ਆ ਕੇ ਰਸੋਈ ਦਾ ਸਾਰਾ ਕੰਮ ਸਿੱਖ ਲਿਆ ਸੀ। ਕਈ ਚੀਜ਼ਾਂ ਤਾਂ ਉਹ ਮੇਰੇ ਤੋਂ ਵੀ ਸੁਆਦ ਬਣਾਉਂਦੇ। ਚਾਹ ਪੀ ਹਟੀ ਤਾਂ ਪਰਦੀਪ ਨੇ ਨਹੋਰਾ ਜਿਹਾ, "ਸੋਚਿਆ ਸੀ ਕਿ ਅੱਜ ਛੁੱਟੀ ਹੈ ਸਪੈਸ਼ਲ ਲੰਚ ਮਿਲੇਗਾ। ਪਰ ਕੋਈ ਨਾਸ਼ਸ਼।"

"ਤੁਹਾਨੂੰ ਤਾਂ ਪਤਾ ਹੀ ਹੈ ਕਿ ਗਰੌਸਰੀ ਕਰਨੀ ਕਿੰਨੀ ਔਖੀ ਹੈ ਇਨ੍ਹੀਂ ਦਿਨੀਂ।" ਕਹਿ ਮੈਂ ਆਪਣੀ ਮਜ਼ਬੂਰੀ ਦੱਸੀ।

"ਕੋਈ ਨਾ ਅੱਜ ਡਿਨਰ ਸਪੈਸ਼ਲ ਬਣਾ ਦਿਆਂਗੀ।" ਗਰੌਸਰੀ ਸਾਫ਼ ਕਰ ਟਿਕਾ, ਮੈਂ ਬੱਚਿਆਂ ਨੂੰ ਨਾਲ ਲੈ ਬਾਹਰ ਜਾਣ ਲੱਗੀ।

"ਹੁਣ ਕਿੱਥੇ ?" ਪਰਦੀਪ ਨੇ ਸਵਾਲ ਕਰ ਦਿੱਤਾ ਸੀ। ਮੈਂ ਕਰੀਸਟੀ ਕੋਲੋਂ ਲਈ ਅਪਾਇੰਟਮੈਂਟ ਬਾਰੇ ਦੱਸਿਆ ਤਾਂ ਉਹਦਾ ਮੂੰਹ ਉਤਰ ਗਿਆ।

"ਉਹਦੇ ਕੋਲ ਵਾਲ ਕਟਾਉਣ ਜਾਣਾ ਜ਼ਰੂਰੀ ਹੈ ?" ਉਸਨੇ ਮਲ਼ਮੀ ਜਿਹੀ ਜੀਭ ਨਾਲ ਆਖਿਆ।

"ਕਿਉਂ ਕੀ ਹੋਇਆ ? ਅਸੀਂ ਤਾਂ ਜਦੋਂ ਦੇ ਇੱਥੇ ਮੂਵ ਹੋਏ ਹਾਂ, ਪਿਛਲੇ ਕਈ ਸਾਲਾਂ ਤੋਂ ਉਹਦੇ ਕੋਲ ਹੀ ਜਾਂਦੇ ਹਾਂ, ਜਦੋਂ ਲੋੜ ਹੋਵੇ ਕੰਮ ਕਰ ਦਿੰਦੀ ਹੈ, ਕਈ ਵਾਰੀ ਤਾਂ ਅਪਾਇੰਟਮੈਂਟ ਤੋਂ ਬਿਨਾਂ ਹੀ ਟਾਈਮ ਅਡਜੱਸਟ ਕਰਕੇ ਵਾਲ ਕੱਟ ਦਿੰਦੀ ਹੈ। ਰਵਨੀਤ ਤੇ ਅਰਮਾਨ ਨੂੰ ਵੀ ਬਹੁਤ ਪਿਆਰ ਕਰਦੀ ਹੈ। ਚਾਕਲੇਟ ਕੈਂਡੀਆਂ ਲਿਆ ਕੇ ਰੱਖਦੀ ਹੈ ਬੱਚਿਆਂ ਲਈ। ਕਈ ਵਾਰੀ ਪਾਰਟੀ ਤੇ ਜਾਣਾ ਹੋਵੇ ਫਰੀ ਸਟਾਇਲ ਕਰ ਦਿੰਦੀ ਹੈ, ਜ਼ੋਰ ਦੇਣ 'ਤੇ ਵੀ ਪੈਸੇ ਨਹੀ ਲੈਂਦੀ।" ਉਹਦੀਆਂ ਚੰਗਿਆਈਆਂ ਸੁਣਕੇ ਵੀ ਪਰਦੀਪ ਕੁਝ ਨਾ ਬੋਲਿਆ। ਮੈਂ ਉਸਦੀ ਅੰਦਰਲੀ ਭਾਵਨਾ ਸਮਝ ਤਾਂ ਗਈ ਪਰ ਬਿਨਾਂ ਬੋਲਿਆਂ ਬੱਚਿਆਂ ਨੂੰ ਨਾਲ ਲੈ ਕੇ ਬਾਹਰ ਨਿਕਲ ਗਈ।

ਅਜੇ ਘਰੋਂ ਬਾਹਰ ਨਿਕਲੀ ਹੀ ਸੀ, ਗੁਆਂਢਣ ਮਿਸਜ਼ ਰੰਧਾਵਾ ਮਿਲ ਪਈ।

"ਭੈਣ ਜੀ, ਬੱਚਿਆਂ ਨੂੰ ਲੈ ਕੇ ਕਿਧਰ ਦੀ ਤਿਆਰੀ ਹੈ ?" ਏਨੇ ਨੂੰ ਭੰਡਾਲ ਆਂਟੀ ਵੀ ਖ਼ਾਲੀ ਹੋਏ ਗਾਰਬੇਜ਼ ਵਾਲੇ ਢੋਲ ਚੁੱਕਣ ਦੇ ਬਹਾਨੇ ਸਾਡੇ ਕੋਲ ਆ ਗਈ।

"ਕਰੀਸਟੀ ਕੋਲ ਜਾ ਰਹੇ ਹਾਂ। ਬੱਚਿਆਂ ਦੇ ਵਾਲ਼ ਕਟਵਾਉਣੇ ਹਨ।"

"ਕਰੀਸਟੀ ? ਉਸ ਚੀਨਣ ਕੋਲੋਂ ?" ਦੋਵਾਂ ਦੇ ਮੂੰਹ ਇਕੱਠੇ ਹੀ ਖੁੱਲ੍ਹੇ।

"ਭੈਣ ਕਮਲੀ ਤਾਂ ਨ੍ਹੀ ਹੋ ਗਈ ? ਏਹਨਾਂ ਚੀਨਿਆਂ ਕਰਕੇ ਤਾਂ ਦੁਨੀਆਂ ਖਾਤਮੇ 'ਤੇ ਆਈ ਪਈ। ਸਾਰੇ ਆਂਹਦੇ ਕਰੋਨਾ ਦੀ ਮਹਾਂਮਾਰੀ ਦੁਨੀਆਂ ਨੂੰ ਖਤਮ ਕਰਨ ਵਾਸਤੇ ਚੀਨਿਆਂ ਨੇ ਛੱਡੀ ਹੈ।"

ਉਨ੍ਹਾਂ ਨੇ ਵੀ ਸ਼ਾਇਦ ਮੈਨੂੰ ਚੀਨਣ (ਕਰੀਸਟੀ) ਦੇ ਘਰੋਂ ਆਉਂਦੇ ਦੇਖ ਲਿਆ ਸੀ। ਆਉਂਦਿਆਂ ਹੀ, "ਤੁਸੀਂ ਇਹਦੇ ਵਾਲ ਕਟਵਾ ਕੇ ਆਏ, ਤੁਹਾਨੂੰ ਨੀ ਪਤਾ ਕਰੋਨਾ ਕਿੰਨਾ ਫੈਲਿਆ ਹੋਇਆ, ਚੀਨਿਆ ਕਰਕੇ ?" ਸਿੱਧੂ ਆਂਟੀ ਵੀ ਸਾਨੂੰ ਦੇਖ ਪੈਰ ਮਲ਼ਦੀ ਮਲ਼ਦੀ ਸਾਡੇ ਕੋਲ ਆ ਕਹਿੰਦੀ, "ਇਹ ਬਿਮਾਰੀ ਚੀਨਿਆਂ ਨੇ ਛੱਡੀ, ਦੁਨੀਆਂ ਨੂੰ ਖ਼ਤਮ ਕਰਨ ਲਈ।"

"ਕਰੀਸਟੀ ਤਾਂ ਇਹ ਇੱਥੇ ਰਹਿੰਦੀ ਸਾਡੇ ਗੁਆਂਢ 'ਚ। ਨਾ ਚੀਨ ਗਈ ਨਾ ਹੀ ਕੋਈ ਚੀਨ ਤੋਂ ਇਹਦੇ ਘਰ ਆਇਆ। ਨਾ ਹੀ ਇਹ ਕਿਸੇ ਨੂੰ ਆਪਦੇ ਘਰ ਵਾੜੇਗੀ ਕਿਉਂ ਕਿ ਇਸ ਨੂੰ ਵੀ ਜਾਨ ਪਿਆਰੀ ਹੈ। ਇਹ ਕਿਵੇਂ ਦੋਸ਼ੀ ਹੋਈ ?"

"ਹੈ ਤਾਂ ਚੀਨਣ ਹੀ।" ਮਿਸਜ਼ ਰੰਧਾਵਾ ਫਟੱਕ ਦੇਣੀ ਬੋਲੀ ਸੀ।

"ਸ਼ਪੈਨਿਸ਼ ਫਲੂ ਸਪੇਨ ਤੋਂ ਸ਼ੁਰੂ ਹੋਇਆ ਸੀ, ਇਸ ਲਈ ਸਾਰੇ ਸਪੇਨ ਵਾਸੀ ਦੋਸ਼ੀ ਨੇ। ਏਡਜ਼ ਅਮਰੀਕਾ ਚੋਂ ਸਾਰੀ ਦੁਨੀਆਂ 'ਚ ਫੈਲੀ ਹੈ, ਸਾਰੇ ਅਮਰੀਕਨ ਕਸੂਰਵਾਰ ਹੋਗੇ। ਨਾਈਨ ਅਲੈਵਨ ਹੋਇਆ ਤਾਂ ਮੁਸਲਮਾਨਾਂ ਤੇ ਹਮਲੇ ਹੋਏ, ਕੀ ਸਾਰੇ ਮੁਸਲਮਾਨ ਦੋਸ਼ੀ ਸਨ ? ਜਦੋਂ ਏਅਰ ਇੰਡੀਆ ਬੰਬ ਕੇਸ ਹੋਇਆ, ਉਸ ਸਮੇਂ ਰੇਸਿਸਟ ਗੋਰੇ ਸਿੱਖਾਂ ਨੂੰ ਅੱਤਵਾਦੀ ਕਹਿੰਦੇ ਸੀ, ਕੀ ਆਪਾਂ ਸਾਰੇ ਸਿੱਖ ਅੱਤਵਾਦੀ ਹਾਂ ? ਜੇ ਨਹੀਂ ਤਾਂ ਸਾਰੇ ਚੀਨੇ ਦੋਸ਼ੀ ਕਿਵੇਂ ? ਤੁਹਾਡੀ ਇਹ ਸੋਚ ਨਫ਼ਰਤ ਦੀਆਂ ਵੀਡੀਓ ਦੇਖ ਦੇਖ ਬਣੀ ਹੈ।" ਮੈਂ ਭਰੀ ਪੀਤੀ ਪਈ ਸੀ। ਬੱਚੇ ਮੇਰੇ ਮੂੰਹ ਵੱਲ ਦੇਖ ਰਹੇ ਸਨ। ਮੈਂ ਕਦੇ ਗੁੱਸੇ 'ਚ ਨਹੀਂ ਆਉਂਦੀ ਪਰ ਹੁਣ ਆ ਗਈ ਸਾਂ। ਮੈਂ ਬੱਚਿਆਂ ਨੂੰ ਲੈ ਕੇ ਕਾਹਲੀ ਕਾਹਲੀ ਕਰੀਸਟੀ ਦੇ ਘਰ ਵੱਲ ਚੱਲ ਪਈ ਸਾਂ।

ਮੈਂ ਬੈੱਲ ਮਾਰੀ ਤਾਂ ਕਰਿਸਟੀ ਨੇ ਦਰਵਾਜ਼ਾ ਖੋਲਿਆ। ਉਹ ਕਿੰਨਾ ਚਿਰ ਦਰਵਾਜੇ 'ਚ ਖੜੀ ਸਾਨੂੰ ਹੈਰਾਨੀ ਨਾਲ ਵੇਖਦੀ ਰਹੀ।

"ਕਰਿਸਟੀ, ਇੰਜ ਕਿਉਂ ਵੇਖ ਰਹੀ ਏਂ ?"

"ਮੈਨੂੰ ਯਕੀਨ ਨਹੀਂ ਹੋ ਰਿਹਾ। ਮੈਂ ਤਾਂ ਸੋਚਿਆ ਸੀ ਤੁਸੀਂ ਨਹੀਂ ਆਵੋਗੇ।" ਬੇਹੱਦ ਉਦਾਸ ਜਿਹੇ ਲਹਿਜੇ 'ਚ ਉਹ ਬੋਲੀ ਸੀ।

"ਕਿਉਂ ਨਹੀਂ ਸੀ ਆਉਣਾ ਜੇ ਨਾ ਆਉਣਾ ਹੁੰਦਾ, ਤਾਂ ਫ਼ੋਨ ਜ਼ਰੂਰ ਕਰਦੇ।"

"ਕੋਈ ਵਿਰਲਾ ਟਾਂਵਾਂ ਹੀ ਆਉਂਦਾ ਹੈ। ਕੰਮ 'ਤੇ ਵੀ ਨਹੀਂ ਜਾਂਦੀ।"

"ਕਿਉਂ ਕੀ ਹੋਇਆ ? ਕੰਮ ਤੇ ਕਿਉਂ ਨਹੀਂ ਜਾਂਦੀ ?"

"ਇੱਕ ਗੋਰੀ ਕੁੜੀ ਨੇ ਮੇਰੇ ਤੋਂ ਵਾਲ ਕਟਵਾਉਣ ਤੋਂ ਨਾਂਹ ਕਰ ਦਿੱਤੀ। ਸੈਲੂਨ ਮਾਲਕਣ ਨੇ ਮੈਨੂੰ ਕਿਹਾ ਕਿ ਤੂੰ ਓਦੋਂ ਤੱਕ ਘਰੇ ਹੀ ਰਹਿ ਜਦ ਤੱਕ ਮਾਹੌਲ ਠੀਕ ਨਹੀ ਹੋ ਜਾਂਦਾ।"

"ਓਹ! ਵੈਰੀ ਸੈਡ!" ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਕੀ ਆਖਾਂ।

"ਪਤਾ ਨਹੀਂ ਕਿੰਨਾ ਚਿਰ ਲੱਗਣਾ ਨਾਰਮਲ ਹੋਣ ਲਈ। ਮੈਨੂੰ ਤਾਂ ਘਰ ਦੀ ਮੌਰਗਜ਼ ਦਾ ਫ਼ਿਕਰ ਹੈ। ਹਸਬੈਂਡ ਦੀ ਫੈਕਟਰੀ 'ਚ ਵੀ ਮਹੌਲ ਠੀਕ ਨਹੀਂ। ਲੋਕ ਟੀਜ਼ ਕਰਦੇ ਨੇ ਹੁਣ ਤਾਂ ਬਾਹਰ ਜਾਣਾ ਵੀ ਔਖਾ ਹੋਇਆ ਪਿਆ।" ਕਰਿਸਟੀ ਦੀ ਆਵਾਜ਼ ਭਾਰੀ ਹੋ ਗਈ ਸੀ।

"ਇਹ ਤਾਂ ਬਹੁਤ ਦੁੱਖ ਵਾਲੀ ਗੱਲ ਹੈ।"

"ਦੁੱਖ ਏਹ ਨਹੀਂ ਕਿ ਲੋਕ ਕੀ ਸੋਚਦੇ ਜਾਂ ਆਖਦੇ ਨੇ, ਪਰ---ਪਰ ਇਹਤੋਂ ਵੱਧ ਬਹੁਤ ਕੱਝ ਦੁਖਦਾਈ ਹੋ ਰਿਹਾ!" ਉਸਨੇ ਨੀਵੀਂ ਪਾ ਲਈ।

"ਕੀ ?"

"ਮੈਂ ਵਾਲ ਮਾਰਟ ਤੋਂ ਗਰੌਸਰੀ ਕਰਕੇ ਆ ਰਹੀ ਸੀ। ਬਿਲਕੁੱਲ ਇਸ ਬੱਚੇ ਦੀ ਉਮਰ ਦੇ ਬੱਚੇ ਕਰੋਨਾ ਕਰੋਨਾ ਕਹਿ ਮੇਰੇ 'ਤੇ ਆਵਾਜ਼ੇ ਕੱਸ ਰਹੇ ਸੀ। --ਤੇ ਉਹਨਾਂ ਦੇ ਮਾਂ ਬਾਪ ਹੱਸ ਰਹੇ ਸੀ। ਮੈਂ ਜਾਣਦੀ ਹਾਂ ਕਿ ਇੱਕ ਨਾ ਇੱਕ ਦਿਨ ਸਾਰਾ ਕੁੱਝ ਨੌਰਮਲ ਹੋ ਜਾਊ, ਪਰ ਮਾਸੂਮ ਬੱਚਿਆਂ ਦੇ ਮਨਾਂ 'ਤੇ ਸਾਡੇ ਪ੍ਰਤੀ ਉੱਕਰੀ ਨਫਰਤ ਕਦੇ ਖਤਮ ਹੋ ਸਕੇਗੀ ?" ਉਸ ਦੀਆਂ ਨਿੱਕੀਆਂ ਅੱਖਾਂ 'ਚੋਂ ਵੱਡੇ ਵੱਡੇ ਅੱਥਰੂ ਨਿਕਲ ਆਏ ਸਨ। ਉਸਦੇ ਇਸ ਸਵਾਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ।

# ਕਾਮਰੇਡ ਰਣਜੋਧ ਸਿੰਘ ਲਲਤੋਂ ਨੂੰ ਸ਼ਰਧਾਂਜਲੀ ਭੇਂਟ ਸਮੇਂ ਉਨ੍ਹਾਂ ਦੇ ਸੰਘਰਸ਼ੀ ਤੇ ਇਨਕਲਾਬੀ ਸਿਰੜ ਨੂੰ ਕੀਤਾ ਸਲਾਮ


**ਜਸਵੰਤ ਜੀਰਖ**

ਜ਼ਿੰਦਗੀ ਦੇ ਪੰਧ ਨੂੰ ਬਹੁੱਤ ਹੀ ਸਿਰੜ ਤੇ ਅਣਥੱਕ ਕਦਮਾਂ ਨਾਲ ਸਮੇਟਣ ਵਾਲੇ ਕਾਮਰੇਡ ਰਣਜੋਧ ਸਿੰਘ ਲਲਤੋਂ ਜੋ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ , ਦਾ ਸ਼ਰਧਾਂਜਲੀ ਸਮਾਗਮ ਉਹਨਾਂ ਦੇ ਜੱਦੀ ਪਿੰਡ ਲਲਤੋਂ ਖੁਰਦ ਵਿੱਖੇ ਕੀਤਾ ਗਿਆ।ਇਸ ਸਮਾਗਮ ਦੀ ਰਿਪੋਰਟ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਜਸਵੰਤ ਜੀਰਖ ਨੇ ਜਾਣਕਾਰੀ ਦਿੱਤੀ ਕਿ ਇਸ ਮੌਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਕਿਸੇ ਵਿਅਕਤੀ ਦਾ ਸਰਧਾਂਜਲੀ ਸਮਾਗਮ ਅਸਲ ਵਿੱਚ ਉਸ ਦੀਆਂ ਸਮਾਜ ਪ੍ਰਤੀ ਪ੍ਰਾਪਤੀਆਂ ਨੂੰ ਜਾਨਣ ਦਾ ਸਮਾਂ ਹੁੰਦਾ ਹੈ , ਜਿਹਨਾਂ ਨੂੰ ਜਾਣਕੇ ਉਹਨਾਂ ਨੂੰ ਅੱਗੇ ਤੋਰਨ ਦੀ ਲੋੜ ਹੁੰਦੀ ਹੈ। ਉਹਨਾਂ ਮਨੁੱਖ ਦੀ ਨਿਰਬਲਤਾ ਨੂੰ ਗੁਲਾਮੀ ਵਿੱਚ ਜੀਣ ਦਾ ਮੁੱਖ ਕਾਰਣ ਦੱਸਦਿਆਂ ਕਿਹਾ ਕਿ ਇਸ ਨਿਰਬਲਤਾ ਨੂੰ ਸਿਰਫ ਮਨੁੱਖੀ ਜੱਥੇਬੰਦਕ ਤਾਕਤ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ। ਉਹਨਾਂ ਦਿੱਲੀ ਦੀਆਂ ਬਰੂਹਾਂ ਤੇ ਲਗਾਤਾਰ ਇੱਕ ਸਾਲ ਤੋਂ ਵੱਧ ਸਮੇਂ ਤੱਕ ਚੱਲੇ ਕਿਸਾਨੀ ਸੰਘਰਸ਼ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਸਿਰੜੀ ਤੇ ਸੰਘਰਸ਼ੀ ਲੋਕ ਜੱਥੇਬੰਦ ਹੋਕੇ ਜਦੋਂ ਬਲ ਪ੍ਰਾਪਤ ਕਰ ਲੈਂਦੇ ਹਨ ਤਾਂ ਵੱਡੀਆਂ ਹੈਂਕੜਬਾਜ਼ ਹਕੂਮਤਾਂ ਦੀ ਹੈਂਕੜ ਤੋੜਨ ਦੇ ਕਾਬਲ ਹੋ ਜਾਂਦੇ ਹਨ। ਅਜਿਹਾ ਬਲ ਪ੍ਰਾਪਤ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਜਿਸ ਦ੍ਰਿੜ ਇਰਾਦੇ ਨਾਲ ਸਾਥੀ ਰਣਜੋਧ ਹਰ ਲੋਕ ਪੱਖੀ ਸਰਗਰਮੀ ਦੌਰਾਨ ਹਮੇਸ਼ਾ ਚੜ੍ਹਦੀ ਕਲਾ 'ਚ ਮਿਲਦਾ ਰਿਹਾ, ਉਸਦੇ ਅਜਿਹੇ ਜਜਬੇ ਦੀ ਕਦਰ ਕਰਦਿਆਂ ਸਾਨੂੰ ਵੀ ਉਸਤੋਂ ਸਿੱਖਣਾ ਚਾਹੀਦਾ ਹੈ। ਮਾ. ਜਸਦੇਵ ਲਲਤੋਂ ਨੇ ਕਾ ਰਣਜੋਧ ਸਿੰਘ ਦੇ ਸਮੁੱਚੇ ਜੀਵਨ ਤੇ ਝਾਤ ਮਾਰਵਾਉਂਦਿਆਂ ਦੱਸਿਆ ਕਿ ਕਿਵੇਂ ਉਹਨਾਂ ਇਕ ਸਧਾਰਨ ਪ੍ਰਵਾਰ ਵਿੱਚ ਜਨਮ ਲੈ ਕੇ, ਭਰ ਜਵਾਨੀ ਦੀ ਉਮਰ ਵਿੱਚ ਦੱਬੇ ਕੁਚਲੇ ਲੋਕਾਂ ਦੇ ਹੱਕ ਵਿੱਚ



ਇੱਕ ਇਨਕਲਾਬੀ ਮਜਾਹਰੇ ਦੀ ਅਗਵਾਈ ਕਰ ਰਹੇ ਸਾਥੀ ਰਣਜੋਧ ਸਿੰਘ ਲਲਤੋਂ ਸਭ ਤੋਂ ਅੱਗੇ ਜਾਂਦੇ ਹੋਏ

ਉੱਠੀ ਮਹਾਨ ਕ੍ਰਾਂਤੀਕਾਰੀ ਲਹਿਰ ਨਕਸਲਬਾੜੀ ਵਿੱਚ ਇਕ ਸਿਰੜੀ ਸਿਪਾਹੀ ਵਜੋਂ ਅਹਿਮ ਭੂਮਿਕਾ ਨਿਭਾਕੇ ਸਮਾਜ ਵਿੱਚ ਹੱਕ, ਸੱਚ, ਇਨਸਾਫ਼ ਅਤੇ ਬਰਾਬਰਤਾ ਵਾਲਾ ਸਮਾਜ ਬਣਾਉਣ ਲਈ ਕਈ ਸੰਘਰਸ਼ਾਂ ਵਿੱਚ ਅਹਿਮ ਭੂਮਿਕਾ ਨਿਭਾਈ। ਇਸੇ ਪਿੰਡ ਦੇ ਜੰਮ-ਪਲ ਗ਼ਦਰ ਪਾਰਟੀ ਦੇ ਆਗੂ ਬਾਬਾ ਗੁਰਮੁਖ ਸਿੰਘ ਲਲਤੋਂ ਅਤੇ ਇਨਕਲਾਬੀ ਬਾਬਾ ਬੂਝਾ ਸਿੰਘ ਵਰਗੇ ਮਹਾਨ ਇਨਕਲਾਬੀਆਂ ਦੀ ਪ੍ਰੇਰਣਾ ਲੈ ਕੇ ਇੱਕ ਸੱਚੇ ਸੁੱਚੇ ਅਤੇ ਸਿੱਦਕ ਦਿਲੀ ਵਾਲੇ ਮਨੁੱਖ ਵਜੋਂ ਜ਼ਿੰਦਗੀ ਜਿਉਂਦਿਆਂ ਅੰਤ ਤੱਕ ਇੱਕ ਯੋਧੇ ਦੇ ਤੌਰ ਤੇ ਵਿਚਰਦੇ ਰਹੇ।ਪੰਜਾਬ ਵਿੱਚ ਦਹਿਸ਼ਤ ਗਰਦੀ ਦੇ ਦੌਰ ਵਿੱਚ ਜਦੋਂ ਅਸੰਬਲੀ ਚੋਣਾਂ ਦਾ ਜਬਰੀ ਬਾਈਕਾਟ ਕਰਨ ਦੇ ਫੁਰਮਾਨ ਜਾਰੀ ਹੋਏ ਸਨ, ਉਸ ਸਮੇਂ ਕਾਮਰੇਡ ਰਣਜੋਧ ਗਦਰ ਪਾਰਟੀ ਦਾ ਝੰਡਾ ਲਹਿਰਾਉਂਦਾ, ਲਲਕਾਰਦਾ ਹੋਇਆ ਦਹਸਤਗਰਦੀ ਨੂੰ ਵੰਗਾਰਦਾ ਇਕੱਲਾ ਹੀ ਵੋਟ ਪਾਉਣ ਗਿਆ ਸੀ। ਉਹਨਾਂ ਉਸ ਉੱਪਰ ਬਣੇ ਪੁਲਸ ਕੇਸਾਂ ਦੇ ਹਵਾਲੇ ਸਾਂਝੇ ਕਰਦਿਆਂ ਦੱਸਿਆ ਕਿ ਕਾ ਰਣਜੋਧ ਨੇ ਹਮੇਸ਼ਾ ਹੀ ਹੱਕੀ ਲੜਾਈ ਲੜਦਿਆਂ ਕਿਸੇ ਗਲਤ ਨਾਲ ਸਮਝੌਤਾ ਨਹੀਂ ਕੀਤਾ। ਅੱਜ ਕੱਲ੍ਹ ਉਹ ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੀਆਂ ਲੁਧਿਆਣਾ ਇਕਾਈਆਂ ਵਿੱਚ ਬਹੁਤ ਸੰਜੀਦਗੀ ਨਾਲ ਆਪਣੀ ਜ਼ੁੰਮੇਵਾਰੀ ਨਿਭਾਅ ਰਹੇ ਸਨ। ਤਰਕਸ਼ੀਲ ਸੁਸਾਇਟੀ ਦੇ ਪ੍ਰੋਗਰਾਮ ਤਹਿਤ ਹੀ ਉਹਨਾਂ ਆਪਣੀ ਮੌਤ ਉਪਰੰਤ ਆਪਣਾ ਸਰੀਰ ਮੈਡੀਕਲ ਖੋਜਾਂ ਲਈ ਸੀ ਐਮ ਸੀ ਹਸਪਤਾਲ ਲੁਧਿਆਣਾ ਨੂੰ ਦੇਣ ਦੀ ਵਸੀਅਤ ਕਰ ਦਿੱਤੀ ਸੀ। ਇਸੇ ਕਰਕੇ ਉਹਨਾਂ ਦੀ ਵਸੀਅਤ ਅਨੁਸਾਰ ਮ੍ਰਿਤਕ ਸਰੀਰ ਹਸਪਤਾਲ ਨੂੰ ਦਿੱਤਾ ਗਿਆ। ਤਰਕਸ਼ੀਲ ਸੁਸਾਇਟੀ ਅਤੇ ਜਮਹੂਰੀ ਅਧਿਕਾਰ ਸਭਾ ਦੇ ਸਥਾਨਕ ਮੈਂਬਰਾਂ ਨੇ ਇਸ ਸਮੇਂ ਆਪਣੀ ਬਨਦੀ ਜ਼ੁੰਮੇਵਾਰੀ ਨਿਭਾਈ। ਉਹਨਾਂ ਪ੍ਰਵਾਰ ਵੱਲੋਂ, ਇਸ ਸਮਾਗਮ ਵਿੱਚ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਜਿਹਨਾਂ ਵਿੱਚ ਮੋਲਡਰ ਤੇ ਸਟੀਲ ਵਰਕਰਜ ਯੂਨੀਅਨ ਦੇ ਹਰਜਿੰਦਰ ਸਿੰਘ, ਦਲਜੀਤ ਸਿੰਘ, ਜੋਰਾ ਸਿੰਘ ਪ੍ਰਧਾਨ ਗ਼ਦਰੀ ਬਾਬਾ ਗੁਰਮਖ ਸਿੰਘ ਯਾਦਗਾਰ ਕਮੇਟੀ, ਇਨਕਲਾਬੀ ਲੇਖਿਕ ਉਜਾਗਰ ਲਲਤੋਂ . ਮਨਪ੍ਰੀਤ ਸਿੰਘ ਸਕੱਤਰ, ਉਜਾਗਰ ਸਿੰਘ ਬੱਦੋਵਾਲ ਕਾਮਾਗਾਟਾ ਯਾਦਗਾਰ ਕਮੇਟੀ, ਕਾਮਰੇਡ ਤਰਸੇਮ ਯੋਧਾਂ, ਜਸਵੰਤ ਜੀਰਖ ਆਗੂ ਜਮਹੂਰੀ ਅਧਿਕਾਰ ਸਭਾ ਅਤੇ ਤਰਕਸ਼ੀਲ ਸੁਸਾਇਟੀ, ਬਲਵਿੰਦਰ ਸਿੰਘ ਮੁੱਖੀ ਲੁਧਿਆਣਾ ਯੂਨਿਟ, ਆਤਮਾ ਸਿੰਘ ਵਿੱਤ ਮੁੱਖੀ, ਰਾਜਿੰਦਰ ਸਿੰਘ ਆਗੂ ਪੈਨਸ਼ਨਰ ਯੂਨੀਅਨ, ਐਡਵੋਕੇਟ ਨਰਿੰਦਰ, ਡਾ. ਅਜੀਤ ਰਾਮ ਝਾਂਡੇ ਆਗੂ ਜਮਹੂਰੀ ਕਿਸਾਨ ਸਭਾ, ਤਰਲੋਚਨ ਝਾਂਡੇ ਕੇਂਦਰੀ ਲੇਖਿਕ ਸਭਾ, ਪ੍ਰੋ. ਏ ਕੇ ਮਲੇਰੀ ਸੂਬਾ ਉੱਪ ਪ੍ਰਧਾਨ ਜਮਹੂਰੀ ਅਧਿਕਾਰ ਸਭਾ, ਐਡਵੋਕੇਟ ਹਰਪ੍ਰੀਤ ਜੀਰਖ, ਡਾ ਮੋਹਨ ਸਿੰਘ, ਮਾ. ਸੁਰਜੀਤ ਸਿੰਘ ਸਮੇਤ ਪਿੰਡ ਵਾਸੀ ਅਤੇ ਰਿਸ਼ਤੇਦਾਰ ਸ਼ਾਮਲ ਸਨ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

HOMELIFE SILVERCITY
REALTY INC., BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 450 REALTORS
HOMELIFE SILVERCITY
REALTY INC., BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract
JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com


MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public
M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com


Thinking of Buying or Selling
Your Home?
ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ
ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ
GS MANN
587-777-7000
www.myfirsthomeincalgary.ca
RE/MAX REALTY INNOVATIONS


DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca
Hiring AZ drivers and owner operator
Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at
BOB@DMTRANSPORT.CA or call me Bob 416-318-5032


HARCHARAN PARHAR
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
For more Info.
403-681-8689
Email: hp8689@gmail.com
Submit quote info online at: www.harcharanparhar.com